15-JUNE-PAGE-1.qxd 6/14/2025 9:25 PM Page 1

ਐਤਵਾਰ, 15 ਜੂਨ, 2025
1 ਹਾੜ੍ਹ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 14

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 15 JUNE, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਈਰਾਨੀ ਹਮਲਿਆਂ ਨਾਲ ਤੇਲ ਅਵੀਵ ਦਾ ਨਿਕਲਿਆ ਤੇਲ

## • ਅਮਰੀਕਾ ਨਾਲ ਨਿਊਕਲੀਅਰ ਸਮਝੌਤੇ 'ਤੇ ਗੱਲ ਕਰਨਾ ਬੇਕਾਰ : ਈਰਾਨ
## • ਈਰਾਨ ਦਾ ਦਾਅਵਾ : ਇਜ਼ਰਾਇਲ ਦੇ ਦੋ ਐੱਫ-35 ਲੜਾਕੂ ਜਹਾਜ਼ ਸੁੱਟੇ



**ਤਹਿਰਾਨ** : ਇਜ਼ਰਾਇਲ ਵੱਲੋਂ ਈਰਾਨ ਦੇ ਪ੍ਰਮਾਣੂ ਤੇ ਫੌਜੀ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਈਰਾਨ ਨੇ ਇਨ੍ਹਾਂ ਹਮਲਿਆਂ ਦਾ ਮੂੰਹ-ਤੋੜ ਜਵਾਬ ਦਿੰਦਿਆਂ ਸ਼ਨੀਵਾਰ ਇਜ਼ਰਾਇਲ 'ਤੇ ਮਿਜ਼ਾਈਲ ਤੇ ਡਰੋਨ ਹਮਲੇ ਕੀਤੇ।ਇਨ੍ਹਾਂ ਹਮਲਿਆਂ ਵਿੱਚ ਘੱਟੋ-ਘੱਟ ਤਿੰਨ ਵਿਅਕਤੀ ਹਲਾਕ ਹੋ ਗਏ ਅਤੇ ਦਰਜਨਾਂ ਹੋਰ ਜ਼ਖ਼ਮੀ ਹੋ ਗਏ।ਇਜ਼ਰਾਈਲ ਦੀ ਪੈਰਾਮੈਡਿਕ ਸੇਵਾ ਦਾ ਕਹਿਣਾ ਹੈ ਕਿ ਸ਼ਨੀਵਾਰ ਸਵੇਰੇ ਮੱਧ ਇਜ਼ਰਾਇਲ ਵਿੱਚ ਘਰਾਂ ਦੇ ਨੇੜੇ ਇੱਕ ਈਰਾਨੀ ਮਿਜ਼ਾਈਲ ਡਿੱਗੀ।ਇਸ ਕਾਰਨ 10 ਵਿਅਕਤੀ ਜ਼ਖ਼ਮੀ ਹੋ ਗਏ।ਮੈਗੇਨ ਡੇਵਿਡ ਐਡੋਮ ਦੇ ਡਾਇਰੈਕਟਰ ਏਲੀ ਬਿਨ ਨੇ ਇਜ਼ਰਾਇਲੀ ਚੈਨਲ ਨੂੰ ਦੱਸਿਆ ਕਿ ਜ਼ਖਮੀਆਂ 'ਚੋਂ ਇੱਕ ਔਰਤ ਦੀ ਹਾਲਤ ਗੰਭੀਰ ਹੈ। ਪੈਰਾਮੈਡਿਕ ਸੇਵਾ ਨੇ ਕਿਹਾ ਕਿ ਕਈ ਲੋਕ ਅਜੇ ਵੀ ਫਸੇ ਹੋਏ ਹਨ।

ਈਰਾਨ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਇਜ਼ਰਾਇਲ ਦੇ ਦੋ ਆਧੁਨਿਕ ਐੱਫ-35 ਲੜਾਕੂ ਜਹਾਜ਼ਾਂ ਨੂੰ ਸੁੱਟ ਲਿਆ ਹੈ। ਈਰਾਨ ਦੀ ਸਰਕਾਰੀ ਮੀਡੀਆ ਨਿਊਜ਼ ਏਜੰਸੀ ਅਨੁਸਾਰ ਇਨ੍ਹਾਂ ਜਹਾਜ਼ਾਂ ਨੂੰ ਈਰਾਨ ਹਵਾਈ ਰੱਖਿਆ ਪ੍ਰਣਾਲੀ ਨੇ ਸ਼ੁੱਕਰਵਾਰ ਤਬਾਅ ਕਰ ਦਿੱਤਾ, ਜਦ ਉਹ ਈਰਾਨ ਹਵਾਈ ਖੇਤਰ 'ਚ ਆਏ ਸਨ। ਈਰਾਨ ਨੇ ਇਹ ਵੀ ਦਾਅਵਾ ਕੀਤਾ ਕਿ ਇੱਕ ਮਹਿਲਾ ਪਾਇਲਟ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜੋ ਇਨ੍ਹਾਂ 'ਚੋਂ ਇੱਕ ਜਹਾਜ 'ਚੋਂ ਪੈਰਾਸ਼ੂਟ ਜ਼ਰੀਏ ਉਤਰੀ ਸੀ। ਹਾਲਾਂਕਿ ਇਜ਼ਰਾਇਲ ਰੱਖਿਆ ਬਲ ਨੇ ਇਨ੍ਹਾਂ ਦਾਅਵਿਆਂ ਨੂੰ ਨਕਾਰ ਦਿੱਤਾ।

ਈਰਾਨ ਨੇ ਸ਼ਨੀਵਾਰ ਸਵੇਰੇ ਇਜ਼ਰਾਇਲ 'ਤੇ ਮਿਜ਼ਾਇਲੀ ਹਮਲੇ ਕੀਤੇ, ਜਿਸ ਤੋਂ ਬਾਅਦ ਦੇਸ਼ ਦੇ ਕਈ ਹਿੱਸਿਆ 'ਚ ਸਾਇਰਨ ਵੱਜਣ ਲੱਗੇ। ਸਾਇਰਨ ਦੀ ਆਵਾਜ਼ ਸੁਣ ਕੇ ਲੋਕ ਸੁਰੱਖਿਅਤ ਸਥਾਨਾਂ ਵੱਲ ਭੱਜੇ। ਕਈ ਮਿਜ਼ਾਇਲਾਂ ਨੂੰ ਹਵਾ 'ਚ ਮਾਰ ਦਿੱਤਾ ਗਿਆ, ਪਰ ਸ਼ੁਰੂਆਤੀ ਰਿਪੋਰਟਾਂ ਅਨੁਸਾਰ ਕੁਝ ਮਿਜ਼ਾਇਲਾਂ ਆਪਣੇ ਨਿਸ਼ਾਨੇ 'ਤੇ ਲੱਗੀਆਂ। ਇੱਕ ਮਿਜ਼ਾਇਲ ਇਜ਼ਰਾਇਲ ਦੇ ਰਿਹਾਇਸ਼ੀ ਇਲਾਕੇ 'ਚ ਡਿੱਗੀ, ਜਿਸ ਤੋਂ ਬਾਅਦ ਮਲਬਾ ਚਾਰੇ ਪਾਸੇ ਫੈਲ ਗਿਆ, ਗੱਡੀਆ ਨੁਕਸਾਨੀਆ ਗਈਆਂ ਅਤੇ ਇੱਕ ਘਰ ਦਾ ਹਿੱਸਾ ਡਿੱਗ ਗਿਆ। ਇਜ਼ਰਾਇਲ ਦੀ ਐਮਰਜੈਂਸੀ ਸਰਵਿਸ ਮੇਗਨ ਡੇਵਿਡ ਓਡੋਮ (ਐੱਮ ਡੀ ਏ) ਨੇ ਕਿਹਾ ਕਿ ਈਰਾਨ ਦੇ ਹਵਾਈ ਹਵਾਈ ਹਮਲਿਆਂ 'ਚ 2 ਵਿਅਕਤੀਆਂ ਦੀ ਮੌਤ, 21 ਲੋਕ ਜਖ਼ਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਾਇਆ ਗਿਆ ਹੈ।

ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਇਲ ਬਘਾਈ ਨੇ ਕਿਹਾ ਕਿ ਹੁਣ ਅਮਰੀਕਾ ਨਾਲ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਕਰਨਾ ਬੇਕਾਰ ਹੈ। ਬਘਾਈ ਨੇ ਕਿਹਾ ਕਿ ਅਮਰੀਕਾ ਨੇ ਹੀ ਇਜ਼ਰਾਇਲ ਨੂੰ ਇਨ੍ਹਾਂ ਹਮਲਿਆਂ ਦੀ ਇਜਾਜ਼ਤ ਦੇ ਕੇ ਗੱਲਬਾਤ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਉਨ੍ਹਾ ਅਮਰੀਕਾ 'ਤੇ ਇਜ਼ਰਾਇਲ ਨੂੰ ਸਮਰਥਨ ਦੇਣ ਦਾ ਦੋਸ਼ ਵੀ ਲਾਇਆ।

ਈਰਾਨ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਇਹ ਹਮਲੇ ਜਾਰੀ ਰਹਿਣਗੇ ਅਤੇ ਆਉਣ ਵਾਲੇ ਦਿਨਾਂ 'ਚ ਸੰਘਰਸ਼ ਖੇਤਰ ਅਮਰੀਕੀ ਟਿਕਾਣਿਆਂ ਤੱਕ ਫੈਲ ਜਾਵੇਗਾ।

ਈਰਾਨ ਨੇ ਸ਼ਨੀਵਾਰ ਇਹ ਵੀ ਦਾਅਵਾ ਕੀਤਾ ਕਿ ਉਸ ਨੇ ਉਤਰ-ਪੱਛਮ ਸਲਮਾਸ ਸਰਹੱਦ ਦੇ ਕੋਲ ਇਜ਼ਰਾਇਲੀ ਡਰੋਨ ਨੂੰ ਮਾਰ ਦਿੱਤਾ। ਈਰਾਨ ਦੇ ਰਾਕੇਟ ਹਮਲੇ ਨੇ ਤੇਲ ਅਵੀਵ ਦੇ ਦੱਖਣ 'ਚ ਰਿਸ਼ੋਨ ਲੇਜੀਯੋਨ ਦੇ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ, ਜਿਸ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 20 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋ ਗਏ। ਇਜ਼ਰਾਇਲ ਦੀ ਐਮਰਜੈਂਸੀ ਸੇਵਾ ਨੇ ਦੱਸਿਆ ਕਿ ਮਲਬੇ 'ਚ ਕਈ ਲੋਕ ਦੱਬੇ ਹੋ ਸਕਦੇ ਹਨ।

ਈਰਾਨੀ ਸਰਕਾਰੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਈਰਾਨ ਨੇ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਨੂੰ ਚੇਤਵਾਨੀ ਦਿੱਤੀ ਹੈ ਕਿ ਜੇ ਉਨ੍ਹਾਂ ਇਜ਼ਰਾਇਲ 'ਤੇ ਈਰਾਨੀ ਹਮਲਿਆਂ ਨੂੰ ਰੋਕਣ 'ਚ ਮਦਦ ਕੀਤੀ ਤਾਂ ਖੇਤਰ 'ਚ ਉਨ੍ਹਾਂ ਦੇ ਟਿਕਾਣਿਆਂ ਅਤੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਇਸੇ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਕਿਹਾ ਕਿ ਅਗਲੇ ਹਫ਼ਤੇ ਸੰਯੁਕਤ ਰਾਸ਼ਟਰ 'ਚ ਸਾਊਦੀ ਅਰਬ ਨਾਲ ਫਲਸਤੀਨ ਦੇ ਮੁੱਦੇ 'ਤੇ ਹੋਣ ਵਾਲੀ ਅੰਤਰਰਾਸ਼ਟਰੀ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ।

# ਮੋਦੀ ਸਰਕਾਰ ਦੀਆਂ ਮਜ਼ਦੂਰ-ਕਿਸਾਨ-ਲੋਕ ਵਿਰੋਧੀ ਤੇ ਫਿਰਕੂ ਫੁੱਟ-ਪਾਊ ਨੀਤੀਆਂ ਦਾ ਡਟ ਕੇ ਵਿਰੋਧ ਕਰੋ : ਅਮਰਜੀਤ ਕੌਰ

## ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ 9 ਜੁਲਾਈ ਨੂੰ ਹੋਣ ਵਾਲੀ ਦੇਸ਼-ਵਿਆਪੀ ਹੜਤਾਲ ਸੂਬੇ ਭਰ 'ਚ ਕਾਮਯਾਬ ਕਰਾਂਗੇ : ਬੰਤ ਬਰਾੜ

**ਲੁਧਿਆਣਾ (ਐੱਮ ਐੱਸ ਭਾਟੀਆ)**

ਇੱਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਕੇਂਦਰੀ ਟਰੇਡ ਯੂਨੀਅਨਾਂ, ਆਜ਼ਾਦ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਦੇ ਸੱਦੇ 'ਤੇ ਸੰਯੁਕਤ ਕਿਸਾਨ ਮੋਰਚਾ ਦੇ ਨਾਲ ਮਿਲ ਕੇ 9 ਜੁਲਾਈ ਨੂੰ ਦੇਸ਼-ਵਿਆਪੀ ਹੜਤਾਲ ਦੀ ਤਿਆਰੀ ਦੇ ਸੰਬੰਧ ਵਿੱਚ ਵਧਾਈ ਹੋਈ ਏਟਕ ਦੀ ਸੂਬਾਈ ਕੌਂਸਲ ਦੀ ਮੀਟਿੰਗ ਕੀਤੀ ਗਈ।ਮੀਟਿੰਗ ਦੇ ਸ਼ੁਰੂ ਵਿੱਚ ਅਹਿਮਦਾਬਾਦ ਵਿਖੇ ਹੋਏ ਹਵਾਈ ਹਾਦਸੇ ਵਿੱਚ ਜਾਨਾਂ ਗੁਆਉਣ ਵਾਲਿਆਂ ਲਈ, ਪਿਛਲੇ ਸਮੇਂ ਵਿੱਚ ਵਿਛੜੇ 'ਨਵਾਂ ਜ਼ਮਾਨਾ' ਦੇ ਸੈਕਟਰੀ ਤੇ ਪ੍ਰਕਾਸ਼ਕ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਅਤੇ ਏਟਕ ਦੇ ਆਗੂ ਡੀ ਪੀ ਮੌੜ ਦੇ ਛੋਟੇ ਭਣਵੱਈਏ ਦੀ ਬੇਵਕਤ ਮੌਤ ਅਤੇ ਹੋਰ ਵਿਛੜੇ ਸਾਥੀਆਂ ਲਈ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਏਟਕ ਦੇ ਕੌਮੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਕਿ ਮੋਦੀ ਸਰਕਾਰ ਨਿਰੀ-ਪੂਰੀ ਕਾਰਪੋਰੇਟ ਖੇਤਰ ਦੀ ਸੇਵਾ 'ਚ ਲੱਗੀ ਹੋਈ ਹੈ ਤੇ ਉਸ ਦੀਆਂ ਨੀਤੀਆਂ ਲਗਾਤਾਰ ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਵਿਰੋਧੀ ਪੂਰੀ ਤਰ੍ਹਾਂ ਪ੍ਰਤੱਖ ਹੋ ਚੁੱਕੀਆਂ ਹਨ।ਇਸ ਕਰਕੇ ਦੇਸ਼ ਵਿੱਚ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਥਾਵਾਂ 'ਤੇ ਅੰਦੋਲਨ ਚੱਲ ਰਹੇ ਹਨ, ਪਰ ਸਰਕਾਰ ਆਪਣੀਆਂ ਦਮਨਕਾਰੀ ਨੀਤੀਆਂ ਤੋਂ ਬਾਜ਼ ਨਹੀਂ ਆਉਂਦੀ।ਇਸ ਲਈ ਕੇਂਦਰੀ ਟਰੇਡ ਯੂਨੀਅਨਾਂ ਨੇ ਫੈਸਲਾ ਕੀਤਾ ਹੈ ਕਿ 9 ਜੁਲਾਈ ਨੂੰ ਦੇਸ਼-ਵਿਆਪੀ ਹੜਤਾਲ ਕੀਤੀ ਜਾਏਗੀ, ਜਿਸ ਵਿੱਚ ਮਜ਼ਦੂਰਾਂ, ਮੁਲਾਜ਼ਮਾਂ ਤੇ ਹੋਰ ਮਿਹਨਤਕਸ਼ ਲੋਕਾਂ ਵੱਲੋਂ ਜ਼ਬਰਦਸਤ ਰੋਸ ਦਾ ਪ੍ਰਗਟਾਵਾ ਕੀਤਾ ਜਾਏਗਾ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸੰਯੁਕਤ ਕਿਸਾਨ ਮੋਰਚਾ ਨੇ ਇਸ ਹੜਤਾਲ ਨੂੰ ਭਰਪੂਰ ਸਮਰਥਨ ਦੇਣ ਦਾ ਫੈਸਲਾ ਲਿਆ ਹੈ, ਜਿਸ ਨਾਲ ਇਸ ਹੜਤਾਲ ਨੂੰ ਪੇਂਡੂ ਖੇਤਰ ਵਿੱਚ ਵੀ ਭਰਪੂਰ ਸਮਰਥਨ ਮਿਲੇਗਾ।ਉਹਨਾ ਕਿਹਾ ਕਿ ਜਿਸ ਤਰੀਕੇ ਨਾਲ ਕਿਸਾਨ ਵਿਰੋਧੀ ਬਿੱਲ ਝੂਠ ਬੋਲ ਕੇ ਨਰਿੰਦਰ ਮੋਦੀ ਨੇ ਵਾਪਸ ਲਏ ਤੇ ਬਾਅਦ ਵਿੱਚ ਕਿਸੇ ਵੀ ਗੱਲ ਨੂੰ ਮੰਨਣ ਤੋਂ ਮੁੱਕਰ ਗਿਆ, ਉਸ ਤੋਂ ਮੋਦੀ ਸਰਕਾਰ ਦੇ ਖਿਲਾਫ ਕਿਸਾਨਾਂ ਦਾ ਬਹੁਤ ਗੁੱਸਾ ਹੈ, ਜਿਸ ਕਰਕੇ ਉਹ ਵੀ ਆਪਣੀਆਂ ਮੰਗਾਂ ਨੂੰ ਵਿਸ਼ਾਲ ਦਾਇਰਾ ਦੇਣ ਲਈ ਅੱਜ ਟਰੇਡ ਯੂਨੀਅਨਾਂ ਨਾਲ ਸਹਿਯੋਗ ਕਰਕੇ ਸ਼ਾਮਲ ਹੋਣਗੇ। ਭਾਰਤ ਦੇ ਮਜ਼ਦੂਰਾਂ ਨੇ ਵੱਡੇ-ਵੱਡੇ ਸੰਘਰਸ਼ ਕਰਕੇ ਆਪਣੇ ਹੱਕ ਦੇ ਕਾਨੂੰਨ ਬਣਵਾਏ ਸਨ, ਪਰ ਇਹ ਸਰਕਾਰ ਚਾਰ ਕੋਡ ਲਿਆ ਕੇ ਉਹਨਾਂ ਸਾਰੇ ਅਧਿਕਾਰਾਂ ਨੂੰ ਛਿੱਕੇ ਟੰਗ ਰਹੀ ਹੈ।ਇਹਨਾਂ ਕੋਡਾਂ ਰਾਹੀਂ ਯੂਨੀਅਨ ਬਣਾਉਣ ਵਿਚ ਮੁਸ਼ਕਲ ਆਏਗੀ, ਪਰ ਮਾਲਕਾਂ ਨੂੰ ਸ਼ਾਂਤ ਕਰਨਾ ਸੌਖਾ ਹੋ ਜਾਏਗਾ। ਪੇਸ਼ਾਵਰ ਸੁਰੱਖਿਆ ਦੇ ਕਾਨੂੰਨ ਕਮਜ਼ੋਰ ਕਰ ਦਿੱਤੇ ਗਏ ਹਨ।ਇਹਨਾਂ ਸਾਰੇ ਹਾਲਾਤ ਵਿੱਚ ਕਾਮਿਆਂ ਨੂੰ ਜੋ ਈ ਐੱਸ ਆਈ ਜਾਂ ਪ੍ਰੋਵੀਡੈਂਟ ਫੰਡ ਦੇ ਲਾਭ ਮਿਲਦੇ ਸਨ, ਉਹਨਾਂ ਵਿੱਚ ਵੀ ਕਟੌਤੀਆਂ ਹੋ ਰਹੀਆਂ ਹਨ।ਪੁਰਾਣੀ ਪੈਨਸ਼ਨ ਸਕੀਮ ਖਤਮ ਕਰਕੇ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਨਾਲ ਅਮਲੀ ਤੌਰ 'ਤੇ ਪੈਨਸ਼ਨ ਸਮਾਪਤ ਹੀ ਕਰ ਦਿੱਤੀ ਗਈ ਹੈ।

ਹੁਣ ਵੀ ਨਵੇਂ ਕਾਨੂੰਨਾਂ ਦੇ ਮੁਤਾਬਕ ਪੇ ਕਮਿਸ਼ਨ ਦੀਆਂ ਰਿਪੋਰਟਾਂ ਤੋਂ ਬਾਅਦ ਜੇ ਤਨਖਾਹ ਵਿਚ ਵਾਧਾ ਹੋਏਗਾ ਤਾਂ ਉਸ ਦਾ ਲਾਭ ਰਿਟਾਇਰੀਆਂ ਨੂੰ ਨਹੀਂ ਮਿਲੇਗਾ, ਮਤਲਬ ਕਿ ਉਹ ਇਹਨਾਂ ਵਾਧਿਆਂ ਤੋਂ ਵਾਂਝੇ ਰਹਿ ਜਾਣਗੇ।ਇਸ ਲਈ ਅੱਜ ਇਨ੍ਹਾਂ ਸਾਰੇ ਮੁੱਦਿਆਂ ਦੇ ਉਪਰ ਮਜ਼ਦੂਰਾਂ ਨੂੰ ਜਾਗਰੂਕ ਕਰਕੇ ਇੱਕਮੁੱਠ ਕਰਕੇ ਅੰਦੋਲਨ ਕਰਨਾ ਅਤਿ ਜ਼ਰੂਰੀ ਹੋ ਗਿਆ ਹੈ। ਇਸੇ ਕਰਕੇ 9 ਜੁਲਾਈ ਨੂੰ ਦੇਸ਼-ਵਿਆਪੀ ਹੜਤਾਲ ਦੀ ਗੱਲ ਕਹੀ ਗਈ ਹੈ।ਉਹਨਾ ਕਿਹਾ ਕਿ ਥੋੜ੍ਹੀ ਆਬਾਦੀ ਹੀ ਅਜਿਹੀ ਹੈ, ਜਿਸ ਨੂੰ ਪੈਨਸ਼ਨ ਦਾ ਲਾਭ ਮਿਲਦਾ ਹੈ, ਬਾਕੀ ਲੋਕਾਂ ਨੂੰ ਤਾਂ ਉਮਰ ਭਰ ਕੰਮ ਕਰਨਾ ਪੈਂਦਾ ਹੈ, ਪਰ ਬੁਢਾਪੇ ਵਿੱਚ ਵੀ ਰੋਜ਼ੀ-ਰੋਟੀ ਕਮਾਉਣ • ਬਾਕੀ ਸਫਾ 2 'ਤੇ

## ਸ੍ਰੀਨਗਰ 'ਚ ਟੁੱਟਿਆ ਹੀਟ ਵੇਵ ਦਾ ਰਿਕਾਰਡ

**ਸ੍ਰੀਨਗਰ** : ਜੰਮੂ-ਕਸ਼ਮੀਰ 'ਚ ਅੱਤ ਦੀ ਗਰਮੀ ਜਾਰੀ ਹੈ। ਮੌਸਮ ਵਿਭਾਗ ਨੇ ਅਗਲੇ ਛੇ ਦਿਨਾਂ ਲਈ ਔਰੇਂਜ ਅਤੇ ਯੈਲੋ ਅਲਰਟ ਜਾਰੀ ਕੀਤਾ ਹੈ। 17 ਨੂੰ ਛੱਡ ਕੇ 19 ਜੂਨ ਤੱਕ ਤੇਜ਼ ਹਵਾਵਾਂ ਦੇ ਨਾਲ ਇੱਕ ਅਲੱਗ ਗਰਮੀ ਦੀ ਲਹਿਰ ਜਾਰੀ ਰਹਿਣ ਦੀ ਸੰਭਾਵਨਾ ਪ੍ਰਗਟਾਈ ਹੈ। ਖੇਤਰ ਦੇ ਜ਼ਿਆਦਾਤਰ ਹਿੱਸਿਆਂ 'ਚ ਤਾਪਮਾਨ ਆਮ ਨਾਲੋਂ ਉਪਰ ਰਹਿਣ ਦੀ ਸਭਾਵਨਾ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ 15, 16, 18 ਅਤੇ 19 ਜੂਨ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ 'ਚ ਕਈ ਸਥਾਨਾਂ 'ਤੇ ਲੂ ਚੱਲਣ ਦੀ ਚੇਤਾਵਨੀ ਦਿੱਤੀ ਹੈ। ਕਸ਼ਮੀਰ 'ਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਉਪਰ ਜਾ ਰਿਹਾ ਹੈ। ਸ੍ਰੀਨਗਰ 'ਚ 32.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਜੰਮੂ ਸ਼ਹਿਰ 43.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਖਾਸ ਗੱਲ ਇਹ ਹੈ ਕਿ ਜੰਮੂ ਦਾ ਤਾਪਮਾਨ ਇਸ ਵਾਰ 47 ਡਿਗਰੀ ਸੈਲਸੀਅਸ ਤੱਕ ਚਲਾ ਗਿਆ। ਕਾਜੀਗੁੰਡ 'ਚ 32.8 ਡਿਗਰੀ ਸੈਲਸੀਅਸ, ਕੋਕਰਨਾਗ 'ਚ 31.8 ਡਿਗਰੀ ਸੈਲਸੀਅਸ ਅਤੇ ਗੁਲਮਰਗ 'ਚ 23.0 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਪਹਿਲਗਾਮ 'ਚ ਤਾਪਮਨ 28.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਕੁਪਵਾੜਾ 'ਚ 31.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਧਮਾਕੇ 'ਚ ਸੀ ਆਰ ਪੀ ਐੱਫ ਅਧਿਕਾਰੀ ਦੀ ਮੌਤ

**ਭੁਬਨੇਸ਼ਵਰ** : ਉੜੀਸਾ ਦੇ ਸੁੰਦਰਗੜ੍ਹ ਜ਼ਿਲ੍ਹੇ 'ਚ ਨਕਸਲ ਵਿਰੋਧੀ ਕਾਰਵਾਈ ਦੌਰਾਨ ਇੱਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ ਧਮਾਕੇ 'ਚ ਸੀ ਆਰ ਪੀ ਐੱਫ ਅਧਿਕਾਰੀ ਦੀ ਮੌਤ ਹੋ ਗਈ।ਅਧਿਕਾਰੀਆਂ ਨੇ ਦੱਸਿਆ ਕਿ 134ਵੀਂ ਸੀ ਆਰ ਪੀ ਐੱਫ ਬਟਾਲੀਅਨ ਦੇ ਏ ਐੱਸ ਆਈ ਸਤਿਆਬਨ ਕੁਮਾਰ ਸਿੰਘ (34) ਨੂੰ ਇਸ ਧਮਾਕੇ 'ਚ ਸੱਟਾਂ ਲੱਗੀਆਂ ਅਤੇ ਉਸ ਨੂੰ ਰੋੜਕੇਲਾ ਦੇ ਇੱਕ ਹਸਪਤਾਲ 'ਚ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਸਤਿਆਬਨ ਨੇ ਦਮ ਤੋੜ ਦਿੱਤਾ।ਸਹਾਇਕ ਸਬ-ਇੰਸਪੈਕਟਰ ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਇਹ ਧਮਾਕਾ ਸਵੇਰੇ 6 ਵਜੇ ਦੇ ਕਰੀਬ ਰੋੜਕੇਲਾ ਦੇ ਕੇ. ਬਲੰਗ ਪਿੰਡ ਦੇ ਨੇੜੇ ਹੋਇਆ, ਜਦੋਂ ਕੇਂਦਰੀ ਰਿਜ਼ਰਵ ਪੁਲਸ ਫੋਰਸ ਅਤੇ ਉੜੀਸਾ ਪੁਲਸ ਦੇ ਵਿਸ਼ੇਸ਼ ਆਪਰੇਸ਼ਨ ਸਮੂਹ (ਐੱਸ ਓ ਜੀ) ਦੀ ਇੱਕ ਸਾਂਝੀ ਟੀਮ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾ ਰਹੀ ਸੀ।

## ਮੈਂ ਤਾਂ ਪਰਿਵਰਤਨ ਦੀ ਰਾਜਨੀਤੀ ਕਰਨ ਆਇਆ ਸੀ, ਪਰ... : ਸਿੱਧੂ



**ਚੰਡੀਗੜ੍ਹ** : ਪੰਜਾਬ ਦੀ ਰਾਜਨੀਤੀ ਅਤੇ ਕਾਂਗਰਸ 'ਚ ਸਰਗਰਮ ਰਹਿਣ ਵਾਲੇ ਨਵਜੋਤ ਸਿੰਘ ਸਿੱਧੂ ਨੇ ਕਿਹਾ, 'ਮੈਂ ਤਾਂ ਪਰਿਵਰਤਨ ਕਰਨ ਲਈ ਰਾਜਨੀਤੀ 'ਚ ਆਇਆ ਸੀ, ਧੰਦਾ ਕਰਨ ਨਹੀਂ।' ਉਨ੍ਹਾ ਕਿਹਾ ਕਿ ਪਿਛਲੇ 30 ਸਾਲਾਂ 'ਚ ਜਿੰਨੀਆਂ ਵੀ ਸਰਕਾਰਾਂ ਪੰਜਾਬ 'ਚ ਆਈਆਂ, ਸਾਰੀਆਂ ਨੂੰ ਮਾਫ਼ੀਆ ਚਲਾਉਂਦਾ ਸੀ, ਪਰ ਮੈਂ ਅੱਜ ਵੀ ਆਪਣੇ ਅਸੂਲਾਂ 'ਤੇ ਖੜ੍ਹਾਂ ਹਾਂ। ਉਨ੍ਹਾ ਕਿਹਾ ਪਿਛਲੇ 15 ਸਾਲਾਂ ਦੀ ਰਾਜਨੀਤੀ 'ਚ ਕੋਈ ਦੋਸ਼ ਮੇਰੇ 'ਤੇ ਹੈ, ਤਾਂ ਦੱਸੋ। ਮੈਂ ਆਪਣਾ ਜ਼ਮੀਰ ਅਤੇ ਕਿਰਦਾਰ ਡਿੱਗਣ ਨਹੀਂ ਦਿੱਤਾ। ਪੰਜਾਬ 'ਚ ਬਦਲਾਅ ਲਈ ਕੋਈ ਪਾਲਿਸੀ ਨਹੀਂ ਲਿਆਂਦੀ ਗਈ, ਨਾ ਹੀ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਕਈ ਸਾਲਾਂ ਤੋਂ ਕਰਜ਼ ਲੈ ਕੇ ਸਰਕਾਰਾਂ ਪੰਜਾਬ ਨੂੰ ਚਲਾ • ਬਾਕੀ ਸਫਾ 2 'ਤੇ

## ਸੰਯੁਕਤ ਰਾਸ਼ਟਰ ਦੇ ਪ੍ਰਸਤਾਵ 'ਤੇ ਕੇਂਦਰ ਚੁੱਪ ਕਿਉਂ : ਪ੍ਰਿਅੰਕਾ



**ਨਵੀਂ ਦਿੱਲੀ** : ਕਾਂਗਰਸ ਜਨਰਲ ਸਕੱਤਰ ਅਤੇ ਸਾਂਸਦ ਪ੍ਰਿਅੰਕਾ ਗਾਂਧੀ ਨੇ ਸ਼ਨੀਵਾਰ ਸੰਯੁਕਤ ਰਾਸ਼ਟਰ ਦੇ ਗਾਜ਼ਾ ਨਾਲ ਜੁੜੇ ਪ੍ਰਸਤਾਵ 'ਤੇ ਵਿਚਾਰ ਨਾ ਕਰਨ ਨੂੰ ਲੈ ਕੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾ ਨੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਸ਼ਰਮਨਾਕ ਅਤੇ ਨਿਰਾਸ਼ਾਜਨਕ ਦੱਸਿਆ। ਕਾਂਗਰਸ ਸਾਂਸਦ ਪ੍ਰਿਅੰਕਾ ਗਾਂਧੀ ਵਾਡਰਾ ਨੇ ਸੋਸ਼ਲ ਮੀਡੀਆ 'ਐੱਕਸ' 'ਤੇ ਲਿਖਿਆ— ਇਹ ਸ਼ਰਮਨਾਕ ਅਤੇ ਨਿਰਾਸ਼ਾਜਨਕ ਹੈ ਕਿ ਸਾਡੀ ਸਰਕਾਰ ਨੇ ਗਾਜ਼ਾ 'ਚ ਨਾਗਰਿਕਾਂ ਦੀ ਸੁਰੱਖਿਆ, ਕਾਨੂੰਨੀ ਅਤੇ ਮਨੁੱਖੀ ਅਧਿਕਾਰਾਂ ਨੂੰ ਪੂਰਾ ਕਰਨ ਲਈ ਸੰਯੁਕਤ ਰਾਸ਼ਟਰ ਦੇ ਪ੍ਰਸਤਾਵ 'ਤੇ ਵਿਚਾਰ ਨਾ ਕਰਨ ਦਾ ਫੈਸਲਾ ਲਿਆ ਹੈ। 60,000 ਲੋਕ, ਜਿਨ੍ਹਾਂ 'ਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ, ਉਹ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ ਅਤੇ ਇੱਕ ਪੂਰੀ ਆਬਾਦੀ ਨੂੰ ਬੰਧਕ ਬਣਾ ਕੇ ਭੁੱਖ ਨਾਲ ਮਾਰਿਆ ਜਾ ਰਿਹਾ ਹੈ, ਪਰ ਅਸੀਂ ਕੋਈ ਕਦਮ ਚੁੱਕਣ ਤੋਂ ਇਨਕਾਰ ਕਰ ਰਹੇ ਹਾਂ। ਉਨ੍ਹਾ ਲਿਖਿਆ ਨਾ ਕੇਵਲ ਅਸੀਂ ਨੇਤਨਯਾਹੂ ਵੱਲੋਂ ਪੂਰੇ ਦੇਸ਼ ਨੂੰ ਨਸ਼ਟ ਕੀਤੇ ਜਾਣ 'ਤੇ ਚੁੱਪ ਖੜ੍ਹੇ ਹਾਂ, ਬਲਕਿ ਅਸੀਂ ਉਨ੍ਹਾਂ ਦੀ ਸਰਕਾਰ ਵੱਲੋਂ ਈਰਾਨ 'ਤੇ ਹਮਲੇ ਕੀਤੇ ਜਾਣ ਅਤੇ ਉਸ ਦੇ ਸਿਖਰਲੇ ਕਮਾਂਡਰਾਂ ਦੀ ਹੱਤਿਆ 'ਤੇ ਖੁਸ਼ੀ ਮਨਾ ਰਹੇ ਹਾਂ।

ਪ੍ਰਿਅੰਕਾ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਅਸੀਂ ਇੱਕ ਰਾਸ਼ਟਰ ਦੇ ਰੂਪ ਵਿੱਚ ਆਪਣੇ ਸੰਵਿਧਾਨ ਦੇ ਮੁੱਲਾਂ ਅਤੇ ਆਜ਼ਾਦੀ ਸੰਗਰਾਮ ਦੇ ਸਿਧਾਂਤਾਂ ਨੂੰ ਕਿਵੇ ਛੱਡ ਸਕਦੇ ਹਾਂ, ਜਿਸ ਨੇ ਸ਼ਾਂਤੀ ਅਤੇ ਮਨੁੱਖਤਾ 'ਤੇ ਅਧਾਰਤ ਇੱਕ ਅੰਤਰਰਾਸ਼ਟਰੀ ਪਲੇਟਫਾਰਮ ਲਈ ਰਾਹ ਪੱਧਰਾ ਕੀਤਾ? ਇਸ ਦਾ ਕੋਈ ਕਾਰਨ ਨਹੀਂ। ਸੱਚੀ ਵਿਸ਼ਵ ਲੀਡਰਸ਼ਿਪ ਨਿਆਂ ਦੀ ਰੱਖਿਆ ਕਰਨ ਦੀ ਹਿੰਮਤ ਕਰਦੀ ਹੈ, ਇੱਕ ਅਜਿਹੀ ਹਿੰਮਤ, ਜੋ ਭਾਰਤ ਨੇ ਪਿਛਲੇ ਸਮੇਂ ਵਿੱਚ ਲਗਾਤਾਰ ਦਿਖਾਈ ਹੈ।

## ਮਨੀਪੁਰ 'ਚ ਪੰਜ ਅੱਤਵਾਦੀ ਗ੍ਰਿਫ਼ਤਾਰ

**ਇੰਫਾਲ** : ਮਨੀਪੁਰ ਦੇ ਵੱਖ-ਵੱਖ ਹਿੱਸਿਆਂ ਤੋਂ ਜਬਰੀ ਵਸੂਲੀ ਦੇ ਦੋਸ਼ ਹੇਠ ਪੰਜ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਥੌਬਲ, ਕਾਕਚਿੰਗ, ਇੰਫਾਲ ਪੱਛਮੀ ਅਤੇ ਤੈਂਗਨੌਪਾਲ ਜ਼ਿਲ੍ਹਿਆਂ 'ਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।'ਯੂਨਾਈਟਿਡ ਪੀਪਲਜ਼ ਪਾਰਟੀ ਆਫ਼ ਕਾਂਗਲੀਪਾਕ' ਦੇ ਇਕ ਮੈਂਬਰ ਨੂੰ ਕਾਕਚਿੰਗ ਜ਼ਿਲ੍ਹੇ ਦੇ ਲੈਂਗਮੀਡੋਂਗ ਮੈਨਿੰਗ ਲੇਈਕਾਈ ਤੋਂ ਗ੍ਰਿਫ਼ਤਾਰ ਕੀਤਾ ਗਿਆ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸ਼ੱਕੀ ਦੀ ਪਛਾਣ ਅਕੋਈਜਾਮ ਰੌਬਿਨਸਨ (51) ਵਜੋਂ ਹੋਈ ਹੈ, ਜਿਸ 'ਤੇ ਇੰਫਾਲ ਦੇ ਸਕੂਲਾਂ ਤੋਂ ਜਬਰੀ ਵਸੂਲੀ ਕਰਨ ਦਾ ਦੋਸ਼ ਹੈ।ਉਨ੍ਹਾ ਕਿਹਾ ਕਿ ਉਸ ਕੋਲੋਂ .32 ਪਿਸਤੌਲ ਜ਼ਬਤ ਕੀਤਾ ਗਿਆ ਹੈ।ਪਾਬੰਦੀਸ਼ੁਦਾ 'ਕਾਂਗਲੀਪਾਕ ਕਮਿਊਨਿਸਟ ਪਾਰਟੀ' ਦੇ ਇਕ ਮੈਂਬਰ ਨੂੰ ਥੌਬਲ ਜ਼ਿਲ੍ਹੇ ਦੇ ਥੌਬਲ ਮੇਲਾ ਗਰਾਊਂਡ ਤੋਂ ਗ੍ਰਿਫ਼ਤਾਰ ਕੀਤਾ ਗਿਆ, ਜਦਕਿ ਇੱਕ-ਇੱਕ ਮੈਂਬਰ ਨੂੰ ਤੈਂਗਨੌਪਾਲ ਜ਼ਿਲ੍ਹੇ ਦੇ ਸ਼ਾਂਗਤੌਂਗ 'ਚ ਭਾਰਤ-ਮਿਆਂਮਾਰ ਸਰਹੱਦ ਕੋਲੋਂ ਗ੍ਰਿਫ਼ਤਾਰ ਕੀਤਾ ਗਿਆ।

ਪੁਲਸ ਨੇ ਦੱਸਿਆ ਕਿ ਕੇ ਸੀ ਪੀ (ਪੀ ਡਬਲਿਊ ਜੀ) ਦੇ ਇਕ ਮੈਂਬਰ ਨੂੰ ਇੰਫਾਲ ਪੱਛਮੀ ਜ਼ਿਲ੍ਹੇ ਦੇ ਲਾਂਗੋਲ ਗੇਮ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇੰਫਾਲ ਪੂਰਬੀ ਜ਼ਿਲ੍ਹੇ ਦੇ ਬੁਰੂਨੀ ਹਿੱਲ ਦੇ ਖਾਲੋਂਗ 'ਚ ਇਕ ਵੱਖਰੀ ਕਾਰਵਾਈ ਦੌਰਾਨ ਸੁਰੱਖਿਆ ਬਲਾਂ ਨੇ ਤਿੰਨ ਵਾਹਨ ਰੇਡੀਓ ਸੈੱਟ, 13 ਰੇਡੀਓ ਵਾਇਰਲੈੱਸ ਹੈਂਡਹੈਲਡ ਸੈੱਟ, ਸੱਤ ਵਾਇਰਲੈੱਸ ਸੈੱਟ ਐਂਟੀਨਾ, ਇਕ ਸੋਲਰ ਚਾਰਜਰ ਕਨਵਰਟਰ ਅਤੇ ਤਿੰਨ ਸੋਲਰ ਪਲੇਟ ਸਣੇ ਹੋਰ ਸਾਮਾਨ ਬਰਾਮਦ ਕੀਤਾ।

## 'ਮੈਂ ਜਿਊਂਦਾ ਹਾਂ, ਪੋਸਟ-ਮਾਰਟਮ ਰੁਕਵਾਓ'



**ਕਾਨਪੁਰ** : ਉਤਰ ਪ੍ਰਦੇਸ਼ ਦੇ ਕਾਨਪੁਰ 'ਚ ਇਕ ਅਜੀਬ ਮਾਮਲਾ ਸਾਹਮਣੇ ਆਇਆ, ਜਿੱਥੇ ਘਾਟਮਪੁਰ ਥਾਣਾ ਖੇਤਰ ਨਿਵਾਸੀ ਇੱਕ ਵਿਅਕਤੀ ਨੇ ਪੁਲਸ ਨੂੰ ਬੇਨਤੀ ਕਰਦੇ ਹੋਏ ਕਿਹਾ—ਸਾਹਿਬ, ਮੈਂ ਜਿਊਂਦਾ ਹਾਂ, ਮੇਰਾ ਪੋਸਟ-ਮਾਰਟਮ ਰੁਕਵਾਓ। ਇਹ ਸੁਣ ਕੇ ਮੌਕੇ 'ਤੇ ਮੌਜੂਦ ਸਾਰੇ ਪੁਲਸ ਮੁਲਾਜ਼ਮ ਹੈਰਾਨ ਰਹਿ ਗਏ। ਨੌਜਵਾਨ ਦੇ ਜਿਊਂਦੇ ਹੋਣ ਦੀ ਖ਼ਬਰ ਮਿਲਦੇ ਘਰ ਵਾਲੇ ਖੁਸ਼ੀ ਨਾਲ ਪਾਗਲ ਹੋ ਗਏ। ਪੁਲਸ ਲਵਾਰਿਸ਼ ਲਾਸ਼ ਦੀ ਦੁਬਾਰਾ ਸ਼ਨਾਖਤ ਕਰਾਉਣ ਲੱਗ ਪਈ। ਕਾਨਪੁਰ ਦੇ ਘਾਟਮਪੁਰ 'ਚ ਪੁਲਸ ਨੂੰ ਇੱਕ ਲਵਾਰਿਸ਼ ਲਾਸ਼ ਮਿਲੀ ਸੀ। ਇਸ ਲਾਸ਼ ਦੀ ਪਛਾਣ ਅਜੈ ਸ਼ੰਖਵਾਰ ਦੇ ਰੂਪ 'ਚ ਕੀਤੀ ਗਈ ਸੀ। ਇਸ ਮਾਮਲੇ ਨੂੰ ਲੈ ਕੇ ਪੁਲਸ ਇੱਟਾਂ ਵਾਲੇ ਭੱਠੇ 'ਤੇ ਪੁੱਛਗਿੱਛ ਕਰਨ ਪਹੁੰਚੀ। ਇਸ ਦੌਰਾਨ ਅਜੈ ਨੂੰ ਜਿਊਂਦਾ ਦੇਖ ਕੇ ਪੁਲਸ ਹੈਰਾਨ ਰਹਿ ਗਈ।ਅਜੈ ਸ਼ੰਖਵਾਰ ਨੇ ਘਾਟਮਪੁਰ ਥਾਣੇ ਪਹੁੰਚ ਕੇ ਆਪਣੀ ਕਹਾਣੀ ਦੱਸੀ। ਅਜੈ ਨੇ ਦੱਸਿਆ ਕਿ ਮੈਂ ਭੀਤਰਗਾਓਂ ਕਸਬੇ 'ਚ ਭੱਠੇ 'ਤੇ ਮਜ਼ਦੂਰੀ ਕਰਦਾ ਹਾਂ। ਮੇਰੇ ਕੋਲ ਮੋਬਾਇਲ ਨਹੀਂ, ਇਸ ਲਈ ਮਹੀਨੇ 'ਚ 2-4 ਵਾਰ ਘਰ ਗੱਲ ਕਰਦਾ ਹਾਂ। ਅੱਜ ਸਵੇਰੇ ਭੱਠੇ 'ਤੇ ਪੁਲਸ ਵਾਲੇ ਆਏ ਸਨ ਅਤੇ ਮੇਰੇ ਬਾਰੇ ਪੁੱਛਗਿੱਛ ਕਰ ਰਹੇ ਸਨ। ਉਨ੍ਹਾ ਕਿਹਾ ਕਿ ਇੱਕ ਲਾਸ਼ ਦੀ ਪਛਾਣ ਤੇਰੀ ਭੈਣ ਨੇ ਤੇਰੇ ਰੂਪ 'ਚ ਕੀਤੀ ਹੈ। ਲਾਸ਼ ਨੂੰ ਘਾਟਮਪੁਰ ਪੁਲਸ ਨੇ ਪੋਸਟਮਾਰਟਮ ਲਈ ਭੇਜਿਆ ਹੈ। ਅਜੈ ਨੇ ਕਿਹਾ ਕਿ ਇਸ ਤੋਂ ਬਾਅਦ ਪੁਲਸ ਵਾਲਿਆਂ ਨੇ ਮੈਨੂੰ ਕਿਹਾ ਕਿ ਛੇਤੀ ਘਾਟਮਪੁਰ ਥਾਣੇ ਪਹੁੰਚ ਕੇ ਆਪਣੇ ਆਪ ਨੂੰ ਜਿਊਂਦਾ ਸਾਬਤ ਕਰ, ਨਹੀਂ ਤਾਂ ਕਾਗਜ਼ਾਂ 'ਚ ਮ੍ਰਿਤਕ ਐਲਾਨ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਨੌਜਵਾਨ ਜਲਦ ਹੀ ਘਾਟਮਪੁਰ ਪੁਲਸ ਥਾਣੇ ਪਹੁੰਚਿਆ ਅਤੇ ਖੁਦ ਦਾ ਜਿਊਂਦਾ ਹੋਣ ਦਾ ਪ੍ਰਮਾਣ ਦਿੱਤਾ।

## ਪੀ ਆਰ ਟੀ ਸੀ ਮੈਨੇਜਮੈਂਟ ਖਿਲਾਫ਼ ਧਰਨਾ-ਮੁਜ਼ਾਹਰਾ 18 ਨੂੰ

**ਪਟਿਆਲਾ** : ਇੱਥੇ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੀ ਹੰਗਾਮੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 18 ਜੂਨ ਨੂੰ ਪਟਿਆਲਾ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ ਅਤੇ ਜ਼ੋਰਦਾਰ ਮੁਜ਼ਾਹਰਾ ਕੀਤਾ ਜਾਵੇਗਾ, ਕਿਉਂਕਿ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਨੇ ਜੋ ਰਵੱਈਆ ਕਰਮਚਾਰੀਆਂ ਪ੍ਰਤੀ ਆਪਣਾ ਕੇ ਵਰਕਰਾਂ ਦੀਆਂ ਕਾਨੂੰਨੀ ਤੌਰ 'ਤੇ ਵਾਜਬ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਹੋਇਆ ਹੈ ਅਤੇ ਵਰਕਰਾਂ ਦੀ ਮਹੀਨੇ ਬਾਅਦ ਮਿਲਣ ਵਾਲੀ ਤਨਖਾਹ ਅਤੇ ਪੈਨਸ਼ਨ ਵੀ ਸਮੇਂ ਸਿਰ ਨਾ ਦੇ ਕੇ ਹਰ ਵਾਰ ਕਰਮਚਾਰੀਆਂ ਦੇ 10 ਹਜ਼ਾਰ ਟੱਬਰਾਂ ਲਈ ਗੁਜ਼ਾਰਾ ਕਰਨ ਦੀਆਂ ਆਰਥਕ ਮੁਸ਼ਕਲਾਂ ਖੜੀਆਂ ਕਰ ਦਿੱਤੀਆਂ ਹਨ। ਇਸ ਵਾਰ ਤਾਂ ਮਈ ਮਹੀਨੇ ਦੀ ਤਨਖਾਹ ਅਤੇ ਪੈਨਸ਼ਨ ਦੇਣ ਤੋਂ ਹੀ ਇੱਕ ਤਰ੍ਹਾਂ ਬੇਭਰੋਸਗੀ ਪੈਦਾ ਕਰ ਦਿੱਤੀ ਗਈ ਹੈ ਕਿ ਪਤਾ ਨਹੀਂ ਕਦੋਂ ਮਿਲੇਗੀ। ਬਾਵਜੂਦ ਇਸ ਦੇ ਕਿ ਪੰਜਾਬ ਸਰਕਾਰ ਤੋਂ ਪੀ ਆਰ ਟੀ ਸੀ ਨੇ 600 ਕਰੋੜ ਤੋਂ ਵੱਧ ਦੀ ਰਕਮ ਮੁਫ਼ਤ ਸਫਰ ਸਹੂਲਤਾਂ ਬਦਲੇ ਲੈਣੀ ਹੈ, ਪਰ ਸਰਕਾਰ, ਅਦਾਰੇ ਦੇ ਪ੍ਰਬੰਧਕ ਅਤੇ ਸਰਕਾਰ ਦੇ ਵਿੱਤ ਮੰਤਰੀ, ਵਿੱਤ ਸਕੱਤਰ, ਟਰਾਂਸਪੋਰਟ ਸਕੱਤਰ, ਚੇਅਰਮੈਨ ਪੀ ਆਰ ਟੀ ਸੀ ਸਭ ਤਨਖਾਹ, ਪੈਨਸ਼ਨਾਂ 'ਤੇ ਨਿਰਭਰ ਕਰਦੇ ਵਰਕਰਾਂ ਦੀ ਆਰਥਿਕ ਦੁਰਦਸ਼ਾ ਨੂੰ ਮੂਕ ਦਰਸ਼ਕ ਬਣ ਕੇ ਅਤੇ ਬੇਫਿਕਰੀ ਨਾਲ ਦੇਖ ਰਹੇ ਹਨ ਅਤੇ ਆਪਣੀ ਕੋਈ ਜ਼ਿੰਮੇਵਾਰੀ ਨਹੀਂ ਸਮਝ ਰਹੇ।ਐਕਸ਼ਨ ਕਮੇਟੀ ਦੀ ਮੀਟਿੰਗ ਵਿੱਚ ਸਰਕਾਰ ਅਤੇ ਮੈਨੇਜਮੈਂਟ ਦੇ ਰਵੱਈਏ ਦਾ ਬਰੀਕੀ ਨਾਲ ਲੇਖਾ-ਜੋਖਾ ਕੀਤਾ ਗਿਆ ਅਤੇ ਐਕਸ਼ਨ ਕਮੇਟੀ ਵੱਲੋਂ ਸਖਤ ਰੁਖ ਅਪਣਾਉਣ ਦਾ ਫੈਸਲਾ ਕੀਤਾ ਗਿਆ। ਮੰਗਾਂ ਅਤੇ ਵਿੱਤੀ ਮੁਸ਼ਕਲਾਂ ਨੂੰ ਵਿਚਾਰਨ ਉਪਰੰਤ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ, ਮੁਹੰਮਦ ਖਲੀਲ ਤੋਂ ਇਲਾਵਾ ਹੋਰ ਸਰਗਰਮ ਆਗੂਆਂ ਵੱਲੋਂ ਜਿਨ੍ਹਾਂ ਮਸਲਿਆ ਨੂੰ ਲੈ ਕੇ 18 ਜੂਨ ਨੂੰ ਪਟਿਆਲਾ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਦਾ ਅਤੇ ਜ਼ੋਰਦਾਰ ਮੁਜਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਉਹਨਾਂ ਵਿੱਚ ਮਈ ਮਹੀਨੇ ਦੀ ਤਨਖਾਹ ਅਤੇ ਪੈਨਸ਼ਨ ਦਾ ਅਜੇ ਤੱਕ ਭੁਗਤਾਨ ਨਾ ਕੀਤਾ ਜਾਣਾ, ਵਿੱਤੀ ਬਕਾਏ, ਤਰੱਕੀਆਂ, ਐੱਲ ਟੀ ਸੀ, ਐੱਨ ਪੀ ਐੱਸ, ਸੋਧੇ ਹੋਏ ਟੀ ਏ ਰੇਟ, ਮੈਡੀਕਲ ਬਿੱਲ, ਪੇ ਕਮਿਸ਼ਨ ਦਾ ਏਰੀਅਰ, ਮ੍ਰਿਤਕ ਦੇ ਵਾਰਸਾਂ ਨੂੰ ਨੌਕਰੀਆਂ, ਅਡਵਾਂਸ • ਬਾਕੀ ਸਫਾ 2 'ਤੇ

## ਅੱਜ-ਨਾਮਾ

ਰੱਫੜ ਪਿਆ ਈਰਾਨ-ਇਸਰਾਈਲ ਵਾਲਾ,
ਸ਼ੁਰੂ ਹੋਈ ਝੱਟ ਸੰਸਾਰ ਲਈ ਮਾਰ ਮੀਆਂ।
ਸੁਣਿਆ ਹੋਣੇ ਫਿਰ ਤੇਲ-ਪੈਟਰੋਲ ਮਹਿੰਗੇ,
ਲੱਗ ਪਿਆ ਚੜ੍ਹਨ ਹੈ ਝੱਟ ਬਾਜ਼ਾਰ ਮੀਆਂ।
ਚੀਜ਼ ਇਸ ਦੇਸ਼ ਦੇ ਵਿੱਚ ਵੀ ਬਣੇ ਜਿਹੜੀ,
ਚੜ੍ਹ ਗਿਆ ਉਹਨੂੰ ਵੀ ਝੱਟ ਬੁਖਾਰ ਮੀਆਂ।
ਅੱਗੇ ਥੋੜ੍ਹਾ ਨਹੀਂ ਕਿਰਤੀ-ਕਿਰਸਾਨ ਔਖਾ,
ਪੈ ਜਾਊ ਨਵਾਂ ਕੁਝ ਉਹਦੇ 'ਤੇ ਭਾਰ ਮੀਆਂ।
ਜਦ ਵੀ ਆਉਂਦੀ ਹੈ ਏਦਾਂ ਦੀ ਕਦੇ ਔਕੜ,
ਚੋਰ-ਵਾਪਾਰੀ ਫਿਰ ਚੁੱਕ ਲੈਣ ਅੱਤ ਮੀਆਂ।
ਚਿੜੀਆਂ ਮਰਨ, ਗੰਵਾਰਾਂ ਲਈ ਹੋਏ ਹਾਸਾ,
ਨਿਕਲਦੀ ਰਹਿੰਦੀ ਗਰੀਬਾਂ ਦੀ ਰੱਤ ਮੀਆਂ।

-ਤੀਸ ਮਾਰ ਖਾਂ

## ਨਰੇਗਾ 2005 ਨੂੰ ਕਿਸੇ ਵੀ ਕੀਮਤ 'ਤੇ ਖ਼ਤਮ ਨਹੀਂ ਹੋਣ ਦੇਵਾਂਗੇ : ਗਦਾਈਆ, ਖੁਸ਼ੀਆ ਸਿੰਘ

**ਧੂਰੀ (ਬਿੰਨੀ ਗਰਗ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋ ਸ਼ੇਰਪੁਰ ਇਲਾਕੇ ਦੇ ਨਰੇਗਾ ਕਾਮਿਆਂ ਦੀਆਂ ਮੁਸਕਲਾਂ ਦੇ ਹੱਲ ਲਈ ਬੀ ਡੀ ਪੀ ਓ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਕੜਕਦੀ ਧੁੱਪ ਅਤੇ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਮਰਦ ਅਤੇ ਔਰਤਾਂ ਸ਼ਾਮਲ ਸਨ। ਵਿਸ਼ਾਲ ਇੱਕਠ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਸਮਾਜ ਸੇਵੀ ਭਾਨ ਸਿੰਘ ਜੱਸੀ ਪੇਧਨੀ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਖੁਸ਼ੀਆ ਸਿੰਘ ਬਰਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਰੇਗਾ 2005 ਪਿੰਡਾਂ 'ਚੋਂ ਕੰਮ ਦੀ ਘਾਟ ਹੈ, ਜੋ ਕਿ ਖੇਤੀ ਦੇ ਮਸ਼ੀਨੀਕਰਨ ਹੋ ਜਾਣ ਕਾਰਨ ਹੋਈ, ਇਸ ਕਰਕੇ ਯੂ ਪੀ ਏ-1 ਸਰਕਾਰ ਨੇ ਪਿੰਡਾਂ ਦੇ ਲੋਕਾਂ ਨੂੰ ਪਿੰਡ ਵਿੱਚ ਕੰਮ ਦੇਣ ਲਈ ਕਮਿਊਨਿਸਟਾਂ ਦੀ ਪਹਿਲਕਦਮੀ 'ਤੇ ਬਣਾਇਆ, ਕਿਉਂਕਿ ਕਮਿਊਨਿਸਟ ਪਾਰਟੀਆ ਨੇ ਬਾਹਰੋਂ ਰਹਿ ਕੇ ਯੂ ਪੀ ਏ-1 ਦੀ ਮਦਦ ਕੀਤੀ ਸੀ। ਇਸ ਸਮੇਂ ਇਸ ਕਿਰਤੀ ਪੱਖੀ ਐਕਟ ਨੂੰ ਕੇਂਦਰ ਦੀ ਭਾਜਪਾ ਸਰਕਾਰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਦੀ ਬਜਾਏ ਇਸ ਦੇ ਖਾਤਮੇ ਦੀਆਂ ਗੋਂਦਾਂ ਗੁੰਦ ਰਹੀ ਹੈ। ਪਿੰਡਾ ਵਿੱਚ ਕੰਮ ਦੀ ਘਾਟ ਕਾਰਨ ਪੇਂਡੂ ਕਿਰਤੀ ਕੰਮ ਲਈ ਮਾਰੇ-ਮਾਰੇ ਫ਼ਿਰ ਰਹੇ ਹਨ, ਉਹਨਾਂ ਨੂੰ ਕੰਮ ਮੰਗਣ 'ਤੇ ਵੀ ਕੰਮ ਨਹੀਂ



ਦਿੱਤਾ ਜਾ ਰਿਹਾ। ਐਕਟ ਅਨੁਸਾਰ ਜਦੋਂ ਕਾਮੇਂ ਕੰਮ ਦੀ ਮੰਗ ਕਰਦੇ ਹਨ ਤਾਂ ਅਰਜ਼ੀਆਂ ਦਰਜ ਨਹੀਂ ਕੀਤੀਆਂ ਜਾਂਦੀਆਂ, ਜੇਕਰ ਲਈਆਂ ਵੀ ਜਾਂਦੀਆਂ ਹਨ ਤਾਂ ਟਾਇਮ ਸਿਰ ਕੰਮ ਨਹੀਂ ਦਿੱਤਾ ਜਾਂਦਾ। ਇਸ ਸਮੇਂ ਪੰਜਾਬ ਵਿੱਚ ਵੱਡੀ ਗਿਣਤੀ ਪਿੰਡ ਅਜਿਹੇ ਹਨ, ਜਿਥੇ 100 ਦਿਨ ਦਾ ਕੰਮ ਅਜੇ ਤੱਕ ਨਸੀਬ ਨਹੀਂ ਹੋਇਆ। ਕੇਂਦਰ ਸਰਕਾਰ ਨੇ ਨਰੇਗਾ ਕਾਮਿਆਂ ਲਈ ਕੇਂਦਰੀ ਬਜਟ ਵਿੱਚ ਕੋਈ ਵਾਧਾ ਨਹੀਂ ਕੀਤਾ, ਲਗਾਤਾਰ ਬਜਟ ਵਿੱਚ ਕੱਟ ਲਾਇਆ ਜਾ ਰਿਹਾ ਹੈ। ਦੁਨੀਆ ਵਿੱਚ ਵਧ ਰਹੀ ਬੇਰੁਜ਼ਗਾਰੀ ਕਾਰਨ ਕੰਮ ਲਗਾਤਾਰ ਘਟ ਰਿਹਾ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਜੁਗਰਾਜ ਸਿੰਘ ਰਾਮਾ ਨੇ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਨੇ ਇੱਕ ਫੁਰਮਾਨ ਜਾਰੀ ਕਰਕੇ ਕੰਮ ਲਿਮਟ ਕਰ ਦਿੱਤਾ ਹੈ ਕਿ ਸਤੰਬਰ ਮਹੀਨੇ ਦੀ ਛਿਮਾਹੀ ਤੱਕ ਬਜਟ 60 ਪ੍ਰਤੀਸ਼ਤ ਹੀ ਖਰਚਿਆ ਜਾ ਸਕਦਾ, ਬਾਕੀ 40 ਪ੍ਰਤੀਸ਼ਤ 31 ਮਾਰਚ ਤੱਕ ਖ਼ਰਚਣਾ ਹੈ। ਨਰੇਗਾ ਆਗੂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਮੁੱਖ ਮੰਤਰੀ ਦੀ ਸੰਗਰੂਰ ਵਾਲੀ ਕੋਠੀ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਧਰਨੇ ਵਿੱਚ ਦੁੱਲਾ ਸਿੰਘ ਬਾਜਵਾ, ਕੌਰ ਸਿੰਘ ਕਲਾਲ ਮਾਜਰਾ, ਪ੍ਰਕਾਸ਼ ਸਿੰਘ ਕੁਰੜ ਨੇ ਵੀ ਸੰਬੋਧਨ ਕੀਤਾ।

CMYK

## ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਸੰਬੰਧੀ ਮੀਟਿੰਗ 18 ਨੂੰ



**ਪਟਿਆਲਾ (ਰਾਜਿੰਦਰ ਥਿੰਦ)**-ਕੰਬੋਜ ਮਹਾਸਭਾ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਕਿ ਦੇਸ਼ ਲਈ ਸ਼ਹੀਦ ਹੋਣ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ। ਇਹ ਪ੍ਰਗਟਾਵਾ ਕੰਬੋਜ ਮਹਾਸਭਾ ਬਲਾਕ ਭੁੰਨਰਹੇੜੀ ਦੇ ਪ੍ਰਧਾਨ ਸਵਿੰਦਰ ਸਿੰਘ ਧੰਜੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸ਼ਹੀਦੀ ਦਿਹਾੜਾ ਇਸ ਵਾਰ ਦੇਵੀਗੜ੍ਹ ਵਿਖੇ ਮਨਾਇਆ ਜਾਵੇਗਾ, ਜਿਸ ਦੀ ਤਿਆਰੀ ਲਈ 18 ਜੂਨ ਨੂੰ ਮੁੜ ਮੀਟਿੰਗ ਰੱਖੀ ਗਈ ਹੈ ਤਾਂ ਕਿ ਸਭਾ ਦੀਆਂ ਸਰਗਰਮੀਆਂ ਵਧਾਈਆਂ ਜਾਣ। ਧੰਜੂ ਨੇ ਅੱਗੇ ਦੱਸਿਆ ਕਿ 18 ਜੂਨ ਦੀ ਮੀਟਿੰਗ 'ਚ ਕਾਰਡ ਛਪਵਾ ਕੇ ਪਿੰਡ-ਪਿੰਡ ਜਾ ਕੇ ਕੰਬੋਜ ਭਾਈਚਾਰੇ ਨੂੰ ਜਨੇਤੇ ਲਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸ ਸਮੇਂ ਰੁਪਿੰਦਰ ਸਿੰਘ ਮਾਤਾ ਗੁਜਰੀ ਸਕੂਲ, ਦਵਿੰਦਰ ਸਿੰਘ, ਗੁਰਮੇਲ ਸਿੰਘ ਫਰੀਦਪੁਰ, ਜੀਤ ਸਿੰਘ ਮੀਰਾਂਪੁਰ, ਬਲਵੰਤ ਸਿੰਘ, ਮੁਖਤਿਆਰ ਸਿੰਘ ਨੌਗਾਮਾਂ ਤੋਂ ਇਲਾਵਾ ਕੰਬੋਜ ਭਾਈਚਾਰੇ ਦੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

## ਲੋਕ ਗਾਇਕ ਕੁਲਦੀਪ ਤੂਰ ਦਾ ਗੀਤ 'ਮੇਰੀ ਦਸਤਾਰ ਮੇਰੀ ਸ਼ਾਨ' ਰਿਲੀਜ਼




**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਲੋਕ ਗੀਤ ਐਂਟਰਟੇਨਮੈਂਟ ਕੰਪਨੀ ਵੱਲੋਂ ਸੁਰੀਲੇ, ਮਿਹਨਤੀ ਤੇ ਸੁਲਝੇ ਲੋਕ ਗਾਇਕ ਕੁਲਦੀਪ ਤੂਰ ਦਾ ਗਾਇਆ ਨਵਾਂ ਟਰੈਕ 'ਮੇਰੀ ਦਸਤਾਰ ਮੇਰੀ ਸ਼ਾਨ' ਸਾਡੇ ਗੁਰੂਆਂ ਤੇ ਸਿੰਘ ਸ਼ਹੀਦਾਂ ਵੱਲੋਂ ਲੱਖਾਂ ਕੁਰਬਾਨੀਆਂ ਦੇ ਕੇ ਸਿੱਖ ਕੌਮ ਦੀ ਵੱਖਰੀ ਪਹਿਚਾਣ ਸਾਡੇ ਸਿਰਾਂ ਦੇ ਤਾਜ ਦਸਤਾਰ ਨੂੰ ਸਮਰਪਤ ਕਰਕੇ ਪੂਰੀ ਸਜ ਧਜ ਨਾਲ ਦੁਨੀਆ ਭਰ ਦੇ ਸਾਰੇ ਸੋਸ਼ਲ ਮੀਡੀਆ 'ਤੇ ਰਿਲੀਜ਼ ਕੀਤਾ ਗਿਆ ਹੈ। 'ਮੇਰੀ ਦਸਤਾਰ ਮੇਰੀ ਸ਼ਾਨ' ਗੀਤ ਨੂੰ ਮਿਹਨਤ ਤੇ ਲਗਨ ਨਾਲ ਬਹੁਤ ਹੀ ਸੁਚੱਜੇ ਸ਼ਬਦਾਂ ਵਿੱਚ ਪਰੋਇਆ ਹੈ ਪੰਜਾਬ ਦੇ ਸਿਰਮੌਰ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਨੇ ਅਤੇ ਇਸ ਦਾ ਸੰਗੀਤ ਉੱਘੇ ਗਾਇਕ ਤੇ ਸੰਗੀਤਕਾਰ ਕੁਲਦੀਪ ਤੂਰ ਨੇ ਬੜੀ ਸ਼ਿੱਦਤ ਤੇ ਮਿਹਨਤ ਨਾਲ ਤਿਆਰ ਕੀਤਾ ਹੈ। ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਦੀ ਪੇਸ਼ਕਸ਼ ਥੱਲੇ ਰਿਲੀਜ਼ ਹੋਏ ਇਸ ਗੀਤ ਦੇ ਵੀਡੀਓ ਨੂੰ ਯੂ ਟਿਊਬ, ਸਪੋਟੀਫਾਈ, ਐਮਾਜ਼ਾਨ, ਜੀਓ ਸਾਵਨ, ਵਿੰਕ ਮਿਊਜ਼ਿਕ ਤੇ ਹੋਰ ਅਨੇਕਾਂ ਸ਼ੋਸ਼ਲ ਸਾਈਟਾਂ 'ਤੇ ਦੇਖਿਆ ਜਾ ਸਕਦਾ ਹੈ। ਮੋਹਾਲੀ ਦੇ ਯੂਥ ਅਕਾਲੀ ਲੀਡਰ ਸ. ਪਰਵਿੰਦਰ ਸਿੰਘ ਸੋਹਾਣਾ ਤੇ ਸਿੱਖ ਯੂਥ ਮੋਟਰਸਾਈਕਲ ਕਲੱਬ ਕੈਨੇਡਾ ਦੇ ਸਿਰਕੱਢ ਮੈਂਬਰ ਸੁਖਵਿੰਦਰ ਸਿੰਘ ਸਾਂਪਲੇ (ਬਿੱਟੂ 22) ਤੇ ਸਿਮਰਨ ਟਰਕਨ ਕੋਚ ਦੇ ਵਿਸ਼ੇਸ਼ ਸਹਿਯੋਗ ਸਦਕਾ ਇਹ ਟਰੈਕ ਦੁਨੀਆ ਭਰ ਵਿੱਚ ਰਿਲੀਜ਼ ਹੋ ਚੁੱਕਾ ਹੈ। ਸਿਰਮੌਰ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਦੀ ਪੇਸ਼ਕਸ਼ ਥੱਲੇ ਰਿਲੀਜ਼ ਹੋਏ ਇਸ ਟਰੈਕ ਨੂੰ ਤਿਆਰ ਕਰਨ ਲਈ ਕੀਤੀ ਗਈ ਸਖ਼ਤ ਮਿਹਨਤ ਨੂੰ ਜ਼ਰੂਰ ਬੂਰ ਲੱਗੇਗਾ।

## ਭਾਜਪਾ ਵਰਕਰਾਂ ਵੱਲੋਂ ਵਿਜੇ ਰੁਪਾਨੀ ਨੂੰ ਸ਼ਰਧਾਂਜਲੀ



**ਰਾਜਪੁਰਾ (ਰਮੇਸ਼ ਕਟਾਰੀਆ)**-ਭਾਜਪਾ ਆਗੂ ਜਗਦੀਸ਼ ਕੁਮਾਰ ਜੱਗਾ ਦੇ ਦਫਤਰ ਵਿਖੇ ਗੁਜਰਾਤ ਦੇ ਅਹਿਮਦਾਬਾਦ ਵਿੱਚ ਵਾਪਰੇ ਜਹਾਜ਼ ਹਾਦਸੇ ਵਿੱਚ ਮਾਰੇ ਗਏ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਪੰਜਾਬ ਦੇ ਇੰਚਾਰਜ ਸ੍ਰੀ ਵਿਜੇ ਰੂਪਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਭਾਰਤੀ ਸਿਆਸਤ ਤੇ ਪਾਰਟੀ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਵਿਚਾਰਿਆ ਗਿਆ।ਸਮੂਹ ਲੋਕ ਜੋ ਇਸ ਜਹਾਜ਼ ਹਾਦਸੇ ਵਿੱਚ ਸਾਡੇ ਤੋਂ ਵਿੱਛੜ ਗਏ, ਉਨ੍ਹਾਂ ਲਈ ਮੋਨ ਵਰਤ ਰੱਖਿਆ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਭਾਜਪਾ ਦੇ ਨਵੇਂ ਪੁਰਾਣੇ ਲੀਡਰ ਡਾ. ਨੰਦ ਲਾਲ ਜਨਰਲ ਸਕੱਤਰ ਰੁਪਿੰਦਰ ਸਿੰਘ ਰੂਬੀ ਤੋਂ ਇਲਾਵਾ ਸ਼ਹਿਰ ਦੇ ਮੰਨੇ ਪ੍ਰਮੰਨੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ।

## ਅਹਿਮਦਾਬਾਦ ਜਹਾਜ਼ ਹਾਦਸਾ ਇਤਿਹਾਸ ਦਾ ਸਭ ਤੋਂ ਵੱਡਾ ਤੇ ਭਿਆਨਕ ਹਾਦਸਾ : ਕਾਂਗੜ



**ਬਠਿੰਡਾ (ਰਾਜੀਵ ਗੋਇਲ)**-ਬੀਤੀ 12 ਜੂਨ ਨੂੰ ਗੁਜਰਾਤ ਦੇ ਅਹਿਮਦਾਬਾਦ 'ਚ ਵਾਪਰੇ ਯਾਤਰੀ ਜਹਾਜ਼ ਹਾਦਸੇ 'ਤੇ ਆਪਣਾ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਾਂਗਰਸ ਦੇ ਸੀਨੀਅਰ ਲੀਡਰ ਤੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਪੀੜਤ ਪਰਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ। ਉਨ੍ਹਾਂ ਕਿਹਾ ਕਿ ਅਹਿਮਦਾਬਾਦ ਵਿਖੇ ਵਾਪਰਿਆ ਇਹ ਹਾਦਸਾ ਇਤਿਹਾਸ ਦਾ ਸਭ ਤੋਂ ਵੱਡਾ ਤੇ ਭਿਆਨਕ ਹਾਦਸਾ ਹੈ, ਜਿਸ ਵਿੱਚ 229 ਯਾਤਰੀਆਂ ਸਮੇਤ 12 ਕਰੂ ਮੈਂਬਰ ਤੇ ਕੁਝ ਡਾਕਟਰਾਂ ਦੀ ਮੌਤ ਹੋਣ ਦੇ ਨਾਲ-ਨਾਲ ਕੁਝ ਹਸਪਤਾਲ ਦੇ ਵਿਦਿਆਰਥੀ ਜ਼ਖ਼ਮੀ ਵੀ ਹੋਏ ਹਨ। ਇਸ ਹਾਦਸੇ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਵੀ ਮੌਜੂਦ ਸਨ, ਜਿਹੜੇ ਆਪਣੇ ਬੱਚਿਆਂ ਪਾਸ ਲੰਡਨ ਜਾ ਰਹੇ ਸਨ, ਜਿਨ੍ਹਾਂ ਦੀ ਵੀ ਇਸ ਹਾਦਸੇ ਵਿੱਚ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਵਿਜੈ ਰੁਪਾਨੀ ਬਹੁਤ ਵਧੀਆ ਇਨਸਾਨ ਸਨ, ਜਿਨ੍ਹਾਂ ਦੇ ਜਾਣ ਨਾਲ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਨ੍ਹਾਂ ਵੱਲੋਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੀੜਤ ਪਰਵਾਰਾਂ ਨੂੰ ਵੱਧ ਤੋਂ ਵੱਧ ਮੁਆਵਜ਼ੇ ਦਾ ਐਲਾਨ ਕਰੇ ਤਾਂ ਕਿ ਜਿਨ੍ਹਾਂ ਪਰਵਾਰਾਂ ਨੂੰ ਪਾਲਣ ਵਾਲੇ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ ਹਨ, ਉਹ ਪਰਵਾਰ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਸਕਣ।

## ਮਨਦੀਪ ਕੌਰ ਲੁਧਿਆਣਾ ਇਸਤਰੀ ਵਿੰਗ ਦੀ ਕੌਮੀ ਮੀਤ ਪ੍ਰਧਾਨ ਨਿਯੁਕਤ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੁਧਿਆਣਾ ਵੈਸਟ ਦੀ ਹੋ ਰਹੀ ਜ਼ਿਮਨੀ ਚੋਣ ਦੇ ਆਪਣੀ ਪਾਰਟੀ ਦੇ ਉਮੀਦਵਾਰ ਸ੍ਰੀ ਨਵਨੀਤ ਕੁਮਾਰ ਗੋਪੀ ਦੇ ਹਲਕੇ ਵਿੱਚ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਟੇਜ ਤੋਂ ਬੀਬੀ ਮਨਦੀਪ ਕੌਰ ਲੁਧਿਆਣਾ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਬਤੌਰ ਇਸਤਰੀ ਵਿੰਗ ਦੀ ਮੀਤ ਪ੍ਰਧਾਨ ਦੇ ਅਹੁਦੇ 'ਤੇ ਨਿਯੁਕਤ ਕਰਨ ਦਾ ਐਲਾਨ ਕੀਤਾ ਅਤੇ ਬੀਬੀ ਮਨਦੀਪ ਕੌਰ ਨੂੰ ਸਿਰਪਾਓ ਭੇਟ ਕਰਕੇ ਇਸ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ, ਇਮਾਨਦਾਰੀ ਤੇ ਦ੍ਰਿੜ੍ਹਤਾ ਨਾਲ ਪੂਰਨ ਕਰਨ ਦੀ ਵੱਡੀ ਉਮੀਦ ਪ੍ਰਗਟ ਕੀਤੀ।ਇਸ ਸਮੇਂ ਹਾਜ਼ਰੀਨ ਮੈਂਬਰਾਂ, ਜਿਨ੍ਹਾਂ ਵਿੱਚ ਪ੍ਰੋ. ਮਹਿੰਦਰਪਾਲ ਸਿੰਘ, ਹਰਪਾਲ ਸਿੰਘ ਬਲੇਰ, ਗੁਰਜੰਟ ਸਿੰਘ ਕੱਟੂ, ਅੰਮ੍ਰਿਤਪਾਲ ਸਿੰਘ ਛੰਦੜਾ, ਪ੍ਰੀਤਮ ਸਿੰਘ ਮਾਨਗੜ੍ਹ ਆਦਿ ਆਗੂ ਹਾਜ਼ਰ ਸਨ।ਪਾਰਟੀ ਅਹੁਦੇਦਾਰਾਂ ਨੇ ਬੀਬੀ ਨੂੰ ਇਸ ਹੋਈ ਨਿਯੁਕਤੀ ਉਤੇ ਮੁਬਾਰਕਬਾਦ ਦਿੰਦੇ ਹੋਏ ਉਮੀਦ ਪ੍ਰਗਟ ਕੀਤੀ ਕਿ ਉਹ ਪਹਿਲੇ ਦੀ ਤਰ੍ਹਾਂ ਬੀਬੀਆਂ ਤੇ ਨੌਜਵਾਨਾਂ ਵਿੱਚ ਹੋਰ ਵਧੇਰੇ ਉਤਸ਼ਾਹ ਨਾਲ ਪਾਰਟੀ ਸੋਚ ਦਾ ਪ੍ਰਚਾਰ ਕਰਦੇ ਹੋਏ ਪਾਰਟੀ ਮੈਂਬਰਾਂ ਦੀ ਗਿਣਤੀ ਵਧਾਉਣ ਵਿੱਚ ਜਿੱਥੇ ਯੋਗਦਾਨ ਪਾਉਣਗੇ, ਉਥੇ ਪਾਰਟੀ ਮਜ਼ਬੂਤੀ ਲਈ ਵੀ ਨਿਰੰਤਰ ਉੱਦਮ ਕਰਦੇ ਰਹਿਣਗੇ।

## ਸੰਧਵਾਂ ਨੇ ਲੋਕਾਂ ਦੇ ਦੁੱਖ-ਸੁੱਖ ਦੇ ਸਮਾਗਮਾਂ 'ਚ ਕੀਤੀ ਸ਼ਿਰਕਤ



**ਕੋਟਕਪੂਰਾ (ਰਛਪਾਲ ਭੁੱਲਰ)**-ਸਪਕੀਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਦੇ ਦੁੱਖ ਸੁੱਖ ਦੇ ਸਮਾਗਮਾਂ ਵਿੱਚ ਸ਼ਿਰਕਤ ਕੀਤੀ ਅਤੇ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ।ਉਹ ਅੱਜ ਪਿੰਡ ਪੱਕਾ ਨੰਬਰ 1 ਵਿਖੇ ਸਵ. ਹਰਨੇਕ ਸਿੰਘ ਦੇ ਭੋਗ ਸਮਾਗਮ ਵਿੱਚ ਸ਼ਾਮਲ ਹੋਏ ਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।ਇਸ ਤੋਂ ਇਲਾਵਾ ਉਨ੍ਹਾਂ ਪਿੰਡ ਭਾਣਾ ਵਿਖੇ ਸਵ. ਮੇਜਰ ਸਿੰਘ ਦੀ ਅੰਤਿਮ ਅਰਦਾਸ ਵਿੱਚ ਸ਼ਿਰਕਤ ਕੀਤੀ।ਉਨ੍ਹਾਂ ਪਿੰਡ ਸਿੱਖਾਂਵਾਲਾ ਵਿਖੇ ਬਾਬਾ ਕਾਲਾ ਮਿਹਰ ਸੰਸਥਾ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਦੇ ਮਾਤਾ ਦੀ ਅੰਤਿਮ ਅਰਦਾਸ ਵਿੱਚ ਸ਼ਮੂਲੀਅਤ ਕੀਤੀ ਸਬੰਧਤ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ।ਇਸ ਤੋਂ ਇਲਾਵਾ ਉਹ ਪਿੰਡ ਸਿਰਸੜੀ ਵਿਖੇ ਸ੍ਰ. ਜਗਤਾਰ ਸਿੰਘ ਗੱਗੀ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਵੀ ਸ਼ਰੀਕ ਹੋਏ।ਇਸ ਉਪਰੰਤ ਸਪੀਕਰ ਸ੍ਰ. ਸੰਧਵਾਂ ਨੇ ਕੋਟਕਪੂਰਾ ਸ਼ਹਿਰ ਵਿਖੇ ਵੱਖ ਵੱਖ ਸਮਾਗਮਾਂ ਵਿੱਚ ਸ਼ਿਰਕਤ ਕਰਕੇ ਲੋਕਾਂ 'ਚ ਹਾਜ਼ਰੀ ਭਰੀ।

## ਐੱਸ ਐੱਸ ਪੀ ਵੱਲੋਂ ਨਸ਼ੇ ਦੇ ਆਦੀ ਨੌਜਵਾਨਾਂ ਦੀ ਜ਼ਿੰਦਗੀ ਸਵਾਰਨ ਲਈ ਵਿਲੱਖਣ ਪਹਿਲ, ਦਫ਼ਤਰ ਬੁਲਾ ਕੇ ਕੀਤਾ ਪ੍ਰੇਰਿਤ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਐੱਸ.ਐੱਸ.ਪੀ. ਮਾਲੇਰਕੋਟਲਾ ਗਗਨ ਅਜੀਤ ਸਿੰਘ ਵੱਲੋਂ ਨਸ਼ੇ ਦੀ ਲਤ ਨਾਲ ਜੂਝ ਰਹੇ ਨੌਜਵਾਨਾਂ ਦੀ ਜ਼ਿੰਦਗੀ ਨੂੰ ਸਵਾਰਨ ਲਈ ਵਿਲੱਖਣ ਪਹਿਲ ਕੀਤੀ ਗਈ ਹੈ। ਐੱਸ.ਐੱਸ.ਪੀ. ਮਾਲੇਰਕੋਟਲਾ ਗਗਨ ਅਜੀਤ ਸਿੰਘ ਨੇ ਨਸ਼ੇ ਨਾਲ ਪੀੜਤ ਇੱਕ ਨੌਜਵਾਨ ਨੂੰ ਨਿੱਜੀ ਤੌਰ 'ਤੇ ਆਪਣੇ



ਦਫਤਰ ਵਿੱਚ ਬੁਲਾ ਕੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਨਸ਼ੇ ਦੀ ਬਿਮਾਰੀ 'ਤੋਂ ਬਾਹਰ ਨਿਕਲਣ ਲਈ ਮਨੋਵਿਗਿਆਨਿਕ ਤੇ ਮਾਨਸਿਕ ਤੌਰ 'ਤੇ ਪ੍ਰੇਰਿਤ ਕੀਤਾ। ਇਸ ਅਲਾਮਤ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੌਜਵਾਨ ਨੂੰ ਨਵੀਂ ਸ਼ੁਰੂਆਤ ਦਾ ਹਿੱਸਾ ਬਣਨ ਲਈ ਹੌਸਲਾ ਦਿੱਤਾ। ਐੱਸ.ਐੱਸ.ਪੀ. ਨੇ ਕਿਹਾ ਕਿ ਇਹ ਸਾਡੀ ਨੈਤਿਕ ਤੇ ਸਮਾਜਿਕ ਜ਼ਿੰਮੇਵਾਰੀ ਹੈ ਕਿ ਅਸੀਂ ਨੌਜਵਾਨ ਪੀੜ੍ਹਤਾਂ ਨੂੰ ਸਿਰਫ ਕਾਨੂੰਨੀ ਹੱਦ ਤੱਕ ਨਹੀਂ, ਸਗੋਂ ਇਨਸਾਨੀਅਤ ਦੇ ਨਾਤੇ ਵੀ ਨਵੀਂ ਰਾਹ ਦਿਖਾਈਏ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਮਾਲੇਰਕੋਟਲਾ ਪੁਲਸ ਵੱਲੋਂ ਅਜਿਹੀਆਂ ਕੋਸ਼ਿਸ਼ਾਂ ਜਾਰੀ ਹਨ, ਜਿਨ੍ਹਾਂ ਰਾਹੀਂ ਨਸ਼ੇ ਦੀ ਚਪੇਟ ਵਿੱਚ ਆਏ ਨੌਜਵਾਨਾਂ ਨੂੰ ਮੁੜ ਜ਼ਿੰਮੇਵਾਰ ਤੇ ਸਵੱਛ ਜੀਵਨ ਵੱਲ ਵਾਪਸ ਲਿਆਂਦਾ ਜਾ ਸਕੇ।

# 'ਮਾਨਵ ਸੇਵਾ ਉੱਤਮ ਸੇਵਾ' ਸੰਸਥਾ ਵੱਲੋਂ ਖ਼ੂਨਦਾਨ ਕੈਂਪ



**ਨਾਭਾ (ਵਰਿੰਦਰ ਵਰਮਾ)**-ਅਹਿਮਦਾਬਾਦ ਜਹਾਜ਼ ਹਾਦਸੇ ਦੇ ਮਿਰਤਕਾਂ ਨੂੰ ਸਮਰਪਤ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਸੰਵਾਦ ਗਰੁੱਪ ਨਾਭਾ ਦੇ ਸਹਿਯੋਗ ਨਾਲ ਵਰਲਡ ਬਲੱਡ ਡੋਨਰ-ਡੇ ਨੂੰ ਸਮਰਪਤ ਵਿਸ਼ਾਲ ਖ਼ੂਨਦਾਨ ਕੈਂਪ ਹਨੂੰਮਾਨ ਮੰਦਿਰ, ਬਠਿੰਡੀਆਂ ਮੁਹੱਲਾ, ਨਾਭਾ ਵਿਖੇ ਲਗਾਇਆ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਐਡਵੋਕੇਟ ਗੀਤ ਇਕਬਾਲ ਸਿੰਘ ਮਜੀਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਕੈਂਪ ਵਿੱਚ ਲਾਈਫ ਲਾਈਨ ਬਲੱਡ ਬੈਂਕ ਪਟਿਆਲਾ ਦੇ ਡਾਕਟਰਾਂ ਦੀ ਟੀਮ ਵੱਲੋਂ ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ। ਕੈਂਪ ਦੌਰਾਨ ਸਿਵਲ ਸਰਜਨ ਡਾ. ਸੰਜੇ ਗੋਇਲ, ਐਡਵੋਕੇਟ ਗੀਤ ਇਕਬਾਲ ਮਜੀਲ, ਸੰਵਾਦ ਗਰੁੱਪ ਦੇ ਸੰਚਾਲਕ ਰਾਜੇਸ਼ ਢੀਂਗਰਾ, ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਤੇ ਸਮੂਹ ਮੈਂਬਰਾਂ ਵੱਲੋਂ ਖ਼ੂਨਦਾਨੀਆਂ ਤੇ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਨਮਾਨਤ ਕਰਨ ਉਪਰੰਤ ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਮੇਂ ਸਮੇਂ ਅਨੁਸਾਰ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਹਾਦਸੇ ਜਾਂ ਖ਼ੂਨ ਦੀ ਕਮੀ ਨਾਲ ਜੂਝ ਰਹੇ ਵਿਅਕਤੀ ਨੂੰ ਖ਼ੂਨ ਦਾਨ ਕਰਨਾ ਕਿਸੇ ਪੁੰਨ ਤੋਂ ਘੱਟ ਨਹੀਂ। ਇਸ ਲਈ ਖ਼ੂਨ ਦਾਨ ਨੂੰ ਮਹਾਂਦਾਨ ਮੰਨਿਆ ਜਾਂਦਾ ਹੈ, ਪਰ ਖ਼ੂਨ ਦਾਨ ਕਰਨ ਨੂੰ ਲੈ ਕੇ ਕਈ ਗਲਤ ਧਾਰਨਾਵਾਂ ਵੀ ਪ੍ਰਚੱਲਿਤ ਹਨ, ਜਿਸ ਕਰਕੇ ਕੁਝ ਲੋਕ ਖ਼ੂਨ ਦਾਨ ਕਰਨ ਤੋਂ ਕਤਰਾਉਂਦੇ ਵੀ ਹਨ। ਇਨ੍ਹਾਂ ਗਲਤ ਧਾਰਨਾਵਾਂ ਨੂੰ ਵੀ ਦੂਰ ਕਰਨਾ ਜ਼ਰੂਰੀ ਹੈ, ਕਿਉਂਕਿ ਖ਼ੂਨ ਦਾਨ ਕਰਨ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਵਿਸ਼ਵ ਬਲੱਡ ਡੋਨਰ ਡੇਅ ਵੀ ਹਰ ਸਾਲ 14 ਜੂਨ ਨੂੰ ਖ਼ੂਨਦਾਨ ਦੀ ਮਹੱਤਤਾ ਨੂੰ ਸਮਝਣ ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਇਸ ਲਈ ਖ਼ੂਨ ਦਾਨ ਕੈਂਪ ਵੱਧ ਤੋਂ ਵੱਧ ਲਗਾਏ ਜਾਂਦੇ ਹਨ। ਇਸ ਮੌਕੇ ਅੰਕੁਰ ਸਿੰਗਲਾ, ਰਵਿੰਦਰ ਸਿੰਘ, ਸੁਨੀਲ ਗੁਪਤਾ, ਐਡਵੋਕੇਟ ਅਤੁਲ ਬਾਂਸਲ, ਵਰੁਣ ਸਿੰਗਲਾ, ਦੀਪਕ ਕੁਮਾਰ, ਬਲਦੇਵ ਕੁਮਾਰ, ਵਿਨੋਦ ਸਿੰਗਲਾ, ਸਾਹਿਲ ਗੁਪਤਾ, ਮੋਹਨ ਸਿੰਘ, ਨਰਿੰਦਰ ਵਰਮਾ, ਅਸ਼ਵਨੀ ਮਦਾਨ, ਰਾਕੇਸ਼ ਸਿੰਗਲਾ, ਗੁਰਮੀਤ ਸਿੰਘ, ਦਰਸ਼ਨ ਅਰੋੜਾ, ਉਮੇਸ਼ ਕੁਮਾਰ, ਮੋਹਿਤ ਅਰੋੜਾ, ਸੰਜੀਵ ਜਿੰਦਲ, ਐਡਵੋਕੇਟ ਸੰਨੀ ਰਹੇਜਾ, ਸੰਤ ਸਿੰਗਲਾ, ਜਗਦੀਸ਼ ਬੱਤਾ, ਸੰਦੀਪ ਸ਼ਰਮਾ, ਤਰੁਣ ਗੁਪਤਾ, ਅਮਰ ਚੰਦ ਕਥੂਰੀਆ, ਦਿਵਿਆ ਜੈਨ, ਹੀਨਾ ਸਿੰਗਲਾ, ਲਲਿਤਾ ਵਰਮਾ, ਰਾਜਿੰਦਰ ਸਿੰਘ ਸਿੱਧੂ, ਵਿਕਾਸ ਚੋਪੜਾ, ਰਾਜੇਸ਼ ਸਿੰਗਲਾ, ਮਾਨਟੂ ਪਾਹੂਜਾ ਆਦਿ ਹਾਜ਼ਰ ਸਨ।

## ਹੁਣ ਲੋਕਾਂ ਨੂੰ ਨਹੀਂ ਲਾਉਣੇ ਪੈਣਗੇ ਸਰਕਾਰੀ ਦਫ਼ਤਰਾਂ ਦੇ ਚੱਕਰ : ਹੈਪੀ ਗਰਗ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਸੂਬਾ ਸਰਕਾਰ ਵੱਲੋਂ 'ਈਜ਼ੀ ਜਮ੍ਹਾਂਬੰਦੀ' ਪੋਰਟਲ ਸ਼ੁਰੂ ਕਰਨ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਆਮ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਜਾਣ ਦੀ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲੇਗਾ ਤੇ ਭ੍ਰਿਸ਼ਟਾਚਾਰ ਵੀ ਖ਼ਤਮ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਕਦਮ ਆਮ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ, ਆਸਾਨ ਤੇ ਪਾਰਦਰਸ਼ੀ ਸ਼ਾਸਨ ਪ੍ਰਦਾਨ ਕਰਨ ਵਿੱਚ ਬਹੁਤ ਲਾਭਦਾਇਕ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਮਾਲ ਵਿਭਾਗ ਵਿੱਚ ਰਜਿਸਟਰੇਸ਼ਨ, ਇੰਤਕਾਲ ਤੇ ਫ਼ਰਦ ਆਦਿ ਦੀਆਂ ਪ੍ਰਕਿਰਿਆਵਾਂ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣਾ ਤੇ ਕਿਸੇ ਵੀ ਤਰ੍ਹਾਂ ਦੀ ਜਾਇਦਾਦ ਦੀ ਰਜਿਸਟਰੇਸ਼ਨ ਨੂੰ ਸਰਲ ਤੇ ਪਾਰਦਰਸ਼ੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੇਵਾਵਾਂ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਨਾਲ, ਹਰ ਸਾਲ ਲੱਖਾਂ ਲੋਕਾਂ ਨੂੰ ਅਜਿਹੀਆਂ ਸਮੱਸਿਆਵਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਮਾਲ ਅਧਿਕਾਰੀ ਰਜਿਸਟਰੀ ਤੇ ਇੰਤਕਾਲ ਨਾਲ ਸਬੰਧਤ ਕਾਗ਼ਜ਼ਾਂ ਵਿੱਚ ਜਾਣਬੁੱਝ ਕੇ ਨਾਂ ਅਤੇ ਹੋਰ ਚੀਜ਼ਾਂ ਨਾਲ ਛੇੜਛਾੜ ਕਰ ਦਿੰਦੇ ਸਨ, ਫਿਰ ਲੋਕਾਂ ਨੂੰ ਉਸ ਨੂੰ ਠੀਕ ਕਰਵਾਉਣ ਲਈ ਦਫ਼ਤਰ ਦੇ ਚੱਕਰ ਲਗਾਉਣੇ ਪੈਂਦੇ ਸਨ ਅਤੇ ਰਿਸ਼ਵਤ ਦੇਣੀ ਪੈਂਦੀ ਸੀ। ਹੁਣ ਇੱਕ ਵਾਰ ਜਦੋਂ ਇਹ ਸਾਰੀਆਂ ਚੀਜ਼ਾਂ ਔਨਲਾਈਨ ਹੋ ਜਾਣਗੀਆਂ, ਤਾਂ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਜੇਕਰ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਕੋਈ ਸਮੱਸਿਆ ਆਉਂਦੀ ਹੈ, ਤਾਂ ਹੁਣ ਕੋਈ ਵੀ ਵਿਅਕਤੀ ਮਾਲ ਵਿਭਾਗ ਦੀ ਵੈੱਬਸਾਈਟ 'ਤੇ ਘਰ ਬੈਠੇ ਜਾਂ 1076 'ਤੇ ਡਾਇਲ ਕਰਕੇ ਕਿਸੇ ਵੀ ਸਬੰਧਤ ਸੇਵਾਵਾਂ ਦਾ ਲਾਭ ਲੈ ਸਕਦਾ ਹੈ। ਜੇਕਰ ਨਾਂ ਜਾਂ ਹੋਰ ਚੀਜ਼ਾਂ ਨਾਲ ਸਬੰਧਤ ਕੋਈ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ 15 ਦਿਨਾਂ ਦੇ ਅੰਦਰ ਔਨਲਾਈਨ ਸ਼ਿਕਾਇਤ ਦਰਜ ਕਰਕੇ ਵੀ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ।

# ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਨੇ ਆਪਣੇ ਵਿਸ਼ਵ ਵਾਤਾਵਰਣ ਦਿਵਸ ਪ੍ਰੀ-ਕੈਂਪੇਨ 2025 ਦੇ ਤਹਿਤ ਇੱਕ ਹਫ਼ਤੇ-ਲੰਬੇ ਗਤੀਵਿਧੀਆਂ ਦੀ ਇੱਕ ਜੀਵੰਤ ਲੜੀ ਦੇ ਨਾਲ ਵਿਸ਼ਵ ਵਾਤਾਵਰਣ ਦਿਵਸ 2025 ਮਨਾਇਆ।ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਤੇ ਟਿਕਾਊ ਜੀਵਨ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਵਿਦਿਆਰਥੀਆਂ, ਫੈਕਲਟੀ ਤੇ ਆਸ-ਪਾਸ ਦੇ ਭਾਈਚਾਰੇ ਨੂੰ ਅਰਥਪੂਰਨ ਤੇ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਸ਼ਾਮਲ ਕੀਤਾ ਗਿਆ।ਮੁਹਿੰਮ ਦੀ ਸ਼ੁਰੂਆਤ ਇੱਕ ਸਫਾਈ ਮੁਹਿੰਮ ਨਾਲ ਹੋਈ, ਜਿਸ ਵਿੱਚ ਯੂਨੀਵਰਸਿਟੀ ਕੈਂਪਸ ਦੇ ਆਲੇ ਦੁਆਲੇ ਦੇ ਖੇਤਰਾਂ ਤੋਂ ਸਿੰਗਲ-ਯੂਜ਼ ਪਲਾਸਟਿਕ ਰਹਿੰਦ-ਖੂੰਹਦ ਨੂੰ ਹਟਾਉਣ 'ਤੇ ਕੇਂਦਰਤ ਕੀਤਾ ਗਿਆ।ਇਸ ਪਹਿਲਕਦਮੀ ਨੇ ਭਾਗੀਦਾਰਾਂ ਨੂੰ ਪਲਾਸਟਿਕ ਪ੍ਰਦੂਸ਼ਣ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਤੇ ਰੋਜ਼ਾਨਾ ਜੀਵਨ ਵਿੱਚੋਂ ਪਲਾਸਟਿਕ ਨੂੰ ਘਟਾਉਣ ਤੇ ਖਤਮ ਕਰਨ ਦੀ ਜ਼ਰੂਰੀ ਲੋੜ 'ਤੇ ਜ਼ੋਰ ਦਿੱਤਾ।ਆਪਣੇ ਸਥਿਰਤਾ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ ਯੂਨੀਵਰਸਿਟੀ ਨੇ ਪੇਪਰ ਬੈਗ ਬਣਾਉਣ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। ਹੱਥੀਂ ਸੈਸ਼ਨ ਨੇ ਵਿਦਿਆਰਥੀਆਂ ਨੂੰ ਮੁੜ ਵਰਤੋਂ ਯੋਗ ਕਾਗਜ਼ ਦੇ ਬੈਗ ਬਣਾਉਣ, ਵਾਤਾਵਰਣ-ਅਨੁਕੂਲ ਵਿਕਲਪਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਤੇ ਟਿਕਾਊ ਖਪਤ ਦੀਆਂ ਆਦਤਾਂ ਨੂੰ ਉਤਸ਼ਾਹਤ ਕਰਨ ਦੇ ਹੁਨਰਾਂ ਨਾਲ ਲੈਸ ਕੀਤਾ।ਕੈਂਪਸ ਨੂੰ ਹਰਿਆ ਭਰਿਆ ਕਰਨ ਤੇ ਜੈਵ ਵਿਭਿੰਨਤਾ ਵਿੱਚ ਯੋਗਦਾਨ ਪਾਉਣ ਲਈ ਪੌਦੇ ਲਗਾਉਣ ਦੀ ਮੁਹਿੰਮ ਵੀ ਆਯੋਜਤ ਕੀਤੀ ਗਈ।ਉੱਚ ਅਧਿਕਾਰੀ, ਫੈਕਲਟੀ ਮੈਂਬਰ ਤੇ ਸਟਾਫ਼ ਨੇ ਇਕੱਠੇ ਹੋ ਕੇ ਸਜਾਵਟੀ ਰੁੱਖ ਲਗਾਏ।ਵਿਦਿਆਰਥੀਆਂ ਨੇ ਕੁਦਰਤ ਦੀਆਂ ਪ੍ਰਭਾਵਸ਼ਾਲੀ ਤਸਵੀਰਾਂ ਤੇ ਨਾਅਰੇ ਵੀ ਪੇਸ਼ ਕੀਤੇ। ਡਾ. ਰਵਨੀਤ ਕੌਰ ਐਸੋਸੀਏਟ ਪ੍ਰੋਫੈਸਰ, ਜੀਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਭਾਸ਼ਣ ਨਾਲ ਹੋਈ।ਡਾ. ਕੌਰ ਨੇ ਭਾਗੀਦਾਰਾਂ ਨੂੰ ਜੀਵਨ ਸ਼ੈਲੀ ਵਿੱਚ ਬਦਲਾਅ ਅਪਣਾਉਣ ਦੀ ਅਪੀਲ ਕੀਤੀ।ਯੂਨੀਵਰਸਿਟੀ ਦੇ ਮਾਣਯੋਗ ਵਾਈਸ ਚਾਂਸਲਰ, ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਮੁਹਿੰਮ ਦੀਆਂ ਪਹਿਲਕਦਮੀਆਂ ਦੀ ਪ੍ਰਸ਼ੰਸਾ ਕੀਤੀ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਵਾਤਾਵਰਣ ਸਿੱਖਿਆ ਨੂੰ ਕਲਾਸਰੂਮ ਦੀ ਹਦਾਇਤ ਤੋਂ ਪਰੇ ਵਧਣਾ ਚਾਹੀਦਾ ਹੈ।

## ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫਲ ਬਣਾਉਣ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ : ਧਾਲੀਵਾਲ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਕੁਲਵਿੰਦਰ ਸਿੰਘ ਧਾਲੀਵਾਲ ਵੱਲੋਂ ਮੁੱਖ ਮਾਰਗ ਉਪਰ ਮਹਿਲ ਕਲਾਂ ਦੇ ਬੱਸ ਅੱਡੇ 'ਤੇ ਦੁਕਾਨਦਾਰਾਂ ਤੇ ਆਮ ਲੋਕਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਐੱਸ ਐੱਚ ਓ ਕੁਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਾਉਣ ਲਈ ਸੂਬਾ ਸਰਕਾਰ ਦੀ ਅਗਵਾਈ ਹੇਠ ਪੰਜਾਬ ਪੁਲਸ ਵੱਲੋਂ ਜ਼ੋਰਦਾਰ ਮੁਹਿੰਮ ਵਿੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ ਮਿਲ ਰਹੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਲੜਾਈ ਨੂੰ ਹੋਰ ਵਧੀਆ ਢੰਗ ਨਾਲ ਲੜਿਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਮਹਿਲ ਕਲਾਂ ਦੇ ਬਜ਼ਾਰਾਂ 'ਚ ਆਮ ਲੋਕਾਂ ਤੇ ਰਾਹਗੀਰਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਧਿਆਨ 'ਚ ਰੱਖਦਿਆਂ ਸੜਕ ਕਿਨਾਰੇ ਖੜੀਆਂ ਰੇਹੜੀਆਂ ਨੂੰ ਪਾਸੇ ਕਰਵਾਇਆ ਗਿਆ, ਨਸ਼ਿਆਂ ਤਾਂ ਜੋ ਟ੍ਰੈਫਿਕ ਦੀ ਸਮੱਸਿਆ ਹੱਲ ਹੋ ਸਕੇ। ਉਨ੍ਹਾਂ ਸਮੂਹ ਬੱਸ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਉਹ ਬੱਸਾਂ ਮੁੱਖ ਮਾਰਗ ਉਪਰ ਖੜਾਉਣ ਦੀ ਬਜਾਏ ਗ੍ਰਾਮ ਪੰਚਾਇਤ ਵੱਲੋਂ ਬਣਾਏ ਗਏ ਮੁੱਖ ਬੱਸ ਸਟੈਂਡ ਵਿੱਚ ਹੀ ਰੋਕਣ। ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਮੁਹਿੰਮ 'ਚ ਪੰਜਾਬ ਪੁਲਸ ਦਾ ਸਹਿਯੋਗ ਦੇਣ। ਇਸ ਮੌਕੇ ਦੁਕਾਨਦਾਰ ਭਾਈਚਾਰੇ ਨੇ ਭਰੋਸਾ ਦਿਵਾਇਆ ਕਿ ਮਹਿਲ ਕਲਾਂ ਬਜ਼ਾਰ ਵਿੱਚ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਉਹ ਥਾਣਾ ਮੁਖੀ ਨਾਲ ਪੂਰਾ ਸਹਿਯੋਗ ਕਰਨਗੇ। ਇਸ ਮੌਕੇ ਏ ਐੱਸ ਆਈ ਪਵਨ ਕੁਮਾਰ, ਏ ਐੱਸ ਆਈ ਸਤਵੀਰ ਸਿੰਘ, ਗੁਰਪ੍ਰੀਤ ਸਿੰਘ, ਅਰੁਣ ਕੁਮਾਰ ਬਾਂਸਲ, ਬਾਬਾ ਸੇਰ ਸਿੰਘ ਖਾਲਸਾ, ਨਿਰਪਾਲ ਸਿੰਘ ਪਾਲੀ, ਅੱਡਾ ਇੰਚਾਰਜ ਸਮਸੇਰ ਸਿੰਘ, ਹਨੀ ਪਾਸੀ, ਪ੍ਰਧਾਨ ਪਰਮਜੀਤ ਸਿੰਘ ਹਾਜ਼ਰ ਸਨ।

## ਵਿਜੈ ਰੁਪਾਨੀ ਦੇ ਦੇਹਾਂਤ 'ਤੇ ਭਾਜਪਾ ਵੱਲੋਂ ਦੁੱਖ ਪ੍ਰਗਟ



**ਕੋਟਕਪੂਰਾ (ਰਛਪਾਲ ਭੁੱਲਰ)**-ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਭਾਰਤੀ ਜਨਤਾ ਪਾਰਟੀ, ਪੰਜਾਬ ਦੇ ਇੰਚਾਰਜ ਸ੍ਰੀ ਵਿਜੈ ਰੁਪਾਨੀ ਦੇ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਅਚਾਨਕ ਹੋਏ ਦਿਹਾਂਤ ਉਪਰ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਹੇਠ ਫਰੀਦਕੋਟ ਜ਼ਿਲ੍ਹੇ ਦੇ ਯੁਵਾ ਮੋਰਚਾ ਤੇ ਮਹਿਲਾ ਮੋਰਚਾ ਨੇ ਸ਼ੋਕ ਸਭਾ ਦਾ ਆਯੋਜਨ ਕੋਟਕਪੂਰਾ ਵਿਖੇ ਕੀਤਾ।ਸ਼ੋਕ ਸਭਾ ਵਿੱਚ ਆਏ ਹੋਏ ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਸ੍ਰੀ ਵਿਜੈ ਰੁਪਾਨੀ ਤੇ ਜਹਾਜ਼ ਵਿੱਚ ਮੌਜੂਦ ਸਮੂਹ ਯਾਤਰੀਆਂ ਦੀ ਆਤਮਾ ਦੀ ਸ਼ਾਂਤੀ ਲਈ ਮੋਨ ਵਰਤ ਧਾਰਨ ਕਰਨ ਉਪਰੰਤ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਸ੍ਰੀ ਵਿਜੈ ਰੁਪਾਨੀ ਦੁਆਰਾ ਗੁਜਰਾਤ ਸੂਬੇ ਤੇ ਭਾਰਤੀ ਜਨਤਾ ਪਾਰਟੀ ਲਈ ਕੀਤੇ ਗਏ ਕੰਮਾਂ ਬਾਰੇ ਵਿਸਥਾਪੂਰਵਕ ਜਾਣਕਾਰੀ ਦਿੱਤੀ ਗਈ।ਇਸ ਮੌਕੇ ਯੁਵਾ ਮੋਰਚਾ ਜ਼ਿਲ੍ਹਾ ਪ੍ਰਧਾਨ ਮਰਵੀਰ ਸਿੰਘ ਰੰਗਾ ਤੇ ਮਹਿਲਾ ਮੋਰਚਾ ਜ਼ਿਲ੍ਹਾ ਦੀ ਪ੍ਰਧਾਨ ਅੰਜੂ ਸ਼ਰਮਾ ਤੇ ਉਨ੍ਹਾਂ ਦੇ ਨਾਲ ਗਗਨ ਜੀ, ਸਾਬਕਾ ਵਾਈਸ ਪ੍ਰਧਾਨ ਮੁਕੇਸ਼ ਗਰਗ, ਹਿੰਮਤ ਕੁਮਾਰ, ਗੁਲਾਟੀ ਸਮੇਤ ਹੋਰ ਬੀਜੇਪੀ ਦੇ ਹੋਰ ਸੀਨੀਅਰ ਅਹੁਦੇਦਾਰ ਹਾਜ਼ਰ ਹੋਏ।

## ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਐੱਮ ਐੱਸ ਸੀ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਐੱਮ. ਐੱਸ. ਸੀ. (ਆਈ ਟੀ) ਲੇਟਰਲ ਐਂਟਰੀ ਸਮੈੱਸਟਰ-ਤੀਜਾ ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ 'ਚੋਂ ਸੁਖਦੀਪ ਕੌਰ (88.2%) ਪੁੱਤਰੀ ਵਕੀਲ ਸਿੰਘ ਵਾਸੀ ਗਿੱਦੜ ਨੇ ਪਹਿਲਾ, ਸਰਬਜੀਤ ਕੌਰ (87.2%) ਪੁੱਤਰੀ ਜਗਸੀਰ ਸਿੰਘ ਵਾਸੀ ਪੂਹਲਾ ਨੇ ਦੂਜਾ ਤੇ ਜਸਪ੍ਰੀਤ ਕੌਰ (86.8%) ਪੁੱਤਰੀ ਜਸਬੀਰ ਸਿੰਘ ਵਾਸੀ ਲਹਿਰਾ ਮੁਹੱਬਤ ਨੇ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ, ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਤੇ ਐਡਮਨਿਸਟ੍ਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਪ੍ਰੋ. ਅਮਨਿੰਦਰ ਕੌਰ ਤੇ ਸਟਾਫ ਮੈਂਬਰਜ਼ ਪ੍ਰੋ. ਮੋਨਿਕਾ ਗਰਗ, ਪ੍ਰੋ. ਰਮਨਦੀਪ ਕੌਰ, ਪ੍ਰੋ. ਅਵਨੀਤ ਕੌਰ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਸੁਖਦੀਪ ਕੌਰ, ਪ੍ਰੋ. ਦਲਜੀਤ ਕੌਰ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਰੁਚੀਕਾ, ਪ੍ਰੋ. ਨਵਦੀਪ ਸ਼ਰਮਾ, ਪ੍ਰੋ. ਜਗਪ੍ਰੀਤ ਕੌਰ, ਪ੍ਰੋ. ਗੁਰਪ੍ਰੀਤ ਸਿੰਘ ਤੇ ਪ੍ਰੋ. ਕੁਲਦੀਪ ਸਿੰਘ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧ ਤੋਂ ਵੱਧ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ।

## ਸ਼ਰਾਬ ਦੀ ਲਤ ਕਾਰਨ ਗਰੀਬ ਪਰਵਾਰ ਬਰਬਾਦ ਹੋ ਰਹੇ : ਅਨੀਤਾ ਸ਼ਰਮਾ

**ਲੁਧਿਆਣਾ (ਰੈਕਟਰ ਕਥੂਰੀਆ)**-ਪੰਜਾਬ ਦੀ ਹਰ ਸਰਕਾਰ ਨੇ ਸ਼ਰਾਬਬੰਦੀ ਨੂੰ ਖਤਮ ਕਰਨ ਦਾ ਨਾਅਰਾ ਦਿੱਤਾ ਹੈ ਅਤੇ ਸੱਤਾ ਵਿੱਚ ਆਈ ਹੈ, ਪਰ ਪੰਜ ਸਾਲਾਂ ਬਾਅਦ ਹਰ ਸਰਕਾਰ ਬਿਨਾਂ ਕੁਝ ਕੀਤੇ ਚਲੀ ਜਾਂਦੀ ਹੈ। ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕਰਨ ਵਾਲੀ ਮਹਿਲਾ ਸੰਗਠਨ ਬੇਲਨ ਬ੍ਰਿਗੇਡ ਦੀ ਰਾਸ਼ਟਰੀ ਪ੍ਰਧਾਨ ਅਨੀਤਾ ਸ਼ਰਮਾ ਨੇ ਇੱਕ ਮੀਟਿੰਗ ਵਿੱਚ ਦੱਸਿਆ ਕਿ ਨਸ਼ਾ ਇੱਕ ਅਜਿਹਾ ਕਾਰੋਬਾਰ ਹੈ, ਜਿਸ ਦੀ ਕਮਾਈ ਸਭ ਤੋਂ ਵੱਧ ਹੁੰਦੀ ਹੈ; ਹੈਰੋਇਨ, ਚਿੱਟਾ ਤੇ ਟੀਕਾ ਵਰਗੇ ਨਸ਼ੇ ਸਭ ਤੋਂ ਮਹਿੰਗੇ ਹੁੰਦੇ ਹਨ ਅਤੇ ਬਾਜ਼ਾਰ ਵਿੱਚ ਗ੍ਰਾਮ ਦੇ ਹਿਸਾਬ ਨਾਲ ਵੇਚੇ ਜਾਂਦੇ ਹਨ। ਇਸ ਦੇ ਇੱਕ ਪੈਕੇਟ ਦੀ ਕੀਮਤ ਹਜ਼ਾਰਾਂ ਰੁਪਏ ਵਿੱਚ ਹੈ। ਇਹ ਨਸ਼ਾ ਗੈਰ-ਕਾਨੂੰਨੀ ਹੈ ਤੇ ਜੋ ਵਿਅਕਤੀ ਇਸ ਨਸ਼ੇ ਦਾ ਆਦੀ ਹੋ ਜਾਂਦਾ ਹੈ, ਉਹ ਕਦੇ ਵੀ ਇਸ ਤੋਂ ਛੁਟਕਾਰਾ ਨਹੀਂ ਪਾ ਸਕਦਾ। ਅਨੀਤਾ ਸ਼ਰਮਾ ਨੇ ਕਿਹਾ ਕਿ ਸ਼ਰਾਬ ਦੀ ਲਤ ਸਰੀਰ ਲਈ ਕਿਸੇ ਵੀ ਹੋਰ ਲਤ ਵਾਂਗ ਹੀ ਨੁਕਸਾਨਦੇਹ ਹੈ, ਪਰ ਸ਼ਰਾਬ ਦੀ ਲਤ ਇੱਕ ਹੌਲੀ ਜਹਿਰ ਹੈ ਜੋ ਸਰੀਰ ਨੂੰ ਹੌਲੀ-ਹੌਲੀ ਤਬਾਹ ਕਰ ਦਿੰਦੀ ਹੈ। ਖਾਸ ਕਰਕੇ ਗਰੀਬ ਲੋਕਾਂ ਦੇ ਪਰਿਵਾਰ ਇਸ ਸ਼ਰਾਬ ਦੀ ਲਤ ਕਾਰਨ ਬਰਬਾਦ ਹੋ ਰਹੇ ਹਨ। ਇੱਕ ਮਜ਼ਦੂਰ ਜੋ 400-500 ਰੁਪਏ ਪ੍ਰਤੀ ਦਿਨ ਕਮਾਉਂਦਾ ਹੈ, ਸ਼ਾਮ ਨੂੰ ਘਰ ਵਾਪਸ ਆਉਂਦੇ ਸਮੇਂ ਆਪਣੇ ਦੁੱਖ ਤੇ ਥਕਾਵਟ ਨੂੰ ਦੂਰ ਕਰਨ ਲਈ ਗਲੀ ਦੇ ਕੋਨੇ 'ਤੇ ਸਥਿਤ ਸ਼ਰਾਬ ਦੀ ਦੁਕਾਨ 'ਤੇ ਸ਼ਰਾਬ ਪੀਂਦਾ ਹੈ। ਅਨੀਤਾ ਸ਼ਰਮਾ ਨੇ ਕਿਹਾ ਕਿ ਸਭ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਸ਼ਰਾਬ ਵੇਚਣ ਦੀ ਨੀਤੀ ਬਦਲਨੀ ਚਾਹੀਦੀ ਹੈ ਅਤੇ ਜਾਂ ਤਾਂ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨੀਆਂ ਚਾਹੀਦੀਆਂ ਹਨ ਜਾਂ ਉਨ੍ਹਾਂ ਦੀ ਗਿਣਤੀ ਘਟਾਉਣੀ ਚਾਹੀਦੀ ਹੈ। ਤਦ ਹੀ ਨਸ਼ਿਆਂ ਵਿਰੁੱਧ ਜੰਗ ਸਫਲ ਹੋਵੇਗੀ।

# 51 ਰਸੌਲੀਆਂ ਬੱਚੇਦਾਨੀ 'ਚੋਂ ਬਾਹਰ ਕੱਢਣ ਦਾ ਸਫਲ ਅਪ੍ਰੇਸ਼ਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਦੀਪ ਮਲਟੀ ਸਪੈਸ਼ਲਿਟੀ ਹਸਪਤਾਲ ਗਿੱਦੜਬਾਹਾ ਵਿਖੇ ਡਾਕਟਰ ਮੋਨਾ ਰਾਣੀ ਤੇ ਉਨ੍ਹਾਂ ਦੀ ਟੀਮ ਨੇ ਇੱਕ ਔਰਤ ਦਾ ਸਫਲ ਆਪ੍ਰੇਸ਼ਨ ਕਰਕੇ ਉਸ ਦੀ ਬੱਚੇਦਾਨੀ ਵਿੱਚੋਂ 51 ਰਸੌਲੀਆਂ ਕੱਢੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਸਪਤਾਲ ਦੇ ਡਾ. ਰਾਜੀਵ ਜੈਨ ਨੇ ਦੱਸਿਆ ਕਿ ਔਰਤ ਮਰੀਜ਼ ਬਲਜੀਤ ਕੌਰ ਪਤਨੀ ਬਲਜਿੰਦਰ ਸਿੰਘ ਵਾਸੀ ਪਿੰਡ ਸੰਗਤ ਖੁਰਦ ਜ਼ਿਲ੍ਹਾ ਬਠਿੰਡਾ ਤੋਂ ਪਿਛਲੇ ਦਿਨੀਂ ਹਸਪਤਾਲ ਦੇ ਡਾ. ਮੋਨਾ ਰਾਣੀ ਨਾਲ ਆਪਣੀਆਂ ਸਮੱਸਿਆਵਾਂ ਬਾਰੇ ਦੱਸਿਆ ਤਾਂ ਡਾਕਟਰ ਨੇ ਉਨ੍ਹਾਂ ਨੂੰ ਸਫਲ ਆਪ੍ਰੇਸ਼ਨ ਕਰਨ ਦਾ ਭਰੋਸਾ ਦਿੱਤਾ, ਜਿਸ ਤਹਿਤ ਬੀਤੇ ਦਿਨ ਡਾ. ਮੋਨਾ ਰਾਣੀ ਦੀ ਟੀਮ ਵੱਲੋਂ ਕਰੀਬ ਪੰਜ ਘੰਟੇ ਦੇ ਆਪ੍ਰੇਸ਼ਨ ਕਰਨ ਤੋਂ ਬਾਅਦ 51 ਰਸੌਲੀਆਂ ਕੱਢੀਆਂ ਗਈਆਂ। ਇਸ ਸਬੰਧੀ ਡਾ. ਮੋਨਾ ਰਾਣੀ ਨੇ ਦੱਸਿਆ ਕਿ ਮਰੀਜ਼ ਬਲਜੀਤ ਕੌਰ ਪਤਨੀ ਬਲਜਿੰਦਰ ਸਿੰਘ ਉਮਰ 43 ਸਾਲ ਬੀਤੇ ਦਿਨੀਂ ਦੀਪ ਹਸਪਤਾਲ ਵਿੱਚ ਆਏ ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਬੇਟਾ 17 ਸਾਲ ਦੀ ਉਮਰ ਵਿੱਚ ਕੈਂਸਰ ਦੀ ਭਿਆਨਕ ਬਿਮਾਰੀ ਨਾਲ ਮੌਤ ਹੋ ਗਈ, ਜਿਸ ਕਰਕੇ ਉਨ੍ਹਾਂ ਨੂੰ ਬੱਚਾ ਲੈਣ ਦੀ ਇੱਛਾ ਹੈ, ਪਰ ਵੱਖ ਵੱਖ ਡਾਕਟਰਾਂ ਨਾਲ ਤਾਲਮੇਲ ਕਰਨ ਤੋਂ ਬਾਅਦ ਮਿਲਣ ਤੋਂ ਬਾਅਦ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ, ਕਿਉਂਕਿ ਕੋਈ ਵੀ ਡਾਕਟਰ ਉਨ੍ਹਾਂ ਨੂੰ ਰਸੌਲੀਆਂ ਕੱਢਣ ਲਈ ਨਹੀਂ ਕਹਿ ਰਿਹਾ ਸੀ। ਸਾਰੇ ਡਾਕਟਰ ਬੱਚੇਦਾਨੀ ਰਿਮੂਵ ਕਰਨ ਦੀ ਸਲਾਹ ਦਿੰਦੇ ਸਨ, ਪਰ ਦੀਪ ਹਸਪਤਾਲ ਵਿੱਚ ਸਾਡੀ ਟੀਮ ਵੱਲੋਂ ਪੰਜ ਘੰਟੇ ਲਗਾਤਾਰ ਆਪ੍ਰੇਸ਼ਨ ਕਰਨ ਤੋਂ ਬਾਅਦ 51 ਰਸੌਲੀ ਬੱਚੇਦਾਨੀ ਵਿੱਚੋਂ ਬਾਹਰ ਕੱਢਣ ਦਾ ਸਫਲ ਆਪ੍ਰੇਸ਼ਨ ਕੀਤਾ। ਮਰੀਜ਼ ਬਲਜੀਤ ਕੌਰ ਨੂੰ ਕਰੀਬ ਪਿਛਲੇ 8-10 ਸਾਲ ਤੋਂ ਰਸੌਲੀਆਂ ਦੀ ਸਮੱਸਿਆ ਸੀ। ਮਰੀਜ਼ ਬਿਲਕੁਲ ਠੀਕ ਹੈ ਤੇ ਜਲਦੀ ਹੀ ਉਨ੍ਹਾਂ ਨੂੰ ਘਰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਬਲਜਿੰਦਰ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ ਡਾਕਟਰ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸਫਲ ਅਪ੍ਰੇਸ਼ਨ ਕਰਨ ਤੋਂ ਬਾਅਦ ਸਾਨੂੰ ਪੂਰੀ ਉਮੀਦ ਹੈ ਕਿ ਪ੍ਰਮਾਤਮਾ ਸਾਡੀ ਫਰਿਆਦ ਜ਼ਰੂਰ ਸੁਣੇਗਾ।

## ਜਹਾਜ਼ ਹਾਦਸੇ 'ਚ ਜਾਨਾਂ ਗੁਆਉਣ ਵਾਲਿਆਂ ਲਈ ਚਰਨਪ੍ਰੀਤ ਸਿੰਘ ਨੇ ਕੀਤਾ ਦੁੱਖ ਪ੍ਰਗਟ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਆਗੂ ਤੇ ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਨੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਜੋ ਬੀਤੇ ਦਿਨ ਅਹਿਮਦਾਬਾਦ ਵਿਖੇ ਏਅਰ ਇੰਡੀਆ ਦੇ ਜਹਾਜ਼ ਨਾਲ ਹਾਦਸਾ ਹੋਇਆ ਹੈ, ਉਸ ਵਿੱਚ ਜੋ 241 ਮੁਸਾਫਰ ਮਰੇ ਹਨ ਅਤੇ ਜਿੱਥੇ ਉਹ ਜਹਾਜ਼ ਡਿੱਗਿਆ ਹੈ, ਉਸ ਹੋਸਟਲ ਵਿੱਚ ਜੋ ਡਾਕਟਰ ਖਾਣਾ ਖਾ ਰਹੇ ਸੀ ਉਨ੍ਹਾਂ ਦੀ ਗਿਣਤੀ ਬਾਰੇ ਹਜੇ ਕੁਝ ਪਤਾ ਨਹੀਂ ਲੱਗ ਸਕਿਆ। ਇਸੇ ਦੇ ਨਾਲ ਹੀ ਚਰਨਪ੍ਰੀਤ ਸਿੰਘ ਨੇ ਕੇਂਦਰ ਦੀ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਜੋ ਵੀ ਇੰਡੀਆ ਵਿਚ ਏਅਰਲਾਈਨ ਹਨ, ਉਨ੍ਹਾਂ ਏਅਰ ਲਾਈਨ ਦੇ ਜਹਾਜ਼ਾਂ ਦੀ ਹਰ ਛੇ ਮਹੀਨੇ ਪਿੱਛੋਂ ਪੂਰਨ ਰੂਪ 'ਤੇ ਚੈਕਿੰਗ ਹੋਣੀ ਚਾਹੀਦੀ ਹੈ ਅਤੇ ਜੋ ਕੰਡਮ ਜਹਾਜ਼ ਹਨ, ਉਨ੍ਹਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ। ਅਸੀਂ ਆਸ ਕਰਦੇ ਹਾਂ ਕਿ ਸਰਕਾਰ ਇਸ ਹਾਦਸੇ ਤੋਂ ਸਬਕ ਲੈ ਕੇ ਅੱਗੇ ਤੋਂ ਸੰਜੀਦਾ ਹੋਵੇਗੀ ਤੇ ਹਰੇਕ ਏਅਰਲਾਈਨ ਦੀ ਬਰੀਕੀ ਨਾਲ ਜਾਂਚ ਕਰੇਗੀ ਤਾਂ ਜੋ ਇਹੋ ਜਿਹੇ ਹਾਦਸੇ ਨਾ ਵਾਪਰਨ। ਇਸੇ ਤਰ੍ਹਾਂ ਇਸ ਘਟਨਾ ਤੋਂ ਪੂਰਾ ਦੇਸ਼ ਸਦਮੇ ਵਿੱਚ ਹੈ ਤੇ ਪੂਰਾ ਭਾਰਤ ਇਸ ਹਾਦਸੇ ਵਿੱਚ ਜਾਨਾਂ ਗੁਆਉਣ ਵਾਲਿਆਂ ਲਈ ਸੰਵੇਦਨਾ ਪ੍ਰਗਟ ਕਰ ਰਿਹਾ ਹੈ ਤੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਹਾਦਸਾ ਕਿਵੇਂ ਹੋਇਆ, ਇਹ ਜਾਂਚ ਦਾ ਵਿਸ਼ਾ ਹੈ ਤੇ ਸਰਕਾਰ ਦੀਆਂ ਸਾਰੀਆਂ ਏਜੰਸੀਆਂ ਇਸ ਵਿੱਚ ਲੱਗੀਆਂ ਹੋਈਆਂ ਹਨ ਤੇ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਜਹਾਜ਼ ਨੇ ਅਹਿਮਦਾਬਾਦ ਤੋਂ ਉਡਾਣ ਭਰੀ ਸੀ, ਤਾਂ ਇਸ ਨੇ ਥੋੜ੍ਹੀ ਦੂਰੀ ਤੈਅ ਕੀਤੀ ਸੀ ਤੇ ਪਾਇਲਟ, ਸਹਿ-ਪਾਇਲਟ ਤੇ ਹੋਰਾਂ ਨੂੰ ਸੁਰੱਖਿਅਤ ਉਤਰਨ ਦਾ ਸਮਾਂ ਨਹੀਂ ਮਿਲਿਆ। ਅਖੀਰ ਉਨ੍ਹਾਂ ਕਿਹਾ ਕਿ ਅਸੀਂ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਲੋਕਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ।

## ...ਸ.ਫ਼ਾ 1 ਦੇ ਬਾਕੀ

### ਮੋਦੀ ਸਰਕਾਰ ਦੀਆਂ ਮਜ਼ਦੂਰ-ਕਿਸਾਨ...

ਲਈ।ਇਸ ਲਈ 60 ਸਾਲ ਦੇ ਉਪਰ ਸਾਰਿਆਂ ਨੂੰ ਪੈਨਸ਼ਨ ਦਿੱਤੀ ਜਾਏ।ਘੱਟੋ-ਘੱਟ ਉਜਰਤ 26000 ਦਿੱਤੀ ਜਾਣੀ ਯਕੀਨੀ ਬਣਾਈ ਜਾਏ।ਗੈਰ ਜਥੇਬੰਦ ਖੇਤਰ ਦੇ ਕਾਮਿਆਂ ਨੂੰ ਸਹੂਲਤਾਂ ਯਕੀਨੀ ਬਣਾਈਆਂ ਜਾਣ। ਹੁਣ ਹਰ ਪਾਸੇ ਅਸਫਲ ਰਹਿਣ ਤੋਂ ਬਾਅਦ ਸਰਕਾਰ ਫਿਰਕੂ ਲੀਹਾਂ 'ਤੇ ਲੋਕਾਂ ਨੂੰ ਵੰਡਣ 'ਤੇ ਲੱਗੀ ਹੋਈ ਹੈ।ਸਾਡੀ ਵਿਦੇਸ਼ ਨੀਤੀ ਅਸਫਲ ਰਹੀ ਹੈ, ਜਦੋਂ ਕਿ ਇਕ ਪਾਸੇ ਸਾਡੇ ਫੌਜੀਆਂ ਨੇ ਆਪਣੀ ਬਹਾਦਰੀ ਦਿਖਾਈ, ਦੂਸਰੇ ਪਾਸੇ ਕੂਟਨੀਤਕ ਤੌਰ 'ਤੇ ਅਸਫਲਤਾ ਦਾ ਨਤੀਜਾ ਇਹ ਹੋਇਆ ਕਿ 'ਅਪਰੇਸ਼ਨ ਸਿੰਧੂਰ' ਤੋਂ ਬਾਅਦ ਕੋਈ ਵੀ ਦੇਸ਼ ਸਾਡੇ ਨਾਲ ਨਹੀਂ ਖੜਿਆ।

ਬੰਤ ਸਿੰਘ ਬਰਾੜ ਪ੍ਰਧਾਨ ਏਟਕ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਅਪਣਾ ਰਹੀ ਹੈ, ਜਿਸ ਢੰਗ ਨਾਲ ਕਿਸਾਨਾਂ ਨੂੰ ਸ਼ੰਭੂ ਬਾਰਡਰ ਤੋਂ ਧੋਖੇ ਨਾਲ ਉਠਾਇਆ ਗਿਆ, ਉਹ ਬਹੁਤ ਹੀ ਇੱਕ ਮਾੜੀ ਸੋਚ ਦਾ ਪ੍ਰਗਟਾਵਾ ਹੈ।ਇਸ ਕਰਕੇ ਤਾਂ ਟੀਚਰਾਂ ਦੇ, ਆਸ਼ਾ ਵਰਕਰਾਂ ਦੇ, ਯੂਨੀਵਰਸਿਟੀ ਮੁਲਾਜ਼ਮਾਂ ਦੇ ਅੰਦੋਲਨ ਚੱਲ ਰਹੇ ਹਨ।ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਖਰਾਬ ਹੈ, ਇਸ ਲਈ ਬਹੁਤ ਵੱਡੇ ਅੰਦੋਲਨ ਦੀ ਲੋੜ ਹੈ ਤੇ 9 ਜੁਲਾਈ ਨੂੰ ਇਕੱਠੇ ਹੋ ਕੇ ਆਪਣੀ ਤਾਕਤ ਦਾ ਪ੍ਰਗਟਾਅ ਕਰਨਾ ਹੈ।

ਮੀਟਿੰਗ ਵੱਲੋਂ ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਵੱਲੋਂ ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ 1958 ਵਿੱਚ ਕੀਤੀਆਂ ਗਈਆਂ ਮਜ਼ਦੂਰ ਵਿਰੋਧੀ ਸੋਧਾਂ ਕਰਕੇ ਸਰਕਾਰ ਦੀ ਨਿਖੇਧੀ ਕੀਤੀ ਗਈ ਅਤੇ ਇਹਨਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ।ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਗੁਲਜ਼ਾਰ ਸਿੰਘ ਗੋਰੀਆ ਜਨਰਲ ਸਕੱਤਰ ਭਾਰਤੀ ਖੇਤ ਮਜ਼ਦੂਰ ਯੂਨੀਅਨ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਡਿਪਟੀ ਜਨਰਲ ਸਕੱਤਰ ਅਮਰਜੀਤ ਸਿੰਘ ਆਸਲ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ।

### ਪੀ ਆਰ ਟੀ ਸੀ ਮੈਨੇਜਮੈਂਟ...

ਬੁੱਕਰਾਂ ਦੇ ਕਮਿਸ਼ਨ ਵਿੱਚ ਵਾਧਾ ਕਰਨਾ, ਪੰਜਾਬ ਸਰਕਾਰ ਤੋਂ ਮੁਫ਼ਤ ਸਫਰ ਬਦਲੇ ਬਣਦੀ ਰਕਮ ਬਿਨਾਂ ਦੇਰੀ ਦੇਣਾ ਆਦਿ ਸ਼ਾਮਲ ਹਨ।

ਐਕਸ਼ਨ ਕਮੇਟੀ ਨੇ ਨਵੀਆਂ ਬੱਸਾਂ ਪਾਉਣ ਤੋਂ ਬਿਨਾਂ 4 ਸਾਲ ਲੰਘ ਜਾਣ ਨੂੰ ਪ੍ਰਾਈਵੇਟ ਬੱਸ ਮਾਫੀਏ ਦੀ ਹੀ ਸੇਵਾ ਦੱਸਿਆ।ਐਕਸ਼ਨ ਕਮੇਟੀ ਨੇ ਮੈਨੇਜਮੈਂਟ ਅਤੇ ਸਰਕਾਰ ਨੂੰ ਇਸ ਸ਼ਾਨਦਾਰ ਅਦਾਰੇ ਦੀ ਕਾਰਗੁਜ਼ਾਰੀ ਨੂੰ ਬਚਾਉਣ ਅਤੇ ਇਸ ਵਿੱਚ ਬੇਹਤਰੀ ਲਿਆਉਣ ਲਈ ਵੀ ਫੌਰੀ ਕਦਮ ਚੁੱਕੇ ਜਾਣ ਦੀ ਮੰਗ ਕੀਤੀ।

### ਮੈਂ ਤਾਂ ਪਰਿਵਰਤਨ ...

ਰਹੀਆਂ ਹਨ। ਇਸ ਤੋਂ ਪਹਿਲਾਂ ਕਾਂਗਰਸ ਨੇ ਲੁਧਿਆਣਾ ਵੈੱਸਟ ਵਿਧਾਨ ਸਭਾ ਉਪ ਚੋਣ ਲਈ ਸਟਾਰ ਪ੍ਰਚਾਰਾਂ ਦੀ ਲਿਸਟ ਜਾਰੀ ਕੀਤੀ ਸੀ, ਜਿਸ 'ਚ ਪੰਜਾਬ ਕਾਂਗਰਸ ਦੇ ਵੱਡੇ ਚਿਹਰੇ ਸ਼ਾਮਲ ਸਨ, ਪਰ ਨਵਜੋਤ ਸਿੰਘ ਸਿੱਧੂ ਦਾ ਨਾਂਅ ਨਹੀਂ ਸੀ। ਪੰਜਾਬ ਵਿਧਾਨ ਸਭਾ ਚੋਣਾਂ ਦੇ ਬਾਅਦ ਹੀ ਨਵਜੋਤ ਸਿੱਧੂ ਪਾਰਟੀ ਪ੍ਰੋਗਰਾਮਾਂ ਤੋਂ ਦੂਰ ਰਹਿਣ ਲੱਗੇ ਸਨ।

## ਲੁਧਿਆਣਾ ਪੱਛਮੀ ਤੋਂ ਬਦਲਾਅ ਦੀਆਂ ਹਵਾਵਾਂ ਵਗਣੀਆਂ ਸ਼ੁਰੂ ਹੋਣਗੀਆਂ : ਵੜਿੰਗ

### *ਕਾਂਗਰਸ ਰਿਕਾਰਡ ਫਰਕ ਨਾਲ ਸੀਟ 'ਤੇ ਕਬਜ਼ਾ ਕਰਨ ਲਈ ਤਿਆਰ*

**ਲੁਧਿਆਣਾ (ਰੈਕਟਰ ਕਥੂਰੀਆ)**-ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੀਆਂ ਹਵਾਵਾਂ ਲੁਧਿਆਣਾ ਪੱਛਮੀ ਤੋਂ ਵਗਣੀਆਂ ਸ਼ੁਰੂ ਹੋਣਗੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਇਹ ਜ਼ਿਮਨੀ ਚੋਣ ਰਿਕਾਰਡ ਅੰਤਰ ਨਾਲ ਜਿੱਤੇਗੀ। ਇੱਥੇ ਪੱਤਰਕਾਰਾਂ ਨਾਲ ਇੱਕ ਗੈਰ-ਰਸਮੀ ਗੱਲਬਾਤ ਦੌਰਾਨ ਜ਼ਿਮਨੀ ਚੋਣਾਂ ਵਿੱਚ ਪਾਰਟੀ ਦੀਆਂ ਸੰਭਾਵਨਾਵਾਂ ਬਾਰੇ ਪੁੱਛਣ 'ਤੇ ਵੜਿੰਗ ਨੇ ਟਿੱਪਣੀ ਕੀਤੀ ਕਿ ਕਾਂਗਰਸ ਦੀ ਜਿੱਤ ਕੰਧ 'ਤੇ ਲਿਖੀ ਹੋਈ ਹੈ ਅਤੇ ਤੁਸੀਂ ਖੁਦ ਦੇਖ ਸਕਦੇ ਹੋ ਕਿ ਪਾਰਟੀ ਦੇ ਸੀਟ ਜਿੱਤਣ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਜਿੱਥੇ ਵੀ ਜਾਂਦੇ ਹਨ ਤੇ ਜਿਸ ਨੂੰ ਵੀ ਮਿਲਦੇ ਹਨ, ਉਹ ਸਿਰਫ ਇੱਕ ਗੱਲ ਦੱਸਦੇ ਹਨ ਕਿ ਕਾਂਗਰਸ ਸੱਤਾ ਵਿੱਚ ਵਾਪਸੀ ਦੇ ਰਾਹ 'ਤੇ ਹੈ, ਜਦੋਂਕਿ ਆਮ ਆਦਮੀ ਪਾਰਟੀ (ਆਪ) ਸੱਤਾ ਤੋਂ ਬਾਹਰ ਜਾਣ ਦੇ ਰਾਹ 'ਤੇ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਕਾਂਗਰਸ ਪੱਖੀ ਭਾਵਨਾ ਦਾ ਇੱਕ ਇਹ ਵੀ ਕਾਰਨ ਹੈ ਕਿ ਲੋਕ 'ਆਪ' ਸਰਕਾਰ ਦੀ ਵੱਡੀ ਅਸਫਲਤਾ ਤੋਂ ਤੰਗ ਆ ਚੁੱਕੇ ਸਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਸਭ ਤੋਂ ਮਾੜੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਪੰਜਾਬ ਵਿੱਚ ਹੋ ਰਹੇ ਅਪਰਾਧ ਦੇ ਪੱਧਰ ਦੀ ਰਿਪੋਰਟਿੰਗ ਨਹੀਂ ਕਰ ਰਿਹਾ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਵਿਰੁੱਧ ਇੱਕ ਮਜ਼ਬੂਤ ਵਿਰੋਧ ਹੈ ਅਤੇ ਇਹ 19 ਜੂਨ ਨੂੰ ਹੋਣ ਵਾਲੀ ਵੋਟਿੰਗ ਵਿੱਚ ਸਾਫ ਤੌਰ ਤੇ ਝਲਕੇਗਾ। ਵੜਿੰਗ ਨੇ ਦੋਸ਼ ਲਗਾਇਆ ਕਿ 'ਆਪ' ਸਰਕਾਰ ਨੇ ਅਜੇ ਵੀ ਕਾਂਗਰਸੀ ਵਰਕਰਾਂ ਵਿਰੁੱਧ ਬਦਲਾਖੋਰੀ ਨੂੰ ਨਹੀਂ ਰੋਕਿਆ ਹੈ, ਜਿਸ 'ਤੇ ਉਨ੍ਹਾਂ ਆਪ ਸਰਕਾਰ ਨੂੰ ਸਪੱਸ਼ਟ ਕੀਤਾ ਕਿ ਅਸੀਂ ਡਰਨ ਵਾਲੇ ਨਹੀਂ ਹਾਂ ਤੇ ਸਬੂਤ ਅਸੀਂ ਤੁਹਾਨੂੰ 23 ਜੂਨ ਨੂੰ ਦਿਖਾਵਾਂਗੇ, ਜਦੋਂ ਜ਼ਿਮਨੀ ਚੋਣ ਦਾ ਨਤੀਜਾ ਆਏਗਾ।

## ਨੱਕ, ਕੰਨ, ਗਲੇ ਤੇ ਚਮੜੀ ਰੋਗਾਂ ਦਾ ਕੈਂਪ ਅੱਜ

**ਬੁਢਲਾਡਾ (ਅਸ਼ੋਕ ਲਾਕੜਾ)**-ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ 15 ਜੂਨ ਐਤਵਾਰ ਨੱਕ, ਕੰਨ, ਗਲੇ ਤੇ ਚਮੜੀ ਰੋਗਾਂ ਦਾ ਇੱਕ ਵਿਸ਼ਾਲ ਕੈਂਪ ਪੰਚਾਇਤੀ ਧਰਮਸ਼ਾਲਾ ਵਿੱਚ ਸਵੇਰੇ 8 ਤੋਂ 12 ਵਜੇ ਤੱਕ ਲਗਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਡਾਕਟਰ ਸੁਰਿੰਦਰ ਤਨੇਜਾ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਚਮੜੀ ਦੇ ਮਾਹਰ ਐੱਮ ਡੀ ਡਾਕਟਰ ਔਰਲੀਆ ਗੋਇਲ ਚਮੜੀ ਦੇ ਰੋਗਾਂ ਦਾ ਇਲਾਜ ਕਰਨਗੇ। ਇਸੇ ਤਰ੍ਹਾਂ ਈ ਐੱਨ ਟੀ ਮਾਹਰ ਡਾਕਟਰ ਨੀਤਿਨ ਕੁਮਾਰ ਨੱਕ, ਕੰਨ ਤੇ ਗਲੇ ਦੇ ਰੋਗਾਂ ਦਾ ਫ੍ਰੀ ਚੈੱਕਅਪ ਕਰਨਗੇ। ਲੋੜਵੰਦਾਂ ਨੂੰ ਦਵਾਈਆਂ ਵੀ ਫ੍ਰੀ ਦਿੱਤੀਆਂ ਜਾਣਗੀਆਂ।

## ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਭੱਠਾ ਉਦਯੋਗ ਲਈ ਸੈਮੀਨਾਰ




**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸ਼ਾਲੀਮਾਰ ਬੈਂਕੁਏਟ ਹਾਲ, ਇੰਡਸਟਰੀਅਲ ਏਰੀਆ, ਫਿਰੋਜ਼ਪੁਰ ਸ਼ਹਿਰ ਵਿੱਚ ਭੱਠਾ ਉਦਯੋਗ ਦੇ ਕੁਸ਼ਲ ਸੰਚਾਲਨ ਲਈ ਇੱਕ ਸੈਮੀਨਾਰ ਤੇ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਅਗਰਵਾਲ ਤੇ ਸਮੂਹ ਜ਼ਿਲ੍ਹਾ ਭੱਠਾ ਮਾਲਕਾਂ ਨੇ ਅਧਿਕਾਰੀਆਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਸੈਮੀਨਾਰ ਵਿੱਚ ਪੰਜਾਬ ਸਾਇੰਸ ਤੇ ਟੈਕਨਾਲੋਜੀ ਵਿਭਾਗ ਦੇ ਪੀ.ਐੱਸ.ਓ. ਮਗਨਬੀਰ ਸਿੰਘ ਤੇ ਕਾਰਜਕਾਰੀ ਇੰਜਨੀਅਰ ਅਭਿਸ਼ੇਕ ਚੌਹਾਨ ਨੇ ਭੱਠਾ ਸੰਚਾਲਨ ਦੇ ਤਕਨੀਕੀ ਪਹਿਲੂਆਂ 'ਤੇ ਆਪਣੀ ਮਾਹਿਰ ਰਾਏ ਦਿੱਤੀ। ਭੱਠਾ ਮਾਲਕਾਂ ਨੇ ਆਪਣੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਦਾ ਨਿਵਾਰਣ ਵੀ ਕੀਤਾ ਗਿਆ। ਇਸ ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵਾਤਾਵਰਣ ਇੰਜੀਨੀਅਰ ਗੁਲਸ਼ਨ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ ਵਰੁਣ ਕੁਮਾਰ, ਜੂਨੀਅਰ ਇੰਜੀਨੀਅਰ ਜਸਵਿੰਦਰ ਸਿੰਘ ਤੇ ਰਣਜੀਤ ਸਿੰਘ ਵੀ ਹਾਜ਼ਰ ਸਨ। ਜ਼ਿਲ੍ਹਾ ਪ੍ਰਧਾਨ ਰਾਕੇਸ਼ ਅਗਰਵਾਲ ਤੇ ਭੱਠਾ ਮਾਲਕਾਂ ਨੇ ਸਾਰੇ ਅਧਿਕਾਰੀਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਰਾਕੇਸ਼ ਅਗਰਵਾਲ ਨੇ ਅਧਿਕਾਰੀਆਂ ਦਾ ਭੱਠਾ ਸੁਚਾਰੂ ਢੰਗ ਨਾਲ ਚਲਾਉਣ ਬਾਰੇ ਵਿਸਤ੍ਰਿਤ ਜਾਣਕਾਰੀ ਦੇਣ ਲਈ ਦਿਲੋਂ ਧੰਨਵਾਦ ਕੀਤਾ।

ਸਮਾਗਮ ਵਿੱਚ ਸੰਜੀਵ ਗੁਪਤਾ, ਜਗਸੀਰ ਸਿੰਘ, ਲਾਡਾ ਵੋਹਰਾ, ਬਲਟੇਕ ਸਿੰਘ, ਬਿੰਦਰਾ, ਸੁਖਦਿਆਲ ਸਮੇਤ ਫਿਰੋਜ਼ਪੁਰ, ਜ਼ੀਰਾ ਤੇ ਗੁਰੂ ਹਰਸਹਾਏ ਦੇ ਭੱਠਾ ਮਾਲਕ ਹਾਜ਼ਰ ਸਨ।

## ਬੀ ਕੇ ਯੂ ਏਕਤਾ ਉਗਰਾਹਾਂ ਬਲਾਕ ਸੰਗਰੂਰ ਦੀ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੰਗਰੂਰ ਦੀ ਮੀਟਿੰਗ ਗੁਰਦੁਆਰਾ ਮਸਤੂਆਣਾ ਅਗੀਠਾ ਸਾਹਿਬ ਵਿਖੇ ਹੋਈ, ਜਿਸ ਦੀ ਅਗਵਾਈ ਬਲਾਕ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ, ਜਨਰਲ ਸਕੱਤਰ ਜਗਤਾਰ ਸਿੰਘ ਲੱਡੀ ਨੇ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੂਬਾ ਆਗੂ ਜਨਕ ਸਿੰਘ ਭੁਟਾਲ, ਜਗਤਾਰ ਸਿੰਘ ਕਾਲਾਝਾੜ, ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਸ਼ਾਮਲ ਹੋਏ। ਇਸ ਸਮੇਂ ਬਲਾਕ ਦੇ ਪਿੰਡਾਂ ਤੋਂ ਫੰਡਾਂ ਦੀ ਜਾਣਕਾਰੀ ਲਈ ਗਈ ਤੇ ਮੈਂਬਰਸ਼ਿਪ ਬਾਰੇ ਵੀ ਪੁੱਛਿਆ ਗਿਆ ਅਤੇ ਹਾਜ਼ਰੀਨ ਨੂੰ ਆਉਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਗਈ। ਜਾਣਕਾਰੀ ਦਿੰਦਿਆਂ ਸੂਬਾ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਜ਼ਮੀਨਾਂ ਉੱਪਰ ਬਹੁਤ ਵੱਡਾ ਹਮਲਾ ਆ ਰਿਹਾ ਹੈ ਅਤੇ ਸਾਰੇ ਸ਼ਹਿਰਾਂ ਵਿੱਚ ਹਜ਼ਾਰਾਂ ਏਕੜ ਜ਼ਮੀਨ ਸਰਕਾਰ ਵੱਡੇ ਘਰਾਣਿਆਂ ਨੂੰ ਸੰਭਾਲਣ ਲਈ ਤਿਆਰ ਹੈ ਜਿਵੇਂ ਕਿ ਪਿੰਡ ਬਠੋਈ ਕਲਾਂ ਵਿੱਚ ਸਰਕਾਰ ਜ਼ਮੀਨਾਂ 'ਤੇ ਹਮਲਾ ਕਰਕੇ ਆਈ ਤਾਂ ਸੰਘਰਸ਼ ਕਰਦੇ ਲੋਕਾਂ ਨੇ ਸਰਕਾਰ ਨੂੰ ਵਾਪਸ ਮੋੜਿਆ, ਇਸ ਲਈ ਸਰਕਾਰ ਚਿੱਪ ਵਾਲੇ ਮੀਟਰ ਲਾਉਣ ਲਈ ਵੀ ਸੈਂਟਰ ਦੇ ਮੰਤਰੀਆਂ ਵੱਲੋਂ ਕਿਹਾ ਗਿਆ ਹੈ ਕਿ ਸਰਕਾਰ ਲੋਕਾਂ ਨੂੰ ਦੱਬਣਾ ਚਾਹੁੰਦੀ ਹੈ। ਇਸ ਮੌਕੇ ਬਲਾਕ ਆਗੂ ਚਮਕੌਰ ਸਿੰਘ ਲੱਡੀ, ਬੂਟਾ ਲੌਂਗੋਵਾਲ, ਪ੍ਰਿਤਪਾਲ ਚੱਠੇ, ਸੁਖਦੇਵ ਸਿੰਘ ਛੰਨਾ, ਕਰਮਜੀਤ ਮੰਗਵਾਲ, ਕਰਮਜੀਤ ਮੰਡੇਰ ਸਮੇਤ ਪਿੰਡ ਇਕਾਈਆਂ ਦੇ ਪ੍ਰਧਾਨ ਤੇ ਸਕੱਤਰ ਹਾਜ਼ਰ ਹੋਏ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਡੇਅਰੀ ਉੱਦਮ ਸਿਖਲਾਈ ਕੋਰਸ ਭਲਕ ਤੋਂ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):** ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਅੰਮ੍ਰਿਤਸਰ, ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ (ਅੰਮ੍ਰਿਤਸਰ) ਵਿਖੇ ਮਿਤੀ 16 ਜੂਨ ਤੋਂ 27 ਜੂਨ ਤੱਕ ਚਲਾਇਆ ਜਾ ਰਿਹਾ ਹੈ, ਅਤੇ ਫਾਰਮ ਭਰਨ ਦੀ ਮਿਤੀ 16 ਜੂਨ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਰਿਆਮ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਅੰਮ੍ਰਿਤਸਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਡੇਅਰੀ ਉੱਦਮ ਸਿਖਲਾਈ 16 ਜੂਨ ਤੋਂ 27 ਜੂਨ ਤੱਕ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ ਘੱਟ 10ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਉਪਰੰਤ ਵਿਭਾਗ ਵੱਲੋਂ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25% ਜਨਰਲ ਅਤੇ 33% ਅ.ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ ਅਤੇ ਨਾਲ ਮੁਰਾਹ ਨਸਲ ਦੀ ਸਹੂਲਤ ਪ੍ਰਾਪਤ ਕੀਤੀ ਜਾ ਸਕਦੀ ਹੈ।ਇਸ ਸਿਖਲਾਈ ਵਿੱਚ ਖੁਰਾਕ ਪ੍ਰਬੰਧਨ, ਨਸਲ ਸੁਧਾਰ ਦਾ ਪ੍ਰੈਕਟੀਕਲ ਕਰਵਾਇਆ ਜਾਵੇਗਾ ਅਤੇ ਏ. ਆਈ. ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਅੰਮ੍ਰਿਤਸਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।ਵਧੇਰੇ ਜਾਣਕਾਰੀ ਲਈ ਡੇਅਰੀ ਫੀਲਡ ਸਹਾਇਕ ਰਜੀਵ ਕੁਮਾਰ ਦੇ ਫੋਨ ਨੰਬਰ 8427170001 ਅਤੇ ਜੋਤੀ ਸ਼ਰਮਾ ਦੇ ਫੋਨ ਨੰਬਰ 9465725610 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਜਨਾਲਾ ਸ਼ਹਿਰ 'ਚ ਖੇਡ ਸਟੇਡੀਅਮ, ਪਾਰਕ ਅਤੇ ਬਿਕਰਾਊਰ ਵਿਖੇ ਸਰਕਾਰੀ ਕਾਲਜ ਮਨਜ਼ੂਰ : ਧਾਲੀਵਾਲ

**● ਬਲਾਕ ਅਜਨਾਲਾ ਤੇ ਰਮਦਾਸ ਦੇ 24 ਪਿੰਡਾਂ ਅਤੇ ਬਲਾਕ ਹਰਸ਼ਾ ਛੀਨਾ ਦੇ 16 ਪਿੰਡਾਂ 'ਚ ਖੇਡ ਸਟੇਡੀਅਮ ਬਣਾਉਣ ਦੀ ਪ੍ਰਕਿਰਿਆ ਸ਼ੁਰੂ**

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-** ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਹਲਕਾ ਅਜਨਾਲਾ ਦੇ ਸ਼ਹਿਰੀ ਖੇਤਰ ਨੂੰ ਸਿੱਖਿਆ ਤੇ ਖੇਡਾਂ 'ਚ ਸਭ ਦਾ ਹਾਣੀ ਬਣਾਉਣ ਲਈ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਚਨਬੱਧ ਹੈ ਅਤੇ ਇਸੇ ਵਚਨਬੱਧਤਾ ਤਹਿਤ ਹਲਕੇ ਦੇ ਸਰਹੱਦੀ ਪਿੰਡ ਬਿਕਰਾਊਰ ਵਿਖੇ ਸਰਕਾਰੀ ਕਾਲਜ ਮਨਜ਼ੂਰ ਕਰਵਾ ਲਿਆ ਗਿਆ ਹੈ ਅਤੇ ਅਜਨਾਲਾ ਸ਼ਹਿਰ 'ਚ ਆਜ਼ਾਦੀ ਪਿੱਛੋਂ ਹੁਣ ਤੱਕ ਲਟਕਦੀ ਆ ਰਹੀ ਨੌਜੁਆਨਾਂ ਤੇ ਖੇਡ ਪ੍ਰੇਮੀਆਂ ਦੀ ਮੰਗ ਦੇ ਮੱਦੇਨਜ਼ਰ ਛਾਈ ਏਕੜ 'ਚ ਆਧੁਨਿਕ ਖੇਡ ਸਹੂਲਤਾਂ ਨਾਲ ਲੈਸ ਸਟੇਡੀਅਮ ਤੋਂ ਇਲਾਵਾ ਬਜ਼ੁਰਗਾਂ ਤੇ ਸ਼ਹਿਰੀਆਂ ਦੀ ਸਵੇਰ ਸ਼ਾਮ ਦੀ ਸੈਰ ਅਤੇ ਸ਼ਹਿਰ ਦੇ ਸੁੰਦਰੀਕਰਨ ਲਈ ਬਕਾਇਦਾ ਪਾਰਕ ਉਸਾਰਨ ਦਾ ਫੈਸਲਾ ਲੈ ਕੇ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪੁਰਾਣੀਆਂ ਸਰਕਾਰਾਂ ਦੇ ਕਾਰਜਕਾਲ ਤੋਂ ਚਲੀ ਆਉਂਦੀ ਹਲਕਾ ਅਜਨਾਲਾ ਦੇ ਸ਼ਹਿਰੀ ਤੇ ਪੇਂਡੂ ਖੇਤਰ 'ਚ ਵਿਕਾਸ ਦੇ ਪਾੜੇ ਦੀ ਜੜ੍ਹ ਨੂੰ ਖਤਮ ਕਰਨ ਲਈ ਗ੍ਰਾਂਟਾ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਨੌਜੁਆਨਾਂ ਦੀ ਸ਼ਕਤੀ ਨੂੰ ਨਵਿਆਉਣ ਅਤੇ ਨਸ਼ਿਆਂ ਤੋਂ ਮੋੜਾ ਪਾਉਣ ਲਈ ਪੰਜਾਬ ਦੇ 13 ਹਜ਼ਾਰ ਤੋਂ ਵੱਧ ਪਿੰਡਾਂ 'ਚ ਸਟੇਡੀਅਮ ਉਸਾਰੇ ਜਾਣ ਦੀ ਪ੍ਰਕਿਰਿਆ ਦੌਰਾਨ ਹਲਕਾ ਅਜਨਾਲਾ ਤਹਿਤ ਪੈਂਦੇ ਪਿੰਡਾਂ 'ਚ ਪਹਿਲੇ ਪੜਾਅ 'ਚ ਬਲਾਕ ਅਜਨਾਲਾ ਤੇ ਬਲਾਕ ਰਮਦਾਸ ਦੇ 12-12 ਪਿੰਡਾਂ, ਬਲਾਕ ਹਰਸ਼ਾ ਛੀਨਾ ਦੇ 16 ਪਿੰਡਾਂ 'ਚ ਖੇਡ ਸਟੇਡੀਅਮ ਬਣਾਉਣ ਲਈ ਬਕਾਇਦਾ ਅਮਲੀ ਰੂਪ 'ਚ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।ਅੱਜ ਇਥੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੰਤਰੀ ਸ: ਧਾਲੀਵਾਲ ਨੇ ਸਾਬਕਾ ਕੌਂਸਲਰ ਇੰਦਰਪਾਲ ਸਿੰਘ ਸ਼ਾਹ ਤੇ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਭੁਪਿੰਦਰਜੀਤ ਕੌਰ ਦੇ ਗ੍ਰਿਹਿ ਵਿਖੇ ਪਾਰਟੀ ਦੇ ਸ਼ਹਿਰੀ ਆਗੂਆਂ, ਸਰਗਰਮ ਵਲੰਟੀਅਰਾਂ ਤੇ ਕੌਂਸਲਰਾਂ ਦੀ ਮੀਟਿੰਗ ਦੌਰਾਨ ਅਜਨਾਲਾ ਸ਼ਹਿਰ 'ਚ ਵਿਕਾਸ ਕਾਰਜਾਂ ਤੇ ਪਾਰਟੀ ਦੀ ਗਤੀਸ਼ੀਲਤਾ ਦਾ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਮੰਤਰੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਪਿਛਲੇ ਸਾਲ ਮਈ ਮਹੀਨੇ ਦੌਰਾਨ ਲੋਕ ਸਭਾ ਦੀਆਂ ਚੋਣਾਂ ਦੌਰਾਨ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਬਤੌਰ ਪਾਰਟੀ ਉਮੀਦਵਾਰ ਵਜੋਂ ਉਨ੍ਹਾਂ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਅੰਮ੍ਰਿਤਸਰ ਵੋਟਰਾਂ ਨਾਲ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਪੱਧਰ ਦਾ ਕ੍ਰਿਕਟ ਸਟੇਡੀਅਮ ਬਣਾਉਣ ਦਾ ਵਾਅਦਾ ਕੀਤਾ ਸੀ, ਜਿਸ ਨੂੰ ਪੂਰਾ ਕਰਦਿਆਂ ਬੀਤੇ ਕੱਲ ਜਲੰਧਰ ਵਿਖੇ ਭਾਰਤੀ ਰਾਜਨੀਤੀ ਦੇ ਕੌਮੀ ਨਾਇਕ ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਸਾਂਝੇ ਤੌਰ ਤੇ ਅੰਮ੍ਰਿਤਸਰ 'ਚ ਕ੍ਰਿਕਟ ਸਟੇਡੀਅਮ ਬਣਾਏ ਜਾਣ ਦਾ ਫੈਸਲਾ ਸੁਣਾਇਆ।ਇਸ ਤੋਂ ਪਹਿਲਾਂ ਉਨ੍ਹਾਂ ਨੇ ਅਹਿਮਦਾਬਾਦ (ਗੁਜਰਾਤ) ਵਿੱਚ ਵਾਪਰੇ ਭਿਅੰਕਰ ਹਵਾਈ ਹਾਦਸੇ ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਹਵਾਈ ਹਾਦਸੇ 'ਚ ਜਾਨਾਂ ਗੁਆਉਣ ਵਾਲੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕੀਤੀ ਅਤੇ ਭਾਰਤ ਸਰਕਾਰ ਦੇ ਹਵਾਈ ਮੰਤਰਾਲੇ ਤੇ ਜ਼ੋਰ ਦਿੱਤਾ ਕਿ ਹਾਦਸੇ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਜੋ ਭਵਿੱਖ 'ਚ ਅਜਿਹਾ ਮੰਦਭਾਗਾ ਹਵਾਈ ਹਾਦਸਾ ਨਾ ਵਾਪਰ ਸਕੇ।ਉਨ੍ਹਾਂ ਕਿਹਾ ਕਿ ਹਵਾਈ ਸਫਰ ਨੂੰ ਸਭ ਤੋਂ ਸੁਰੱਖਿਅਤ ਸਫਰ ਮੰਨਿਆ ਜਾਂਦਾ ਹੈ ਅਤੇ ਜੇਕਰ 'ਚ ਦੁਰਘਟਨਾ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਦੋਸ਼ੀਆਂ ਵਿਰੁੱਧ ਬਣਦੀ ਕਾਨੂੰਨੀ ਸਖਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਜਸਕਰਨ ਸਿੰਘ ਸ਼ਾਹ, ਕੌਂਸਲਰ ਰਾਜਬੀਰ ਕੌਰ, ਕੌਂਸਲਰ ਅਵਿਨਾਸ਼ ਮਸੀਹ, ਸ਼ਿਵ ਚਾਹਲ, ਅਮਿਤ ਪੁਰੀ, ਰਮੇਸ਼ ਮਹਾਜਨ ਆਦਿ ਮੌਜੂਦ ਸਨ।



## ਨਾਬਾਲਗ ਨੂੰ ਘਰੋਂ ਭਜਾਉਣ ਵਾਲੇ ਨੌਜਵਾਨ ਤੇ ਉਸ ਦੇ ਪਰਿਵਾਰਕ ਮੈਂਬਰਾਂ ਖਿਲਾਫ ਕੇਸ ਦਰਜ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-**ਖਾਲੜਾ ਪੁਲਸ ਨੇ ਲੜਕੀ ਦੀ ਮਾਂ ਦੇ ਬਿਆਨਾਂ 'ਤੇ ਵਿਆਹ ਦਾ ਝਾਂਸਾ ਦੇ ਕੇ ਘਰੋਂ ਭਜਾਉਣ ਦੇ ਦੋਸ਼ ਹੇਠ ਨੌਜਵਾਨ ਅਤੇ ਉਸ ਦੇ ਮਾਂ-ਬਾਪ ਸਮੇਤ ਸਕੇ-ਸੰਬੰਧੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਲੜਕੀ ਦੀ ਮਾਂ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਪਤੀ ਦੀ ਮੌਤ ਮਗਰੋਂ ਉਹ ਆਪਣੇ ਪੰਜ ਬੱਚਿਆਂ ਦਾ ਪਾਲਣ-ਪੋਸ਼ਣ ਇਕੱਲੀ ਕਰਦੀ ਆ ਰਹੀ ਹੈ। ਲੜਕੀ ਦੀ ਮਾਂ ਨੇ ਦੱਸਿਆ ਕਿ 1 ਜੂਨ ਨੂੰ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਈ ਸੀ। ਜਦੋਂ ਉਹ ਘਰ ਵਾਪਸ ਪਰਤੀ ਤਾਂ ਗਿਆਰ੍ਹਵੀਂ ਜਮਾਤ ਵਿੱਚ ਪੜ੍ਹਦੀ ਉਸ ਦੀ ਨਾਬਾਲਗ ਧੀ ਘਰ ਵਿੱਚ ਮੌਜੂਦ ਨਹੀਂ ਸੀ। ਘਰ ਵਿੱਚ ਪਈ ਡੇਢ ਲੱਖ ਦੀ ਨਕਦੀ, ਸੋਨੇ ਦੇ ਟੌਪਸ ਤੇ ਮੁੰਦਰੀ ਵੀ ਗਾਇਬ ਸਨ। ਪੀੜਤ ਔਰਤ ਨੇ ਦੱਸਿਆ ਕਿ ਉਸ ਦੀ ਨਾਬਾਲਗ ਧੀ ਨੂੰ ਗੁਰਬੀਰ ਸਿੰਘ ਉਰਫ ਅਰਸ਼ ਪੁੱਤਰ ਸਰਵਣ ਸਿੰਘ ਨਿਵਾਸੀ ਭਿੱਖੀਵਿੰਡ ਵਿਆਹ ਦਾ ਝਾਂਸਾ ਦੇ ਕੇ ਘਰੋਂ ਲੈ ਗਿਆ। ਉਨ੍ਹਾਂ ਦੱਸਿਆ ਕਿ ਇਸ ਸਾਜ਼ਿਸ਼ 'ਚ ਲੜਕੇ ਗੁਰਬੀਰ ਸਿੰਘ ਦੇ ਪਿਤਾ ਸਰਵਣ ਸਿੰਘ ਪੁੱਤਰ ਗੁਰਨਾਮ ਸਿੰਘ, ਉਸ ਦੀ ਮਾਤਾ ਮਨਜੀਤ ਕੌਰ, ਲੜਕੇ ਦੀ ਭੈਣ ਪਰਮਜੀਤ ਕੌਰ ਤੇ ਭਣਵੱਈਏ ਮੰਦਰ ਸਿੰਘ ਉਰਫ ਗੋਪੀ ਵਾਸੀ ਵੱਡੀ ਅਲਗੋਂ ਦਾ ਹੱਥ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀੜਤ ਔਰਤ ਨੇ ਦੱਸਿਆ ਕਿ ਖਾਲੜਾ ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਤਾਂ ਦਰਜ ਕਰ ਲਿਆ ਹੈ, ਪ੍ਰੰਤੂ ਹੁਣ ਤੱਕ ਉਸ ਦੀ ਧੀ ਨੂੰ ਲੱਭਣ ਤੇ ਉਕਤ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਪੁਲਸ ਅਸਫਲ ਸਾਬਤ ਹੋਈ ਹੈ। ਲੜਕੀ ਦੀ ਮਾਂ ਨੇ ਖਾਲੜਾ ਪੁਲਸ ਨੂੰ ਉਕਤ ਵਿਅਕਤੀਆਂ ਨੂੰ ਕਾਬੂ ਕਰਨ ਤੇ ਉਸ ਦੀ ਧੀ ਨੂੰ ਲੱਭ ਕੇ ਘਰ ਵਾਪਸ ਲਿਆਉਣ ਦੀ ਅਪੀਲ ਕੀਤੀ ਹੈ। ਇਸ ਸੰਬੰਧੀ ਜਦੋਂ ਐੱਸਐੱਚਓ ਖਾਲੜਾ ਰਣਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਲੜਕੀ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਗੁਰਬੀਰ ਸਿੰਘ ਉਰਫ ਅਰਸ਼ ਪੁੱਤਰ ਸਰਵਣ ਸਿੰਘ, ਸਰਵਣ ਸਿੰਘ ਪੁੱਤਰ ਗੁਰਨਾਮ ਸਿੰਘ, ਮਨਜੀਤ ਕੌਰ ਪਤਨੀ ਸਰਵਣ ਸਿੰਘ ਵਾਸੀਆਨ ਭਿੱਖੀਵਿੰਡ ਅਤੇ ਪਰਮਜੀਤ ਕੌਰ ਪਤਨੀ ਮੰਦਰ ਸਿੰਘ, ਮੰਦਰ ਸਿੰਘ ਉਰਫ ਗੋਪੀ ਪੁੱਤਰ ਬੀਰਾ ਸਿੰਘ ਵਾਸੀ ਵੱਡੀ ਅਲਗੋਂ ਖਿਲਾਫ ਬੀਐੱਨਐੱਸ ਦੀ ਧਾਰਾ 137 (2), 96, 303 (2), 61 (2) ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਜਲਦ ਹੀ ਕਾਬੂ ਕਰਕੇ ਔਰਤ ਨੂੰ ਇਨਸਾਫ ਦਿਵਾਇਆ ਜਾਵੇਗਾ।

## ਲੋਕਾਂ ਨੂੰ ਹੁਣ ਵਟਸਐਪ 'ਤੇ ਮਿਲੇਗੀ ਜਮ੍ਹਾਂਬੰਦੀ: ਸ਼ੈਰੀ ਕਲਸੀ

**ਬਟਾਲਾ, (ਡਾ. ਮਲਵਿੰਦਰ ਸਿੰਘ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ 'ਈਜ਼ੀ ਜਮ੍ਹਾਂਬੰਦੀ' ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਪੰਜਾਬ ਨੇ ਆਪਣੇ ਨਾਗਰਿਕਾਂ ਨੂੰ ਭ੍ਰਿਸ਼ਟਾਚਾਰ ਮੁਕਤ, ਸੁਚਾਰੂ, ਪ੍ਰੇਸ਼ਾਨੀ ਰਹਿਤ ਅਤੇ ਪਾਰਦਰਸ਼ੀ ਸੇਵਾਵਾਂ ਦੇਣ ਵਿੱਚ ਸਫਲਤਾ ਦਾ ਨਵਾਂ ਮੁਕਾਮ ਹਾਸਲ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ 'ਈਜ਼ੀ ਜਮ੍ਹਾਂਬੰਦੀ' ਦੀ ਸ਼ੁਰੂਆਤ ਨਾਲ ਮਾਲ ਵਿਭਾਗ ਦੀਆਂ ਪ੍ਰਮੁੱਖ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਕਿਰਿਆ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਇੱਕ ਹੋਰ ਇਤਿਹਾਸਕ ਕਦਮ ਚੁੱਕਿਆ ਹੈ। ਇਨ੍ਹਾਂ ਸੇਵਾਵਾਂ ਨਾਲ ਹਰੇਕ ਸਾਲ ਲੱਖਾਂ ਲੋਕਾਂ ਦਾ ਸਿੱਧਾ ਵਾਹ ਪੈਂਦਾ ਹੈ। ਉਨ੍ਹਾਂ ਦੱਸਿਆ ਕਿ 'ਈਜ਼ੀ ਜਮ੍ਹਾਂਬੰਦੀ' ਪੋਰਟਲ ਲੋਕਾਂ ਨੂੰ ਪੰਜ ਮੁੱਖ ਸੇਵਾਵਾਂ ਪ੍ਰਦਾਨ ਕਰੇਗਾ, ਜਿਨ੍ਹਾਂ ਵਿੱਚ ਵਟਸਐਪ 'ਤੇ ਜਮ੍ਹਾਂਬੰਦੀ ਪ੍ਰਾਪਤ ਕਰਨਾ, ਇੰਤਕਾਲ ਕਰਵਾਉਣ, ਰਪਟ ਐਂਟਰੀ ਅਤੇ ਫਰਦ ਬਦਰ (ਜ਼ਮੀਨ ਰਿਕਾਰਡਾਂ ਵਿੱਚ ਸੁਧਾਰ) ਲਈ ਆਨਲਾਈਨ ਸੇਵਾਵਾਂ ਹਾਸਲ ਹੋਣਗੀਆਂ। ਇਸ ਦਾ ਵਿਸਥਾਰ ਵਿੱਚ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਵਟਸਐਪ ਰਾਹੀਂ ਜਮ੍ਹਾਂਬੰਦੀ ਪ੍ਰਾਪਤ ਕਰਨ ਦਾ ਫੈਸਲਾ ਲੋਕਾਂ ਨੂੰ ਵੱਡੇ ਪੱਧਰ 'ਤੇ ਸਹੂਲਤ ਪ੍ਰਦਾਨ ਕਰੇਗਾ ਕਿਉਂਕਿ ਹਰ ਸਾਲ 40 ਲੱਖ ਲੋਕਾਂ ਨੂੰ ਜ਼ਮੀਨੀ ਰਿਕਾਰਡ ਦੀਆਂ ਫਰਦਾਂ (ਜਮ੍ਹਾਂਬੰਦੀ) ਪ੍ਰਾਪਤ ਕਰਨ ਲਈ ਜਾਂ ਤਾਂ ਆਪਣੇ ਪਟਵਾਰੀ ਕੋਲ ਗੇੜੇ ਕੱਢਣੇ ਪੈਂਦੇ ਸਨ ਜਾਂ ਫਰਦ ਕੇਂਦਰਾਂ 'ਤੇ ਜਾਣਾ ਪੈਂਦਾ ਸੀ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਸ ਜਮ੍ਹਾਂਬੰਦੀ ਉਪਰ ਡਿਜ਼ੀਟਲ ਤੌਰ 'ਤੇ ਦਸਤਖਤ ਹੋਣਗੇ ਅਤੇ ਇਸ ਉਪਰ ਕਿਊ.ਆਰ. ਕੋਡ ਵੀ ਹੋਵੇਗਾ, ਜਿਸ ਨਾਲ ਕੋਈ ਵੀ ਜ਼ਮੀਨੀ ਰਿਕਾਰਡ ਦੀ ਤਸਦੀਕ ਕਰਨ ਲਈ ਕਿਊ. ਆਰ. ਕੋਰਡ ਨੂੰ ਸਕੈਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ 99 ਫੀਸਦੀ ਪਿੰਡਾਂ ਦਾ ਜ਼ਮੀਨੀ ਰਿਕਾਰਡ ਡਿਜੀਟਾਈਜ਼ ਕਰ ਦਿੱਤਾ ਹੈ, ਸਾਰੇ ਜ਼ਮੀਨੀ ਰਿਕਾਰਡ ਇਸ ਸੇਵਾ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਨਾਲ ਹੀ ਬਾਕੀ ਰਹਿੰਦੇ ਪਿੰਡਾਂ ਨੂੰ ਵੀ ਅਗਲੇ ਦੋ ਮਹੀਨਿਆਂ ਵਿੱਚ ਡਿਜੀਟਾਈਜ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਕੋਈ ਵੀ ਵਿਅਕਤੀ ਆਪਣੇ ਘਰ ਬੈਠ ਕੇ ਮਾਲ ਵਿਭਾਗ ਦੀ ਵੈੱਬਸਾਈਟ ਰਾਹੀਂ ਸਿਰਫ ਇੱਕ ਕਲਿੱਕ ਨਾਲ ਇਹ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ। ਇਸ ਦੇ ਨਾਲ ਹੀ 1076 'ਤੇ ਡਾਇਲ ਕਰਕੇ ਜਾਂ ਕਿਸੇ ਵੀ ਸੇਵਾ ਕੇਂਦਰ ਵਿੱਚ ਅਰਜ਼ੀਆਂ ਜਮ੍ਹਾਂ ਕਰਵਾ ਕੇ ਵੀ ਇਨ੍ਹਾਂ ਸੇਵਾਵਾਂ ਦਾ ਲਾਭ ਲਿਆ ਜਾ ਸਕਦਾ ਹੈ।



## ਮੈਰੀਟੋਰੀਅਸ ਸਕੂਲ ਗੁਰਦਾਸਪੁਰ 'ਚ ਦਾਖਲੇ ਸੰਬੰਧੀ ਵਿਦਿਆਰਥੀਆਂ ਲਈ ਕੌਂਸਲਿੰਗ ਜਾਰੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪੰਜਾਬ ਸਰਕਾਰ ਵੱਲੋਂ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਪੂਰੇ ਪੰਜਾਬ 10 ਮੈਰੀਟੋਰੀਅਸ ਸਕੂਲਾਂ ਦੀ ਸਥਾਪਨਾ ਕੀਤੀ ਗਈ ਸੀ, ਜਿਸ ਵਿੱਚ ਇਸ ਸਾਲ ਕੁੱਲ 4600 ਸੀਟਾਂ ਲਈ ਵਿਦਿਆਰਥੀਆਂ ਦਾ ਦਾਖਲਾ ਕੀਤਾ ਜਾਣਾ ਹੈ, ਜਿਸ ਵਿੱਚ 2875 ਲੜਕੀਆਂ ਅਤੇ 1725 ਲੜਕੇ ਦਾਖਲਾ ਲੈਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ (ਸ਼ੈ:ਸਿ) ਗੁਰਦਾਸਪੁਰ ਰਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਵਿੱਚ ਦਾਖਲਾ ਮਿਤੀ 06/04/2025 ਨੂੰ ਵਿਭਾਗ ਵਲੋਂ ਕੰਡਕਟ ਕਰਵਾਈ ਗਈ ਪ੍ਰਵੇਸ਼ ਪ੍ਰੀਖਿਆ ਦੇ ਰਿਜ਼ਲਟ ਦੀ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ, ਜਿਸ ਤਹਿਤ ਇਨ੍ਹਾਂ ਸਕੂਲਾਂ ਵਿੱਚ ਕੌਂਸਲਿੰਗ ਸ਼ੁਰੂ ਹੋ ਚੁੱਕੀ ਹੈ। ਇਹ ਕੌਂਸਲਿੰਗ 10 ਜੂਨ ਤੋਂ ਲੈ ਕੇ 16 ਜੂਨ ਤੱਕ ਚਲੇਗੀ, ਜਿਸ ਵਾਸਤੇ ਪੰਜਾਬ ਦੇ 10 ਮੈਰੀਟੋਰੀਅਸ ਸਕੂਲਾਂ ਵਿੱਚ ਕੌਂਸਲਿੰਗ ਸੈਂਟਰ ਸਥਾਪਿਤ ਕੀਤੇ ਗਏ ਹਨ। ਵਿਭਾਗ ਵੱਲੋਂ ਜਾਰੀ ਮੈਰਿਟ ਲਿਸਟ ਅਨੁਸਾਰ ਕਿਸੇ ਵੀ ਜ਼ਿਲ੍ਹੇ ਦਾ ਵਿਦਿਆਰਥੀ ਇਨ੍ਹਾਂ 10 ਕੌਂਸਲਿੰਗ ਸੈਂਟਰਾਂ ਵਿੱਚ ਜਾ ਕੇ ਕੌਂਸਲਿੰਗ ਅਟੈਂਡ ਕਰ ਕੇ ਆਪਣੀ ਸੀਟ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਸਕੂਲਾਂ ਵਿੱਚ 11ਵੀਂ ਜਮਾਤ ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਤਿੰਨ ਵੱਖ-ਵੱਖ ਸਟਰੀਮ ਸਾਇੰਸ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਆਦਿ ਵਿੱਚ ਦਾਖਲਾ ਲੈ ਸਕਦੇ ਹਨ। ਇਹ ਸਕੂਲ ਪੂਰੀ ਤਰ੍ਹਾਂ ਨਾਲ ਰੈਜ਼ੀਡੈਂਸ਼ੀਅਲ ਹਨ ਅਤੇ ਇਨ੍ਹਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਹੋਸਟਲ ਵਿੱਚ ਠਹਿਰਨਾ ਲਾਜ਼ਮੀ ਹੋਵੇਗਾ, ਜਿਸ ਦਾ ਸਾਰਾ ਖਰਚਾ, ਜਿਸ ਵਿੱਚ ਵਿਦਿਆਰਥੀਆਂ ਦੀਆ ਫੀਸਾਂ, ਕਿਤਾਬਾਂ ਅਤੇ ਵਰਦੀਆਂ ਆਦਿ ਦਾ ਸਾਰਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਡੀਈਓ ਵੱਲੋਂ ਮੈਰੀਟੋਰੀਅਸ ਸਕੂਲ ਗੁਰਦਾਸਪੁਰ ਵਿੱਚ ਜਾ ਕੇ ਕੌਂਸਲਿੰਗ ਦਾ ਜਾਇਜ਼ਾ ਲਿਆ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਸਮੇਂ ਉਨ੍ਹਾਂ ਦੇ ਨਾਲ ਅਮਰਜੀਤ ਸਿੰਘ ਪੁਰੇਵਾਲ, ਜ਼ਿਲ੍ਹਾ ਨੋਡਲ ਅਫਸਰ ਅਤੇ ਸੁਮੀਤ ਕੁਮਾਰ ਵੀ ਸਨ। ਇਸ ਮੌਕੇ ਸਕੂਲ ਪ੍ਰਿੰਸੀਪਲ ਰਾਜੀਵ ਮਹਾਜਨ, ਸੁਰਿੰਦਰ ਕੁਮਾਰ, ਜਤਿੰਦਰ ਸਿੰਘ ਬਲਾਕ ਐੱਮਆਈਐੱਸ ਕੋਆਰਡੀਨੇਟਰ ਵੀ ਹਾਜ਼ਰ ਸਨ।



## 'ਆਪ' ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਨਹੀਂ ਜਵਾਨੀ ਮੁਕਤ ਬਣਾ ਦਿੱਤਾ : ਕੱਕੜ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਦਾਅਵਾ ਕਰਨ ਵਾਲੀ ਆਪ ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਨਹੀਂ ਜਵਾਨੀ ਮੁਕਤ ਬਣਾ ਦਿੱਤਾ ਹੈ। ਪੰਜਾਬ ਪੂਰੀ ਤਰ੍ਹਾਂ ਨਸ਼ੇ ਦੀ ਦਲਦਲ ਵਿੱਚ ਧੱਸਿਆ ਜਾ ਚੁੱਕਾ ਹੈ। ਪੰਜਾਬ ਨੂੰ ਆਪ ਦੀ ਸਰਕਾਰ ਨੇ ਗੈਂਗਸਟਰਾਂ ਦੇ ਹਵਾਲੇ ਕਰ ਦਿੱਤਾ ਹੈ, ਜੋ ਦਿਨ ਦਿਹਾੜੇ ਕਿਸੇ ਨੂੰ ਵੀ ਕਿਤੇ ਵੀ ਗੋਲੀ ਦਾ ਸ਼ਿਕਾਰ ਬਣਾ ਰਹੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੁੱਖ ਬੁਲਾਰਾ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਕੀਤਾ। ਉਨ੍ਹਾਂ ਕਿਹਾ ਕਿ 31 ਮਈ ਤੱਕ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਦਾਅਵਾ ਕਰਨ ਵਾਲੀ ਆਪ ਸਰਕਾਰ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅੱਜ 13 ਦਿਨ ਉੱਪਰ ਹੋ ਗਏ ਹਨ ਪਰ ਪੰਜਾਬ ਵਿੱਚ ਨਸ਼ਾ ਓਸੇ ਤਰ੍ਹਾਂ ਮੌਜੂਦ ਹੈ। ਉਨ੍ਹਾਂ ਕਿਹਾ ਕਿ ਗਰੀਬਾਂ ਦੇ ਘਰ ਢਾਹ ਕੇ ਪੰਜਾਬ ਨਸ਼ਾ ਮੁਕਤ ਨਹੀਂ ਕੀਤਾ ਜਾ ਸਕਦਾ, ਜਦੋਂ ਤੱਕ ਨਸ਼ੇ ਦੇ ਵੱਡੇ ਵੱਡੇ ਸੌਦਾਗਰਾਂ ਨੂੰ ਪੰਜਾਬ ਸਰਕਾਰ ਹੱਥ ਨਹੀਂ ਪਾਉਂਦੀ। ਉਨ੍ਹਾਂ ਕਿਹਾ ਕਿ ਅਜੇ ਤੱਕ ਕਿਸੇ ਵੀ ਨਸ਼ੇ ਦੇ ਵੱਡੇ ਸਮੱਗਲਰਾਂ ਨੂੰ ਹੱਥ ਨਹੀਂ ਪਾਇਆ ਗਿਆ। ਸਰਹੱਦੀ ਇਲਾਕਿਆਂ ਵਿੱਚ ਨਸ਼ਾ ਪਹਿਲਾਂ ਨਾਲੋਂ ਵੀ ਜ਼ਿਆਦਾ ਵਿਕ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਪੰਜਾਬ ਵਿੱਚ ਹਰ ਮੁੱਦੇ ਤੇ ਫੇਲ੍ਹ ਹੋਈ ਹੈ। ਪੰਜਾਬ ਦਾ ਹਰ ਵਰਗ ਇਸ ਸਰਕਾਰ ਤੋਂ ਪੂਰੀ ਤਰ੍ਹਾਂ ਤੰਗ ਆ ਚੁੱਕਾ ਹੈ। ਪੰਜਾਬ ਦੀ ਜਨਤਾ ਬੜੀ ਬੇਸਬਰੀ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਇੰਤਜ਼ਾਰ ਕਰ ਰਹੀ ਹੈ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਵਿੱਚੋਂ ਚਲਦਾ ਕੀਤਾ ਜਾ ਸਕੇ। ਕੱਕੜ ਨੇ ਕਿਹਾ ਕਿ ਹੁਣ ਪੰਜਾਬ ਦਾ ਬੱਚਾ ਬੱਚਾ ਜਾਣ ਗਿਆ ਹੈ ਕਿ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਕਾਂਗਰਸ ਦੀ ਹੋਵੇਗੀ, ਜੋ ਪੰਜਾਬੀਆਂ 'ਤੇ ਕੀਤੀਆਂ ਵਧੀਕੀਆਂ ਦਾ ਹਿਸਾਬ ਜ਼ਰੂਰ ਲਵੇਗੀ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਲਿਆਓ ਅਤੇ ਪੰਜਾਬ ਨੂੰ ਬਚਾਓ।



## ਐਮਾ ਕਲਾਂ 'ਚ ਘਰ ਨੂੰ ਲੱਗੀ ਅੱਗ ਕਾਰਨ ਲੱਖਾਂ ਦਾ ਨੁਕਸਾਨ

**ਝਬਾਲ (ਹਰਜਿੰਦਰ ਸਿੰਘ ਸੋਨੀ) -** ਬੀਤੇ ਦਿਨੀਂ ਬਲਾਕ ਗੰਡੀਵਿੰਡ ਦੇ ਅਧੀਨ ਆਉਂਦੇ ਪਿੰਡ ਐਮਾ ਕਾਂ ਵਿਖੇ ਰਘਬੀਰ ਸਿੰਘ ਪੁੱਤਰ ਬਲਕਾਰ ਸਿੰਘ ਦੇ ਘਰ ਵਿੱਚ ਅਚਾਨਕ ਅੱਗ ਲੱਗਣ ਕਾਰਨ ਬਹੁਤ ਵੱਡਾ ਨੁਕਸਾਨ ਹੋਇਆ ਜਿਸ ਵਿੱਚ ਟਰੈਕਟਰ, ਬੈੱਡ, ਗੀਜ਼ਰ, ਅਲਮਾਰੀ ਵਿੱਚ ਪਿਆ ਸਾਮਾਨ, ਟਰੈਕਟਰ ਦੀ ਆਰਸੀ, ਜ਼ਮੀਨ ਦੀਆਂ ਰਜਿਸਟਰੀਆਂ, ਪਿਸਤੌਲ ਦਾ ਲਾਇਸੈਂਸ, ਰਸੋਈ ਦਾ ਸਾਰਾ ਸਾਮਾਨ, ਜ਼ਰੂਰੀ ਕਾਗਜ਼ਾਤ ਤੇ ਬੱਤੀ ਬੋਰ ਦਾ ਪਿਸਤੌਲ ਆਦਿ ਸੜ ਕੇ ਸਵਾਹ ਹੋ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਘਬੀਰ ਸਿੰਘ ਨੇ ਦੱਸਿਆ ਕਿ ਅਸੀਂ ਅੰਮ੍ਰਿਤਸਰ ਗਏ ਹੋਏ ਸੀ।ਸਾਡੇ ਘਰ ਵਿੱਚ ਰਹਿੰਦੇ ਸੀਰੀ ਨੇ ਫੋਨ ਕਰਕੇ ਦੱਸਿਆ ਕਿ ਘਰ ਨੂੰ ਅੱਗ ਗਈ ਹੈ।ਅਸੀਂ ਥੋੜ੍ਹੇ ਸਮੇਂ ਵਿੱਚ ਹੀ ਉਥੇ ਆ ਕੇ ਵੇਖਿਆ ਤਾਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ।ਫਾਇਰ ਬ੍ਰਿਗੇਡ ਨੂੰ ਫੋਨ ਕੀਤਾ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।ਸਭ ਕੁਝ ਸੜ ਕੇ ਸਵਾਹ ਹੋ ਚੁੱਕਾ ਸੀ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪਿੰਡ ਐਮਾ ਕਲਾਂ ਦੇ ਪ੍ਰਧਾਨ ਗੁਰਮੀਤ ਸਿੰਘ, ਅਵਤਾਰ ਸਿੰਘ ਬੱਬੀ ਤੇ ਹੋਰ ਪਿੰਡ ਦੇ ਮੋਹਤਬਰ ਵਿਅਕਤੀਆਂ ਵੱਲੋਂ ਥਾਣਾ ਝਬਾਲ ਵਿਖੇ ਐੱਫਆਰਆਈ ਦਰਜ ਕਰਵਾ ਦਿੱਤੀ ਗਈ ਹੈ। ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਕਿ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।



## ਸਾਬਕਾ ਨਗਰ ਕੌਂਸਲ ਪ੍ਰਧਾਨ ਖਰੈਤੀ ਲਾਲ ਮਰਵਾਹਾ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਸਥਾਨਕ ਕਸਬਾ ਡੇਰਾ ਬਾਬਾ ਨਾਨਕ ਦੇ ਵਾਰਡ ਨੰਬਰ 4 ਤੋਂ ਆਪ ਦੇ ਕੌਂਸਲਰ ਰਜਤ ਮਰਵਾਹਾ ਦੇ ਦਾਦਾ ਅਤੇ ਗੁਰੂ ਨਾਨਕ ਆਈਸ ਫੈਕਟਰੀ ਦੇ ਮਾਲਕ ਸੰਜੀਵ ਕੁਮਾਰ ਮਰਵਾਹਾ (ਰਿੰਕੂ) ਦੇ ਪਿਤਾ ਸਾਬਕਾ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਪ੍ਰਧਾਨ ਖਰੈਤੀ ਲਾਲ ਮਰਵਾਹਾ ਜੋ ਬੀਤੇ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ, ਦਾ ਕੱਲ ਦੁਪਹਿਰ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਸਥਾਨਕ ਕਸਬੇ ਦੀ ਸ਼ਿਵਪੁਰੀ ਵਿਖੇ ਕਰ ਦਿੱਤਾ ਗਿਆ।ਇਸ ਮੌਕੇ ਬਾਬਾ ਚੇਤਨ ਦਾਸ ਵੱਲੋਂ ਅਰਦਾਸ ਕਰਨ ਉਪਰੰਤ ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸੰਜੀਵ ਕੁਮਾਰ ਮਰਵਾਹਾ ਵੱਲੋਂ ਦਿੱਤੀ ਗਈ। ਇਸ ਅੰਤਿਮ ਯਾਤਰਾ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਕ, ਧਾਰਮਿਕ, ਸਮਾਜ ਸੇਵੀ ਆਗੂਆਂ, ਪੱਤਰਕਾਰਾਂ ਤੋਂ ਇਲਾਵਾ ਇਲਾਕੇ ਦੇ ਲੋਕਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਹਾਜ਼ਰ ਹੋ ਕੇ ਖਰੈਤੀ ਲਾਲ ਮਰਵਾਹਾ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਤੇ ਮਰਵਾਹਾ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ। ਇਸ ਮੌਕੇ ਗੁਰਚਰਨ ਲਾਲ ਮਰਵਾਹਾ, ਰਵੀ ਕੁਮਾਰ ਮਰਵਾਹਾ, ਅਸ਼ਵਨੀ ਕੁਮਾਰ ਚੰਡੀਗੜ੍ਹ, ਵਿਜੇ ਧਵਨ, ਪਵਨ ਕੁਮਾਰ ਕੋਹਲੀ, ਗੋਪੀ ਮਰਵਾਹਾ, ਬਾਬਾ ਅਵਤਾਰ ਸਿੰਘ ਬੇਦੀ ਚੋਲਾ ਸਾਹਿਬ ਵਾਲੇ, ਐਡਵੋਕੇਟ ਪਰਮੀਤ ਸਿੰਘ ਬੇਦੀ, ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਆਪ ਆਗੂ ਹਰਜੀਤ ਸਿੰਘ ਠੇਠਰਕੇ, ਜ਼ਿਲ੍ਹਾ ਆੜ੍ਹਤੀ ਯੂਨੀਅਨ ਦੇ ਪ੍ਰਧਾਨ ਪਰਮਿੰਦਰ ਸਿੰਘ ਘਣੀਆ, ਕੌਂਸਲਰ ਸਤਪਾਲ ਸ਼ੌਕੀ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕੌਂਸਲਰ ਸੁਖਜਿੰਦਰ ਸਿੰਘ ਪੱਖੋਕੇ, ਬਲਕਾਰ ਸਿੰਘ ਫੌਜੀ, ਸਾਬਕਾ ਕੌਂਸਲਰ ਬਲਦੇਵ ਰਾਜ ਡਾਇਮੰਡ, ਸਾਬਕਾ ਕੌਂਸਲਰ ਧਰਮਪਾਲ ਸਿੰਘ ਮੱਤਰੀ, ਸਾਬਕਾ ਕੌਂਸਲਰ ਡਾਕਟਰ ਅਸ਼ੋਕ ਸੋਨੀ, ਸਾਬਕਾ ਡੀਈਓ ਵਿਨੋਦ ਕੁਮਾਰ ਮੱਤਰੀ, ਸੁਧੀਰ ਬੇਦੀ, ਡਾ. ਗੁਰਦੇਵ ਸਿੰਘ, ਰਾਮ ਲਾਲ ਸੈਕਟਰੀ, ਜਥੇਦਾਰ ਨਿਰਮਲ ਸਿੰਘ ਰੱਤਾ, ਡਾ. ਮਦਨ ਮੋਹਨ ਮਹਾਜਨ, ਡਾ. ਮਨਮੋਹਨ ਸਿੰਘ ਭੱਟੀ, ਜਸਪਾਲ ਸਿੰਘ ਬੇਦੀ, ਦੀਪਕ ਸ਼ਰਮਾ, ਕਪਿਲ ਕੁਮਾਰ ਧਵਨ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ, ਵਿਪਨ ਸ਼ਰਮਾ, ਹੀਰਾ ਸਿੰਘ ਮਾਂਗਟ, ਚੇਤਨ ਕੁਮਾਰ, ਮੂਲ ਰਾਜ ਭੱਟੀ, ਸਾਬਕਾ ਕੌਂਸਲਰ ਦਲਜੀਤ ਸਿੰਘ ਜੋਸ਼, ਡਾ. ਸੁਧੀਰ ਸ਼ਰਮਾ, ਹਰਜੀਤ ਸਿੰਘ ਜੋਸ਼, ਮਿੰਟਾ ਸਰਨਾ, ਪ੍ਰਿੰ: ਹਰਜੀਤ ਸਿੰਘ ਬੇਦੀ, ਅਸ਼ੋਕ ਮਰਵਾਹਾ, ਰਿੰਪੂ ਮਰਵਾਹਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਤੇ ਮਰਵਾਹਾ ਪਰਿਵਾਰ ਦੇ ਰਿਸ਼ਤੇਦਾਰ ਹਾਜ਼ਰ ਸਨ।



## ਖਾਣ-ਪੀਣ ਦੀਆਂ ਵਸਤਾਂ ਦੀ ਸਫ਼ਾਈ ਨੂੰ ਮੁੱਖ ਰੱਖਦੇ ਹੋਏ ਪਾਬੰਦੀ ਦੇ ਹੁਕਮ ਜਾਰੀ

**ਗੁਰਦਾਸਪੁਰ (ਜਨਕ ਮਹਾਜਨ)-** ਪੰਜਾਬ ਸਰਕਾਰ ਦੁਆਰਾ ਐਪੀਡੈਮਿਕ ਡਿਜ਼ੀਜ਼ ਐਕਟ 1897 ਦੀ ਧਾਰਾ 2 ਦੀ ਉਪ ਧਾਰਾ (1) (1897 ਦੀ ਕੇਂਦਰੀ ਐਕਟ 111) ਅਨੁਸਾਰ ਪੰਜਾਬ ਸਰਕਾਰ ਦੁਆਰਾ ਜਾਰੀ ਕੀਤੇ ਆਦੇਸ਼ਾਂ ਦਾ ਨੋਟੀਫਿਕੇਸ਼ਨ ਅਧੀਨ ਪ੍ਰਧਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹਰਜਿੰਦਰ ਸਿੰਘ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਜ਼ਿਲ੍ਹਾ ਮੈਜਿਸਟਰੇਟ ਦਫਤਰ ਵਲੋਂ ਜਾਰੀ ਕੀਤੇ ਹੁਕਮਾਂ ਦੀ ਲਗਾਤਾਰਤਾ ਵਿਚ ਜ਼ਿਲ੍ਹੇ ਦੇ ਅਧਿਕਾਰ ਖੇਤਰ ਵਿਚ ਹੈਜ਼ੇ ਦੀ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਉਪਾਅ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਹੁਕਮ ਜਾਰੀ ਕੀਤੇ ਹਨ ਕਿ ਤਾਰਾਂ ਦੀ ਜਾਲੀ ਜਾਂ ਸ਼ੀਸ਼ੇ ਨਾਲ ਢੱਕੇ ਤੋਂ ਬਿਨਾਂ ਅਤੇ ਜ਼ਿਆਦਾ ਪੱਕੇ, ਕੱਚੇ ਜਾਂ ਸੜੇ ਅਤੇ ਕੱਟੇ ਹੋਏ ਫਲਾਂ ਦੇ ਵੇਚਣ ਜਾਂ ਪ੍ਰਦਰਸ਼ਨ 'ਤੇ ਰੋਕ ਲਾਈ ਜਾਂਦੀ ਹੈ। ਇਸ ਤੋਂ ਇਲਾਵਾ ਤਾਰਾਂ ਦੀ ਜਾਲੀ ਨਾਲ ਢੱਕਣ ਤੋਂ ਬਿਨਾਂ ਮਿਠਾਈਆਂ, ਮਾਸ, ਕੇਕ, ਬਿਸਕੁਟ, ਬ੍ਰੈੱਡ, ਭੁੰਨਿਆ ਅਨਾਜ ਅਤੇ ਹੋਰ ਖਾਣ ਪੀਣ ਵਾਲੀਆਂ ਵਸਤਾਂ ਦੇ ਵੇਚਣ 'ਤੇ ਰੋਕ ਲਾਈ ਜਾਂਦੀ ਹੈ। ਮਨਾਹੀ ਦੇ ਹੁਕਮਾਂ ਵਿੱਚ ਉਨ੍ਹਾਂ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਜੀਵਾਣੂ ਵਿਗਿਆਨੀ ਦੁਆਰਾ ਮਨੁੱਖੀ ਖਪਤ ਲਈ ਅਯੋਗ ਕਰਾਰ ਦਿੱਤੇ ਪਾਣੀ ਤੋਂ ਬਣੀਆਂ ਵਸਤਾਂ, ਬਰਫ, ਬਰਫ ਦਾ ਗੋਲਾ, ਬਰਫ ਦੀ ਮਿਲਾਈਆਂ ਚੀਜ਼ਾਂ ਵੇਚਣ ਅਤੇ ਵੇਚਣ ਲਈ ਪ੍ਰਦਰਸ਼ਨੀ 'ਤੇ ਰੋਕ ਲਾਈ ਜਾਂਦੀ ਹੈ। ਅਜਿਹੇ ਗੰਨੇ ਦਾ ਰਸ, ਲੱਸੀ, ਸ਼ਰਬਤ ਆਦਿ ਦੇ ਵੇਚਣ ਅਤੇ ਵੇਚਣ ਲਈ ਪ੍ਰਦਰਸ਼ਨ 'ਤੇ ਰੋਕ ਲਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਮੂਹ ਚਿਕਿਤਸਾ ਨਰੀਖਣ ਪੋਸਟਾਂ 'ਤੇ ਤੈਨਾਤ ਸਾਰੇ ਮੈਡੀਕਲ ਅਫਸਰਾਂ ਨੂੰ ਅਧਿਕਾਰ ਹੈ ਕਿ ਉਹ ਗੱਡੀਆ ਨੂੰ ਰੋਕ ਕੇ ਸ਼ੱਕੀ ਜਾਂ ਪੀੜਤ ਸਵਾਰੀਆਂ ਦੀ ਚੈਕਿੰਗ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਹੁਕਮ ਤੁਰੰਤ ਜਾਰੀ ਹੋਣਗੇ ਅਤੇ ਮਿਤੀ 31-12-2025 ਤੱਕ ਲਾਗੂ ਰਹਿਣਗੇ।



## ਬਿਜਲੀ ਕੱਟਾਂ ਤੋਂ ਸਤਾਏ ਵਿਦਿਆਰਥੀਆਂ ਵੱਲੋਂ ਬਿਜਲੀ ਵਿਭਾਗ ਖਿਲਾਫ ਰੋਸ ਪ੍ਰਦਰਸ਼ਨ

**ਅੰਮ੍ਰਿਤਸਰ (ਅਰੋੜਾ)-** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ 66 ਕੇਵੀ ਨਰੈਣਗੜ੍ਹ ਤੋਂ ਵਾਰ- ਵਾਰ ਲਗਾਏ ਜਾਣ ਵਾਲੇ ਬਿਜਲੀ ਕੱਟ ਅਤੇ ਹਰ ਪੰਜ ਦੱਸ ਮਿੰਟ ਦੇ ਬਾਅਦ ਬਿਜਲੀ ਬੰਦ ਹੋਣਾ, ਜਿਸ ਨਾਲ ਬਿਜਲੀ ਦੇ ਝਟਕੇ ਲੱਗਣ ਕਾਰਣ ਕੰਪਿਊਟਰ ਪ੍ਰਿੰਟਰ ਆਦਿ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਰੋਟਰੀ ਮੈਂਬਰਾਂ ਦੀ ਦੇਖ-ਰੇਖ ਹੇਠਾਂ ਚੱਲ ਰਹੀ ਏਆਈਸੀਈ ਸੋਸਾਇਟੀ ਖੰਡਵਾਲਾ ਚੌਕ ਵਿਖੇ ਜ਼ਰੂਰਤਮੰਦ ਪਰਿਵਾਰਾਂ ਦੇ ਵਿਦਿਆਰਥੀਆਂ ਨੇ ਬਿਜਲੀ ਵਿਭਾਗ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਵਿਦਿਆਰਥੀ ਦੂਰ ਦਰਾਜ਼ ਤੋਂ ਇੱਕ ਘੰਟੇ ਦੀ ਕਲਾਸ ਲਗਾਉਣ ਦੇ ਲਈ ਆਉਂਦੇ ਹਨ। ਘੰਟਾ-ਘੰਟਾ ਇੰਤਜ਼ਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਵਾਪਿਸ ਜਾਣਾ ਪੈਂਦਾ। ਸੈਂਟਰ ਦੀ ਸੰਚਾਲਕਾ ਪ੍ਰਿੰ. ਕਮਲਦੀਪ ਕੌਰ, ਅਧਿਆਪਿਕਾ ਪੁਨੀਤ ਕੌਰ, ਮੈਡਮ ਪ੍ਰੀਤੀ ਨੇ ਕਿਹਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਨਹੀਂ ਕੀਤਾ। ਵਿਦਿਆਰਥੀਆਂ ਨੇ ਤਹੱਈਆ ਕੀਤਾ ਕਿ ਉਹ ਹੁਣ ਸੜਕਾਂ ਰੋਕਣ ਲਈ ਮਜਬੂਰ ਹੋਣਗੇ, ਜ਼ਿੰਮੇਵਾਰੀ ਬਿਜਲੀ ਵਿਭਾਗ ਦੀ ਹੋਵੇਗੀ। ਨਾਅਰੇਬਾਜ਼ੀ ਦੌਰਾਨ ਸਿਮਰਨਜੀਤ ਕੌਰ, ਕਵਲਜੀਤ ਕੌਰ, ਪਰਮਜੀਤ ਕੌਰ, ਪਵਨਪ੍ਰੀਤ ਕੌਰ, ਅਮਨ, ਪਾਰਸ, ਗੁਰਕੀਰਤ, ਅਨਾਮਿਕਾ, ਪ੍ਰਿਆ, ਸੁਨਾਲੀ, ਗੀਤਿਕਾ ਅਤੇ ਹੋਰ ਵਿਦਿਆਰਥੀ ਮੌਜੂਦ ਸਨ।

## ਪੰਜਾਬ ਸਰਕਾਰ ਤੋਂ 1958 ਦਾ ਕਿਰਤ ਕਾਨੂੰਨ ਸੋਧ ਬਿੱਲ ਵਾਪਸ ਲੈਣ ਦੀ ਮੰਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ (ਇਫਟੂ), ਡੈਮੋਕ੍ਰੇਟਿਕ ਮੁਲਾਜ਼ਮ ਫਰੰਟ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਦੁਕਾਨ ਤੇ ਵਪਾਰਕ ਅਦਾਰੇ ਕਾਨੂੰਨ 1958 ਵਿਚ ਕੀਤੀ ਗਈ ਸੋਧ ਨੂੰ ਕਿਰਤੀਆਂ ਦੇ ਹਿੱਤਾਂ ਦੇ ਵਿਰੋਧੀ ਦੱਸਦੇ ਹੋਏ ਇਹ ਸੋਧ ਵਾਪਸ ਲੈਣ ਲਈ ਪੇਂਡੂ ਮਜਦੂਰ ਯੂਨੀਅਨ ਪੰਜਾਬ ਵੱਲੋ ਮੁੱਖ ਮੰਤਰੀ ਪੰਜਾਬ ਦੇ ਨਾਂਅ ਇੱਕ ਮੰਗ ਪੱਤਰ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਐਡਵੋਕੇਟ ਅਮਰਪਾਲ ਸਿੰਘ ਨੂੰ ਪੇਂਡੂ ਮਜ਼ਦੂਰ ਯੂਨੀਅਨ ਦਲਬੀਰ ਸਿੰਘ ਲੀਲ੍ਹ ਕਲ੍ਹਾਂ, ਪੰਜਾਬ ਸਟੂਡੈਂਟ ਯੂਨੀਅਨ ਜ਼ਿਲ੍ਹਾ ਆਗੂ ਸੁਖਵਿੰਦਰ ਪਾਲ ਮਾੜੀ ਪੰਨਵਾਂ ਦੀ ਅਗਵਾਈ ਹੇਠ ਮੰਗ ਪੱਤਰ ਦਿੱਤਾ ਜਿਸ ਵਿੱਚ ਮੰਗ ਕੀਤੀ ਗਈ ਕਿ ਕਿਰਤ ਕਾਨੂੰਨਾਂ ਵਿੱਚ ਕੀਤੀਆ ਸੋਧਾਂ ਰੱਦ ਕੀਤੀਆਂ ਜਾਣ।ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਯੂਥ ਵਿੰਗ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਨੇ ਮਾਲਕਾਂ ਨੂੰ ਕਾਮਿਆਂ ਕੋਲੋਂ 12 ਘੰਟੇ ਕਾਨੂੰਨੀ ਤੌਰ ਤੇ ਕੰਮ ਕਰਨ ਦਾ ਹੱਕ ਦੇ ਦਿੱਤਾ ਹੈ।ਇਹ ਕਾਮਿਆਂ ਦੇ ਉਸ ਹੱਕ ਉਤੇ ਹਮਲਾ ਹੈ ਜਿਹੜਾ ਹੱਕ ਲੈਣ ਲਈ ਅਮਰੀਕਾ ਦੇ ਸ਼ਿਕਾਗੋ ਵਿੱਚ 1806 ਤੋਂ 1886 ਤੱਕ ਦਾ ਸਮਾਂ ਲੱਗਿਆ ਸੀ ਅਤੇ ਲੱਖਾਂ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਸਨ।ਮਾਨ ਸਰਕਾਰ ਨੇ ਕੇਂਦਰ ਸਰਕਾਰ ਦੀ ਤਰਜ਼ ਤੇ 20 ਕਿਰਤੀਆਂ ਵਾਲੀਆਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਰਜਿਸਟਰੇਸ਼ਨ ਤੋਂ ਮੁਕਤ ਕਰਕੇ ਇਨ੍ਹਾਂ ਵਿਚ ਕੰਮ ਕਰਦੇ ਕਾਮਿਆਂ ਕੋਲੋਂ ਆਪਣੀ ਰਜਿਸਟਰ ਯੂਨੀਅਨ ਬਣਾਉਣ ਦਾ ਹੱਕ ਵੀ ਖੋਹ ਲਿਆ ਹੈ।ਜੱਥੇਬੰਦੀਆਂ ਦੇ ਆਗੂਆਂ ਨੇ ਇਸ ਸੋਧ ਕਾਨੂੰਨ ਨੂੰ ਵਾਪਸ ਲੈਣ ਲਈ ਕਿਹਾ ਹੈ, ਵਾਪਸ ਨਾ ਲੈਣ ਦੀ ਸੂਰਤ ਵਿੱਚ ਸੂਬਾਈ ਸੰਘਰਸ਼ ਵਿੱਢੇ ਜਾਣਗੇ।ਇਸ ਮੌਕੇ ਕਾਲਾ ਸਿੰਘ ਭਰਥ, ਰਵਿੰਦਰ ਕੁਮਾਰ ਤੁਗਲਵਾਲ, ਸੁਲੱਖਣ ਸਿੰਘ ਕੋਟ ਟੋਡਰ ਮੱਲ, ਸਰਵਨ ਸਿੰਘ ਲੀਲ੍ਹ ਕਲਾਂ, ਰਵਿੰਦਰ ਸਿੰਘ ਭਰਥ, ਅੰਮ੍ਰਿਤ ਪਾਲ ਸਿੰਘ ਮਾੜੀ ਪੰਨਵਾਂ ਆਦਿ ਸਾਥੀ ਮੌਕੇ 'ਤੇ ਹਾਜ਼ਰ ਸਨ।



## ਟੀਐੱਸਯੂ ਤੇ ਪਾਵਰਕਾਮ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਅਗਲੇਰੇ ਸੰਘਰਸ਼ ਦੀ ਵਿਉਂਤਬੰਦੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ ਅਤੇ ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਸਰਕਲ ਪ੍ਰਧਾਨ ਸੁਖਪ੍ਰੀਤ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਬਿਜਲੀ ਕਾਮਿਆਂ ਦੀ ਮੀਟਿੰਗ ਹੋਈ। ਆਗੂਆਂ ਨੇ ਦੱਸਿਆ ਕਿ ਟੈਕਨੀਕਲ ਸਰਵਿਸਿਜ਼ ਯੂਨੀਅਨ ਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟਰਾਂਸਕੋ ਆਊਟਸੋਰਸਡ ਮੁਲਾਜ਼ਮਾਂ ਵੱਲੋਂ ਸਾਂਝੀ ਕਨਵੈਨਸ਼ਨ ਕਰਕੇ ਅਗਲੇ ਸੰਘਰਸ਼ ਦੀ ਰੂਪ ਰੇਖਾ ਉਲੀਕ ਕੇ ਤਿਆਰੀ ਲਈ ਸਾਂਝੀਆਂ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਆਗੂਆਂ ਨੇ ਵਿਚਾਰ ਰੱਖਦੇ ਹੋਏ ਨਿੱਜੀਕਰਨ ਦੀਆਂ ਨੀਤੀਆਂ ਦੇ ਹਮਲੇ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਸਾਮਰਾਜੀ ਦਿਸ਼ਾ ਨਿਰਦੇਸ਼ ਨਿੱਜੀਕਰਨ ਦੀਆਂ ਨੀਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਸਮਾਰਟ ਮੀਟਰ ਲਗਾ ਕੇ ਰੁਜ਼ਗਾਰ ਦਾ ਉਜਾੜਾ ਕੀਤਾ ਜਾ ਰਿਹਾ ਹੈ, ਖਰੜ ਡਵੀਜ਼ਨ ਤੇ ਲਾਲੜੂ ਡਵੀਜ਼ਨ ਵਿੱਚ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਕੇ ਮਹਿਕਮੇ ਦਾ ਨਿੱਜੀਕਰਨ ਕਰਨ ਦੀਆਂ ਸਰਕਾਰ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਭਾਵੇਂ ਕਿ ਬਿਜਲੀ ਮੁਲਾਜ਼ਮਾਂ ਦੇ ਰੋਸ ਨੂੰ ਦੇਖਦੇ ਹੋਏ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਪਿਆ। ਸਰਕਾਰ ਵੱਲੋਂ ਨਿੱਜੀਕਰਨ ਦੀ ਨੀਤੀ ਦਾ ਅਮਲ ਰੱਦ ਨਹੀਂ ਕੀਤਾ ਗਿਆ। ਪਾਵਰਕਾਮ ਦੀ ਮੈਨੇਜਮੈਂਟ ਤੇ ਸਰਕਾਰ ਵੱਲੋਂ ਨਿੱਜੀਕਰਨ ਦੀ ਨੀਤੀ ਦੇ ਵਿਰੋਧ ਵਿੱਚ ਲੜੇ ਜਾ ਰਹੇ ਸੰਘਰਸ਼ਾਂ ਨੂੰ ਫੇਲ੍ਹ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਬਿਜਲੀ ਦੇ ਕੰਮ ਨੂੰ ਨਿਰਵਿਘਨ ਚਲਾਉਣ ਦੇ ਬਹਾਨੇ ਹੇਠ ਗੈਂਗਾਂ ਭਰਤੀ ਕਰਕੇ ਸੰਘਰਸ਼ਾਂ ਨੂੰ ਫੇਲ੍ਹ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਨਿੱਜੀਕਰਨ ਦੇ ਹਮਲੇ ਨੂੰ ਜਬਰ ਦੇ ਜ਼ੋਰ ਲਾਗੂ ਕੀਤਾ ਜਾ ਰਿਹਾ ਹੈ। ਸਮੁੱਚੇ ਲੋਕ ਨਿੱਜੀਕਰਨ ਦੀ ਨੀਤੀ ਦੇ ਖਿਲਾਫ ਸੰਘਰਸ਼ ਦੇ ਰਾਹ ਤੇ ਹਨ। ਮੀਟਿੰਗ ਸਮੇਂ ਮਿਤੀ 4 ਜੂਨ ਨੂੰ ਹੋਈ ਸਾਂਝੀ ਕਨਵੈਨਸ਼ਨ ਦੇ ਫੈਸਲੇ ਅਨੁਸਾਰ ਨਿੱਜੀਕਰਨ ਦੀ ਨੀਤੀ ਦੇ ਖਿਲਾਫ ਤਿੱਖੇ, ਲੰਮੇ ਅਤੇ ਵਿਸ਼ਾਲ ਸੰਘਰਸ਼ ਨੂੰ ਲਾਗੂ ਕਰਨ ਦੇ ਲਈ ਜੋ ਸਰਕਲ ਪੱਧਰ ਦੇ ਸਾਂਝੇ ਧਰਨੇ ਦੇਣ ਦਾ ਸੱਦਾ ਦਿੱਤਾ ਗਿਆ ਹੈ, ਉਸ ਤਹਿਤ ਫੈਸਲਾ ਕੀਤਾ ਗਿਆ ਕਿ 17 ਜੂਨ ਨੂੰ ਵੱਧ ਤੋਂ ਵੱਧ ਪਰਿਵਾਰਾਂ ਦੀ ਸ਼ਮੂਲੀਅਤ ਕਰਵਾ ਕੇ ਸਰਕਲ ਵਿਖੇ ਧਰਨਾ ਦਿੱਤਾ ਜਾਵੇਗਾ ਅਤੇ 3 ਜੁਲਾਈ ਨੂੰ ਮੁੱਖ ਦਫਤਰ ਪਟਿਆਲਾ ਵਿਖੇ ਸੂਬਾ ਪੱਧਰੀ ਪਰਿਵਾਰਾਂ ਸਮੇਤ ਵਿਸ਼ਾਲ ਸਾਂਝਾ ਧਰਨਾ ਦਿੱਤਾ ਜਾਵੇਗਾ ਜਦੋਂ ਕਿ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਕੀਤੀ ਜਾਵੇਗੀ। ਇਸ ਸਮੇਂ ਪੈਨਸ਼ਨਰ ਐਸੋਸੀਏਸ਼ਨ ਜਥੇਬੰਦੀ ਵੱਲੋਂ ਮੰਗਾਂ ਨੂੰ ਲੈਕੇ ਜੋ ਸੰਘਰਸ਼ ਐਕਸੀਅਨ ਸਬ ਅਰਬਨ ਮੰਡਲ ਅੰਮ੍ਰਿਤਸਰ ਖਿਲਾਫ ਚੱਲ ਰਿਹਾ ਹੈ ਉਸ ਦੀ ਪੁਰਜ਼ੋਰ ਹਮਾਇਤ ਕੀਤੀ ਗਈ। ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਕਿ ਉਹ ਜਥੇਬੰਦੀ ਨਾਲ ਮੀਟਿੰਗ ਕਰਕੇ ਪਿਛਲੇ ਦਿਨੀਂ ਬਿਜਲੀ ਮੰਤਰੀ ਹਰਭਜਨ ਸਿੰਘ ਵਲੋਂ ਨੌਕਰੀ ਤੋਂ ਕੱਢੇ ਸਿਟੀ ਸਰਕਲ ਦੇ ਸੀਐੱਚਬੀ ਕਾਮੇ ਨੂੰ ਨੌਕਰੀ ਤੇ ਬਹਾਲ ਕੀਤਾ ਜਾਵੇ। ਮੀਟਿੰਗ ਸਮੇਂ ਟੀ. ਐਸ. ਯੂ. ਸਰਕਲ ਸਕੱਤਰ ਸੁਖਪਾਲ ਸਿੰਘ ਮਜੀਠਾ, ਕੁੰਦਨ ਲਾਲ ਹਰੀਆਂ, ਮਹਿੰਦਰ ਸਿੰਘ, ਪਰਮਿੰਦਰ ਸਿੰਘ ਪਾਵਰਕੌਮ ਐਂਡ ਟਰਾਂਸਕੋ ਠੇਕਾ ਮੁਲਾਜਮ ਯੂਨੀਅਨ ਦੇ ਅੰਮ੍ਰਿਤਸਰ ਸਰਕਲ ਦੇ ਸਕੱਤਰ ਜਸਪਾਲ ਸਿੰਘ, ਮੀਤ ਪ੍ਰਧਾਨ ਜੋਧ ਸਿੰਘ, ਕੈਸ਼ੀਆਰ ਹਰਦੀਪ ਸਿੰਘ, ਕਰਮਦੀਪ, ਅਜੇਪਾਲ ਸਿੰਘ ਆਦਿ ਆਗੂ ਹਾਜ਼ਰ ਸਨ।



## 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਸਮਾਗਮ ਸ਼ੁਰੂ

**ਮਜੀਠਾ (ਸੋਇਮ ਆਨੰਦ)-** ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਸਮਾਗਮ ਅਤੇ ਪੰਦਰਾਂ ਰੋਜ਼ਾ ਗੁਰਮਤਿ ਕੈਂਪ ਗੁਰਦੁਆਰਾ ਲਹਿੰਦੀ ਪੱਤੀ ਪਿੰਡ ਹਰੀਆਂ ਨੇੜੇ ਮਜੀਠਾ ਵਿਖੇ ਸਮੂਹ ਨਗਰ ਦੀ ਸੰਗਤ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਧਾਰਮਿਕ ਸਮਾਗਮ ਦੇ ਪਹਿਲੇ ਦਿਨ 11 ਜੂਨ ਨੂੰ ਕਥਾਵਾਚਕ ਗਿਆਨੀ ਮਨਦੀਪ ਸਿੰਘ ਅਬਦਾਲ ਵੱਲੋਂ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਨ ਦਾ ਯਤਨ ਕੀਤਾ ਗਿਆ। ਉਪਰੰਤ ਢਾਡੀ ਭਾਈ ਗੁਰਪ੍ਰੀਤ ਸਿੰਘ ਭੰਗੂ ਦੇ ਜਥੇ ਵੱਲੋਂ ਸ਼ਹੀਦੀ ਬੀਰ ਰਸ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸੇ ਤਰ੍ਹਾਂ ਹੀ 12 ਤੇ 13 ਜੂਨ ਨੂੰ ਸ਼ਾਮ ਪੰਜ ਵਜੇ ਤੋਂ ਅੱਠ ਵਜੇ ਤੱਕ ਭਾਰੀ ਦਿਵਾਨ ਸਜਾਏ ਜਾਣਗੇ। 14 ਜੂਨ ਦਿਨ ਸ਼ਨੀਵਾਰ ਨੂੰ ਅੰਮ੍ਰਿਤ ਸੰਚਾਰ ਕਰਵਾਇਆਂ ਜਾਵੇਗਾ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਖੰਡੇ ਬਾਟੇ ਦੀ ਪਾਹੁਲ ਤਿਆਰ ਕੀਤੀ ਜਾਵੇਗੀ ।



## ਜ਼ੋਨਲ ਵਾਲੀਬਾਲ ਟੂਰਨਾਮੈਂਟ 'ਚ ਜੀਟੀਬੀਆਈ ਸਕੂਲ ਕਲਿਆਣਪੁਰ ਨੇ ਮਾਰੀ ਬਾਜ਼ੀ

### ਸਕੂਲ ਦੇ ਪੰਜ ਖਿਡਾਰੀ ਸੂਬਾ ਪੱਧਰੀ ਟੂਰਨਾਮੈਂਟ ਲਈ ਚੁਣੇ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਆਈ.ਸੀ.ਐੱਸ.ਸੀ.ਅਤੇ ਆਈ.ਐੱਸ.ਸੀ. ਬੋਰਡ ਵੱਲੋਂ ਕਰਵਾਏ ਜ਼ੋਨਲ ਪੱਧਰੀ ਵਾਲੀਬਾਲ ਟੂਰਨਾਮੈਂਟ ਵਿੱਚ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ.ਟੀ.ਬੀ.ਆਈ) ਸਕੂਲ ਕਲਿਆਣਪੁਰ (ਧਾਰੀਵਾਲ) ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ ਹੈ। ਸਕੂਲ ਦੇ ਪੰਜ ਖਿਡਾਰੀ ਦੀ ਚੋਣ ਸੂਬਾ ਪੱਧਰੀ ਟੂਰਨਾਮੈਂਟ ਲਈ ਹੋਈ ਹੈ। ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਪ੍ਰਿਤਪਾਲ ਸਿੰਘ (ਐਡਵੋਕੇਟ) ਅਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਈ.ਸੀ.ਐੱਸ.ਸੀ. ਅਤੇ ਆਈ. ਐੱਸ. ਸੀ. ਬੋਰਡ ਵੱਲੋਂ ਜੋਨਲ ਪੱਧਰ ਦਾ ਵਾਲੀਬਾਲ ਟੂਰਨਾਮੈਂਟ ਡੇਰਾ ਬਾਬਾ ਨਾਨਕ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਦੌਰਾਨ ਮੁਕਾਬਲਿਆਂ ਵਿੱਚ ਵੱਖ ਵੱਖ ਸਕੂਲ ਦੀਆਂ ਲਗਭਗ 8 ਟੀਮਾਂ ਨੇ ਭਾਗ ਲਿਆ ਗਿਆ ਜਿਸ ਵਿੱਚ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਦੀ ਟੀਮ (ਅੰਡਰ- 19 ਮੁੰਡੇ) ਨੇ ਪਹਿਲਾ ਸਥਾਨ ਹਾਸਲ ਕਰਕੇ ਟਰੌਫੀ 'ਤੇ ਕਬਜਾ ਕੀਤਾ ਹੈ। ਇਸ ਟੂਰਨਾਮੈਂਟ ਵਿੱਚ ਮਨਮੀਤ ਸਿੰਘ (ਕਪਤਾਨ), ਹਰਸਿਮਰਤ ਸਿੰਘ, ਸ਼ਹਿਬਾਜ ਸਿੰਘ, ਅਨਮੋਲਦੀਪ ਸਿੰਘ, ਮਨਮੀਤ ਸਿੰਘ, ਪ੍ਰਭਜੋਤ ਸਿੰਘ, ਜੋਬਨਪ੍ਰੀਤ ਸਿੰਘ, ਪਰਮਜੋਤ ਸਿੰਘ, ਦਵਨਪ੍ਰੀਤ ਸਿੰਘ, ਰਣਵੀਰ ਸਿੰਘ ਅਤੇ ਅਰਪਨਦੀਪ ਸਿੰਘ ਨੇ ਭਾਗ ਲਿਆ, ਇਨ੍ਹਾਂ ਵਿੱਚੋਂ ਪੰਜ ਖਿਡਾਰੀਆਂ ਦੀ ਚੋਣ ਸੂਬਾ ਪੱਧਰੀ ਟੂਰਨਾਂਮੈਂਟ ਲਈ ਹੋਈ ਹੈ। ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਨੇ ਕੋਚ ਲਵਦੀਪ ਸਿੰਘ ਦਾ ਵਾਲੀਬਾਲ ਦੀ ਟੀਮ ਤਿਆਰ ਕਰਨ ਵਿੱਚ ਅਹਿਮ ਯੋਗਤਾ ਨਿਭਾਉਣ 'ਤੇ ਧੰਨਵਾਦ ਕੀਤਾ। ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਪ੍ਰਿਤਪਾਲ ਸਿੰਘ (ਐਡਵੋਕੇਟ) ਅਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ ਅਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵਧੇਰੇ ਰੁਚੀ ਰੱਖਣ ਅਤੇ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



## ਮੁਕਤਸਰ 'ਚ ਸਿੱਖ ਨੌਜਵਾਨ ਦੀ ਕੀਤੀ ਗਈ ਕੁੱਟਮਾਰ ਦੀ ਸਖਤ ਸ਼ਬਦਾਂ 'ਚ ਨਿੰਦਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਭਾਰਤੀ ਕਿਸਾਨ ਯੂਨੀਅਨ ਮਾਝਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਨੇ ਮੁਕਤਸਰ ਵਿੱਚ ਸਿੱਖ ਨੌਜਵਾਨ ਦੀ ਕੁੱਟ ਮਾਰ ਕਰਨ ਵਾਲੀ ਘਟਨਾ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਸਿੱਖ ਨੌਜਵਾਨ ਹੁਣ ਆਪਣੇ ਹੀ ਘਰ ਵਿੱਚ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਹੌਲ ਨੂੰ ਖਰਾਬ ਕਰਨ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਲੈ ਕੇ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਹੁਣ ਪੰਜਾਬ ਵਿੱਚ ਪੰਜਾਬ ਦੇ ਸਿੱਖ ਨੌਜਵਾਨ ਸੁਰੱਖਿਅਤ ਨਹੀਂ ਹਨ, ਕਦੇ ਪੰਜਾਬ ਪੁਲਸ ਕਿਸੇ ਨੌਜਵਾਨ ਨੂੰ ਨਜਾਇਜ਼ ਤਸ਼ੱਦਦ ਕਰਕੇ ਜੇਲ੍ਹਾਂ ਵਿੱਚ ਮਾਰ ਰਹੀ ਹੈ ਅਤੇ ਕਿਤੇ ਅਖੌਤੀ ਸ਼ਿਵ ਸੈਨਾ ਆਗੂ ਨੌਜਵਾਨਾਂ ਤੇ ਹੱਥ ਚੁੱਕ ਰਹੇ ਹਨ, ਇਹ ਸਭ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਤਾੜਨਾ ਕਰਦੇ ਹੋਏ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਨੂੰ ਅਮਨ ਸ਼ਾਂਤੀ ਅਤੇ ਭਾਈਚਾਰਕ ਮਾਹੌਲ ਵਿੱਚ ਦੇਖਣਾ ਚਾਹੁੰਦੇ ਹਾਂ, ਜੇਕਰ ਸਾਡੇ ਨੌਜਵਾਨਾਂ ਨੂੰ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ ਫਿਰ ਅਸੀਂ ਕੋਈ ਸਖਤ ਕਦਮ ਚੁੱਕਣ ਲਈ ਮਜਬੂਰ ਹੋਵਾਂਗਾ। ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਨੇ ਕਿਹਾ ਪੰਜਾਬ ਸਰਕਾਰ ਅਜਿਹੇ ਮਾਮਲਿਆਂ ਸੰਬਧੀ ਗੰਭੀਰ ਹੋਵੇ। ਉਨ੍ਹਾਂ ਕਿਹਾ ਪੰਜਾਬ ਵਿੱਚ ਨਸ਼ਾ ਤਸਕਰਾਂ ਦਾ ਬੋਲਬਾਲਾ ਹੈ, ਗੁੰਡਾਗਰਦੀ ਕਰਨ ਵਾਲੇ ਲੋਕਾਂ ਨੂੰ ਕਿਸੇ ਦਾ ਡਰ ਨਹੀਂ ਹੈ, ਚੋਰਾਂ ਦੇ ਹੌਸਲੇ ਬੁਲੰਦ ਹਨ। ਇਨ੍ਹਾਂ ਨੂੰ ਨੱਥ ਪਾਉਣ ਦੀ ਬਜਾਏ ਬੇਕਸੂਰ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਮੌਕੇ ਭਾਈ ਦਲਜੀਤ ਸਿੰਘ ਸਿੱਧਵਾਂ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਮਾਝਾ, ਭਾਈ ਬਲਵਿੰਦਰ ਸਿੰਘ ਸਿੱਧਵਾਂ ਸੂਬਾ ਸਕੱਤਰ, ਭਾਈ ਹਰਵਿੰਦਰ ਸਿੰਘ ਘੁੰਮਣ ਸੀਨੀਅਰ ਮੀਤ ਪ੍ਰਧਾਨ, ਕਾਬਲ ਸਿੰਘ ਐੱਮ ਡੀ ਆਦਿ ਆਗੂਆਂ ਨੇ ਉਕਤ ਘਟਨਾ ਦੀ ਨਿੰਦਾ ਕੀਤੀ।



## ਖੱਬੀਆਂ ਪਾਰਟੀਆਂ ਵੱਲੋਂ ਇਜ਼ਰਾਇਲ ਤੇ ਅਮਰੀਕਾ ਮੁਖੀਆਂ ਦੇ ਪੁਤਲੇ ਫੂਕਣ ਦਾ ਐਲਾਨ

### 17 ਨੂੰ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਇਕੱਤਰ ਹੋਣਗੇ ਵੱਖ-ਵੱਖ ਖੱਬੀਆਂ ਧਿਰਾਂ ਦੇ ਆਗੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਸ਼ਹੀਦ ਬਲਜੀਤ ਸਿੰਘ ਭਵਨ ਗੁਰਦਾਸਪੁਰ ਵਿਖੇ ਸੀਪੀਆਈ, ਸੀਪੀਐੱਮ, ਆਰਐੱਮਪੀਆਈ ਅਤੇ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਆਗੂ ਗੁਲਜ਼ਾਰ ਸਿੰਘ ਬਸੰਤਕੋਟ, ਰਣਬੀਰ ਸਿੰਘ ਵਿਰਕ, ਰਘਬੀਰ ਸਿੰਘ ਪਕੀਵਾਂ ਅਤੇ ਗੁਰਮੀਤ ਸਿੰਘ ਬਖਤਪੁਰਾ ਦੀ ਅਗਵਾਈ ਵਿੱਚ ਖੱਬੀਆਂ ਧਿਰਾਂ ਦੇ ਆਗੂਆਂ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ ਦੇਸ਼ ਪੱਧਰ 'ਤੇ ਖੱਬੀਆਂ ਧਿਰਾਂ ਵੱਲੋਂ ਫਲਸਤੀਨੀਆਂ ਨਾਲ ਇਕਜੁੱਟਤਾ ਦੇ ਸੱਦੇ ਦੇ ਮੱਦੇਨਜ਼ਰ ਤਹਿ ਕੀਤਾ ਗਿਆ ਕਿ 17 ਜੂਨ ਨੂੰ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿੱਚ ਇਕੱਠੇ ਹੋਣ ਤੋਂ ਬਾਅਦ ਇਜ਼ਰਾਇਲ ਦੇ ਰਾਸ਼ਟਰਪਤੀ ਨੇਤਨਯਾਹੂ ਅਤੇ ਉਸ ਦੇ ਬੌਸ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ਜਾਵੇਗਾ ਕਿਉਂਕਿ ਸੰਸਾਰ ਲੋਕ ਰਾਏ ਨੂੰ ਪੈਰਾਂ ਹੇਠ ਰੋਂਦਦਿਆਂ ਕਰੀਬ ਇਕ ਸਾਲ ਤੋਂ ਨੇਤਨਯਾਹੂ ਫਲਸਤੀਨੀਆਂ ਦੀ ਨਸਲਕੁਸ਼ੀ ਕਰ ਰਿਹਾ ਹੈ, ਜਿਸ ਨਸਲਕੁਸ਼ੀ ਦੀ ਅਮਰੀਕੀ ਰਾਸ਼ਟਰਪਤੀ ਦੀ ਖੁੱਲ੍ਹਮ-ਖੁੱਲ੍ਹਾ ਹਮਾਇਤ ਹੈ। ਨੇਤਨਯਾਹੂ ਸਰਕਾਰ ਦੇ ਲਗਾਤਾਰ ਚੱਲ ਰਹੇ ਫਾਸਿਸਟ ਹਮਲਿਆਂ ਵਿੱਚ ਹੁਣ ਤੱਕ 55000 ਤੋਂ ਵੀ ਵਧੇਰੇ ਫਲਸਤੀਨੀ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਬਹੁਗਿਣਤੀ ਬੱਚਿਆਂ ਅਤੇ ਔਰਤਾਂ ਦੀ ਹੈ। ਆਗੂਆਂ ਨੇ ਕਿਹਾ ਕਿ ਭਾਰਤ ਦੀ ਮੋਦੀ ਸਰਕਾਰ ਨੂੰ ਇਤਿਹਾਸਕ ਤੌਰ 'ਤੇ ਫਲਸਤੀਨੀਆਂ ਨਾਲ ਖੜਨਾ ਚਾਹੀਦਾ ਹੈ ਪਰ ਅਫਸੋਸ ਹੈ ਕਿ ਸਰਕਾਰ ਇਜ਼ਰਾਇਲ ਨਾਲ ਦੋਸਤੀ ਨਿਭਾ ਕੇ ਭਾਰਤ ਦੇ ਮਜ਼ਲੂਮ ਹਿਤੂ ਹੋਣ ਦੇ ਅਕਸ ਨੂੰ ਖਰਾਬ ਕਰ ਰਹੀ ਹੈ। ਆਗੂਆਂ ਕਿਹਾ ਕਿ ਦੇਸ਼ ਦੀਆਂ ਖੱਬੀਆਂ ਧਿਰਾਂ ਮੰਗ ਕਰਨਗੀਆਂ ਕਿ ਗਾਜ਼ਾ ਵਿੱਚ ਬਿਨਾਂ ਰੁਕਾਵਟ ਮਨੁੱਖੀ ਸਹਾਇਤਾ ਯਕੀਨੀ ਬਣਾਈ ਜਾਵੇ ਅਤੇ ਗਾਜ਼ਾ ਦੀ ਅਣਮਨੁੱਖੀ ਘੇਰਾਬੰਦੀ ਫੌਰੀ ਖਤਮ ਕੀਤੀ ਜਾਵੇ। ਮੀਟਿੰਗ ਵਿਚ ਮੱਖਣ ਸਿੰਘ ਕੁਹਾੜ, ਸੁਖਦੇਵ ਸਿੰਘ ਭਾਗੋਕਾਵਾਂ, ਅਸ਼ਵਨੀ ਕੁਮਾਰ ਲੱਖਣ ਕਲਾਂ, ਸ਼ਮਸ਼ੇਰ ਸਿੰਘ ਨਵਾਂਪਿੰਡ, ਗੁਲਜ਼ਾਰ ਸਿੰਘ ਭੁੰਬਲੀ, ਵਿਜੇ ਕੁਮਾਰ ਸੋਹਲ, ਦਲਬੀਰ ਭੋਲਾ, ਪ੍ਰੇਮ ਮਸੀਹ ਸੋਨਾ ਅਤੇ ਲਖਵਿੰਦਰ ਸਿੰਘ ਰੋਸਾ ਆਦਿ ਸ਼ਾਮਲ ਸਨ।



## ਡਾ. ਬਲਜੀਤ ਕੌਰ ਨੇ ਖਟੀਕ ਧਰਮਸ਼ਾਲਾ ਦਾ ਰੱਖਿਆ ਨੀਂਹ ਪੱਥਰ



ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪ੍ਰਿੰਸ ਪ੍ਰਕਾਸ਼ ਸ਼ੇਖੂ/ਪੂਜਾ)-ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਸ਼ਹਿਰ ਦੇ ਸ੍ਰੀ ਗੁਰੂ ਰਵਿਦਾਸ ਨਗਰ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਖਟੀਕ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਵੀ ਸੁਣੀਆਂ ਗਈਆਂ।ਖਟੀਕ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਣ ਪਿੱਛੋਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਇਸ ਲੜੀ ਤਹਿਤ ਮਲੋਟ ਹਲਕੇ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਧਰਮਸ਼ਾਲਾ ਦੇ ਬਣਨ ਨਾਲ ਮਲੋਟ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਤੇ ਹੋਰਨਾਂ ਵਰਗਾਂ ਦੀ ਚਿਰਕੋਣੀ ਮੰਗ ਪੂਰੀ ਹੋ ਜਾਵੇਗੀ।ਕੈਬਨਿਟ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਹਾਲ ਦਾ ਵੱਡੀ ਗਿਣਤੀ ਲੋਕਾਂ ਨੂੰ ਫ਼ਾਇਦਾ ਹੋਵੇਗਾ, ਖਾਸਕਰ ਕੇ ਲੋੜਵੰਦ ਤੇ ਮੱਧਵਰਗੀ ਪਰਿਵਾਰ ਆਪਣੇ ਖ਼ੁਸ਼ੀ ਤੇ ਗ਼ਮੀ ਸਬੰਧੀ ਸਮਾਗਮ ਬਹੁਤ ਸੌਖਿਆਂ ਇੱਥੇ ਕਰ ਸਕਣਗੇ।ਉਨ੍ਹਾਂ ਕਿਹਾ ਕਿ ਗਰੀਬ ਤੇ ਮੱਧ ਵਰਗੀ ਪਰਿਵਾਰ ਜਦੋਂ ਆਪਣੇ ਸਮਾਗਮ ਕਰਜ਼ਾ ਚੁੱਕ ਕੇ ਮਹਿੰਗੇ ਪੈਲੇਸਾਂ ਵਿੱਚ ਕਰਦੇ ਹਨ ਤਾਂ ਕਰਜ਼ੇ ਦੇ ਬੋਝ ਹੇਠ ਦੱਬੇ ਜਾਂਦੇ ਹਨ ਤੇ ਕਈ-ਕਈ ਸਾਲ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਨਹੀਂ ਹੁੰਦੀਆਂ, ਪਰ ਇਹ ਧਰਮਸ਼ਾਲਾ ਲੋਕਾਂ ਲਈ ਮਦਦਗਾਰ ਸਿੱਧ ਹੋਵੇਗੀ ਤੇ ਉਨ੍ਹਾਂ ਨੂੰ ਕਰਜ਼ੇ ਤੋਂ ਵੀ ਬਚਾਏਗੀ।ਇਸ ਮੌਕੇ ਕੈਬਨਿਟ ਮੰਤਰੀ ਦੇ ਨਿੱਜੀ ਸਕੱਤਰ ਅਰਸ਼ਦੀਪ ਸਿੰਘ ਸਿੱਧੂ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸ਼ਨ ਬਰਾੜ, ਰਾਮੂ ਆਰ.ਓ., ਐਡਵੋਕੇਟ ਅਮਨ, ਗਗਨ ਅਲੱਖ, ਜੈਨੀ ਗਗਗ, ਲਵ ਬੱਤਰਾ, ਬੰਟੀ ਪ੍ਰਧਾਨ, ਲੱਖਨ, ਐਡਵੋਕੇਟ ਸੰਨੀ, ਸ਼ਿਵ ਦਿਆਲ, ਸ਼ਾਮ ਲਾਲ, ਪ੍ਰਧਾਨ ਪ੍ਰਵੀਨ ਕੁਮਾਰ, ਅਰਸ਼ ਭੁੱਲਰ, ਬੰਟੀ ਪ੍ਰਧਾਨ, ਸੋਨੂ ਬਗੋਗੀਆ ਕੰਡਾਰੀਆ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

## ਸਟੱਡੀ ਸਰਕਲ ਨੇ ਕਰਵਾਇਆ 'ਆਓ ਰੰਗ ਭਰੀਏ' ਮੁਕਾਬਲਾ



ਸੰਗਰੂਰ (ਪ੍ਰਵੀਨ ਸਿੰਘ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ-ਬਰਨਾਲਾ-ਮਾਲੇਰਕੋਟਲਾ ਜ਼ੋਨ ਵੱਲੋਂ ਸਥਾਨਕ ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ ਵਿਖੇ 8 ਰੋਜ਼ਾ ਗਿਆਨ ਅੰਜਨ ਗੁਰਮਤਿ ਸਮਰ ਕੈਂਪ ਨਿਰੰਤਰ ਜਾਰੀ ਹੈ, ਜਿਸ ਵਿੱਚ ਵੱਖ ਵੱਖ ਬੁਲਾਰਿਆਂ ਵੱਲੋਂ ਬੱਚਿਆਂ ਨੂੰ ਗੁਰਬਾਣੀ ਸੰਥਿਆ, ਇਤਿਹਾਸ, ਗੁਰਮਤਿ ਸਿਧਾਂਤ ਤੇ ਪੰਤੀ ਅੱਖਰੀ ਆਦਿ ਤੋਂ ਇਲਾਵਾ ਬੱਚਿਆਂ ਨੂੰ ਸਿਹਤ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਖਾਣ ਦਾ ਗਿਆਨ ਵੀ ਦਿੱਤਾ ਜਾ ਰਿਹਾ ਹੈ। ਕੈਂਪ ਦੇ ਛੇਵੇਂ ਦਿਨ ਕੈਂਪ ਵਿੱਚ ਬੱਚਿਆਂ ਦੇ 'ਆਓ ਰੰਗ ਭਰੀਏ' ਮੁਕਾਬਲੇ ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਲੀਨ ਕੌਰ, ਬਲਵੰਤ ਸਿੰਘ ਭਿੱਖੀ, ਹਰਵਿੰਦਰ ਕੌਰ, ਹਰਕੀਰਤ ਕੌਰ ਦੀ ਦੇਖ-ਰੇਖ ਹੇਠ ਕਰਵਾਏ ਗਏ। ਪ੍ਰੋਗਰਾਮ ਦੀ ਆਰੰਭਤਾ 'ਤੇ ਬੱਚਿਆਂ ਨੇ ਮੂਲ ਮੰਤਰ ਤੇ ਗੁਰਮੰਤਰ ਦਾ ਜਾਪ ਕੀਤਾ। ਇਨ੍ਹਾਂ ਮੁਕਾਬਲਿਆਂ ਲਈ ਮਿਨੀ, ਪ੍ਰਾਇਮਰੀ, ਜੂਨੀਅਰ ਤੇ ਸੀਨੀਅਰ ਸੈਕੰਡਰੀ ਦੇ 4 ਗਰੁੱਪ ਬਣਾਏ ਗਏ, ਜਿਸ ਵਿੱਚ 50 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਸਟੱਡੀ ਸਰਕਲ ਵੱਲੋਂ ਤਿਆਰ ਕੀਤੀ ਡਰਾਇੰਗ ਕਾਪੀ 'ਆਓ ਰੰਗ ਭਰੀਏ' 'ਤੇ ਅਧਾਰਤ ਇਹ ਮੁਕਾਬਲੇ ਕਰਵਾਏ ਗਏ। ਖਾਲਸਈ ਨਿਸ਼ਾਨੀਆਂ, ਪੰਜ ਕਕਾਰ, ਖੰਡਾ-ਬਾਟਾ, ਸ਼ਸਤਰ, ਗੁਰ ਅਸਥਾਨ, ਝੂਲਤੇ ਨਿਸ਼ਾਨ ਸਾਹਿਬ, ਕਿਰਤ ਕਰੋ-ਨਾਮ ਜਪੋ-ਵੰਡ ਛਕੋ, ਐ ਨੌਜਵਾਨ ਟੋਪੀ ਨਹੀਂ ਦਸਤਾਰ ਸਜਾ ਆਦਿ ਸੰਦੇਸ਼ਾਂ ਦੇ ਦਰਸਾਏ ਗਏ ਸਕੈਚਾਂ ਨੂੰ ਬੱਚਿਆਂ ਨੇ ਬੜੀ ਨੀਝ ਨਾਲ ਤੇ ਰੰਗਾਂ ਨਾਲ ਭਰ ਕੇ ਖ਼ੂਬਸੂਰਤ ਕਲਾ ਕ੍ਰਿਤਾਂ ਬਣਾਈਆਂ। ਇਸ ਮੌਕੇ ਗੁਰਦੁਆਰਾ ਸਾਹਿਬ ਸ੍ਰੀ ਨਾਨਕਿਆਣਾ ਸਾਹਿਬ ਦੇ ਮੈਨੇਜਰ ਸ. ਰਾਜਿੰਦਰ ਸਿੰਘ ਦੇ ਨਾਲ ਐਡਵੋਕੇਟ ਜਗਜੀਤ ਸਿੰਘ, ਰਾਜਵਿੰਦਰ ਸਿੰਘ ਲੱਕੀ ਮੁੱਖ ਸੇਵਾਦਾਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਹਰਭਜਨ ਸਿੰਘ ਭੱਟੀ, ਪ੍ਰਤੀਮ ਸਿੰਘ, ਦਲਵੀਰ ਸਿੰਘ ਬਾਬਾ, ਗੁਰਿੰਦਰ ਵੀਰ ਸਿੰਘ, ਸਤਗੁਰ ਸਿੰਘ, ਸੁਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪ੍ਰਬੰਧਕੀ ਟੀਮ ਨਾਲ ਗੁਰਦੀਪ ਕੌਰ, ਕਿਰਨ ਦੂਆ, ਅਮਨਦੀਪ ਕੌਰ, ਰਵਨੀਤ ਕੌਰ ਨੇ ਨਿਗਰਾਨ ਦੀ ਡਿਊਟੀ ਨਿਭਾਈ। ਇਸ ਮੌਕੇ ਜਸਵੰਤ ਕੌਰ, ਕਿਰਨਪ੍ਰੀਤ ਕੌਰ, ਅੰਮ੍ਰਿਤ ਕੌਰ, ਬਲਵੀਰ ਸਿੰਘ, ਰੁਪਿੰਦਰ ਸਿੰਘ, ਪ੍ਰਮੋਦ ਕੁਮਾਰੀ ਸਮੇਤ ਬੱਚਿਆਂ ਦੇ ਮਾਪਿਆਂ ਨੇ ਹਾਜ਼ਰੀ ਭਰ ਕੇ ਪ੍ਰਤੀਯੋਗੀਆਂ ਦਾ ਉਤਸ਼ਾਹ ਵਧਾਇਆ। ਕੈਂਪਜ਼ ਨੂੰ ਰਿਫਰੈਸ਼ਮੈਂਟ ਦੀ ਸੇਵਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਨਿਭਾਈ ਗਈ। ਤਾਲਮੇਲ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ, ਹਰਪ੍ਰੀਤ ਸਿੰਘ ਪ੍ਰੀਤ, ਨਰਿੰਦਰ ਪਾਲ ਸਿੰਘ ਸਾਹਨੀ, ਗੁਰਿੰਦਰ ਸਿੰਘ ਗੁਜਰਾਲ ਨੇ ਸਟੱਡੀ ਸਰਕਲ ਵੱਲੋਂ ਕੀਤੇ ਇਸ ਵਿਲੱਖਣ ਮੁਕਾਬਲੇ ਦੀ ਭਰਪੂਰ ਸ਼ਲਾਘਾ ਕੀਤੀ।

## ਮਾਤਾ ਸਵਿੱਤਰੀ ਦੇਵੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਪ੍ਰਧਾਨ, ਤਰਕਸ਼ੀਲ ਲਹਿਰ ਦੇ ਸਿਰਮੌਰ ਆਗੂ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸਾਬਕਾ ਸੂਬਾ ਸਕੱਤਰ ਦੀ ਸੱਸ-ਮਾਂ ਅਤੇ ਅਗਾਂਹਵਧੂ ਅਧਿਆਪਕ, ਸਮਾਜ ਸੇਵਕ ਮਰਹੂਮ ਮਾਸਟਰ ਬ੍ਰਿਜ ਲਾਲ ਛਾਹੜ ਦੀ ਜੀਵਨ ਸਾਥਣ ਸ੍ਰੀਮਤੀ ਸਵਿੱਤਰੀ ਦੇਵੀ ਦੀ ਸੰਖੇਪ ਬਿਮਾਰੀ ਬਾਅਦ ਅਚਾਨਕ ਹੋਈ ਮੌਤ 'ਤੇ ਲੌਂਗੋਵਾਲ ਇਲਾਕੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਮਾਤਾ ਜੀ ਦੀ ਜੀਵਨ ਘਾਲਣਾ, ਪਰਵਾਰ ਤੇ ਸਮਾਜ ਲਈ ਕੀਤੇ ਸੰਘਰਸ਼ ਦਾ ਜ਼ਿਕਰ ਕਰਨ ਲਈ ਮ੍ਰਿਤਕ ਦੇਹ ਨੂੰ ਵੱਡਾ ਯਾਦਾ ਭੇਜਿਆ। ਉਨ੍ਹਾਂ ਦਾ ਸ਼ਰਧਾਂਜਲੀ ਸਮਾਰੋਹ ਪਿੰਡ ਛਾਹੜ ਵਿਖੇ 19 ਜੂਨ ਨੂੰ ਹੋਵੇਗਾ। ਇਸ ਮੌਕੇ ਮਾਸਟਰ ਸੰਤ ਸਿੰਘ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ, ਇਕਾਈ ਮੁਖੀ ਬੀਰਬਲ ਸਿੰਘ, ਦੇਸ਼ ਭਗਤ ਯਾਦਗਾਰ ਦੇ ਅਨਿਲ ਕੁਮਾਰ, ਗੁਰਮੇਲ ਸਿੰਘ, ਰਣਜੀਤ ਸਿੰਘ ਬਾਬਾ ਫਰੀਦ ਫਾਊਂਡੇਸ਼ਨ ਦੇ ਕਮਲਜੀਤ ਵਿੱਕੀ, ਭੋਲਾ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਲੌਂਗੋਵਾਲ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਦਾਤਾ ਸਿੰਘ ਨਮੋਲ, ਜਸਵੀਰ ਨਮੋਲ, ਸੁਖਜਿੰਦਰ ਸੰਗਰੂਰ, ਉੱਘੇ ਸਾਹਿਤਕਾਰ ਇੰਜ. ਰਾਕੇਸ਼ ਕੁਮਾਰ ਸੁਨਾਮ ਤੋਂ ਇਲਾਵਾ ਚਰਨਾ ਸਿੰਘ, ਕੇਵਲ ਸਿੰਘ, ਸੰਦੀਪ ਸਿੰਘ, ਮਾ. ਚੰਦਰ ਸ਼ੇਖਰ, ਸਰਬਜੀਤ ਨਮੋਲ, ਬੰਤਾ ਸਿੰਘ ਨਮੋਲ ਆਦਿ ਹਾਜ਼ਰ ਸਨ।

## ਸਾਂਸਦ ਡਾ. ਧਰਮਵੀਰ ਗਾਂਧੀ ਵੱਲੋਂ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਦੀ ਪ੍ਰਧਾਨ ਮੰਤਰੀ ਨੂੰ ਅਪੀਲ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪਟਿਆਲਾ ਤੋਂ ਮੌਜੂਦਾ ਕਾਂਗਰਸ ਸਾਂਸਦ ਮੈਂਬਰ (ਐੱਮ ਪੀ) ਡਾ. ਧਰਮਵੀਰ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕਰਤਾਰਪੁਰ ਸਾਹਿਬ ਲਾਂਘਾ ਦੁਬਾਰਾ ਖੋਲ੍ਹਣ ਦੀ ਅਪੀਲ ਕੀਤੀ ਹੈ, ਜੋ ਕਿ ਮਈ 2025 ਵਿੱਚ ਭਾਰਤ ਤੇ ਪਾਕਿਸਤਾਨ ਵਿਚਕਾਰ ਝੜਪਾਂ ਕਾਰਨ ਬੰਦ ਹੋ ਗਿਆ ਸੀ। ਰੋਜ਼ਾਨਾ ਦੇ ਸ਼ਿਹਤ ਤੇ ਪਰਿਵਾਰ ਭਲਾਈ ਬਾਰੇ ਸੰਸਦ ਦੀਆਂ ਸਥਾਈ ਕਮੇਟੀਆਂ ਦੇ ਮੈਂਬਰ ਹੋਣ ਦੇ ਨਾਤੇ ਡਾ. ਗਾਂਧੀ ਨੇ ਆਪਣੇ ਹਲਕੇ ਦੇ ਲੋਕਾਂ ਤੇ ਰਾਜ ਭਰ ਦੇ ਪੰਜਾਬੀਆਂ, ਖਾਸ ਕਰਕੇ ਸਿੱਖਾਂ, ਜੋ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਉਤਸੁਕ ਹਨ, ਦੀਆਂ ਕਈ ਅਪੀਲਾਂ ਨੂੰ ਉਜਾਗਰ ਕੀਤਾ। ਇਹ ਪਵਿੱਤਰ ਸਥਾਨ ਉਸ ਸਥਾਨ ਵਜੋਂ ਬਹੁਤ ਮਹੱਤਵ ਰੱਖਦਾ ਹੈ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ 18 ਸਾਲ ਬਿਤਾਏ ਸਨ। ਆਪਣੇ ਪੱਤਰ ਵਿੱਚ ਡਾ. ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ 2019 ਵਿੱਚ ਖੋਲ੍ਹਿਆ ਗਿਆ ਇਹ ਲਾਂਘਾ ਸ਼ਾਂਤੀ ਤੇ ਧਾਰਮਿਕ ਏਕਤਾ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ। ਇਸ ਦੇ ਬੰਦ ਹੋਣ ਨਾਲ ਸ਼ਰਧਾਲੂਆਂ ਨੂੰ ਇਸ ਪਵਿੱਤਰ ਸਥਾਨ ਨਾਲ ਸ਼ਰਧਾ ਭੇਟ ਕਰਨ ਤੇ ਅਧਿਆਤਮਿਕ ਸਬੰਧ ਬਣਾਈ ਰੱਖਣ ਦੇ ਉਨ੍ਹਾਂ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾਂਦਾ ਹੈ। ਡਾ. ਗਾਂਧੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਣ ਲਈ ਤੁਰੰਤ ਕਦਮ ਚੁੱਕੇ, ਜਿਸ ਨਾਲ ਸ਼ਰਧਾਲੂਆਂ ਲਈ ਪਹੁੰਚ ਬਹਾਲ ਹੋ ਸਕੇ। ਉਨ੍ਹਾਂ ਕਿਹਾ ਕਿ ਅਜਿਹੀ ਇਸ ਕਾਰਵਾਈ ਧਾਰਮਿਕ ਆਜ਼ਾਦੀ ਤੇ ਅੰਤਰ-ਧਰਮ ਸਦਭਾਵਨਾ ਦੇ ਮੁੱਲਾਂ ਨੂੰ ਬਰਕਰਾਰ ਰੱਖੇਗੀ।

## ਪੀ ਐੱਮ ਐੱਨ ਕਾਲਜ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



ਰਾਜਪੁਰਾ (ਰਮੇਸ਼ ਕਟਾਰੀਆ)-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਦੇ ਈਕੋ ਕਲੱਬ ਤੇ ਵਿਗਿਆਨ ਵਿਭਾਗ ਨੇ ਆਈ.ਕਿਊ.ਏ.ਸੀ. ਦੇ ਸਹਿਯੋਗ ਨਾਲ 'ਪਲਾਸਟਿਕ ਪ੍ਰਦੂਸ਼ਣ ਖਤਮ ਕਰੋ' ਥੀਮ ਅਧੀਨ ਵਿਸ਼ਵ ਵਾਤਾਵਰਣ ਦਿਵਸ-2025 ਮਨਾਉਣ ਲਈ ਇੱਕ ਰੋਜ਼ਾ ਵਾਤਾਵਰਣ ਸਿੱਖਿਆ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ (ਐੱਨਬੀਏ), ਭਾਰਤ ਸਰਕਾਰ, ਰਾਜ ਨੋਡਲ ਏਜੰਸੀ ਪੰਜਾਬ ਰਾਜ ਵਿਗਿਆਨ ਤੇ ਤਕਨਾਲੋਜੀ ਪ੍ਰੀਸ਼ਦ ਅਤੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ (ਐੱਮਓਈਐੱਫਸੀਸੀ) ਦੁਆਰਾ ਸਪਾਂਸਰ ਕੀਤਾ ਗਿਆ ਹੈ। ਈਕੋ ਕਲੱਬ ਦੇ ਨੋਡਲ ਅਫਸਰ ਡਾ. ਦਲਵੀਰ ਕੌਰ ਤੇ ਡਾ. ਜਸਨੀਤ ਕੌਰ ਦੀ ਅਗਵਾਈ ਹੇਠ ਕਾਲਜ ਕੈਂਪਸ ਤੇ ਨੇੜਲੇ ਸਥਾਨਾਂ ਵਿੱਚ ਵੱਖ-ਵੱਖ ਦੇਸੀ ਤੇ ਆਰਥਿਕ ਤੌਰ 'ਤੇ ਮਹੱਤਵਪੂਰਨ ਪੌਦੇ ਲਗਾਏ ਗਏ। ਉਨ੍ਹਾਂ ਕਿਹਾ ਕਿ ਇਹ ਗਤੀਵਿਧੀ ਪੌਦਿਆਂ ਦੀ ਮਹੱਤਤਾ ਤੇ ਸਮਾਜਿਕ-ਆਰਥਿਕ ਤੰਦਰੁਸਤੀ ਲਈ ਇਸ ਦੇ ਸਬੰਧ ਬਾਰੇ ਜਾਗਰੂਕਤਾ ਨੂੰ ਉਤਸ਼ਾਹਤ ਕਰੇਗੀ। ਇਸ ਦਿਨ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੇ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ ਤੇ ਆਂਵਲਾ, ਅੰਬ, ਸਹੋਂਜਾ, ਨਿੰਮ, ਸਾਗਵਾਨ ਆਦਿ ਵਰਗੇ ਪੌਦੇ ਵੀ ਵੰਡੇ ਗਏ। ਇਸ ਪ੍ਰੋਗਰਾਮ ਰਾਹੀਂ ਕਾਲਜ ਦੇ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਵਾਤਾਵਰਣ ਸਬੰਧੀ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕੀਤਾ। ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਤੇ ਵਸਥਤ ਡਾ. ਵੰਦਨਾ ਗੁਪਤਾ ਨੇ ਈਕੋ ਕਲੱਬ ਤੇ ਵਿਗਿਆਨ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਰਜਨੀ, ਪ੍ਰੋ. ਸੰਜੀਵ ਤੇ ਡਾ. ਤਰੰਗ ਦੇ ਵਿਆਪਕ ਯੋਗਦਾਨ ਨੇ ਇਸ ਸਮਾਗਮ ਨੂੰ ਇੱਕ ਵੱਡੀ ਸਫਲਤਾ ਦਿੱਤੀ। ਇਸ ਮੌਕੇ ਡਾ. ਜੈਦੀਪ ਸਿੰਘ, ਡਾ. ਐੱਸ. ਐੱਸ. ਰਾਣਾ, ਡਾ. ਸ਼ਿਵ ਸਿੰਘ, ਡਾ. ਗੁਰਨਿੰਦਰ ਸਿੰਘ, ਡਾ. ਹਰਜਿੰਦਰ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਰਿਤੂ, ਪ੍ਰੋ. ਸਤਵਿੰਦਰ ਕੌਰ, ਪ੍ਰੋ. ਦੀਪਿਕਾ ਕਸ਼ੂਰੀਆ, ਪ੍ਰੋ. ਲੀਜ਼ਾ ਤੇ ਪ੍ਰੋ. ਗੁਰਪ੍ਰੀਤ ਮੌਜੂਦ ਸਨ।

## ਪੰਜਾਬੀ 'ਵਰਸਿਟੀ ਮਾਡਲ ਸਕੂਲ ਦੀਆਂ ਮੈਰਿਟ 'ਚ ਆਈਆਂ ਵਿਦਿਆਰਥਣਾਂ ਦਾ ਸਨਮਾਨ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬੀ ਯੂਨੀਵਰਸਿਟੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀਆਂ ਮੈਰਿਟ ਵਿੱਚ ਆਈਆਂ ਦੋ ਵਿਦਿਆਰਥਣਾਂ ਨੂੰ ਸਧੀਕ ਵਿਧਾਨ ਸਭਾ ਵੱਲੋਂ ਪ੍ਰਸੰਸਾ ਪੱਤਰ ਦਿੱਤੇ ਜਾਣ ਉੱਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਸਨਮਾਨਤ ਕੀਤਾ ਗਿਆ।ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਦਸਵੀਂ ਜਮਾਤ ਦੀਆਂ ਦੋ ਵਿਦਿਆਰਥਣਾਂ ਗੁਰਲੀਨ ਕੌਰ ਤੇ ਜਸਲੀਨ ਕੌਰ ਨੇ ਕ੍ਰਮਵਾਰ 96.92% ਤੇ 96.62% ਅੰਕ ਹਾਸਲ ਕਰ ਕੇ ਪੰਜਾਬ ਮੈਰਿਟ ਵਿੱਚ ਕ੍ਰਮਵਾਰ 20 ਤੇ 22 ਉੱਤੇ ਆਪਣਾ ਨਾਮ ਦਰਜ ਕਰਵਾਇਆ।ਵਾਈਸ ਚਾਂਸਲਰ ਸਾਹਿਬ ਡਾ. ਜਗਦੀਪ ਸਿੰਘ ਨੇ ਕਿਹਾ ਕਿ ਵਿਦਿਆਰਥਣਾਂ ਨੇ ਸਕੂਲ ਦਾ ਮਾਣ ਵਧਾਇਆ ਹੈ।ਉਨ੍ਹਾਂ ਵਿਦਿਆਰਥਣਾਂ ਨੂੰ ਆਉਣ ਸਮੇਂ ਵਿੱਚ ਵਧੀਆ ਪੜ੍ਹਾਈ ਕਰਨ ਲਈ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਮਾਣਯੋਗ ਸਪੀਕਰ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਵੱਲੋਂ ਦੋਵੇਂ ਵਿਦਿਆਰਥਣਾਂ ਨੂੰ ਪ੍ਰਸੰਸਾ ਪੱਤਰ ਭੇਜਿਆ ਗਿਆ ਹੈ, ਜਿਸ ਵਿੱਚ ਵਿਦਿਆਰਥੀ ਦੀ ਸ਼ਾਨਦਾਰ ਪ੍ਰਾਪਤੀ, ਪੜ੍ਹਾਈ ਪ੍ਰਤੀ ਲਗਨ, ਮਿਹਨਤ, ਦ੍ਰਿੜ੍ਹਤਾ, ਇਰਾਦੇ ਦਾ ਪ੍ਰਤੀਕ, ਮੈਰਿਟ ਵਿੱਚ ਆਉਣ ਬਾਰੇ ਤੇ ਭਵਿੱਖ ਵਿੱਚ ਹੋਰ ਬੁਲੰਦੀਆਂ 'ਤੇ ਜਾਣ ਸਬੰਧੀ ਲਿਖਿਆ ਗਿਆ ਹੈ।ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸਿੰਘ ਵੱਲੋਂ ਵੀ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਗਈ।ਉਨ੍ਹਾਂ ਵੱਲੋਂ ਵਿਦਿਆਰਥਣਾਂ ਨੂੰ ਇੱਕ-ਇੱਕ ਕਿਤਾਬ ਭੇਟ ਕੀਤੀ ਗਈ।ਇਸ ਮੌਕੇ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ ਨੇ ਸਧੀਕ ਵਿਧਾਨ ਸਭਾ, ਕੁਲਤਾਰ ਸਿੰਘ ਸੰਧਵਾਂ, ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਤੇ ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸਿੰਘ ਦਾ ਧੰਨਵਾਦ ਕੀਤਾ।

## ਨਗਰ ਕੌਂਸਲ ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਹੋਟਲਾਂ ਤੇ ਢਾਬਿਆਂ ਦੀ ਚੈਕਿੰਗ



ਦੋਰਾਹਾ (ਹਰਮਿੰਦਰ ਸੇਠ)-ਨਗਰ ਕੌਂਸਲ ਦੋਰਾਹਾ ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਹੋਟਲਾਂ ਤੇ ਢਾਬਿਆਂ ਵਿੱਚ ਜਾ ਕੇ ਕੂਲਰ ਤੇ ਗਮਲਿਆਂ ਨੂੰ ਚੈੱਕ ਕੀਤਾ ਗਿਆ, ਕਿਉਂਕਿ ਸਰਕਾਰ ਵੱਲੋਂ ਸ਼ੁੱਕਰਵਾਰ ਨੂੰ ਡਰਾਈ ਡੇ ਵਜੋਂ ਮਨਾਇਆ ਜਾਂਦਾ ਹੈ, ਉਸ ਦਿਨ ਕੂਲਰ ਤੇ ਗਮਲਿਆਂ ਨੂੰ ਪਾਣੀ ਰਹਿਤ ਰੱਖਿਆ ਜਾਂਦਾ ਹੈ ਤਾਂ ਜੋ ਖੜ੍ਹੇ ਪਾਣੀ ਵਿੱਚ ਲਾਰਵਾ ਨਾ ਪੈਦਾ ਹੋ ਸਕੇ। ਲਾਰਵੇ ਦੀ ਉਮਰ ਇੱਕ ਹਫਤਾ ਹੁੰਦੀ ਹੈ, ਜੇਕਰ ਪਾਣੀ ਖੜ੍ਹੇ ਨੂੰ ਇੱਕ ਹਫਤਾ ਹੋ ਜਾਂਦਾ ਹੈ ਤਾਂ ਉਸ ਵਿੱਚ ਲਾਰਵਾ ਬਣ ਜਾਂਦਾ ਹੈ। ਲਾਰਵਾ ਤਿੰਨ ਤਰ੍ਹਾਂ ਨਾਲ ਪਣਪਦਾ ਹੈ, ਪਹਿਲਾ ਅੰਡੇ, ਦੂਸਰਾ ਪਿਊਪਾ ਤੇ ਤੀਸਰਾ ਅਡਲਟ। ਇਸ ਮੌਕੇ ਸਿਹਤ ਵਿਭਾਗ ਦੇ ਇੰਸਪੈਕਟਰ ਸੁਖਵਿੰਦਰ ਸਿੰਘ ਵੱਲੋਂ ਲੋਕਾਂ ਨੂੰ ਨਾਰਵੇ ਬਾਰੇ ਤੇ ਉਨ੍ਹਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਿਹਤ ਵਿਭਾਗ ਦੀ ਪੂਰੀ ਟੀਮ ਤੇ ਨਗਰ ਕੌਂਸਲ ਦੋਰਾਹਾ ਨਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਨਗਰ ਕੌਂਸਲ ਵੱਲੋਂ ਇੰਸਪੈਕਟਰ ਅਸ਼ਵਨੀ ਕੁਮਾਰ ਤੇ ਅਨਿਲ ਕੁਮਾਰ ਕਲਰਕ ਸ਼ਾਮਲ ਸਨ।

## ਚਰਨਜੀਤ ਚੰਨੀ ਦਲਿਤਾਂ ਦੇ ਨਾਂਅ 'ਤੇ ਵਹਾ ਰਹੇ ਹਨ ਮਗਰਮੱਛ ਵਾਲੇ ਹੰਝੂ : ਹਰਚੰਦ ਬਰਸਟ

■ 'ਆਪ' ਦੀ ਸਰਕਾਰ ਦੇ ਕਾਰਜਕਾਲ 'ਚ ਦਲਿਤ ਵਰਗ ਨੂੰ ਦਿੱਤਾ ਜਾ ਰਿਹੈ ਪੂਰਾ ਮਾਣ-ਸਨਮਾਨ

ਸਮਾਣਾ (ਗੁਰਧਿਆਰ ਸਿੰਘ ਬੱਲ)-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਜਲੰਧਰ ਤੋਂ ਮੌਜੂਦਾ ਸੰਸਦ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਦਲਿਤ ਵਰਗ ਦੇ ਨਾਂ 'ਤੇ ਸਿਰਫ ਨਿੱਜੀ ਹਿੱਤਾਂ ਦੀ ਰਾਜਨੀਤੀ ਕਰਦੇ ਹੋਏ ਮਗਰਮੱਛ ਵਾਲੇ ਹੰਝੂ ਵਹਾ ਰਹੇ ਹਨ।ਉਨ੍ਹਾਂ ਕਿਹਾ ਕਿ ਲੰਮਾਂ ਸਮਾਂ ਸੱਤਾ ਵਿੱਚ ਰਹਿਣ ਦੇ ਬਾਵਜੂਦ ਕਾਂਗਰਸ ਪਾਰਟੀ ਨੇ ਦਲਿਤ ਵਰਗ ਨੂੰ ਮੁੱਢਲੀਆਂ ਸਹੂਲਤਾਂ ਤੱਕ ਨਹੀਂ ਦਿੱਤੀਆਂ, ਸਗੋਂ ਦਲਿਤ ਵਰਗ ਨੂੰ ਗੁੰਮਰਾਹ ਕਰਕੇ ਸਿਰਫ ਵੋਟ ਬੈਂਕ ਵਜੋਂ ਹੀ ਵਰਤਿਆ ਗਿਆ ਹੈ।ਕਾਂਗਰਸ ਪਾਰਟੀ ਵੱਲੋਂ ਦਲਿਤ ਵਰਗ ਨੂੰ ਹਮੇਸ਼ਾ ਨਾਲ ਕੇ ਗੁੰਮਰਾਹ ਕੀਤਾ ਜਾਂਦਾ ਰਿਹਾ ਹੈ।ਦਲਿਤ ਵਰਗ ਲਈ ਕਦੇ ਵੀ ਚੰਗੇ ਸਕੂਲ, ਹਸਪਤਾਲ, ਰੋਜ਼ਗਾਰ ਦੇ ਸਾਧਨ ਪੈਦਾ ਨਹੀਂ ਕੀਤੇ ਗਏ ਅਤੇ ਅੱਜ ਜਦੋਂ ਕਾਂਗਰਸ ਪਾਰਟੀ ਦਲਿਤ ਵਰਗ ਤੋਂ ਪੂਰੀ ਤਰ੍ਹਾਂ ਨਿੱਖੜ ਚੁੱਕੀ ਹੈ, ਤਾਂ ਚਰਨਜੀਤ ਸਿੰਘ ਚੰਨੀ ਵਰਗੇ ਆਗੂ ਸਿਰਫ ਗੁੰਮਰਾਹਕੁਨ ਬਿਆਨ ਹੀ ਦੇ ਰਹੇ ਹਨ।

ਸ੍ਰ. ਬਰਸਟ ਨੇ ਕਿਹਾ ਕਿ ਦੂਜੇ ਪਾਸੇ ਆਮ ਆਦਮੀ ਪਾਰਟੀ ਵੱਲੋਂ ਸਰਕਾਰ ਬਣਨ ਤੋਂ ਤੁਰੰਤ ਬਾਅਦ ਹੀ ਸਾਰੇ ਵਰਗਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜਾਂ ਤੇ ਲੋਕ ਭਲਾਈ ਦੇ ਕਾਰਜਾਂ ਦੀ ਹਨੇਰੀ ਲਿਆਂਦੀ ਗਈ।ਸਰਕਾਰ ਵੱਲੋਂ ਹਰ ਘਰ ਨੂੰ ਹਰ ਮਹੀਨੇ ਲਈ 600 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਮਹਿਲਾਵਾਂ ਨੂੰ ਸਫਰ ਕਰਨ ਲਈ ਮੁਫਤ ਬੱਸ ਸਰਵਿਸ ਚਲਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਐਡਵੋਕੇਟ ਜਨਰਲ ਆਫਿਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਵਕੀਲਾਂ ਦੀਆਂ ਅਸਾਮੀਆਂ ਦਾ ਭਰਤੀ ਸਮੇਂ ਰਿਜ਼ਰਵੇਸ਼ਨ ਦਿੱਤਾ ਗਿਆ ਹੈ। ਦਲਿਤ ਵਰਗ ਦਾ ਕਰੀਬ 68 ਕਰੋੜ ਦਾ ਕਰਜ਼ਾ ਵੀ ਮੁਆਫ਼ ਕੀਤਾ ਗਿਆ ਹੈ।ਪੰਜਾਬ ਸਰਕਾਰ ਵੱਲੋਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਦੇ 55,000 ਦੇ ਕਰੀਬ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਤੇ ਉਨ੍ਹਾਂ ਵਿੱਚ ਵੀ ਦਲਿਤ ਵਰਗ ਨੂੰ ਪੂਰੀ ਰਿਜ਼ਰਵੇਸ਼ਨ ਦਿੱਤੀ ਗਈ ਹੈ।ਅੱਜ ਪੰਜਾਬ ਸਰਕਾਰ ਵਿੱਚ ਦਲਿਤ ਵਰਗਾਂ ਨਾਲ ਸਬੰਧਤ ਮੰਤਰੀਆਂ ਨੂੰ ਅਹਿਮ ਅਹੁਦੇ ਦੇ ਕੇ ਨਵਾਜਿਆ ਗਿਆ ਹੈ, ਤਾਂ ਜੋ ਦਲਿਤ ਵਰਗ ਦੇ ਲੋਕਾਂ ਦਾ ਧਿਆਨ ਰੱਖਿਆ ਜਾ ਸਕੇ।

## ਦਿੱਲੀ ਦੀ ਨਕਾਰੀ 'ਆਪ' ਲੀਡਰਸ਼ਿਪ ਪੰਜਾਬ 'ਤੇ ਕਰ ਰਹੀ ਹੈ ਕਬਜ਼ਾ : ਗੋਲਡੀ ਖੰਗੂੜਾ



ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਲੁਧਿਆਣਾ ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਲੁਧਿਆਣਾ ਜ਼ਿਮਨੀ ਚੋਣ ਵਿੱਚ ਸਿਰਫ਼ ਤੇ ਸਿਰਫ਼ ਭਾਰਤ ਭੂਸ਼ਨ ਆਸ਼ੂ ਹੀ ਇੱਕ ਅਜਿਹਾ ਉਮੀਦਵਾਰ ਹੈ, ਜੋ ਲੁਧਿਆਣਾ ਦੇ ਲੋਕਾਂ ਲਈ 24 ਘੰਟੇ ਉਪਲਬਧ ਹੈ। ਉਨ੍ਹਾਂ ਆਸ਼ੂ ਦੇ ਬਤੌਰ ਮੰਤਰੀ ਤੇ ਬਤੌਰ ਵਿਧਾਇਕ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਦਾ ਮੁਕਾਬਲਾ ਬਾਕੀ ਉਮੀਦਵਾਰਾਂ ਨਾਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਆਸ਼ੂ ਨੂੰ ਬਿਨਾਂ ਵਜ੍ਹਾ ਸੱਤਾਧਾਰੀਆਂ ਨੇ ਜੇਲ੍ਹ ਵਿੱਚ ਰੱਖ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਹੀ ਲੀਡਰਾਂ ਨੂੰ ਸਵਾਲ ਕਰਨ ਤੇ ਬਦਨਾਮ ਕਰਨ ਦੀ ਸ਼ੁਰੂਆਤ ਕੀਤੀ ਸੀ, ਜੋ ਉਹ ਇਨ੍ਹਾਂ 'ਤੇ ਹੀ ਭਾਰੂ ਹੁੰਦੀ ਜਾ ਰਹੀ ਹੈ। ਉਨ੍ਹਾਂ ਆਪ ਉਮੀਦਵਾਰ ਸੰਜੀਵ ਅਰੋੜਾ ਦੀ ਗੱਲ ਕਰਦਿਆਂ ਕਿਹਾ ਕਿ ਦਿੱਲੀ ਦੇ ਹਾਰੇ ਆਪਣੇ ਆਕਾ ਨੂੰ ਰਾਜ ਸਭਾ ਵਿੱਚ ਭੇਜਣ ਲਈ ਇਹ ਸਾਰੀ ਵਿਉਂਤਬੰਦੀ ਕੀਤੀ ਗਈ ਹੈ ਅਤੇ ਦਿੱਲੀ ਦੀ ਨਕਾਰੀ 'ਆਪ' ਲੀਡਰਸ਼ਿਪ ਹੁਣ ਪੰਜਾਬ ਦੀ ਸਿਆਸਤ 'ਤੇ ਕਬਜ਼ਾ ਕਰ ਰਹੀ ਹੈ, ਨਹੀਂ ਰਾਜ ਸਭਾ ਦੀ ਮੈਂਬਰਸ਼ਿਪ ਨੂੰ ਛੱਡ ਕੇ ਕੋਈ ਵਿਅਕਤੀ ਵਿਧਾਇਕ ਦੀ ਚੋਣ ਨਹੀਂ ਲੜਦਾ। ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਕਾਂਗਰਸ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਇਸ ਨਾਲ ਜੁੜ ਰਿਹਾ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਕਾਂਗਰਸ ਹੀ ਇੱਕ ਅਜਿਹੀ ਪਾਰਟੀ ਹੈ, ਜਿਹੜੀ ਦੇਸ਼ ਨੂੰ ਤਰੱਕੀ ਦੀ ਰਾਹ 'ਤੇ ਲੈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ 2027 ਦੀ ਵਿਧਾਨ ਸਭਾ ਚੋਣ ਵਿੱਚ ਪੰਜਾਬ ਅੰਦਰ ਮੁੜ ਕਾਂਗਰਸ ਪਾਰਟੀ ਸੱਤਾ ਵਿੱਚ ਆਵੇਗੀ ਤੇ ਪੰਜਾਬ ਮੁੜ ਰੰਗਲਾ ਪੰਜਾਬ ਬਣ ਜਾਵੇਗਾ।

## ਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਅਕਾਲੀ ਦਲ ਸੁਤੰਤਰ ਵੱਲੋਂ ਛਬੀਲ



ਨਾਭਾ (ਵਰਿੰਦਰ ਵਰਮਾ)-ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਹੇਠ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਦਾ ਪ੍ਰਤੱਖ ਰੂਪ ਸਾਹਮਣੇ ਆਉਂਦਾ ਹੈ। ਅਜੋਕੇ ਸਮੇਂ 'ਚ ਧਰਮ ਤੇ ਰਾਜਨੀਤੀ ਦੇ ਸੰਬੰਧ ਵਿੱਚ ਮੀਰੀ ਪੀਰੀ ਦਾ ਸੰਕਲਪ ਹੀ ਉਸਾਰੂ ਸੇਧ ਦੇਣ ਦੇ ਸਮਰੱਥ ਹੈ। ਉਨ੍ਹਾਂ ਲੰਘੇ ਵਕਤ ਤੇ ਮੌਜੂਦਾ ਹਾਲਤਾਂ ਦਾ ਜ਼ਿਕਰ ਕਰਦਿਆਂ ਫ਼ੁਰਮਾਇਆ ਕਿ ਧਰਮ ਦੀ ਰਾਖੀ ਲਈ ਰਾਜ ਰੂਪੀ ਵਾੜ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਸਾਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਵੇਖਦੇ ਹੋਏ ਇਨ੍ਹਾਂ ਦਿਨਾਂ ਵਿੱਚ ਇਸੇ ਤਰ੍ਹਾਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਉਣ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਸੰਤ ਬਾਬਾ ਨਛੱਤਰ ਸਿੰਘ ਜੀ ਕੱਲਰ ਭੈਣੀ ਵਾਲੇ, ਬਾਬਾ ਬੂਟਾ ਸਿੰਘ ਤੇ ਹੋਰ ਸਹਿਯੋਗੀਆਂ ਦੇ ਨਾਲ ਸਵੇਰ ਤੋਂ ਸ਼ਾਮ ਤੱਕ ਠੰਡੇ ਮਿੱਠੇ ਜਲ ਦੀ ਛਬੀਲ ਵਰਤਾਉਣ ਦੀ ਸੇਵਾ ਨਿਭਾਈ। ਇਸ ਮੌਕੇ ਹੈਪੀ ਸੁੱਖੇਵਾਲ, ਸੁਰਜੀਤ ਬਾਬਰਪੁਰ, ਕੁਲਵੰਤ ਸਿੰਘ ਸਿਆਣ, ਰਘਬੀਰ ਸਿੰਘ ਨੌਹਰਾ, ਹਰਦੀਪ ਖੋਖ, ਕਰਮ ਸਿੰਘ ਖਾਲਸਾ ਆਦਿ ਸੰਗਤਾਂ ਹਾਜ਼ਰ ਸਨ।

## ਡਾ. ਸੁਧੀਰ ਖਿੱਚੀ ਨੂੰ ਸੇਵਾ-ਮੁਕਤ ਹੋਣ ਉਪਰੰਤ ਨਿੱਘੀ ਵਿਦਾਇਗੀ ਪਾਰਟੀ

■ ਗੁਰੂ ਰਵਿਦਾਸ ਸੁਸਾਇਟੀ ਵੱਲੋਂ ਸਮਾਗਮ ਆਯੋਜਿਤ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)-ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਤਾਇਨਾਤ ਆਰਥੋ ਸਰਜਰੀ ਦੇ ਮਾਹਿਰ ਡਾ. ਸੁਧੀਰ ਖਿੱਚੀ ਐੱਮ.ਸੀ.ਐੱਚ. 43 ਸਾਲ ਦੀ ਸ਼ਾਨਦਾਰ ਸੇਵਾ ਉਪਰੰਤ ਸੇਵਾ ਮੁਕਤ ਹੋ ਗਏ ਹਨ।ਇਸ ਸੰਬੰਧ 'ਚ ਸਥਾਨਕ ਸ੍ਰੀ ਗੁਰੂ ਰਵਿਦਾਸ ਸੁਸਾਇਟੀ (ਰਜਿ.) ਵੱਲੋਂ ਵਿਸ਼ੇਸ਼ ਸਮਾਗਮ ਫ਼ਰੀਦਕੋਟ ਕਲੱਬ ਵਿਖੇ ਕੀਤਾ ਗਿਆ।ਸੁਸਾਇਟੀ ਦੇ ਪ੍ਰਧਾਨ ਮਨਜੀਤ ਖਿੱਚੀ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਸੁਸਾਇਟੀ ਦੇ ਸਰਪ੍ਰਸਤ ਭੂਪਿੰਦਰ ਕੁਮਾਰ, ਚੇਅਰਮੈਨ ਜਗਦੀਸ਼ ਰਾਜ ਭਾਰਤੀ, ਪ੍ਰਿੰ. ਕ੍ਰਿਸ਼ਨ ਲਾਲ, ਵਾਇਸ ਪ੍ਰਧਾਨ ਮਦਨ ਲਾਲ, ਮੋਤੀ ਰਾਮ, ਬਲਬੀਰ ਸਿੰਘ ਸੁਪਰਡੈਂਟ, ਅਮਰਜੀਤ ਸਿੰਘ ਧਨੌਲਾ, ਜਗਦੀਸ਼ ਰਾਏ ਢੋਸੀਵਾਲ, ਰਾਮ ਪਾਲ, ਰਣਜੀਤ ਸਿੰਘ, ਡਾ. ਸ਼ਿਵ ਸਾਗਰ, ਲਾਲ ਚੰਦ ਖਿੱਚੀ, ਹਰੀ ਪਾਲ, ਅਮਨ ਨਿਭੋਰੀਆ ਤੇ ਰਾਜ ਕੁਮਾਰ ਰਾਜ ਆਦਿ ਪਰਿਵਾਰ ਸਮੇਤ ਸ਼ਾਮਲ ਸਨ।ਸਭ ਤੋਂ ਪਹਿਲਾਂ ਡਾ. ਸੁਧੀਰ ਖਿੱਚੀ ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਲਤਾ ਖਿੱਚੀ ਦਾ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ ਅਤੇ ਫੁੱਲਾਂ ਦੇ ਹਾਰ ਪਾ ਕੇ ਜੀ ਆਇਆਂ ਕਿਹਾ ਗਿਆ।ਵਿਦਾਇਗੀ ਸਮਾਰੋਹ ਦੌਰਾਨ ਸਟੇਜ ਸਕੱਤਰ ਦੀ ਡਿਊਟੀ ਪ੍ਰਿੰ. ਕ੍ਰਿਸ਼ਨ ਲਾਲ ਨੇ ਸ਼ਾਇਰਾਨਾ ਅੰਦਾਜ਼ ਨਾਲ ਬਾਖ਼ੂਬੀ ਨਿਭਾਈ।ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਚੇਅਰਮੈਨ ਸ੍ਰੀ ਭਾਰਤੀ ਨੇ ਦੱਸਿਆ ਕਿ ਸਮਾਗਮ ਦੌਰਾਨ ਸਮੂਹ ਬੁਲਾਰਿਆਂ ਨੇ ਡਾ. ਖਿੱਚੀ ਦੀ ਆਪਣੇ ਕਿੱਤੇ ਪ੍ਰਤੀ ਸਮਰਪਣ ਤੇ ਸੇਵਾ ਭਾਵਨਾ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਨੂੰ ਸਮੁੱਚੇ ਸਮਾਜ ਦਾ ਮਾਣ ਦੱਸਿਆ।ਜ਼ਿਕਰਯੋਗ ਹੈ ਕਿ ਮੁੱਢਲੇ ਤੌਰ 'ਤੇ ਮੁਕਤਸਰ ਦੇ ਜੰਮਪਲ ਡਾ. ਖਿੱਚੀ ਨੇ ਇਲਾਕੇ ਵਿੱਚ ਸਭ ਤੋਂ ਪਹਿਲਾਂ ਐੱਮ.ਸੀ.ਐੱਚ. ਦੀ ਉੱਚ ਪੱਧਰੀ ਡਿਗਰੀ ਹਾਸਲ ਕੀਤੀ ਸੀ ਅਤੇ ਉਹ ਸਥਾਨਕ ਮੈਡੀਕਲ ਕਾਲਜ ਵਿੱਚ ਬਤੌਰ ਮੁਖੀ ਕੰਮ ਕਰਦੇ ਰਹੇ ਹਨ।

ਸਮਾਰੋਹ ਦੌਰਾਨ ਡਾ. ਖਿੱਚੀ ਨੇ ਸੁਸਾਇਟੀ ਵੱਲੋਂ ਦਿੱਤੇ ਮਾਣ-ਤਾਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਉਹ ਆਪਣੀ ਸਾਰੀ ਸੇਵਾ ਦੌਰਾਨ ਆਪਣੇ ਕਿੱਤੇ ਨੂੰ ਮੁੱਢਲੇ ਫਰਜ਼ ਤੇ ਲੋਕ ਸੇਵਾ ਵਜੋਂ ਨਿਭਾਉਂਦੇ ਰਹੇ ਹਨ।ਸ੍ਰੀ ਭਾਰਤੀ ਨੇ ਦੱਸਿਆ ਕਿ ਸਮਾਗਮ ਦੌਰਾਨ ਡਾ. ਖਿੱਚੀ ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਲਤਾ ਖਿੱਚੀ ਨੂੰ ਸ਼ਾਨਦਾਰ ਸ਼ਾਲ ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਮਾਰੋਹ ਦੇ ਅੰਤ ਵਿੱਚ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

## ਪੀ ਡੀ ਜੈਨ ਚੈਰੀਟੇਬਲ ਟਰੱਸਟ ਵੱਲੋਂ ਕੈਂਸਰ ਦਾ ਮੁਫਤ ਚੈੱਕਅੱਪ ਕੈਂਪ



ਜਗਰਾਓਂ (ਅਮਿਤ ਖੰਨਾ)-ਪੀ ਡੀ ਜੈਨ ਚੈਰੀਟੇਬਲ ਟਰੱਸਟ ਵੱਲੋਂ ਸਿੱਧਵਾਂ ਬੇਟ ਦੇ ਸਰਕਾਰੀ ਹਸਪਤਾਲ ਵਿਖੇ ਡਾਕਟਰ ਕੇਹਰ ਸਿੰਘ ਯਾਦਗਾਰੀ ਕੈਂਸਰ ਦਾ ਮੁਫਤ ਚੈੱਕਅਪ ਕੈਂਪ ਲਗਾਇਆ ਗਿਆ। ਇਸ ਚੈੱਕਅਪ ਦੌਰਾਨ ਅੱਖਾਂ ਤੇ ਜਨਰਲ ਰੋਗਾਂ ਦੇ ਮਰੀਜ਼ਾਂ ਦਾ ਵੀ ਚੈੱਕਅਪ ਕੀਤਾ ਗਿਆ। ਇਸ ਕੈਂਪ ਵਿੱਚ 500 ਦੇ ਕਰੀਬ ਲੋਕਾਂ ਨੇ ਪਹੁੰਚ ਕੇ ਆਪਣਾ ਚੈੱਕਅਪ ਕਰਾਇਆ। ਕੈਂਪ ਦੌਰਾਨ ਕੈਂਸਰ ਦੇ ਮਹਿੰਗੇ ਟੈਸਟ ਮੁਫਤ ਕੀਤੇ ਗਏ। ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਗਈਆਂ। ਕੈਂਪ ਵਿੱਚ ਡਾਕਟਰ ਕੁਲਵੰਤ ਸਿੰਘ ਧਾਲੀਵਾਲ ਇੰਗਲੈਂਡ ਤੋਂ ਸਪੈਸ਼ਲ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਆਪਣੇ ਸੁਝਾਵ ਦਿੱਤੇ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਅਸੀਂ ਆਪਣੀ ਜੀਵਨ ਸ਼ੈਲੀ ਤੇ ਖਾਣ-ਪੀਣ ਵਿੱਚ ਬਦਲਾਅ ਲਿਆ ਕੇ ਇਸ ਕੈਂਸਰ ਵਰਗੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਇਸ ਦਾ ਇਲਾਜ ਤਾਂ ਹੀ ਸੰਭਵ ਹੈ, ਜੇਕਰ ਇਸ ਦਾ ਸਮੇਂ ਸਿਰ ਪਤਾ ਲੱਗ ਜਾਵੇ। ਇਸ ਕੈਂਪ ਵਿੱਚ ਸਾਬਕਾ ਡੀ ਆਈ ਜੀ ਮਨਦੀਪ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਕਿਹਾ ਕਿ ਉਹ ਆਪਣੇ ਪੁਰਖਿਆਂ ਦੀ ਧਰਤੀ 'ਤੇ ਪਹੁੰਚ ਕੇ ਮਾਣ ਮਹਿਸੂਸ ਕਰ ਰਹੇ ਹਨ। ਇਹ ਕੈਂਪ ਲਗਾਉਣ 'ਚ ਵੀ ਉਨ੍ਹਾਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਕਰਨਲ ਜਸਜੀਤ ਸਿੰਘ ਗਿੱਲ ਨੇ ਕੈਂਪ 'ਤੇ ਪਹੁੰਚ ਕੇ ਲੋਕਾਂ ਨੂੰ ਪਾਣੀ ਦੀ ਅਹਿਮੀਅਤ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਉਹ ਪਾਣੀ ਬਚਾਉਣ ਲਈ ਤਰ੍ਹਾਂ ਤਰ੍ਹਾਂ ਦੇ ਉਪਰਾਲੇ ਕਰ ਰਹੇ ਹਨ। ਇਸ ਮੌਕੇ ਰਜਿੰਦਰ ਜੈਨ ਤੇ ਗੁਰਿੰਦਰ ਸਿੰਘ ਸਿੱਧੂ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਕੈਂਪ ਲੱਗਦੇ ਰਹਿਣਗੇ। ਇਸ ਮੌਕੇ ਸਰਵਰਿੰਦਰ ਸਿੰਘ ਸਿੱਧੂ, ਡਾਕਟਰ ਸਤੀਸ਼ ਸ਼ਰਮਾ, ਰਾਜ ਕੁਮਾਰ ਭੱਲਾ, ਅਰੁਣ ਗੋਇਲ, ਰਵੀ ਗੋਇਲ (ਏਪੀ ਰਿਫਾਇਨਰੀ), ਐਡਵੋਕੇਟ ਮਹਿੰਦਰ ਸਿੰਘ ਸਿੱਧੂ, ਸਾਬਕਾ ਸਰਪੰਚ ਪਰਮਜੀਤ ਸਿੰਘ, ਸਾਬਕਾ ਚੇਅਰਮੈਨ ਸੁਰਿੰਦਰ ਸਿੰਘ ਟੀਟੂ, ਸਾਬਕਾ ਚੇਅਰਮੈਨ ਰਸਪਾਲ ਸਿੰਘ ਤਲਵਾੜਾ, ਬਲਾਕ ਪ੍ਰਧਾਨ ਜਗਦੇਵ ਸਿੰਘ ਦਿਓਲ, ਰੋਬਿਨ ਸਿੱਧੂ, ਗੁਰਦੀਪ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸ਼ਸ਼ੀ ਭੂਸ਼ਨ ਜੈਨ ਨੇ ਸਟੇਜ ਦੀ ਭੂਮਿਕਾ ਬਾਖ਼ੂਬੀ ਨਿਭਾਈ।

## ਕੜਾਕੇ ਦੀ ਧੁੱਪ 'ਚ ਮਰੀਜ਼ਾਂ ਲਈ ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੋਸਾਇਟੀ ਨੇ ਨਿਭਾਈਆਂ ਲੰਗਰ ਦੀਆਂ ਸੇਵਾਵਾਂ

### ਵੱਖ-ਵੱਖ ਹਸਪਤਾਲਾਂ 'ਚ ਮਰੀਜ਼ਾਂ ਲਈ 8 ਥਾਵਾਂ 'ਤੇ ਸੰਸਥਾ ਵੱਲੋਂ ਲਗਾਇਆ ਲੰਗਰ



ਨਾਭਾ (ਵਰਿੰਦਰ ਵਰਮਾ)-ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੋਸਾਇਟੀ ਨਾਭਾ ਵੱਲੋਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਨੂੰ ਮੁੱਖ ਰੱਖਦਿਆਂ ਵੱਖ-ਵੱਖ ਹਸਪਤਾਲਾਂ ਵਿੱਚ ਅੱਠ ਥਾਵਾਂ 'ਤੇ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਲਈ ਲੰਗਰ ਦੀਆਂ ਸੇਵਾਵਾਂ ਕੜਾਕੇ ਦੀ ਧੁੱਪ ਵਿੱਚ ਵੀ ਨਿਭਾਈਆਂ ਗਈਆਂ।ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ, ਪ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਨਾਮਧਾਰੀ ਰਾਣਾ ਨਾਭਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀਜੀਆਈ ਹਸਪਤਾਲ ਚੰਡੀਗੜ੍ਹ ਦਾ ਮੇਨ ਗੇਟ, ਓਪੀਡੀ ਵਾਲਾ ਗੇਟ, ਸੈਕਟਰ 32 ਵਾਲੀ ਪੀਜੀਆਈ, ਨਿਊ ਚੰਡੀਗੜ੍ਹ ਕੈਂਸਰ ਹਸਪਤਾਲ, ਸਰਕਾਰੀ ਹਸਪਤਾਲ ਨਾਭਾ, ਕੈਂਸਰ ਹਸਪਤਾਲ ਸੰਗਰੂਰ, ਰਾਜਿੰਦਰਾ ਹਸਪਤਾਲ ਪਟਿਆਲਾ, ਸਰਕਾਰੀ ਹਸਪਤਾਲ ਸੰਗਰੂਰ ਵਿਖੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਲੰਗਰ ਲੈ ਜਾਇਆ ਗਿਆ।ਸੰਸਥਾ ਵੱਲੋਂ ਵੱਡੇ ਪੱਧਰ 'ਤੇ ਆਕਸੀਜਨ ਦਾ ਲੰਗਰ, ਜੋ ਅੱਜ ਵੀ ਚੱਲ ਰਿਹਾ, ਵ੍ਹੀਲ ਚੇਅਰ ਮਰੀਜ਼ਾਂ ਵਾਸਤੇ ਬੈੱਡ, ਮਹੀਨਾਵਾਰੀ ਰਾਸ਼ਨ, ਲੋੜਵੰਦ ਪਰਵਾਰਾਂ ਦੇ ਮੁਫਤ ਇਲਾਜ, ਦਵਾਈਆਂ ਤੇ ਮੁਫਤ ਅਪ੍ਰੇਸ਼ਨ, ਜਿਨ੍ਹਾਂ ਮਾਪਿਆਂ ਦੇ ਬੱਚੇ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਲਈ ਪੜ੍ਹਾਈ ਦਾ ਖਰਚਾ ਪੜਤਾਲ ਕਰਨ ਉਪਰੰਤ ਆਦਿ ਸੇਵਾਵਾਂ ਲੋੜਵੰਦਾਂ ਲਈ ਲਗਾਤਾਰ ਜਾਰੀ ਹਨ। ਉਨ੍ਹਾਂ ਸਾਂਝੇ ਤੌਰ 'ਤੇ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸੰਸਥਾ ਦਾ ਸਹਿਯੋਗ ਦਿਓ ਤਾਂ ਜੋ ਲੋੜਵੰਦਾਂ ਲਈ ਕਾਰਜ ਲਗਾਤਾਰ ਚੱਲਦੇ ਰਹਿਣ।ਇਸ ਮੌਕੇ ਹਰਦੇਵ ਸਿੰਘ, ਇੰਦਰਪ੍ਰੀਤ ਸਿੰਘ ਕਾਹਲੋਂ ਗਾਂਧੀ, ਰਾਣਾ ਨਾਭਾ, ਸੌਰਵ ਕੁਮਾਰ, ਜਸਵਿੰਦਰ ਪਾਲ ਸਿੰਘ, ਕੈਪਟਨ ਸੁਖਵਿੰਦਰ ਸਿੰਘ ਮੱਖਣ, ਜਥੇਦਾਰ ਹਾਕਮ ਸਿੰਘ, ਜਥੇਦਾਰ ਹਰਪ੍ਰੀਤ ਸਿੰਘ, ਅਵਤਾਰ ਸਿੰਘ ਜੀ ਚੁੱਲਾ, ਅਸ਼ੋਕ ਅਰੋੜਾ, ਦਰਸ਼ਨ ਅਰੋੜਾ, ਭੁਪਿੰਦਰ ਸਿੰਘ ਅਮਨ, ਐਡਵੋਕੇਟ ਸਨੀ ਰਹੇਜਾ, ਸੁਰੇਸ਼ ਕੁਮਾਰ, ਅੰਟਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

## ਪੰਜਾਬ ਨੂੰ ਰੰਗਲਾ ਬਣਾਉਣ ਦੇ ਨਾਂਅ 'ਤੇ ਕੀਤਾ ਕੰਗਲਾ : ਹਰਦੀਪ ਦੌਲਤਪੁਰ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਗੱਲਬਾਤ ਕਰਦਿਆਂ 'ਆਪ' ਦੀ ਸਰਕਾਰ ਦੇ ਤਿੰਨ ਸਾਲਾਂ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਦਲਾਅ ਦੇ ਨਾਮ 'ਤੇ ਬਦਲੇ ਦੀ ਰਾਜਨੀਤੀ ਕਰਨ ਵਾਲਿਆਂ ਤੋਂ ਸਾਵਧਾਨ ਰਹੋ। ਪੰਜਾਬ ਨੂੰ ਰੰਗਲਾ ਬਣਾਉਣ ਦੇ ਨਾਮ 'ਤੇ 'ਆਪ' ਦੀ ਦਿੱਲੀ ਲੀਡਰਸ਼ਿਪ ਨੇ ਪੰਜਾਬ ਨੂੰ ਕਰਜ਼ੇ ਦੇ ਬੋਝ ਹੇਠ ਦੱਬ ਕੇ ਕੰਗਾਲ ਕਰ ਦਿੱਤਾ ਹੈ। ਪੰਜਾਬ ਸਰਕਾਰ ਦੇ 54 ਹਜ਼ਾਰ ਨੌਕਰੀਆਂ ਦੇਣ ਦੇ ਦਾਅਵੇ ਸਿਰਫ਼ ਕਾਗਜ਼ੀ ਹੀ ਸਾਬਿਤ ਹੋ ਰਹੇ ਹਨ। ਬੇਰੁਜ਼ਗਾਰ ਸੜਕਾਂ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ। ਇਸ ਭਿਆਨਕ ਗਰਮੀ ਵਿੱਚ ਬਿਜਲੀ ਕੱਟਾਂ ਕਾਰਨ ਜਨਤਾ ਤਰਾਹੀ-ਤਰਾਹੀ ਕਰ ਰਹੀ ਹੈ। ਬਿਜਲੀ ਕੱਟਾਂ ਕਾਰਨ ਲੋਕ ਰਾਤਾਂ ਅਪਣੀਆਂ ਕਾਰਾਂ ਵਿੱਚ ਏ ਸੀ ਚਾਲੂ ਰੱਖ ਕੇ ਬਿਤਾਅ ਰਹੇ ਹਨ। ਉਨ੍ਹਾਂ ਕਿਹਾ ਕਿ ਅਬਦਾਲੀ ਦੀ ਤਰਜ਼ 'ਤੇ ਪੰਜਾਬ ਨੂੰ ਲੁੱਟਣ ਆਏ ਕੇਜਰੀਵਾਲ ਤੋਂ ਬਚਣ ਲਈ ਅਪੀਲ ਕਰਦੇ ਹੋਏ ਉਨ੍ਹਾਂ ਕਿਹਾ ਕਿ 19 ਜੂਨ ਨੂੰ ਹੋਣ ਵਾਲੀਆਂ ਲੁਧਿਆਣਾ ਜ਼ਿਮਨੀ ਚੋਣਾਂ ਵਿੱਚ ਆਸ਼ੂ ਦਾ ਸਮਰਥਨ ਕਰਕੇ ਪੰਜਾਬ ਨੂੰ ਲੁੱਟਣ ਤੋਂ ਬਚਾਉਣ ਦੀ ਪਹਿਲਕਦਮੀ ਕੀਤੀ ਜਾਵੇ।

## ਹਿੰਦੂ ਵੈੱਲਫੇਅਰ ਬੋਰਡ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਹਿੰਦੂ ਵੈੱਲਫੇਅਰ ਬੋਰਡ ਦੇ ਚੇਅਰਮੈਨ ਮਹੰਤ ਰਵੀ ਕਾਂਤ ਮੁਨੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਰਾਮਪੁਰਾ ਫੂਲ ਸਬ-ਡਵੀਜ਼ਨਲ ਦੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਦੇਵਾਲਿਆ ਦੇਵਸਥਾਨ ਪ੍ਰਬੰਧਨ ਐਕਟ (ਹਿੰਦੂ ਮੰਦਿਰ ਐਕਟ) ਦੀ ਮੰਗ ਸਬੰਧੀ ਇੱਕ ਮੰਗ ਪੱਤਰ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਸੱਤਪਾਲ ਸ਼ਰਮਾ ਦੀ ਅਗਵਾਈ ਹੇਠ ਵੱਖ ਵੱਖ ਡਵੀਜ਼ਨ ਵਿੱਚ ਸੌਂਪਿਆ ਗਿਆ। ਬੋਰਡ ਦੇ ਕਨਵੀਨਰ ਮਨਦੀਪ ਸ਼ਰਮਾ ਵੱਲੋਂ ਮੰਗ ਪੱਤਰ ਪੇਸ਼ ਕੀਤਾ ਗਿਆ, ਜਿਸ ਵਿੱਚ ਪੰਜਾਬ ਵਿੱਚ ਹਿੰਦੂ ਮੰਦਰਾਂ ਤੇ ਧਾਰਮਿਕ ਸੰਸਥਾਵਾਂ ਦੇ ਸੁਤੰਤਰ, ਪਾਰਦਰਸ਼ੀ ਤੇ ਧਾਰਮਿਕ ਪ੍ਰਬੰਧਨ ਲਈ ਕਾਨੂੰਨੀ ਢਾਂਚੇ ਦੀ ਮੰਗ ਕੀਤੀ ਗਈ। ਇਸ ਮੌਕੇ ਸ਼ਹਿਰ ਦੇ ਪਤਵੰਤੇ ਸੱਜਣ, ਨਵਨੀਤ ਕੁਮਾਰ ਸੀ ਏ, ਡਾਕਟਰ ਪ੍ਰਮੋਦ ਸ਼ਰਮਾ, ਐਡਵੋਕੇਟ ਅਕਾਸ਼ ਕੌਸ਼ਲ, ਜੋਨੀ ਚੌਹਾਨ, ਅਭਿਜੀਤ, ਕਵਿਸ, ਸੂਰਜ ਰਜੋਰਾ ਕੌਂਸਲਰ, ਜੋਗਿੰਦਰ ਸਿੰਗਲਾ, ਰਵੀ ਸੁਨਾਰੀਆ, ਸੰਜੀਵ ਤੰਵਰ, ਰਣਜੀਤ ਮੁਕੇਰੀਆਂ, ਪਵਨ ਚੌਹਾਨ, ਵੀਰਭੱਦਰ, ਸਚਿਨ, ਬਾਬਾ ਅਮਨਦੀਪ ਗਿਰ, ਅਨਿਲ ਗਰਗ, ਰਵੀ ਸੁਨਾਰੀਆ, ਰਜੀਵ ਸਿੰਗਲਾ, ਪਰਮਿੰਦਰ , ਰਾਜਿੰਦਰ ਤਿਵਾੜੀ, ਗੋਗੀ ਬਾਵਾ, ਸੁਨਿਸ਼ ਗਰਗ, ਅਤੁਲ ਗੋਇਲ, ਰੋਕੀ ਬਾਂਸਲ, ਮੋਹਿਤ ਕੋਹਲੀ, ਪੰਕਜ ਗੋਇਲ, ਸੰਜੀਵ ਗਰਗ ਆਦਿ ਮੈਂਬਰ ਹਾਜ਼ਰ ਸਨ। ਹਿੰਦੂ ਵੈੱਲਫੇਅਰ ਬੋਰਡ ਨੇ ਪੰਜਾਬ ਸਰਕਾਰ ਨੂੰ ਦੇਵਾਲਿਆ ਦੇਵਸਥਾਨ ਪ੍ਰਬੰਧਨ ਐਕਟ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਹੈ।

## ਜ਼ਮੀਨਾਂ 'ਤੇ ਕਬਜ਼ੇ ਰੋਕਣ ਲਈ ਕਿਸਾਨਾਂ ਵੱਲੋਂ ਪਿੰਡ-ਪਿੰਡ ਮੀਟਿੰਗਾਂ



ਤਲਵੰਡੀ ਸਾਬੋ (ਜਗਦੀਪ ਗਿੱਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਬਲਾਕ ਤਲਵੰਡੀ ਸਾਬੋ ਦੇ ਵੱਖ ਵੱਖ ਪਿੰਡਾਂ ਵਿੱਚ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਦੀ ਅਗਵਾਈ ਹੇਠ ਮੀਟਿੰਗਾਂ ਕੀਤੀਆਂ ਗਈਆਂ।ਮੀਟਿੰਗਾਂ ਦੌਰਾਨ ਜ਼ਿਲ੍ਹਾ ਆਗੂ ਨੇ ਕਿਹਾ ਕਿ ਸਰਕਾਰ ਵੱਲੋਂ ਜਬਰੀ ਧੱਕੇਸ਼ਾਹੀ ਨਾਲ ਜ਼ਮੀਨਾਂ 'ਤੇ ਕਬਜ਼ੇ ਰੋਕਣ ਲਈ ਵੱਡੀ ਲਾਮਬੰਦੀ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਗਿਆ।ਜ਼ਿਲ੍ਹਾ ਆਗੂ ਨੇ ਕਿਹਾ ਕਿ ਸਰਕਾਰ ਦੇਸ਼ੀ ਵਿਦੇਸ਼ੀ ਕਾਰਪੋਰੇਟ ਦੇ ਸਾਮਰਾਜੀ ਹਿੱਤਾਂ ਨੂੰ ਪੂਰਾ ਕਰਨ ਲਈ ਕੰਪਨੀਆਂ ਨੂੰ ਖੁੱਲ੍ਹ ਦੇ ਕੇ ਆਰਥਿਕ ਲੁੱਟ ਮਚਾਈ ਹੋਈ ਹੈ।ਜਿਉਂਦ ਜ਼ਮੀਨ ਦਾ ਮਸਲਾ, ਬਠੋਈ ਜ਼ਮੀਨ ਦਾ ਮਸਲਾ, ਅਬੋਹਰ ਸੀਡੀ ਫਾਰਮ ਤੇ ਲੁਧਿਆਣਾ ਅਰਬਨ ਅਸਟੇਟ ਦੇ ਨਾਮ ਲੈਂਡ ਪੋਲਿੰਗ ਪਾਲਸੀ ਹੇਠ ਸਰਕਾਰ ਨੇ ਜ਼ਮੀਨਾਂ 'ਤੇ ਧੱਕੇ ਨਾਲ ਕਬਜ਼ੇ ਕਰੇ ਜਾ ਰਹੇ ਹਨ।ਇਸ ਲਈ ਕਿਸਾਨਾਂ ਨੂੰ ਸੰਗਠਿਤ ਹੋ ਕੇ ਵੱਡੇ ਪੱਧਰ 'ਤੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਸਮੇਂ ਦੀ ਮੰਗ ਹੈ ਕਿ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਡੱਟ ਕੇ ਵਿਰੋਧ ਕਰਨ ਲਈ ਅੱਗੇ ਆਉਣ ਤੇ ਘਰ ਘਰ ਜਾ ਕੇ ਕਿਸਾਨਾਂ, ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇ।ਅੱਜ ਪਿੰਡ ਇਕਾਈ ਮਲਕਾਣਾ, ਲਾਲੇਆਣਾ, ਮਾਹੀ ਨੰਗਲ, ਜੀਵਨ ਸਿੰਘ ਵਾਲਾ ਤੇ ਚੱਠੇਵਾਲਾ ਵਿੱਚ ਮੀਟਿੰਗ ਕੀਤੀ।ਇਸ ਸਮੇਂ ਬਲਾਕ ਆਗੂ ਕੁਲਵਿੰਦਰ ਸਿੰਘ ਗਿਆਨਾ, ਰਣਜੋਧ ਸਿੰਘ ਮਾਹੀ ਨੰਗਲ, ਕਾਲਾ ਚੱਠੇਵਾਲਾ, ਜਸਵੀਰ ਮੌੜ, ਜਗਤਾਰ ਤਲਵੰਡੀ ਸਾਬੋ ਹਾਜ਼ਰ ਸਨ।

## ਈਰਾਨ 'ਤੇ ਹਮਲੇ ਦੀ ਲਿਬਰੇਸ਼ਨ ਵੱਲੋਂ ਸਖਤ ਨਿੰਦਾ

ਮਾਨਸਾ (ਆਤਮਾ ਸਿੰਘ ਪਮਾਰ)-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੀ ਪੰਜਾਬ ਇਕਾਈ ਨੇ ਅਮਰੀਕਾ ਦੇ ਇਸ਼ਾਰੇ 'ਤੇ ਇਜ਼ਰਾਈਲ ਵੱਲੋਂ ਈਰਾਨ ਉੱਤੇ ਕੀਤੇ ਵੱਡੇ ਹਵਾਈ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਦਾ ਕਹਿਣਾ ਹੈ ਕਿ ਅਜਿਹਾ ਕਰਕੇ ਇਜ਼ਰਾਈਲ-ਅਮਰੀਕੀ ਗੁੱਟ ਨੇ ਗਾਜ਼ਾ ਪੱਟੀ ਵਿੱਚ ਜਾਰੀ ਫ਼ਲਸਤੀਨੀਆਂ ਦੇ ਨਸਲਘਾਤ ਦੀ ਘਿਨਾਉਣੀ ਮੁਹਿੰਮ ਦੇ ਨਾਲ ਨਾਲ ਮਿਡਲ ਈਸਟ ਵਿੱਚ ਇੱਕ ਵੱਡੇ ਫੌਜੀ ਟਕਰਾਅ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਦੇ ਨਤੀਜੇ ਸੰਸਾਰ ਲਈ ਬੜੇ ਖਤਰਨਾਕ ਸਾਬਿਤ ਹੋ ਸਕਦੇ ਹਨ।ਸੀਪੀਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਇਸ ਹਮਲੇ ਬਾਰੇ ਟਿੱਪਣੀ ਕਰਦੇ ਹੋਏ ਦੁਨੀਆ ਦੀ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਬੇਲਗਾਮ ਜੰਗਬਾਜ਼ ਤਾਕਤਾਂ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ।ਈਰਾਨ ਗਾਜ਼ਾ ਨਹੀਂ, ਬਲਕਿ ਇੱਕ ਵੱਡਾ ਤੇ ਤਾਕਤਵਰ ਦੇਸ਼ ਹੈ, ਜਿਸ ਕਰਕੇ ਇਹ ਟਕਰਾਅ ਸਮੁੱਚੀ ਦੁਨੀਆ ਦੀ ਆਰਥਿਕਤਾ 'ਤੇ ਰਾਜਨੀਤੀ ਨੂੰ ਮਾੜੇ ਰੁੱਖ ਪ੍ਰਭਾਵਿਤ ਕਰੇਗਾ।

## ਪੀ ਜੀ ਆਈ 'ਚ ਵੈਕਸੀਨੋਲੋਜੀ ਸੰਬੰਧੀ ਮਾਹਰਾਂ ਨੇ ਨਵੀਆਂ ਤਕਨੀਕਾਂ ਬਾਰੇ ਕੀਤੇ ਵਿਚਾਰ ਸਾਂਝੇ




ਸਮਰਾਲਾ (ਸੁਰਜੀਤ ਸਿੰਘ)-ਪੀ ਜੀ ਆਈ ਚੰਡੀਗੜ੍ਹ ਵਿਖੇ ਚੌਥੇ ਪੋਸਟਗ੍ਰੈਜੂਏਟ ਇੰਟਰਨੈਸ਼ਨਲ ਵੈਕਸੀਨੋਲੋਜੀ ਕੋਰਸ ਦੌਰਾਨ ਰਾਸ਼ਟਰੀ ਤੇ ਅੰਤਰਰਾਸ਼ਟਰੀ ਵਿਦਵਾਨਾਂ ਨੇ ਵੈਕਸੀਨ ਟੀਕਾਕਰਨ ਦੀਆਂ ਜਟਿਲਤਾਵਾਂ, ਨੀਤੀਆਂ, ਸਿਹਤ ਪ੍ਰਣਾਲੀ ਦੀ ਮਜ਼ਬੂਤੀ ਤੇ ਨਵੀਆਂ ਤਕਨੀਕਾਂ 'ਤੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੇ ਆਗਾਜ਼ ਵਿੱਚ ਡਾ. ਨਰੇਂਦਰ ਕੇ. ਅਰੋੜਾ ਨੇ ਟੀਕਾਕਰਨ ਸਬੰਧੀ ਵਿਚਾਰ ਪੇਸ਼ ਕੀਤੇ।ਡਾ. ਪਵਨ ਕੁਮਾਰ ਵਧੀਕ ਕਮਿਸ਼ਨਰ, ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਭਾਰਤ ਦੇ ਯੂਨੀਵਰਸਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਬਾਰੇ ਵਿਸਥਾਰਪੂਰਬਕ ਜਾਣਕਾਰੀ ਦਿੰਦਿਆਂ ਨੀਤੀਗਤ ਢਾਂਚੇ ਤੇ ਡਿਜੀਟਲ ਨਵੀਨਤਾ 'ਤੇ ਚਾਨਣ ਪਾਇਆ।ਡਾ. ਜੇਕਬ ਜੌਨ ਸੀ ਐੱਮ ਸੀ ਵੇਲੋਰ ਨੇ ਬੀਮਾਰੀਆਂ ਨਾਲ ਸਬੰਧਤ ਟੀਕਿਆਂ ਦੀ ਅਹਿਮੀਅਤ ਬਾਰੇ ਚਾਨਣਾ ਪਾਇਆ।ਇਸੇ ਤਰ੍ਹਾਂ ਡਾ. ਅਰਿੰਦਮ ਰੇ ਗੇਟਸ ਫਾਊਂਡੇਸ਼ਨ ਦੇ ਭਾਰਤ ਵਿੱਚ ਟੀਕਾਕਰਨ ਤੇ ਨਿਗਰਾਨੀ ਦੇ ਮੁਖੀ ਨੇ ਨਵੇਂ ਟੀਕਿਆਂ ਦੇ ਏਕੀਕਰਨ ਤੇ ਸਿਹਤ ਪ੍ਰਣਾਲੀ ਦੀ ਮਜ਼ਬੂਤੀ ਰਾਹੀਂ ਟੀਕਾ ਕਵਰੇਜ ਤੇ ਸਮਾਨਤਾ ਵਿੱਚ ਸੁਧਾਰ ਲਿਆਉਣ 'ਤੇ ਆਪਣੇ ਅਨੁਭਵ ਸਾਂਝੇ ਕੀਤੇ।ਵਿਦੇਸ਼ੀ ਮਾਹਰਾਂ ਵਿੱਚੋਂ ਡਾ. ਅਭਿਯਾਨ ਗੌਤਮ ਨੇ ਨੇਪਾਲ ਵਿੱਚ ਐੱਚ ਪੀ ਵੀ ਟੀਕੇ ਦੀ ਸਫਲ ਸ਼ੁਰੂਆਤ ਬਾਰੇ ਦੱਸਿਆ।ਡਾ. ਸਮੀਥਾ ਗਿਨਿਗੇ (ਸ੍ਰੀਲੰਕਾ) ਨੇ ਆਪਣੇ ਦੇਸ਼ ਵਿੱਚ ਟੀਕਾ ਰਾਹੀਂ ਰੋਕੀਆਂ ਜਾ ਸਕਣ ਵਾਲੀਆਂ ਬੀਮਾਰੀਆਂ ਵਿੱਚ ਆਏ ਘਟਾਅ ਨੂੰ ਵਿਸਥਾਰ ਨਾਲ ਰੱਖਿਆ। ਡਾ. ਸੁਰੇਸ਼ ਦਲਪਾਥ (ਵਿਲੀਅਮ ਜੇ. ਕਲਿੰਟਨ ਫਾਊਂਡੇਸ਼ਨ) ਨੇ ਘੱਟ ਤੇ ਮੱਧਮ ਆਮਦਨ ਵਾਲੇ ਦੇਸ਼ਾਂ ਵਿੱਚ 'ਜ਼ੀਰੋ-ਡੋਜ਼' ਤੇ ਅੱਧ ਟੀਕਾਕ੍ਰਿਤ ਬੱਚਿਆਂ ਤੱਕ ਪਹੁੰਚ ਬਣਾਉਣ ਸੰਬੰਧੀ ਵਿਚਾਰ ਸਾਂਝੇ ਕੀਤੇ।ਡਾ. ਰਾਜ ਸ਼ੰਕਰ ਘੋਸ਼ ਨੇ ਟੀਕਾਕਰਨ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਤਕਨੀਕੀ ਤਰੱਕੀਆਂ ਬਾਰੇ ਜਾਣਕਾਰੀ ਦਿੱਤੀ।ਡਾ. ਸੰਤੋਸ਼ ਰਮੇਸ਼ ਤੌਰ (ਫਾਈਜ਼ਰ) ਨੇ ਵੈਕਸੀਨ ਪਲੇਟਫਾਰਮਾਂ ਤੇ ਵਨ ਹੈਲਥ ਦ੍ਰਿਸ਼ਟੀਕੋਣ ਬਾਰੇ ਦੱਸਿਆ।ਡਾ. ਜੈਫਰੀ ਕੈਨਨ (ਟੈਲੀਥਨ ਕਿਡਜ਼ ਇੰਸਟੀਚਿਊਟ, ਆਸਟ੍ਰੇਲੀਆ) ਨੇ ਗਰੁੱਪ ਏ ਸਟ੍ਰੈਪਟੋਕੋਕਸ ਵੈਕਸੀਨ ਦੀ ਸ਼ੁਰੂਆਤ ਦੇ ਆਰਥਿਕ ਪੱਖਾਂ 'ਤੇ ਵਿਆਖਿਆਨ ਦਿੱਤਾ।ਪ੍ਰੋਗਰਾਮ ਦੇ ਅਖੀਰ ਵਿੱਚ ਇੱਕ ਪੈਨਲ ਚਰਚਾ ਹੋਈ, ਜਿਸ ਵਿੱਚ ਡਾ. ਪਵਨ ਕੁਮਾਰ, ਡਾ. ਨਵਨੀਤ ਬਿੱਛਾ ਤੇ ਡਾ. ਸ਼ੰਕਰ ਪ੍ਰਿੰਜਾ ਵਰਗੇ ਮਾਹਰਾਂ ਨੇ ਹਿੱਸਾ ਲਿਆ।ਇਸ ਚਰਚਾ ਵਿੱਚ ਨਵੇਂ ਟੀਕਿਆਂ ਦੀ ਰਾਸ਼ਟਰੀ ਪੱਧਰ 'ਤੇ ਸ਼ੁਰੂਆਤ ਵਿੱਚ ਆ ਰਹੀਆਂ ਰੁਕਾਵਟਾਂ ਤੇ ਉਨ੍ਹਾਂ ਦੇ ਸਮਾਧਾਨ 'ਤੇ ਵਿਚਾਰ ਹੋਇਆ।

ਸੈਸ਼ਨ ਦੇ ਅੰਤ ਵਿੱਚ ਕੋਰਸ ਡਾਇਰੈਕਟਰ ਡਾ. ਮਧੂ ਗੁਪਤਾ ਨੇ ਟੀਕਾਕਰਨ ਰਾਸ਼ਟਰੀ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਰੌਸ਼ਨੀ ਪਾਈ ਅਤੇ ਹਰ ਬੱਚੇ ਤੱਕ ਜੀਵਨ-ਰੱਖਿਆ ਟੀਕਿਆਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਨਵੀਨਤਾ, ਮਜ਼ਬੂਤ ਸਿਹਤ ਪ੍ਰਣਾਲੀ ਤੇ ਡਾਟਾ ਅਧਾਰਤ ਨੀਤੀਆਂ ਦੀ ਲੋੜ 'ਤੇ ਜ਼ੋਰ ਦਿੱਤਾ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ-ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ, ਜੋ ਕਿ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਦੇ ਨਾਲ-ਨਾਲ ਹੁਣ ਸੰਸਥਾ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ। ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਕੁਲਵਿੰਦਰ ਕੌਰ ਵਾਸੀ ਰਾਜੇਆਣਾ ਦਾ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ। ਕੁਲਵਿੰਦਰ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਆਸਟ੍ਰੇਲੀਆ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ। ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ। ਸੰਸਥਾ ਵੱਲੋਂ ਵਿਜ਼ਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ। ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ। ਸੰਸਥਾ ਦੀ ਐੱਮ ਡੀ ਅਮ੍ਰਿਤਪਾਲ ਕੌਰ ਮਾਨ ਤੇ ਸਟਾਫ ਮੈਂਬਰ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੰਦੇ ਹੋਏ।

# ਪੀ ਯੂ ਦੇ ਵਾਈਸ ਚਾਂਸਲਰ ਦੀ ਕਾਰ, 6 ਗੱਡੀਆਂ ਤੇ ਬੈਂਕ ਖਾਤਾ ਜ਼ਬਤ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੈਨਸ਼ਨ ਨਾ ਮਿਲਣ ਦੇ ਮਾਮਲੇ ਵਿੱਚ ਅਦਾਲਤ ਨੇ ਪੰਜਾਬੀ ਯੂਨੀਵਰਸਿਟੀ (ਪੀ ਯੂ) ਦੇ ਵਾਈਸ ਚਾਂਸਲਰ ਦੀ ਕਾਰ ਅਤੇ ਯੂਨੀਵਰਸਿਟੀ ਦੇ ਬੈਂਕ ਖਾਤੇ ਸਮੇਤ ਯੂਨੀਵਰਸਿਟੀ ਦੇ ਛੇ ਵਾਹਨਾਂ ਨੂੰ ਜਬਤ ਕਰਨ ਦੇ ਨਿਰਦਸ਼ ਜਾਰੀ ਕੀਤੇ ਹਨ। ਯੂਨੀਵਰਸਿਟੀ ਦੀ ਸਾਬਕਾ ਲੈਕਚਰਾਰ ਇੰਦਰਜੀਤ ਕੌਰ ਨੂੰ ਪੈਨਸ਼ਨ ਦੇਣ ਦੇ ਹੁਕਮ ਨੂੰ ਲਾਗੂ ਨਾ ਕਰਨ ਤੋਂ ਨਾਰਾਜ਼ ਅਦਾਲਤ ਨੇ ਇਹ ਨਿਰਦੇਸ਼ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 2 ਜੁਲਾਈ ਨੂੰ ਹੋਵੇਗੀ। ਮਾਹਿਰਾਂ ਅਨੁਸਾਰ, ਯੂਨੀਵਰਸਿਟੀ ਨੇ ਵੀ ਇਸ ਮਾਮਲੇ ਵਿੱਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ।

ਜਾਣਕਾਰੀ ਅਨੁਸਾਰ, ਇੰਦਰਜੀਤ ਕੌਰ ਸਾਲ 2015 ਵਿੱਚ ਪੰਜਾਬੀ ਯੂਨੀਵਰਸਿਟੀ ਦੇ ਸਕੂਲ ਤੋਂ ਸੇਵਾਮੁਕਤ ਹੋਈ ਸੀ, ਜਿਸ ਤੋਂ ਬਾਅਦ ਉਸ ਨੂੰ ਯੂਨੀਵਰਸਿਟੀ ਵੱਲੋਂ ਪੈਨਸ਼ਨ ਨਹੀਂ ਦਿੱਤੀ ਗਈ। ਇੰਦਰਜੀਤ ਕੌਰ ਨੇ ਆਪਣੇ ਹੱਕ ਪ੍ਰਾਪਤ ਕਰਨ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਜੱਜ ਹਰਕੰਵਲ ਕੌਰ ਦੀ ਅਦਾਲਤ ਨੇ 19 ਜਨਵਰੀ 2024 ਨੂੰ ਪੰਜਾਬੀ ਯੂਨੀਵਰਸਿਟੀ ਨੂੰ ਇੰਦਰਜੀਤ ਕੌਰ ਦੀ ਪੈਨਸ਼ਨ ਦੇਣ ਦਾ ਹੁਕਮ ਦਿੱਤਾ ਸੀ। ਇਸ ਵਿਰੁੱਧ ਯੂਨੀਵਰਸਿਟੀ ਵੱਲੋਂ ਵਧੀਕ ਜੱਜ ਅਤੁਲ ਕੰਬੋਜ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ, ਪਰ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਯੂਨੀਵਰਸਿਟੀ ਦੀ ਅਪੀਲ ਰੱਦ ਕਰ ਦਿੱਤੀ।

ਅਦਾਲਤ ਨੇ ਇੰਦਰਜੀਤ ਕੌਰ ਨੂੰ 1 ਮਈ 2015 ਤੋਂ ਪੈਨਸ਼ਨ ਦੇਣ ਦੇ ਹੁਕਮ ਜਾਰੀ ਕੀਤੇ ਅਤੇ ਨਾਲ ਹੀ 18% ਵਿਆਜ ਸਮੇਤ ਹਰ ਸਾਲ ਪੈਨਸ਼ਨ ਦੇ ਬਕਾਏ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ। ਜਦੋਂ ਯੂਨੀਵਰਸਿਟੀ ਨੇ ਇਨ੍ਹਾਂ ਅਦਾਲਤੀ ਹੁਕਮਾਂ ਨੂੰ ਲਾਗੂ ਨਹੀਂ ਕੀਤਾ ਤਾਂ ਪੀੜਤ ਇੰਦਰਜੀਤ ਕੌਰ ਨੇ ਦੁਬਾਰਾ ਅਦਾਲਤ ਦਾ ਦਰਵਾਜ਼ਾ ਖੜਕਾਇਆ ਤੇ ਅਦਾਲਤ ਨੇ ਯੂਨੀਵਰਸਿਟੀ ਦੀਆਂ ਛੇ ਗੱਡੀਆਂ ਜਬਤ ਕਰ ਲਈਆਂ, ਜਿਨ੍ਹਾਂ ਵਿੱਚ ਵਾਈਸ ਚਾਂਸਲਰ ਦੀ ਇਨੋਵਾ ਕਾਰ, ਟਾਟਾ ਮਾਰਕ ਪੋਲੋ, ਸਵਰਾਜ ਮਾਜ਼ਦਾ, ਸੈਵੇਲ ਟਵੇਰਾ ਤੇ ਦੋ ਬੱਸਾਂ ਸ਼ਾਮਲ ਸਨ। ਇਸ ਤੋਂ ਇਲਾਵਾ ਯੂਨੀਵਰਸਿਟੀ ਦਾ ਬੈਂਕ ਖਾਤਾ ਵੀ ਅਟੈਚ ਕਰ ਦਿੱਤਾ ਗਿਆ। ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਆਪਣਾ ਪੱਖ ਪੇਸ਼ ਕਰਨ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ।

## ਚੈੱਕ ਬਾਊਂਸ ਦੇ ਮਾਮਲੇ 'ਚ ਦੋ ਸਾਲ ਦੀ ਸਜ਼ਾ

ਸੰਗਰੂਰ (ਪ੍ਰਵੀਨ ਸਿੰਘ)-ਅਦਾਲਤ ਸ਼੍ਰੀਮਤੀ ਤਨਵੀ ਗੁਪਤਾ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਸੁਨਾਮ ਵੱਲੋਂ ਚੈੱਕ ਬਾਊਂਸ ਦੇ ਕੇਸ 'ਚ ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਬਘੀਰਥ ਜੈਨ ਪੁੱਤਰ ਓਮ ਪ੍ਰਕਾਸ਼ ਪ੍ਰੋਪਰਾਈਟਰ ਮੈ/ਸ ਅਰਿਹੰਤ ਪੈਸਟੀਸਾਈਡਜ਼ ਐਂਡ ਸੀਡਜ਼ ਟੋਹਾਣਾ (ਹਰਿਆਣਾ) ਨੂੰ 520260 ਰੁਪਏ ਦਾ ਚੈੱਕ ਬਾਊਂਸ ਹੋਣ ਦੇ ਮਾਮਲੇ 'ਚ ਸੀਨੀਅਰ ਐਡਵੋਕੇਟ ਅਨਿਲ ਕੁਮਾਰ ਸਿੰਗਲਾ ਤੇ ਵਿਵੇਕ ਸਿੰਗਲਾ ਦੀਅ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਦੋ ਸਾਲ ਦੀ ਸਜ਼ਾ ਤੇ ਮੂਲ ਰਕਮ ਨਾਲ ਚੈੱਕ ਤਰੀਕ ਤੋਂ 9% ਸਾਲਾਨਾ ਵਿਆਜ ਨਾਲ ਬਤੌਰ ਮੁਆਵਜ਼ਾ ਮੁੱਦਈ ਕਰੋਪ ਆਰਗੈਨਿਕਸ ਪ੍ਰਾਈਵੇਟ ਲਿਮਿਟਿਡ (ਕੋਪਲ) ਸੂਲਰ ਘਰਾਟ ਨੂੰ ਅਦਾ ਕਰਨ ਦਾ ਹੁਕਮ ਦਿੱਤਾ ਹੈ।

ਬਾਰ ਐਸੋਸੀਏਸ਼ਨ ਸੁਨਾਮ ਦੇ ਸਾਬਕਾ ਵਾਈਸ ਪ੍ਰਧਾਨ ਵਕੀਲ ਵਿਵੇਕ ਸਿੰਗਲਾ ਨੇ ਦੱਸਿਆ ਕਿ ਅਰਿਹੰਤ ਪੈਸਟੀਸਾਈਡਜ਼ ਐਂਡ ਸੀਡ ਟੋਹਾਣਾ ਨੂੰ ਕੋਪਲ ਕੰਪਨੀ ਵੱਲੋਂ ਕੀੜੇਮਾਰ ਦਵਾਈਆਂ ਸਪਲਾਈ ਕੀਤੀਆਂ ਗਈਆਂ ਸਨ, ਜਿਸ ਬਦਲੇ ਫਰਮ ਦੇ ਮਾਲਿਕ ਬਾਗੀਰਥ ਜੈਨ ਨੇ ਕੰਪਨੀ ਨੂੰ 30 ਨਵੰਬਰ 2019 ਨੂੰ ਚੈੱਕ ਦਿੱਤਾ ਸੀ, ਜਦੋਂ ਚੈੱਕ ਬੈਂਕ 'ਚ ਪਾਸ ਹੋਣ ਲਈ ਲਗਾਇਆ ਤਾਂ ਫਰਮ ਦੇ ਖਾਤੇ ਵਿੱਚ ਪੈਸੇ ਨਾ ਹੋਣ ਕਰ ਕੇ ਚੈੱਕ ਬਾਊਂਸ ਹੋ ਗਿਆ। ਕੰਪਨੀ ਵੱਲੋਂ ਮਾਮਲਾ ਸੀਨੀਅਰ ਵਕੀਲ ਅਨਿਲ ਕੁਮਾਰ ਸਿੰਗਲਾ ਰਾਹੀਂ ਅਦਾਲਤ ਵਿੱਚ ਕੀਤਾ ਗਿਆ। ਅਦਾਲਤ ਨੇ ਵਕੀਲ ਸਿੰਗਲਾ ਦੀਆਂ ਦਲੀਲਾਂ ਤੋਂ ਬਾਅਦ ਦੋਸ਼ੀ ਧਿਰ ਨੂੰ ਦੋ ਸਾਲ ਦੀ ਸਜ਼ਾ ਤੇ ਮੂਲ ਰਕਮ ਸਮੇਤ 9% ਸਾਲਾਨਾ ਵਿਆਜ ਬਤੌਰ ਮੁਆਵਜ਼ਾ ਕੋਪਲ ਕੰਪਨੀ ਨੂੰ ਅਦਾ ਕਰਨ ਦਾ ਹੁਕਮ ਕੀਤਾ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਸੰਨੀ ਗਿੱਲ ਤੇ ਮਾਹਲਾ ਵੱਲੋਂ ਸੁਖਬੀਰ ਬਾਦਲ ਨਾਲ ਮੁਲਾਕਾਤ

**ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਚੜ੍ਹਦੀ ਕਲਾ 'ਚ : ਗਿੱਲ, ਮਾਹਲਾ**



ਮੋਗਾ (ਇਕਬਾਲ ਸਿੰਘ ਖਹਿਰਾ)-ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਤੇ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਅਤੇ ਕੌਮੀ ਜਨਰਲ ਸਕੱਤਰ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਦੀਆਂ ਸਰਗਰਮੀਆਂ ਤੇ ਪਾਰਟੀ ਦੀ ਮਜ਼ਬੂਤੀ ਲਈ ਅਹਿਮ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਈ ਉਤਰਾਅ ਚੜ੍ਹਾਅ ਵਿੱਚੋਂ ਦੀ ਗੁਜ਼ਰ ਰਹੀ ਹੈ, ਪਰ ਸ਼੍ਰੋਮਣੀ ਅਕਾਲੀ ਦਲ ਦੀ ਆਪਣੀ ਸ਼ਾਨ ਹੈ ਤੇ ਹਮੇਸ਼ਾ ਰਹੇਗੀ ਅਤੇ ਇਹ ਅਸਲ ਉਹ ਪੰਥਕ ਜਮਾਤ ਹੈ, ਜਿਸ ਨੇ ਪੰਜਾਬ ਦੇ ਹਿੱਤਾਂ ਲਈ ਕਈ ਕੁਰਬਾਨੀਆਂ ਕੀਤੀਆਂ ਅਤੇ ਅੱਜ ਵੀ ਪਾਰਟੀ ਪੰਥਕ ਹਿੱਤਾਂ ਤੇ ਆਪਣੇ ਸਿਧਾਂਤਾਂ 'ਤੇ ਅਡੋਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸਾਲ 2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਬਣਾਏਗਾ, ਕਿਉਂਕਿ ਹੁਣ ਲੋਕਾਂ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੂੰ ਵੇਖ ਲਿਆ ਹੈ। ਉਨ੍ਹਾਂ ਸਾਲ 2027 ਦੀਆਂ ਚੋਣਾਂ ਦੀ ਹੁਣੇ ਤੋਂ ਹੀ ਤਿਆਰੀ ਦੇ ਆਪਣੇ ਆਗੂਆਂ ਤੇ ਜੁਝਾਰੂ ਵਰਕਰਾਂ ਨੂੰ ਆਦੇਸ਼ ਦਿੱਤੇ। ਇਸ ਮੌਕੇ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨਾਲ ਕੀਤੀ ਗਈ ਮੁਲਾਕਾਤ ਦੌਰਾਨ ਬੜੀਆਂ ਅਹਿਮ ਵਿਚਾਰਾਂ ਹੋਈਆਂ ਤੇ ਪਾਰਟੀ ਦੀ ਚੜ੍ਹਦੀ ਕਲ੍ਹਾ ਲਈ ਸੁਖਬੀਰ ਸਿੰਘ ਬਾਦਲ ਨੂੰ ਕਈ ਨਵੇਂ ਸੁਝਾਅ ਵੀ ਦਿੱਤੇ ਗਏ ਤਾਂ ਕਿ ਪੰਥ ਵਿਰੋਧੀ ਤਾਕਤਾਂ ਜੋ ਪਾਰਟੀ ਨੂੰ ਤੋੜ ਕੇ ਸਿੱਖਾਂ ਦੀ ਸਿਰਮੌਰ ਪਾਰਟੀ ਨੂੰ ਕਮਜ਼ੋਰ ਕਰਨ ਦੇ ਯਤਨ ਕਰ ਰਹੀਆਂ ਹਨ ਉਹ ਪੂਰੇ ਨਾ ਹੋਣ। ਸੰਨੀ ਗਿੱਲ ਨੇ ਕਿਹਾ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਹੀ ਲੜੀਆਂ ਜਾਣਗੀਆਂ, ਕਿਉਂਕਿ ਸੁਖਬੀਰ ਸਿੰਘ ਬਾਦਲ ਹੀ ਪਾਰਟੀ ਨੂੰ ਚਲਾਉਣ ਲਈ ਪੂਰੀ ਤਰ੍ਹਾਂ ਸਮਰਥ ਹਨ। ਉਨ੍ਹਾਂ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਆਗੂ ਤੇ ਜੁਝਾਰੂ ਵਰਕਰ ਇੱਕ ਹੋ ਕੇ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇੱਕ ਕਰ ਰਹੇ ਹਨ ਅਤੇ ਵਿਰੋਧੀਆਂ ਨੂੰ ਇਹ ਸਿੱਖ ਲੈਣਾ ਚਾਹੀਦਾ ਹੈ ਕਿ ਪੰਥ ਦੇ ਹੱਕਾਂ ਲਈ ਲੜਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਕਾਮਯਾਬ ਨਹੀਂ ਹੋਣਗੀਆਂ। ਲੁਧਿਆਣਾ ਦੀ ਜ਼ਿਮਨੀ ਚੋਣ ਬਾਰੇ ਬੋਲਦਿਆਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਉਹ ਇਨਸਾਨ ਹਨ, ਜਿਨ੍ਹਾਂ ਨੇ ਹਮੇਸ਼ਾ ਹੀ ਹਲਕੇ ਦੀ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੀ ਹਰਮਨਪਿਆਰਤਾ ਐਨੀ ਹੈ ਕਿ ਉਹ ਕਈ ਵਾਰ ਲੁਧਿਆਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸ ਲਈ ਹਲਕੇ ਦੇ ਲੋਕ ਆਉਣ ਵਾਲੀ 19 ਜੂਨ ਨੂੰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਗੇ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਸਿਵਲ ਸਰਜਨ ਨੂੰ ਦਿੱਤਾ ਮੰਗ ਪੱਤਰ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਸਰਕਾਰ ਦੇ ਪੈਨਸ਼ਨਰਾਂ ਦੇ ਬਿਮਾਰੀ 'ਤੇ ਖਰਚੇ ਦੇ ਬਿੱਲ ਸਿਵਲ ਸਰਜਨ ਦਫਤਰ ਮੋਗਾ ਕੋਲ ਪਿਛਲੇ ਲੰਬੇ ਸਮੇਂ ਤੋਂ ਪਾਸ ਹੋਣ ਲਈ ਭੇਜੇ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਪਾਸ ਨਾ ਕਰਨ ਕਰਕੇ ਪੇਮੈਂਟ ਵਿੱਚ ਹੋ ਰਹੀ ਦੇਰੀ ਕਾਰਨ ਜਥੇਬੰਦੀ ਦਾ ਇੱਕ ਵਫਦ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਦੀ ਅਗਵਾਈ ਵਿੱਚ ਸਿਵਲ ਸਰਜਨ ਮੋਗਾ ਪ੍ਰਦੀਪ ਕੁਮਾਰ ਮਹਿੰਦਰਾ ਨੂੰ ਮਿਲਿਆ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਜੋਯਤੀ ਵੀ ਹਾਜ਼ਰ ਸਨ। ਵਫਦ ਦੀ ਕਾਰਵਾਈ ਪ੍ਰੈੱਸ ਲਈ ਜਾਰੀ ਕਰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਨੇ ਦੱਸਿਆ ਕਿ ਗੱਲਬਾਤ ਬਹੁਤ ਵਧੀਆ ਮਾਹੌਲ ਵਿੱਚ ਹੋਈ, ਜਿਸ ਵਿੱਚ ਮੈਡੀਕਲ ਬਿੱਲ ਪਾਸ ਕਰਨ, ਸਿਹਤ ਵਿਭਾਗ ਦੇ ਪੈਨਸ਼ਨਰਾਂ ਦੇ ਲੀਵ ਇਨ ਕੈਸ਼ਮੈਂਟ ਦੇ ਬਕਾਏ ਦੀ ਪਹਿਲੀ ਕਿਸ਼ਤ ਦਾ ਭੁਗਤਾਨ ਤੇ ਛੇਵੇਂ ਪੇ ਕਮਿਸ਼ਨ ਦੇ ਬਕਾਏ ਬਾਰੇ ਮਾਨਯੋਗ ਸਿਵਲ ਸਰਜਨ ਦਾ ਰਵੱਈਆ ਹਾਂ-ਪੱਖੀ ਰਿਹਾ। ਉਨ੍ਹਾਂ ਵਫਦ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਦੇ ਸਮੂਹ ਪੈਨਸ਼ਨਰਾਂ ਦੇ ਮੈਡੀਕਲ ਬਿੱਲਾਂ ਦਾ ਨਿਪਟਾਰਾ ਤੇ ਮੁਲਾਜ਼ਮਾਂ ਦੇ ਬਕਾਏ ਦਾ ਭੁਗਤਾਨ ਜਲਦੀ ਕਰ ਦਿੱਤਾ ਜਾਵੇਗਾ।

ਵਫਦ ਵਿੱਚ ਪ੍ਰੇਮ ਕੁਮਾਰ ਜ਼ਿਲ੍ਹਾ ਵਿੱਤ ਸਕੱਤਰ, ਸੁਰਿੰਦਰ ਰਾਮ ਕੁੱਸਾ ਸੂਬਾ ਜਨਰਲ ਸਕੱਤਰ, ਨਾਇਬ ਸਿੰਘ, ਮਨਜੀਤ ਸਿੰਘ, ਬਿੱਕਰ ਸਿੰਘ ਮਾਛੀਕੇ, ਗੁਰਜੰਟ ਸਿੰਘ ਸੰਘਾ, ਜਸਵੰਤ ਸਿੰਘ ਕੋਟਲਾ, ਸੁਰਿੰਦਰ ਪਾਲ ਸਿੰਘ, ਬਲਵਿੰਦਰ ਸਿੰਘ ਗਿੱਲ ਤੇ ਦਿਵਾਨ ਚੰਦ ਆਦਿ ਪੈਨਸ਼ਨਰ ਆਗੂ ਸ਼ਾਮਲ ਸਨ।

## ਕਾਤਰਾਂ

### ਪਾਲ ਸਿੰਘ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਨੇੜਲੇ ਪਿੰਡ ਲੰਡਾ ਦੇ ਸਾਬਕਾ ਸਰਪੰਚ ਬਲਜੀਤ ਸਿੰਘ ਦੇ ਪਿਤਾ ਸ੍ਰ. ਪਾਲ ਸਿੰਘ, ਜਿਨ੍ਹਾਂ ਦਾ ਪਿਛਲੇ ਦਿਨ ਦੇਹਾਂਤ ਹੋ ਗਿਆ ਸੀ, ਦੇ ਦਿਹਾਂਤ 'ਤੇ ਜਥੇਦਾਰ ਬਲਵਿੰਦਰ ਸਿੰਘ ਪ੍ਰਧਾਨ ਪੁਲਸ ਜ਼ਿਲ੍ਹਾ ਖੰਨਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਜਥੇਦਾਰ ਬਲਵਿੰਦਰ ਸਿੰਘ ਨੇ ਕਿਹਾ ਕਿ ਸ੍ਰ. ਪਾਲ ਸਿੰਘ ਬੜੇ ਹੀ ਸੂਝਵਾਨ, ਨੇਕ ਤੇ ਰੱਬ ਨੂੰ ਮੰਨਣ ਵਾਲੇ ਇਨਸਾਨ ਸਨ। ਉਹ ਇੱਕ ਧਰਮ ਬਿਰਤੀ ਦੇ ਮਾਲਕ ਸਨ ਕੇ ਉਨ੍ਹਾਂ ਦੇ ਜਾਣ ਨਾਲ ਸਮਾਜ ਤੇ ਪਰਿਵਾਰ ਨੂੰ ਜੋ ਘਾਟਾ ਪਿਆ ਹੈ, ਉਹ ਪੂਰਾ ਨਾ ਹੋਣ ਵਾਲਾ ਹੈ। ਇਸ ਸਮੇਂ ਜਥੇਦਾਰ ਸੰਤੋਖ ਸਿੰਘ, ਸੁਰਜੀਤ ਸਿੰਘ ਕੋਚ, ਵਾਹਿਗੁਰੂ ਸਿੰਘ ਤੇ ਬਲਵਿੰਦਰ ਸਿੰਘ ਅੜੈਚਾਂ ਵੀ ਹਜ਼ਰ ਸਨ।

### ਹੈਰੋਇਨ ਬਰਾਮਦਗੀ ਮਾਮਲੇ 'ਚ ਦੋ ਗ੍ਰਿਫਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਥਾਣਾ ਖਮਾਣੋਂ ਦੀ ਪੁਲਸ ਵੱਲੋਂ ਹੈਰੋਇਨ ਬਰਾਮਦਗੀ ਮਾਮਲੇ 'ਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਖਮਾਣੋਂ ਦੀ ਇੱਕ ਪੁਲਸ ਪਾਰਟੀ ਪਿੰਡ ਫਰੌਰ ਨੇੜਲੀ ਵੀਵਾ ਡਰੱਗ ਫੈਕਟਰੀ ਕੋਲ ਚੈਕਿੰਗ ਲਈ ਮੌਜੂਦ ਸੀ ਤਾਂ ਨੇੜਲੇ ਖੇਤਾਂ ਵਿੱਚੋਂ ਆ ਰਹੇ ਜਗਦੀਪ ਸਿੰਘ ਤੇ ਰੁਪਿੰਦਰ ਸਿੰਘ ਵਾਸੀਆਨ ਪਿੰਡ ਭੁੱਟਾ ਨੇ ਪੁਲਸ ਕਰਮਚਾਰੀਆਂ ਨੂੰ ਦੇਖ ਕੇ ਪਿੱਛੇ ਮੁੜਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਲਈ ਗਈ ਤਲਾਸ਼ੀ ਦੌਰਾਨ ਜਗਦੀਪ ਸਿੰਘ ਦੇ ਕਬਜ਼ੇ 'ਚੋਂ 1.36 ਗ੍ਰਾਮ ਹੈਰੋਇਨ ਤੇ ਰੁਪਿੰਦਰ ਸਿੰਘ ਦੇ ਕਬਜ਼ੇ 'ਚੋਂ ਇੱਕ ਲਾਈਟਰ ਤੇ ਇੱਕ ਸਿਲਵਰ ਪੇਪਰ ਬਰਾਮਦ ਹੋਇਆ, ਜਿਸ ਦੇ ਕਾਲੇ ਰੰਗ ਦਾ ਪਦਾਰਥ ਲੱਗਾ ਹੋਇਆ ਹੈ। ਇਸ ਸਬੰਧੀ ਥਾਣਾ ਖਮਾਣੋਂ ਵਿਖੇ ਅ/ਧ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਦੋਵਾਂ ਨੂੰ ਗ੍ਰਿਫਤਾਰ ਕਰਕੇ ਸਬ-ਇੰਸਪੈਕਟਰ ਸਪਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਸਾਲਾਨਾ ਭੰਡਾਰਾ ਅੱਜ

ਦੋਰਾਹਾ (ਹਰਮਿੰਦਰ ਸੇਠ)-ਪੂਜਨੀਕ ਬਾਬਾ ਕੂੜਾ ਮੱਲ, ਰੁਲੀਆ ਰਾਮ, ਸਾਵਣ ਮੱਲ (ਲੱਲ ਕਲਾਂ ਵਾਲਿਆਂ ਦੀ ਯਾਦ ਵਿੱਚ ਨੀਲੋਂ ਪੁਲ 'ਤੇ ਸਥਿਤ ਮੰਦਰ ਯਾਦਗਾਰ ਬਾਬਾ ਕੂੜਾ ਮੱਲ, ਰੁਲੀਆ ਰਾਮ, ਸਾਵਣ ਮੱਲ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਭੰਡਾਰਾ 15 ਜੂਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਆਨੰਦ ਪਰਵਾਰ ਦੇ ਮੈਂਬਰਾਂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਸਾਲਾਨਾ ਭੰਡਾਰਾ ਹਰ ਵਾਰ ਇਨ੍ਹਾਂ ਬਜ਼ੁਰਗਾਂ ਦੀ ਯਾਦ ਵਿੱਚ ਲਗਾਇਆ ਜਾਂਦਾ ਹੈ, ਇਸ ਵਾਰ ਛੋਲੇ, ਕੁਲਚੇ ਤੇ ਮਿੱਠੇ ਚਾਵਲ ਦਾ ਲੰਗਰ ਵਰਤਾਇਆ ਜਾਵੇਗਾ।

### ਵਿਦਿਆਰਥੀਆਂ ਨੇ ਹਰਿਮੰਦਰ ਸਾਹਿਬ ਵਿਖੇ ਕੀਤੀ ਸੇਵਾ

ਦਿੜ੍ਹਬਾ (ਜਸਵੀਰ ਲਾਡੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਦੇ ਸਟਾਫ ਤੇ ਵਿਦਿਆਰਥੀਆਂ ਅੰਦਰ ਸੇਵਾ ਭਾਵਨਾ ਪੈਦਾ ਕਰਨ ਲਈ ਗਰਮੀ ਦੀਆਂ ਛੁੱਟੀਆਂ ਦੌਰਾਨ ਇੱਕ ਦਿਨ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਸੇਵਾ ਕਰਨ ਦਾ ਅਨੋਖਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਸਬੰਧ 'ਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ ਲਗਭਗ 10 ਬੱਚੇ ਤੇ 7 ਸਟਾਫ ਮੈਂਬਰ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਵਿੱਚ ਸ਼ਾਮਲ ਹੋਏ। ਪ੍ਰਿੰਸੀਪਲ ਗੁਰਪ੍ਰੀਤ ਸਿੰਘ ਨੇ ਸ੍ਰ. ਭਗਵੰਤ ਸਿੰਘ ਧੰਗੇੜਾ ਮੈਨੇਜਰ ਸ੍ਰੀ ਦਰਬਾਰ ਸਾਹਿਬ ਤੇ ਉਨ੍ਹਾਂ ਦੇ ਸਮੂਹ ਸਟਾਫ ਦਾ ਜੋ ਸਕੂਲ ਸਟਾਫ ਤੇ ਵਿਦਿਆਰਥੀਆਂ ਲਈ ਚਾਹ ਤੇ ਲੰਗਰ ਦੇ ਸਮੇਂ 'ਤੇ ਪ੍ਰਬੰਧ ਕਰਦਿਆਂ ਪੂਰਨ ਸਹਿਯੋਗ ਦੇ ਰਹੇ ਸਨ, ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਭਾਜਪਾ ਪੰਜਾਬ ਮਹਿਲਾ ਮੋਰਚਾ ਪ੍ਰਧਾਨ ਨੇ ਰਾਜਪਾਲ ਨੂੰ ਸੌਂਪਿਆ ਮੰਗ ਪੱਤਰ

**ਸਮਾਣਾ ਸਕੂਲ ਬੱਸ ਹਾਦਸੇ ਦੀ ਨਿਆਂਇਕ ਜਾਂਚ ਦੀ ਕੀਤੀ ਮੰਗ**



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਸ਼੍ਰੀਮਤੀ ਜੈ ਇੰਦਰ ਕੌਰ ਨੇ ਪੰਜਾਬ ਦੇ ਮਾਣਯੋਗ ਰਾਜਪਾਲ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ 7 ਮਈ 2025 ਨੂੰ ਇੱਕ ਭਿਆਨਕ ਹਾਦਸੇ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਭੁਪਿੰਦਰਾ ਇੰਟਰਨੈਸ਼ਨਲ ਸਕੂਲ ਦੇ ਸੱਤ ਸਕੂਲੀ ਬੱਚਿਆਂ ਤੇ ਉਨ੍ਹਾਂ ਦੇ ਵੈਨ ਡਰਾਈਵਰ ਦੀ ਦਿਲ ਦਹਿਲਾ ਦੇਣ ਵਾਲੀ ਮੌਤ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਗਈ ਹੈ।ਬੱਚੇ ਸਕੂਲ ਤੋਂ ਘਰ ਵਾਪਸ ਆ ਰਹੇ ਸਨ ਜਦੋਂ ਉਨ੍ਹਾਂ ਦੀ ਵੈਨ ਨੂੰ ਇੱਕ ਬਲੈਕਲਿਸਟ ਕੀਤੇ, ਓਵਰਲੋਡ ਟਿੱਪਰ ਟਰੱਕ ਨੇ ਕੁਚਲ ਦਿੱਤਾ, ਜਿਸ ਨੂੰ ਇੱਕ 19 ਸਾਲ ਦਾ ਨੌਜਵਾਨ ਲਾਪ੍ਰਵਾਹੀ ਨਾਲ ਚਲਾ ਰਿਹਾ ਸੀ ਅਤੇ ਉਸ ਕੋਲ ਸਿਰਫ਼ ਸਿਖਲਾਈ ਵਾਲਾ ਲਾਇਸੈਂਸ ਸੀ। ਇਹ ਹਾਦਸਾ ਸਮਾਣਾ ਰੋਡ 'ਤੇ ਵਾਪਰਿਆ, ਜੋ ਕਿ ਇੱਕ ਤੰਗ, ਅਣਗੌਲਿਆ ਰਸਤਾ ਹੈ, ਜੋ ਲੰਬੇ ਸਮੇਂ ਤੋਂ ਰੋਜ਼ਾਨਾ ਯਾਤਰੀਆਂ, ਖਾਸ ਕਰਕੇ ਸਕੂਲੀ ਬੱਚਿਆਂ ਲਈ ਖ਼ਤਰਾ ਬਣਿਆ ਹੋਇਆ ਹੈ।ਜੈ ਇੰਦਰ ਕੌਰ ਨੇ ਪਟਿਆਲਾ ਪ੍ਰਸ਼ਾਸਨ ਤੇ ਸਥਾਨਕ ਪੁਲਸ ਦੀ ਇਸ ਹਾਦਸੇ ਦੀ ਕਾਰਵਾਈ ਕਰਨ 'ਚ ਅਸਫਲਤਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ, ਇੱਕ ਮਹੀਨੇ ਤੋਂ ਵੱਧ ਸਮੇਂ ਬਾਅਦ ਵੀ ਪ੍ਰਸ਼ਾਸਨ ਦੁਖੀ ਪਰਵਾਰਾਂ ਨੂੰ ਇਨਸਾਫ਼ ਦਿਵਾਉਣ ਵਿੱਚ ਵੀ ਅਸਫਲ ਰਹੇ ਹਨ, ਨਾ ਤਾਂ ਪੀੜਤ ਪਰਵਾਰਾਂ ਨੂੰ ਇਨਸਾਫ਼ ਦਿੱਤਾ, ਨਾ ਜਵਾਬਦੇਹੀ ਦਿੱਤੀ ਅਤੇ ਨਾ ਹੀ ਕੋਈ ਜਵਾਬ ਦਿੱਤਾ।ਜਨਤਕ ਰੋਸ ਤੇ ਵਧਦੇ ਦਬਾਅ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੀੜਤ ਪਰਵਾਰਾਂ ਨੂੰ ਮਿਲਣ ਲਈ ਪੂਰਾ ਇੱਕ ਮਹੀਨਾ ਲੱਗ ਗਿਆ। ਉਦੋਂ ਹੀ ਸਰਕਾਰ ਨੇ ਬਿਨਾਂ ਝਿਜਕ ਕਾਰਵਾਈ ਕੀਤੀ, ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ।ਜੈ ਇੰਦਰ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਇੱਕ ਡੂੰਘੀ ਜੜ੍ਹਾਂ ਵਾਲਾ ਤੇ ਰਾਜਨੀਤਕ ਤੌਰ 'ਤੇ ਢਾਲਿਆ ਗੱਠਜੋੜ ਕੰਮ ਕਰ ਰਿਹਾ ਹੈ, ਜਿੱਥੇ ਗੈਰ-ਕਾਨੂੰਨੀ ਰੇਤ ਦੀ ਖੁਦਾਈ ਦਿਨ-ਦਿਹਾੜੇ ਵਧਦੀ-ਫੁੱਲਦੀ ਹੈ ਤੇ ਬਲੈਕਲਿਸਟ ਕੀਤੇ, ਓਵਰਲੋਡ ਟਿੱਪਰ ਟਰੱਕ ਬਿਨਾਂ ਕਿਸੇ ਲਾਗੂਕਰਨ ਦੇ ਖੁੱਲ੍ਹੇਆਮ ਘੁੰਮਦੇ ਹਨ।ਇਹ ਨਾ ਸਿਰਫ਼ ਕਾਨੂੰਨ ਲਾਗੂ ਕਰਨ ਵਾਲਿਆਂ ਦੀ, ਸਗੋਂ ਪ੍ਰਸ਼ਾਸਨ ਦੀ ਵੀ ਅਸਫਲਤਾ ਹੈ।ਜੈ ਇੰਦਰ ਕੌਰ ਨੇ ਕਿਹਾ ਕਿ ਅਸੀਂ ਸਮਾਂਬੱਧ ਨਿਆਂਇਕ ਜਾਂਚ, ਜ਼ਿੰਮੇਵਾਰਾਂ ਲਈ ਸਖ਼ਤ ਸਜ਼ਾ ਤੇ ਸਾਡੇ ਰਾਜ ਵਿੱਚ ਖੁੱਲ੍ਹੇਆਮ ਕੰਮ ਕਰਨ ਵਾਲੇ ਰੇਤ ਮਾਫੀਆ ਨੂੰ ਖਤਮ ਕਰਨ ਲਈ ਤੁਰੰਤ ਕਦਮ ਚੁੱਕਣ ਦੀ ਮੰਗ ਕਰਦੇ ਹਾਂ।ਭਾਜਪਾ ਮਹਿਲਾ ਮੋਰਚਾ ਨੇ ਪਰਵਾਰਾਂ ਲਈ ਪੂਰਾ ਸਮਰਥਨ ਤੇ ਮੁਆਵਜ਼ਾ ਅਤੇ ਭਵਿੱਖ ਵਿੱਚ ਸਕੂਲੀ ਬੱਚਿਆਂ ਨੂੰ ਅਜਿਹੀਆਂ ਭਿਆਨਕ ਘਟਨਾਵਾਂ ਤੋਂ ਬਚਾਉਣ ਲਈ ਸਖ਼ਤ ਸੁਧਾਰਾਂ ਦੀ ਮੰਗ ਵੀ ਕੀਤੀ ਹੈ।

# ਬਿਜਲੀ ਆਵੇ ਜਾਂ ਨਾ ਆਵੇ, ਬਿਜਲੀ ਦੇ ਬਿੱਲ ਜ਼ਰੂਰ ਆਉਣਗੇ : ਖੰਨਾ

ਲੁਧਿਆਣਾ (ਜਸਦੀਪ ਵਰਤੀਆ)-ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਸਵਾਲ ਕੀਤਾ ਕਿ ਉਹ ਬਾਕੀ ਰਹਿੰਦੇ ਡੇਢ ਸਾਲਾਂ ਵਿੱਚ ਪਾਰਟੀ ਦੇ ਚੋਣ ਵਾਅਦੇ ਕਿਵੇਂ ਪੂਰੇ ਕਰਨ ਦੀ ਉਮੀਦ ਕਰਦੇ ਹਨ, ਜਦੋਂਕਿ ਉਹ ਪਿਛਲੇ ਸਾਢੇ 3 ਸਾਲਾਂ ਵਿੱਚ ਅਜਿਹਾ ਕਰਨ ਵਿੱਚ ਅਸਫਲ ਰਹੇ ਹਨ। ਇਹ ਗੱਲ ਭਾਜਪਾ ਪੰਜਾਬ ਦੇ ਸੀਨੀਅਰ ਆਗੂ, ਸਾਬਕਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਕਹੀ। ਚੋਣਾਂ ਤੋਂ ਪਹਿਲਾਂ 'ਆਪ' ਆਗੂਆਂ ਨੇ 24 ਘੰਟੇ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ, ਪਰ ਅਜਿਹਾ ਨਹੀਂ ਹੋਇਆ। ਖੰਨਾ ਨੇ ਲੁਧਿਆਣਾ ਪੱਛਮੀ ਦੇ ਲੋਕਾਂ ਨੂੰ ਇਹ ਮੁਲਾਂਕਣ ਕਰਨ ਲਈ ਕਿਹਾ ਕਿ ਕੀ ਉਨ੍ਹਾਂ ਨੂੰ ਪਿਛਲੇ ਤਿੰਨ ਸਾਲਾਂ ਵਿੱਚ, ਖਾਸ ਕਰਕੇ ਗਰਮੀਆਂ ਦੇ ਮਹੀਨਿਆਂ ਦੌਰਾਨ 24 ਘੰਟੇ ਬਿਜਲੀ ਮਿਲੀ ਹੈ। ਲੁਧਿਆਣਾ ਪੱਛਮੀ ਦੇ ਅਧੀਨ ਆਉਂਦੇ ਖੇਤਰ, ਜਿਨ੍ਹਾਂ ਵਿੱਚ ਗੁਰੂਦੇਵ ਨਗਰ, ਸਰਾਭਾ ਨਗਰ, ਰਿਸ਼ੀ ਨਗਰ, ਪੰਜਾਬ ਮਾਤਾ ਨਗਰ, ਬੀਆਰਐੱਸ ਨਗਰ, ਰਾਜਗੁਰੂ ਨਗਰ, ਸੁਨੇਤ ਤੇ ਹੋਰ ਸ਼ਾਮਲ ਹਨ, ਬਿਜਲੀ ਕੱਟਾਂ ਕਾਰਨ ਪੀੜਤ ਹਨ, ਕੁਝ ਖੇਤਰਾਂ ਵਿੱਚ 10-12 ਘੰਟੇ ਬਿਜਲੀ ਕੱਟ ਲੱਗ ਰਹੇ ਹਨ। ਖੰਨਾ ਨੇ ਸਵਾਲ ਕੀਤਾ ਕਿ ਸੰਜੀਵ ਅਰੋੜਾ ਨੇ ਪਿਛਲੇ ਤਿੰਨ ਸਾਲਾਂ ਵਿੱਚ ਬਿਜਲੀ ਕੱਟਾਂ ਨੂੰ ਰੋਕਣ ਲਈ ਕੀ ਕੀਤਾ ਹੈ। ਉਨ੍ਹਾਂ ਵਪਾਰੀ ਭਾਈਚਾਰੇ ਨਾਲ ਸਬੰਧਤ ਅਰੋੜਾ ਨੂੰ ਇਹ ਵੀ ਯਾਦ ਦਿਵਾਇਆ ਕਿ 'ਆਪ' ਦੇ ਕੇਜਰੀਵਾਲ ਨੇ ਵਪਾਰੀਆਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ, ਪਰ ਇਸ ਦੀ ਬਜਾਏ, ਉਨ੍ਹਾਂ ਤੋਂ ਉਦਯੋਗਾਂ ਲਈ ਪ੍ਰਤੀ ਯੂਨਿਟ 10 ਰੁਪਏ ਦੇ ਕਰੀਬ ਵਸੂਲੇ ਜਾ ਰਹੇ ਹਨ ਅਤੇ ਦੂਜਿਆਂ ਲਈ ਲਗਭਗ ਕੁਝ ਵੀ ਨਹੀਂ। ਖੰਨਾ ਨੇ ਪੁੱਛਿਆ ਕਿ ਅਰੋੜਾ ਇਨ੍ਹਾਂ ਟੁੱਟੇ ਵਾਅਦਿਆਂ 'ਤੇ ਚੁੱਪ ਕਿਉਂ ਹਨ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਸੂਬਾ ਜਨਰਲ ਸਕੱਤਰ ਦਿਆਲ ਸਿੰਘ ਸੋਢੀ, ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਸਿੰਘ ਮੱਲੀ, ਬੁਲਾਰੇ ਡਾ. ਕਮਲਜੀਤ ਸਿੰਘ ਸੋਈ, ਪ੍ਰਿਤਪਾਲ ਸਿੰਘ ਬਾਲਿਆਵਾਲ, ਸੁਨੀਲ ਸਿੰਗਲਾ, ਸਾਬਕਾ ਸੂਬਾ ਮੀਡੀਆ ਸਕੱਤਰ ਤੇ ਡਾ. ਸਤੀਸ਼ ਕੁਮਾਰ, ਪ੍ਰੈੱਸ ਸਕੱਤਰ ਮੌਜੂਦ ਸਨ।

# ਨਰਿੰਦਰਦੀਪ ਹਿਰਾਸਤੀ ਕਤਲ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਲੁਧਿਆਣਾ 'ਚ ਭਲਕੇ ਰੋਸ ਮਾਰਚ

**ਤਿਆਰੀਆਂ ਦਾ ਲਿਆ ਜਾਇਜ਼ਾ**



ਬਠਿੰਡਾ (ਪਰਵਿੰਦਰ ਜੀਤ ਸਿੰਘ)- ਨਰਿੰਦਰ ਦੀਪ ਸਿੰਘ ਹਿਰਾਸਤੀ ਕਤਲ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣ ਲਈ 16 ਜੂਨ ਨੂੰ ਲੁਧਿਆਣਾ ਵਿਖੇ ਕੀਤੇ ਜਾ ਰਹੇ ਰੋਸ ਮਾਰਚ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕਰਕੇ ਜਾਇਜ਼ਾ ਲਿਆ ਗਿਆ।ਡਾਕਟਰ ਭੀਮ ਰਾਓ ਅੰਬੇਡਕਰ ਪਾਰਕ ਵਿਖੇ ਹੋਈ ਐਕਸ਼ਨ ਕਮੇਟੀ ਦੀ ਮੀਟਿੰਗ 'ਚ ਹਾਜ਼ਰ ਵੱਖ ਵੱਖ ਨੁਮਾਇੰਦਿਆਂ ਵੱਲੋਂ ਵੱਡੀ ਗਿਣਤੀ 'ਚ ਲੋਕਾਂ ਦੇ ਲੁਧਿਆਣਾ ਮਾਰਚ 'ਚ ਪਹੁੰਚਣ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ। ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਨਰਿੰਦਰਦੀਪ ਨੂੰ ਪੁਲਸ ਹਿਰਾਸਤ ਦੌਰਾਨ ਤਸੀਹੇ ਦੇ ਕੇ ਕਤਲ ਕਰਨ ਵਾਲੇ ਦੋਸ਼ੀ ਪੁਲਸੀਆਂ ਨੂੰ ਕਤਲ ਦਾ ਮੁਕੱਦਮਾ ਦਰਜ ਕਰਕੇ ਗਿਰਫ਼ਤਾਰ ਕਰਨ, ਸਮੁੱਚੇ ਮਾਮਲੇ ਦੀ ਉੱਚ ਪੱਧਰੀ ਨਿਆਂਇਕ ਜਾਂਚ ਕਰਵਾਉਣ ਤੇ ਪੀੜਤ ਪਰਵਾਰ ਨੂੰ ਸਰਕਾਰੀ ਨੌਕਰੀ ਤੇ ਮੁਆਵਜ਼ਾ ਦੇਣ ਵਰਗੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਲੁਧਿਆਣਾ ਵਿਖੇ ਰੱਖੇ ਰੋਸ ਮਾਰਚ ਦੌਰਾਨ ਨਰਿੰਦਰਦੀਪ ਤੇ ਪੁਲਸ ਵੱਲੋਂ ਤਸ਼ੱਦਦ ਕਰਕੇ ਕਤਲ ਕਰਨ ਤੋਂ ਇਲਾਵਾ ਆਪ ਸਰਕਾਰ ਦੇ ਰਾਜ ਦੌਰਾਨ ਪੁਲਸ ਹਿਰਾਸਤ 'ਚ ਆਏ ਦਿਨ ਹੁੰਦੀਆਂ ਮੌਤਾਂ ਦਾ ਵੀ ਪਰਦਾਫਾਸ਼ ਕੀਤਾ ਜਾਵੇਗਾ।ਇਸੇ ਦੌਰਾਨ ਡੀ ਆਈ ਜੀ ਸ੍ਰੀ ਹਰਜੀਤ ਸਿੰਘ ਵੱਲੋਂ ਪੀੜਤ ਪਰਵਾਰ ਤੇ ਐਕਸ਼ਨ ਕਮੇਟੀ ਦੇ ਆਗੂਆਂ ਨਾਲ਼ ਮੀਟਿੰਗ ਵੀ ਕੀਤੀ ਗਈ ਪਰ ਗੱਲ ਕਿਸੇ ਤਣ ਪੱਤਣ ਨਾ ਲੱਗ ਸਕੀ।

ਮੀਟਿੰਗ ਵਿੱਚ ਹਾਜ਼ਰ ਐਕਸ਼ਨ ਕਮੇਟੀ ਦੇ ਆਗੂਆਂ ਸ਼ਿੰਗਾਰਾ ਸਿੰਘ ਮਾਨ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਜਗਜੀਤ ਸਿੰਘ ਲਹਿਰਾ, ਰਾਜਮਹਿੰਦਰ ਸਿੰਘ ਕੋਟਭਾਰਾ, ਲਛਮਣ ਸਿੰਘ ਸੇਵੇਵਾਲਾ, ਜਸਵੀਰ ਸਿੰਘ ਆਕਲੀਆ, ਅਮੀ ਲਾਲ਼, ਜਸਪਾਲ ਬੰਗੀ, ਗੁਰਨਾਮ ਸਿੰਘ ਰਾਮਪੁਰਾ,ਮੱਖਣ ਸਿੰਘ ਗੁਰੂਸਰ, ਬਲਕਰਨ ਸਿੰਘ, ਜਸਵਿੰਦਰ ਸਿੰਘ, ਐਡਵੋਕੇਟ ਸੰਦੀਪ ਪਾਠਕ, ਚੰਦਰ ਸ਼ਰਮਾ, ਵਰਿੰਦਰ ਧੀਗੜਾ, ਹਮੀਰ ਸਿੰਘ ਮੱਕੜ,ਗੁਰਮੀਤ ਸਿੰਘ ਜੈ ਸਿੰਘ ਵਾਲਾ ਤੋਂ ਇਲਾਵਾ ਮਿਰਤਕ ਨਰਿੰਦਰ ਦੀਪ ਸਿੰਘ ਦੀ ਪਤਨੀ ਨੈਨਸੀ, ਪਿਤਾ ਰਣਜੀਤ ਸਿੰਘ ਤੇ ਨਵਦੀਪ ਸਿੰਘ ਆਦਿ ਆਗੂਆਂ ਨੇ ਡੀ ਆਈ ਜੀ ਤੋਂ ਮੰਗ ਕੀਤੀ ਕਿ ਕੇਸ 'ਚ ਨਾਮਜ਼ਦ ਦੋਸ਼ੀਆਂ ਨੂੰ ਫੌਰੀ ਗ੍ਰਿਫ਼ਤਾਰ ਕੀਤਾ ਜਾਵੇ, ਸਮੁੱਚੇ ਰੂਪ ਦੀ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਈ ਜਾਵੇ ਤੇ ਪੀੜਤ ਪਰਵਾਰ ਨੂੰ ਢੁੱਕਵਾਂ ਮੁਆਵਜ਼ਾ ਤੇ ਪੱਕੀ ਸਰਕਾਰੀ ਨੌਕਰੀ ਦਿੱਤੀ ਜਾਵੇ।ਐਕਸ਼ਨ ਕਮੇਟੀ ਆਗੂਆਂ ਨੇ ਐਲਾਨ ਕੀਤਾ ਕਿ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।ਐਕਸ਼ਨ ਕਮੇਟੀ ਨੇ ਸਪੱਸ਼ਟ ਕੀਤਾ ਕਿ 16 ਜੂਨ ਦੇ ਰੋਸ ਮਾਰਚ ਦੌਰਾਨ ਕਿਸੇ ਸਿਆਸੀ ਪਾਰਟੀ ਨੂੰ ਨੇੜੇ ਨਹੀਂ ਫਟਕਣ ਦਿੱਤਾ ਜਾਵੇਗਾ।

# ਮਲੂਕਾ ਦੀ ਪਾਰਟੀ 'ਚ ਵਾਪਸੀ ਨੂੰ ਲੈ ਕੇ ਅਕਾਲੀ ਆਗੂਆਂ ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ

**ਅਸੀਂ ਮਲੂਕਾ ਨੂੰ ਪਾਰਟੀ ਦੇ ਪਲੇਟਫਾਰਮ 'ਤੇ ਹੀ ਦੇਖਣਾ ਚਾਹੁੰਦੇ ਸਾਂ : ਗਰੇਵਾਲ ■ ਆਪ 'ਚ ਗਏ ਅਕਾਲੀ ਆਗੂਆਂ ਦੀ ਘਰ ਵਾਪਸੀ 'ਤੇ ਕਿਆਸਰਾਈਆਂ ਤੇਜ਼**



ਬਠਿੰਡਾ (ਰਾਜੀਵ ਗੋਇਲ)

ਹਲਕਾ ਰਾਮਪੁਰਾ ਫੂਲ ਤੋਂ ਅਕਾਲੀ ਦਲ ਦੇ ਵੱਡੇ ਚਿਹਰੇ ਵਜੋਂ ਜਾਣੇ ਜਾਂਦੇ ਸਿਕੰਦਰ ਸਿੰਘ ਮਲੂਕਾ ਦੀ ਪਾਰਟੀ 'ਚ ਘਰ ਵਾਪਸੀ ਨੂੰ ਲੈ ਕੇ ਅਕਾਲੀ ਖੇਮੇ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਇੱਕ ਵਾਰ ਫੇਰ ਤੋਂ ਸਿਆਸੀ ਗਲਿਆਰਿਆਂ 'ਚ ਇਸ ਖਬਰ ਨੇ ਚਰਚਾ ਛੇੜ ਦਿੱਤੀ ਹੈ। ਉਧਰ ਮਲੂਕਾ ਦੀ ਘਰ ਵਾਪਸੀ ਨੂੰ ਲੈ ਕੇ ਸਾਬਕਾ ਚੇਅਰਮੈਨ ਗਗਨਦੀਪ ਗਰੇਵਾਲ ਨੇ ਕਿਹਾ ਕਿ ਉਹ ਮਲੂਕਾ ਨੂੰ ਪਾਰਟੀ ਦੇ ਪਲੇਟਫਾਰਮ 'ਤੇ ਦੇਖਣਾ ਚਾਹੁੰਦੇ ਸਨ ਤੇ ਇਸ ਦਿਨ ਦਾ ਉਹ ਕਾਫੀ ਸਮੇਂ ਤੋਂ ਇੰਤਜ਼ਾਰ ਕਰ ਰਹੇ ਸਨ। ਮਲੂਕਾ ਦੀ ਪਾਰਟੀ 'ਚ ਵਾਪਸੀ ਤੋਂ ਬਾਅਦ ਅਕਾਲੀ ਦਲ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਸਿਆਸੀ ਆਗੂਆਂ ਦੀ ਵੀ ਘਰ ਵਾਪਸੀ 'ਤੇ ਕਿਆਸਰਾਈਆਂ ਤੇਜ਼ ਹੋ ਗਈਆਂ ਹਨ ਤੇ ਚਰਚਾ ਹੈ ਕਿ ਇਹ ਲੋਕ ਮੁੜ ਅਕਾਲੀ ਦਲ 'ਚ ਵਾਪਸ ਪਰਤ ਆਉਣਗੇ। ਭਾਵੇਂ ਹੀ ਮਾੜੇ ਸਮੇਂ ਵਿੱਚ ਅਕਾਲੀ ਦਲ ਨੂੰ ਅਲਵਿਦਾ ਆਖਣ ਵਾਲੇ ਇਨ੍ਹਾਂ ਸਿਆਸੀ ਆਗੂਆਂ ਨੂੰ ਪਾਰਟੀ ਵੱਲੋਂ ਕੀ ਸਤਿਕਾਰ ਦਿੱਤਾ ਜਾਂਦਾ ਹੈ, ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਸ਼ਾਇਦ ਜਿਸ ਤਰ੍ਹਾਂ ਆਪ ਵੱਲੋਂ ਲੀਡਰਾਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ, ਅਜਿਹੇ ਘਰ ਵਾਪਸੀ ਵਾਲੇ ਆਗੂਆਂ ਨੂੰ ਕਿਹੜੇ ਸਰਟੀਫਿਕੇਟ ਦਿੱਤੇ ਜਾਣਗੇ, ਇਹ ਵੀ ਦੇਖਣ ਤੇ ਵਾਚਣ ਵਾਲੀ ਗੱਲ ਹੀ ਹੋਵੇਗੀ।

ਲੁਧਿਆਣਾ ਦੀ ਜ਼ਿਮਨੀ ਚੋਣ ਨੇ ਸਾਰੀਆਂ ਹੀ ਪਾਰਟੀਆਂ ਨੂੰ ਵਖਤ ਵਿੱਚ ਪਾ ਰੱਖਿਆ ਹੈ। ਪੂਰੀ ਦੀ ਪੂਰੀ ਤਾਕਤ ਮੌਜੂਦਾ ਸਰਕਾਰ ਨੇ ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਲੁਧਿਆਣਾ ਵਿਖੇ ਲਗਾ ਦਿੱਤੀ ਹੈ ਤੇ ਦੂਜੇ ਪਾਸੇ ਕਾਂਗਰਸ, ਅਕਾਲੀ ਦਲ ਤੇ ਭਾਜਪਾ ਵੱਲੋਂ ਵੀ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ ਅਤੇ ਨਾਲ ਹੀ ਕਿਸਾਨ ਜਥੇਬੰਦੀਆਂ ਸਮੇਤ ਮੌਜੂਦਾ ਸਰਕਾਰ ਦੇ ਸਤਾਏ ਲੋਕ ਆਪ ਵਿਰੁੱਧ ਝੰਡਾ ਚੱਕੀ ਲੁਧਿਆਣਾ ਪਹੁੰਚੇ ਹੋਏ ਹਨ। ਉਧਰ ਮਲੂਕਾ ਵੱਲੋਂ ਵੀ ਪਾਰਟੀ ਦੀ ਬਿਹਤਰੀ ਲਈ ਕੰਮ ਕਰਨ ਦਾ ਭਰੋਸਾ ਦਿੱਤਾ ਗਿਆ।

# ਨਗਰ ਨਿਗਮ ਨੇ ਦੂਜੇ ਦਿਨ ਵੀ ਕੀਤਾ ਸਾਮਾਨ ਜ਼ਬਤ, ਨਾਮੀ ਦੁਕਾਨਦਾਰਾਂ ਨੂੰ ਵੀ ਦਿੱਤੀ ਚਿਤਾਵਨੀ

**ਕਾਰਵਾਈ ਜ਼ਰੂਰੀ, ਲੋਕਾਂ ਵੱਲੋਂ ਭਰੇ ਜਾਂਦੇ ਟੈਕਸ ਕਰਕੇ ਹੀ ਸਰਕਾਰੀ ਮੁਲਾਜ਼ਮ ਤਨਖਾਹਾਂ ਲੈ ਪਾਉਂਦੇ ਹਨ : ਮੇਅਰ ਗੋਗੀਆ**



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਬੀਤੇ ਦਿਨ ਦੀ ਸ਼ੇਰਾਂ ਵਾਲਾ ਗੇਟ ਹੋਈ ਕਾਰਵਾਈ ਮਗਰੋਂ ਕੁਝ ਸ਼ਹਿਰ ਵਾਸੀ ਮੁੜ ਸ਼ਿਕਾਇਤ ਲੈ ਕੇ ਮੇਅਰ ਦਫਤਰ ਪੁੱਜੇ।ਮੇਅਰ ਕੁੰਦਨ ਗੋਗੀਆ ਨੇ ਸ਼ਿਕਾਇਤ ਸੁਨਣ ਮਗਰੋਂ ਇੰਸਪੈਕਟਰ ਵਿਸ਼ਾਲ ਵਰਮਾ ਨੂੰ ਮੁੜ ਸਖਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ। ਮੇਅਰ ਨੇ ਕਿਹਾ ਕਿ ਅਸੀਂ ਪਬਲਿਕ ਸਰਵੈਂਟ ਹਾਂ ਤੇ ਲੋਕਾਂ ਵੱਲੋਂ ਭਰੇ ਜਾਂਦੇ ਟੈਕਸ ਨਾਲ ਹੀ ਸਰਕਾਰੀ ਮੁਲਾਜ਼ਮ ਤਨਖਾਹ ਲੈ ਪਾਉਂਦੇ ਹਨ, ਜਿਸ ਲਈ ਨਿਗਮ ਦਾ ਪਹਿਲਾ ਫਰਜ਼ ਲੋਕਾਂ ਨੂੰ ਪ੍ਰੇਸ਼ਾਨੀ ਹੋਣ ਤੋਂ ਬਚਾਉਣਾ ਹੈ।ਦੱਸਣਯੋਗ ਹੈ ਕਿ ਨਗਰ ਨਿਗਮ ਵੱਲੋਂ ਮੇਅਰ ਕੁੰਦਨ ਗੋਗੀਆਂ ਤੇ ਕਮਿਸ਼ਨਰ ਪਰਮਵੀਰ ਸਿੰਘ ਦੇ ਦਿਸ਼ਾਂ ਨਿਰਦੇਸ਼ ਅਨੁਸਾਰ ਨਜਾਇਜ਼ ਕਬਜ਼ਾ ਧਾਰਕਾਂ ਖਿਲਾਫ ਵੱਡੀ ਮੁਹਿੰਮ ਵਿੱਢੀ ਗਈ ਹੈ।

ਇੰਸਪੈਕਟਰ ਵਿਸ਼ਾਲ ਵਰਮਾ ਨੇ ਮੁੜ ਸ਼ਹਿਰ ਦੇ ਭੀੜ ਭਾੜ ਵਾਲੇ ਇਲਾਕੇ ਤੇ ਖਾਸ ਕਰ ਸ਼ੇਰਾਂਵਾਲਾ ਗੇਟ ਵਿਖੇ ਮਦਰਾਸੀ ਡੋਸਾ ਨਾਮ ਦੇ ਦੁਕਾਨਦਾਰ ਵੱਲੋਂ ਸੜਕ ਤੱਕ ਸਾਮਾਨ ਰੱਖਣ ਖਿਲਾਫ ਕਾਰਵਾਈ ਕਰਨ ਮਗਰੋਂ ਪੱਤਰਕਾਰਾਂ ਨੂੰ ਦੱਸਿਆ ਕਿ ਲੋਕਾਂ ਵੱਲੋਂ ਬੀਤੇ ਦਿਨੀਂ ਕੀਤੀ ਸ਼ਿਕਾਇਤ ਅਨੁਸਾਰ ਬੀਤੇ ਦਿਨੀਂ ਨਿਗਮ ਵੱਲੋਂ ਹੋਈ ਕਾਰਵਾਈ ਮਗਰੋਂ ਕੁਝ ਮਿੰਟਾਂ ਬਾਅਦ ਹੀ ਇਨ੍ਹਾਂ ਦੁਕਾਨਦਾਰਾਂ ਨੇ ਮੁੜ ਟੇਬਲ ਕੁਰਸੀਆਂ ਸੜਕ ਤੱਕ ਸਜ਼ਾ ਕੇ ਰੱਖ ਲਈਆਂ, ਜਿਸ ਕਾਰਨ ਸ਼ੇਰਾਂਵਾਲਾ ਗੇਟ ਲੱਗੇ ਜਾਮ ਕਾਰਨ ਉਨ੍ਹਾਂ ਨੂੰ ਤਵੱਕਲੀ ਮੋੜ ਤੋਂ ਬਾਰਾਦਰੀ ਪਾਰਕ ਤੱਕ ਜਾਣ ਲਈ ਅੱਧਾ ਘੰਟਾ ਲੱਗ ਗਿਆ।ਉਨ੍ਹਾਂ ਮੇਅਰ ਕੁੰਦਨ ਗੋਗੀਆਂ ਨੂੰ ਸ਼ਿਕਾਇਤ ਕੀਤੀ ਕਿ ਆਪਣੇ ਅਫਸਰਾਂ ਨੂੰ ਆਫ ਡਿਊਟੀ ਕੁਝ ਸਮਾਂ ਵੱਧ ਲਗਵਾ ਕੇ ਸ਼ਾਮ ਨੂੰ ਕਾਰਵਾਈ ਕਰਵਾਈ ਜਾਵੇ, ਜਿਸ ਤਹਿਤ ਇਨ੍ਹਾਂ ਦੁਕਾਨਦਾਰਾਂ ਵੱਲੋਂ ਮੁੜ ਸੜਕਾਂ ਤੱਕ ਰੱਖਿਆ ਸਾਮਾਨ ਨਿਗਮ ਨੇ ਕਬਜ਼ੇ ਵਿੱਚ ਲੈ ਲਿਆ ਹੈ।ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਦੀ ਆਰਾਮਦਾਰੀ ਲਈ ਆਫ ਡਿਊਟੀ ਵੀ ਕੰਮ ਕਰਾਂਗੇ।ਉਨ੍ਹਾਂ ਖਾਸ ਤੌਰ 'ਤੇ ਦੱਸਿਆ ਕਿ ਇਨ੍ਹਾਂ ਕੁਝ ਦੁਕਾਨਦਾਰਾਂ ਨੇ ਸੜਕ ਤੱਕ ਸਾਮਾਨ ਰੱਖ ਕੇ ਲੋਕਾਂ ਦੀ ਪਾਰਕਿੰਗ ਤੱਕ ਨੂੰ ਖਤਮ ਕੀਤਾ ਹੋਇਆ ਸੀ।ਇੰਸਪੈਕਟਰ ਵਿਸ਼ਾਲ ਸ਼ਰਮਾ ਨੇ ਕਿਹਾ ਕਿ ਕੱਪੜਾ ਮਾਰਕੀਟ, ਗਊਸ਼ਾਲਾ ਰੋਡ 'ਤੇ ਅਨਾਊਂਸ ਕਰਵਾਉਣ ਮਗਰੋਂ ਨਾਮੀ ਦੁਕਾਨਦਾਰ ਬੀਕਾਨੇਰ ਸਵੀਟਸ ਸਮੇਤ ਹੋਰਨਾਂ ਦੁਕਾਨਦਾਰਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਅਤੇ ਸੜਕ ਤੱਕ ਪਿਆ ਸਾਮਾਨ ਅੰਦਰ ਕਰਵਾਇਆ ਗਿਆ।ਉਨ੍ਹਾ ਕਿਹਾ ਕਿ ਇਨ੍ਹਾਂ ਵੱਲੋਂ ਕਹਿਣਾ ਨਾ ਮੰਨਣ 'ਤੇ ਸੋਮਵਾਰ ਨੂੰ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਮੁੜ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਟਿਆਲਾ ਦੇ ਲੋਕਾਂ ਦੀ ਸਹੂਲਤ ਲਈ ਆਪਣੀ ਦੁਕਾਨ ਦਾ ਸਾਮਾਨ ਬਣਦੀ ਹੱਦ ਤੱਕ ਹੀ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਕਹਿਣਾ ਨਾ ਮੰਨਣ ਦੀ ਸੂਰਤ ਵਿੱਚ ਨਗਰ ਨਿਗਮ ਵੱਲੋਂ ਸਾਮਾਨ ਜ਼ਬਤ ਕਰ ਕੇ ਮੋਟਾ ਜੁਰਮਾਨਾ ਵਸੂਲਿਆ ਜਾਵੇਗਾ।

## ਵਿਕਾਸ ਕਾਰਜਾਂ 'ਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ : ਡਾ. ਅਰੋੜਾ

ਮੋਗਾ (ਇਕਬਾਲ ਸਿੰਘ ਖਹਿਰਾ)-ਵਾਰਡ ਵਾਸੀਆਂ ਦੀ ਮੰਗ ਨੂੰ ਦੇਖਦੇ ਹੋਏ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕੌਂਸਲਰ ਕਿਰਨ ਹੁੰਦਲ ਤੇ ਮੇਅਰ ਬਲਜੀਤ ਸਿੰਘ ਚਾਨੀ ਨਾਲ ਮਿਲ ਕੇ ਮੋਗਾ ਹਲਕੇ ਦੇ ਵਾਰਡ ਨੰਬਰ 33 ਮੁਹੱਲਾ ਸੰਧੂਆ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਪਾਰਕ ਦੇ ਨਿਰਮਾਣ ਨੀਂਹ ਪੱਥਰ ਰੱਖਿਆ ਤੇ ਪਾਰਕ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ ਮੋਗਾ ਹਲਕੇ ਦਾ ਸਰਵਪੱਖੀ ਵਿਕਾਸ ਕਰਨਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਅਗਵਾਈ ਹੇਠ ਮੋਗਾ ਹਲਕੇ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਇਹ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਮੇਅਰ ਬਲਜੀਤ ਸਿੰਘ ਚਾਨੀ ਨੂੰ ਵਾਰਡ ਕੌਂਸਲਰ ਕਿਰਨ ਹੁੰਦਲ ਤੇ ਵਾਰਡ ਵਾਸੀਆਂ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਮੇਅਰ ਬਲਜੀਤ ਸਿੰਘ ਚਾਨੀ, ਕੌਂਸਲਰ ਕਿਰਨ ਹੁੰਦਲ, ਜਗਸੀਰ ਹੁੰਦਲ, ਅਵਤਾਰ ਸਿੰਘ ਸਾਂਭੀ, ਬਲਦੇਵ ਸਿੰਘ ਦੇ ਨਾਲ-ਨਾਲ ਵਾਰਡ ਵਾਸੀ ਮੌਜੂਦ ਸਨ।

# ਮੁ.ਫਤ ਬੱਸ ਸ.ਫਰ ਨੇ ਪੀ ਆਰ ਟੀ ਸੀ ਦਾ ਕੱਢਿਆ ਧੂੰਆਂ, ਅਜੇ ਤੱਕ ਨਸੀਬ ਨਹੀਂ ਹੋਈ ਮੁਲਾਜ਼ਮਾਂ ਨੂੰ ਤਨਖਾਹ

**ਸਰਕਾਰ ਵੱਲ ਕੁੱਲ ਬਕਾਇਆ 600 ਕਰੋੜ ਨੂੰ ਟੱਪਿਆ, ਚੇਅਰਮੈਨਾਂ ਤੇ ਡਾਇਰੈਕਟਰਾਂ ਖਿਲਾਫ਼ ਵੀ ਮੁਲਾਜ਼ਮ 'ਚ ਰੋਸ**

ਪਟਿਆਲਾ (ਰਾਜਿੰਦਰ ਥਿੰਦ)

ਪੀਆਰਟੀਸੀ ਦੇ ਮੁਫ਼ਤ ਬੱਸ ਸਫ਼ਰ ਦਾ ਬਕਾਇਆ ਸਰਕਾਰ ਵੱਲ 500 ਕਰੋੜ ਨੂੰ ਟੱਪ ਗਿਆ ਹੈ, ਜਿਸ ਕਾਰਨ ਮੁਲਾਜ਼ਮਾਂ ਨੂੰ ਅਜੇ ਤੱਕ ਮਈ ਮਹੀਨੇ ਦੀ ਤਨਖਾਹ ਨਸੀਬ ਨਹੀਂ ਹੋਈ।ਇੱਧਰ ਤਨਖਾਹ ਨਾ ਮਿਲਣ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਸਰਕਾਰ ਖਿਲਾਫ਼ ਰੋਸ ਪਾਇਆ ਜਾ ਰਿਹਾ ਹੈ।ਇੱਧਰ ਮੁਲਾਜ਼ਮਾਂ ਵੱਲੋਂ ਪੀਆਰਟੀਸੀ ਦੇ ਚੇਅਰਮੈਨਾਂ ਸਮੇਤ ਡਾਇਰੈਕਟਰਾਂ 'ਤੇ ਵੀ ਗੁੱਸਾ ਕੱਢਿਆ ਗਿਆ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨਹੀਂ ਸਮਝ ਰਹੇ।

ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਔਰਤਾਂ ਦੇ ਮੁਫ਼ਤ ਬੱਸ ਸਫ਼ਰ ਨੇ ਪੀਆਰਟੀਸੀ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ, ਪਰ ਸਰਕਾਰ ਦਾ ਬਦਲ ਲੱਭਣ ਨੂੰ ਤਿਆਰ ਨਹੀਂ ਹੈ।ਮੌਜੂਦਾ ਸਮੇਂ ਪੀਆਰਟੀਸੀ ਦੇ ਔਰਤਾਂ ਦੇ ਮੁਫ਼ਤ ਬੱਸ ਸਫ਼ਰ ਦਾ ਸਰਕਾਰ ਵੱਲ 500 ਕਰੋੜ, ਜਦਕਿ ਬਾਕੀ ਕੈਟਾਗਰੀਆਂ ਦਾ 100 ਕਰੋੜ ਰੁਪਏ ਬਕਾਇਆ ਵੱਖਰਾ ਪਿਆ ਹੈ ਅਤੇ ਸਰਕਾਰ ਬਕਾਇਆ ਰਾਸ਼ੀ ਦਾ ਇਹ ਕੁੱਲ ਅੰਕੜਾ 600 ਕਰੋੜ 'ਤੇ ਪੁੱਜ ਗਿਆ ਹੈ।ਇੱਧਰ ਜੂਨ ਮਹੀਨੇ ਦੇ 11 ਦਿਨ ਬੀਤ ਜਾਣ ਦੇ ਬਾਵਜੂਦ ਪੀਆਰਟੀਸੀ ਦੇ ਸੈਂਕੜੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਈ ਮਹੀਨੇ ਦੀ ਨਾ ਹੀ ਤਨਖਾਹ ਨਸੀਬ ਹੋਈ ਹੈ ਅਤੇ ਨਾ ਹੀ ਪੈਨਸ਼ਨ।ਪੀਆਰਟੀਸੀ ਦਾ ਰੋਜ਼ਾਨਾ ਮੁਫ਼ਤ ਬੱਸ ਸਫ਼ਰ 1 ਕਰੋੜ ਤੋਂ ਉੱਪਰ ਦਾ ਹੋ ਰਿਹਾ ਹੈ ਤੇ ਆਏ ਮਹੀਨੇ ਲਗਭਗ 30 ਕਰੋੜ ਰੁਪਏ ਸਰਕਾਰ ਵੱਲ ਖੜ੍ਹ ਰਹੇ ਹਨ।ਪੀਆਰਟੀਸੀ ਦੇ ਇੱਕ ਅਧਿਕਾਰੀ ਦਾ ਆਖਣਾ ਸੀ ਕਿ ਉਹ ਸਰਕਾਰ ਨੂੰ 15 ਦਿਨਾਂ ਦੇ ਮੁਫ਼ਤ ਬੱਸ ਸਫ਼ਰ ਦੇ ਬਿਲ ਭੇਜਦੇ ਹਨ, ਪਰ ਸਮੇਂ ਸਿਰ ਰਾਸ਼ੀ ਹਾਸਲ ਨਾ ਹੋਣ ਕਾਰਨ ਇਹ ਬਕਾਇਆ ਵੱਧਦਾ ਹੀ ਜਾ ਰਿਹਾ ਹੈ।ਵੱਡੀ ਗੱਲ ਇਹ ਹੈ ਕਿ ਪੇ ਕਮਿਸ਼ਨ ਦੇ ਬਕਾਏ, ਮੈਡੀਕਲ ਬਿੱਲ, ਸੇਵਾ ਮੁਕਤ ਕਰਮਚਾਰੀਆਂ ਦੇ ਸਾਲਾਂਬੱਧੀ ਤੋਂ ਨਾ ਦਿੱਤੇ ਜਾ ਰਹੇ ਬਕਾਏ ਵੀ ਲਮਕ ਅਵਸਥਾ ਵਿੱਚ ਚੱਲ ਰਹੇ ਹਨ।ਵਰਕਰਾਂ ਦੇ ਕੁੱਲ ਬਕਾਇਆ ਦੀ ਰਕਮ 170 ਕਰੋੜ ਰੁਪਏ ਤੋਂ ਵੀ ਵੱਧ ਦੇ ਖੜ੍ਹੇ ਹਨ।ਪੀਆਰਟੀਸੀ ਵਿੱਚ ਸਰਕਾਰ ਵੱਲੋਂ ਅਨੇਕਾਂ ਅਹੁਦਿਆਂ 'ਤੇ ਚੇਅਰਮੈਨ ਤੇ ਡਾਇਰੈਕਟਰ ਭਰਤੀ ਕੀਤੇ ਹੋਏ ਹਨ, ਪਰ ਉਨ੍ਹਾਂ 'ਤੇ ਵੀ ਮੁਲਾਜ਼ਮ ਵਰਗ ਵੱਲੋਂ ਸੁਆਲ ਖੜ੍ਹੇ ਕੀਤੇ ਗਏ ਹਨ।ਇੱਕ ਮੁਲਾਜ਼ਮ ਆਗੂ ਦਾ ਕਹਿਣਾ ਸੀ ਕਿ ਚੇਅਰਮੈਨ, ਵਾਇਸ ਚੇਅਰਮੈਨ ਤੇ ਡਾਇਰੈਕਟਰਜ਼ ਦੀ ਇੱਕ ਭਾਰੀ ਭਰਕਮ ਟੀਮ ਪੀਆਰਟੀਸੀ ਦੇ ਸਮੁੱਚੇ ਪ੍ਰਬੰਧਾਂ 'ਤੇ ਨਿਯੰਤਰਣ ਤਾਂ ਰੱਖ ਰਹੀ ਹੈ, ਪਰ ਉਨ੍ਹਾਂ ਨੂੰ ਇਹ ਕਦੇ ਮਹਿਸੂਸ ਨਹੀਂ ਹੋਇਆ ਕਿ ਵਰਕਰਾਂ ਦੀਆਂ ਵਿੱਤੀ ਮੁਸ਼ਕਲਾਂ ਦਾ ਵੀ ਕੋਈ ਹੱਲ ਕਰਨਾ ਹੈ ਜਾਂ ਨਹੀਂ।

ਪੀਆਰਟੀਸੀ ਵਰਕਰਜ਼ ਐਕਸ਼ਨ ਕਮੇਟੀ ਦੇ ਆਗੂਆਂ ਕਨਵੀਨਰ ਨਿਰਮਲ ਸਿੰਘ ਧਾਲੀਵਾਲ, ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ ਤੇ ਮੁਹੰਮਦ ਖਲੀਲ ਨੇ ਕਿਹਾ ਕਿ ਪੀਆਰਟੀਸੀ ਵੱਲ ਨਾ ਤਾਂ ਸਰਕਾਰ ਦਾ ਧਿਆਨ ਹੈ ਅਤੇ ਨਾ ਹੀ ਮੈਨੇਜਮੈਂਟ।ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਅਨੇਕਾਂ ਫੈਸਲੇ ਹਨ ਕਿ ਤਨਖਾਹ ਪੈਨਸ਼ਨ ਦਾ ਭੁਗਤਾਨ ਬਿਨਾਂ ਦੇਰੀ ਕਰਨਾ ਸਰਕਾਰਾਂ ਤੇ ਮੈਨੇਜਮੈਂਟਾਂ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ, ਪਰ ਇੱਥੇ ਆਲਮ ਇਹ ਹੈ ਕਿ ਅਜਿਹੀ ਜ਼ਿੰਮੇਵਾਰੀ ਸਮਝੀ ਹੀ ਨਹੀਂ ਜਾ ਰਹੀ।ਮੈਨੇਜਮੈਂਟ ਵਰਕਰਾਂ ਦੀਆਂ ਕਾਨੂੰਨੀ ਤੌਰ 'ਤੇ ਵਾਜਬ ਮੰਗਾਂ ਤਨਖਾਹ-ਪੈਨਸ਼ਨ ਸਮੇਂ ਸਿਰ ਦੇਣਾ, ਤਰੱਕੀਆਂ, ਐੱਲਟੀਸੀ., ਐੱਨਪੀਐੱਸ., ਸੁਪਰੀਮ ਕੋਰਟ ਦੇ ਫੈਸਲੇ ਮੁਤਾਬਿਕ ਈਪੀਐੱਫ, ਨਵੀਆਂ ਬੱਸਾਂ ਪਾਉਣਾ ਤੇ ਭ੍ਰਿਸ਼ਟਾਚਾਰ ਖਤਮ ਕਰਨਾ ਅਨੇਕਾਂ ਮਸਲੇ, ਜਿਨ੍ਹਾਂ ਨੂੰ ਅਣਗੌਲਿਆ ਕਰਕੇ ਵਰਕਰਾਂ ਦਾ ਆਰਥਕ ਸ਼ੋਸ਼ਣ ਕੀਤਾ ਜਾ ਰਿਹਾ ਹੈ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਸੰਘਰਸ਼ ਦਾ ਐਲਾਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫਿਸ ਯੂਨਿਟ ਪਟਿਆਲਾ ਦੀ ਮੀਟਿੰਗ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੀ ਮੈਂਬਰ ਮਨਮੰਤ ਕੌਰ, ਇੰਦਰਜੀਤ ਕੌਰ (ਪਤਨੀ ਬਲਬੀਰ ਸਿੰਘ ਸੈਣੀ ਜਥੇਬੰਦੀ ਮੈਂਬਰ), ਦਲਬੀਰ ਸਿੰਘ (ਭਾਣਜ ਜਵਾਈ ਹਰਬੰਸ ਸਿੰਘ ਜਥੇਬੰਦੀ ਮੈਂਬਰ), ਮਲਕੀਅਤ ਸਿੰਘ ਸਰਪ੍ਰਸਤ ਦੇ ਭਾਣਜੇ ਤੇ ਸੁਰਿੰਦਰ ਸਿੰਘ (ਭਲਵਾਨ) ਮੁਲਾਜ਼ਮ ਆਗੂ ਦੇ ਸਪੁੱਤਰ ਦੀਪਇੰਦਰ ਸਿੰਘ, ਗੁਰਦੇਵ ਸਿੰਘ ਸਿੱਧੂ ਦੀ ਹੋਈ ਮੌਤ ਅਤੇ ਹਵਾਈ ਹਾਦਸੇ ਵਿੱਚ ਮਾਰੇ ਗਏ ਯਾਤਰੀਆਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਇੰਜ. ਸੰਤੋਖ ਸਿੰਘ ਸੂਬਾ ਸਲਾਹਕਾਰ, ਇੰਜ. ਹਰਜੀਤ ਸਿੰਘ ਸਕੱਤਰ, ਮੋਹਨ ਰਾਜ, ਮਲਕੀਅਤ ਸਿੰਘ ਨਰਵਾਣ ਸਰਪ੍ਰਸਤ ਨੇ ਆਪਣੇ ਵਿਚਾਰ ਦਿੱਤੇ ਤੇ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਤੋਂ ਮੰਗ ਕੀਤੀ ਗਈ ਕਿ ਪਾਵਰਕੌਮ ਮੈਨੇਜਮੈਂਟ ਨਾਲ 22 ਮਈ 2025 ਨੂੰ ਹੋਈ ਮੀਟਿੰਗ ਵਿੱਚ ਵਿਚਾਰੀਆਂ ਗਈਆਂ ਮੰਗਾਂ ਸਬੰਧੀ ਅਮਲੀ ਜਾਮਾ ਪਹਿਨਾਇਆ ਜਾਵੇ ਤੇ ਨੋਟੀਫਿਕੇਸ਼ਨਾਂ ਜਾਰੀ ਕੀਤੀਆਂ ਜਾਣ। 20 ਸਾਲ ਦੀ ਸਰਵਿਸ ਉਪਰੰਤ ਰਿਟਾਇਰ ਹੋਏ ਕਰਮਚਾਰੀਆਂ ਨੂੰ 25 ਸਾਲ ਦੇ ਨਿਯਮਾਂ ਅਨੁਸਾਰ ਸੇਵਾ ਲਾਭ ਜਾਰੀ ਕੀਤੇ ਜਾਣ। 85 ਸਾਲ ਤੋਂ ਵੱਧ ਦੀ ਉਮਰ ਵਾਲੇ ਪੈਨਸ਼ਨਰ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਫੈਮਿਲੀ ਪੈਨਸ਼ਨਰਾਂ ਨੂੰ ਪੇ-ਰਿਵੀਜ਼ਨ ਦਾ ਬਣਦਾ ਬਕਾਇਆ ਕਿਸ਼ਤਾਂ ਦੀ ਬਜਾਏ ਯੱਕਮੁਸ਼ਤ ਦਿੱਤਾ ਜਾਵੇ।

ਪਹਿਲਾਂ ਸੇਵਾਮੁਕਤ ਹੋਏ ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਫੈਕਟਰ ਨਾਲ ਸੁਧਾਈ ਕੀਤੀ ਜਾਵੇ। ਸ੍ਰ. ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਪਾਵਰਕੌਮ ਮੈਨੇਜਮੈਂਟ ਨਾਲ 22 ਮਈ 2025 ਨੂੰ ਹੋਈ ਮੀਟਿੰਗ ਦੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਨੂੰ ਅਪੀਲ ਕੀਤੀ ਗਈ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ।

ਇਸ ਮੌਕੇ ਮੀਟਿੰਗ ਵਿੱਚ ਗੱਜਣ ਸਿੰਘ ਸੂਬਾ ਮੀਡੀਆ ਸਲਾਹਕਾਰ, ਮਲਕੀਤ ਸਿੰਘ ਮੀਤ ਪ੍ਰਧਾਨ ਹੈੱਡ ਆਫਿਸ ਯੂਨਿਟ, ਇੰਜ. ਜਗਤਾਰ ਸਿੰਘ ਖਜ਼ਾਨਚੀ, ਬੀਬੀ ਹਰਸਰਨਜੀਤ ਕੌਰ, ਜੱਗਾ ਸਿੰਘ, ਅਮਰਜੀਤ ਸਿੰਘ, ਭਾਨ ਸਿੰਘ, ਦੀਵਾਨ ਸਿੰਘ, ਸਤਪਾਲ, ਇੰਜ. ਕਰਤਾਰ ਸਿੰਘ ਸਲਾਹਕਾਰ, ਸਰੂਪਇੰਦਰ ਸਿੰਘ, ਇੰਜ. ਸਤਪਾਲ ਸ਼ਰਮਾ, ਗੁਰਦੀਪ ਸਿੰਘ, ਅਮਰੀਕ ਸਿੰਘ, ਸਤਪਾਲ ਗੋਇਲ, ਮੋਹਨ ਰਾਜ, ਹਰਬੰਸ ਸਿੰਘ ਤੇ ਭਾਰੀ ਗਿਣਤੀ ਵਿੱਚ ਜਥੇਬੰਦੀ ਦੇ ਆਗੂ ਤੇ ਮੈਂਬਰ ਹਾਜ਼ਰ ਸਨ।

# ਸਿਟੀ ਪ੍ਰੈੱਸ ਕਲੱਬ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ

**ਜਹਾਜ਼ ਹਾਦਸੇ 'ਚ ਮਾਰੇ ਗਏ ਯਾਤਰੀਆਂ ਨੂੰ ਦਿੱਤੀ ਸ਼ਰਧਾਂਜਲੀ**



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਿਟੀ ਪ੍ਰੈੱਸ ਕਲੱਬ ਸੁਨਾਮ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਹੇਠ ਅਰਬਨ ਕਰੇਵ ਰੈਸਟੋਰੈਂਟ ਵਿਖੇ ਹੋਈ, ਜਿਸ ਦੌਰਾਨ ਡੀ.ਐੱਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ ਤੇ ਐਸ ਐਚ ਓ ਪ੍ਰਤੀਕ ਜਿੰਦਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਹਾਜ਼ਰੀਨ ਵੱਲੋਂ ਪਿਛਲੇ ਦਿਨੀਂ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮਾਰੇ ਗਏ ਯਾਤਰੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੌਰਾਨ ਕਲੱਬ ਸਕੱਤਰ ਆਰ ਐੱਨ ਕਾਂਸਲ ਨੇ ਹਾਜ਼ਰੀਨ ਕਲੱਬ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਡੀ ਐੱਸ ਪੀ ਹਰਵਿੰਦਰ ਸਿੰਘ ਖਹਿਰਾ ਤੇ ਐੱਸ ਐੱਚ ਓ ਪ੍ਰਤੀਕ ਜਿੰਦਲ ਦਾ ਸਵਾਗਤ ਕੀਤਾ ਤੇ ਕਲੱਬ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ ਤੇ ਕਲੱਬ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ।

ਇਸ ਦੌਰਾਨ ਡੀ ਐੱਸ ਪੀ ਹਰਵਿੰਦਰ ਸਿੰਘ ਖਹਿਰਾ ਤੇ ਐੱਸ ਐੱਚ ਓ ਪ੍ਰਤੀਕ ਜਿੰਦਲ ਨੇ ਆਖਿਆ ਕਿ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਕ੍ਰਾਈਮ ਨੂੰ ਰੋਕਣ ਲਈ ਪ੍ਰੈੱਸ ਤੇ ਪਬਲਿਕ ਦਾ ਸਾਥ ਬਹੁਤ ਜ਼ਰੂਰੀ ਹੈ ਅਤੇ ਪੁਲਸ ਪ੍ਰਸ਼ਾਸਨ ਅਮਨ-ਪਸੰਦ ਸਮਾਜ ਦੀ ਸਮੱਸਿਆ ਦੇ ਹੱਲ ਲਈ ਹਰ ਸਮੇਂ ਤੱਤਪਰ ਹੈ। ਇਸ ਦੌਰਾਨ ਡੀ ਐੱਸ ਪੀ ਹਰਵਿੰਦਰ ਸਿੰਘ ਖਹਿਰਾ ਤੇ ਐੱਸ ਐੱਚ ਓ ਪ੍ਰਤੀਕ ਜਿੰਦਲ ਨੇ ਵੱਖ ਵੱਖ ਇਲਾਕਿਆਂ ਵਿੱਚ ਆਪਣੇ ਪ੍ਰਸ਼ਾਸਨਕ ਤਜਰਬਿਆਂ ਨੂੰ ਸਾਂਝਾ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਪੁਲਸ ਪ੍ਰਸ਼ਾਸਨ ਇਲਾਕਾ ਨਿਵਾਸੀਆਂ ਨੂੰ ਹਮੇਸ਼ਾ ਬਿਹਤਰ ਸੇਵਾਵਾਂ ਦੇਣ ਲਈ ਵਚਨਬੱਧ ਹੈ ਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸ਼ਹਿਰ ਦਾ ਮਾਹੌਲ ਖਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਸਮੇਂ ਕਲੱਬ ਸਰਪ੍ਰਸਤ ਤੇ ਸੀਨੀਅਰ ਪੱਤਰਕਾਰ ਕ੍ਰਿਸ਼ਨ ਸੰਦੋਹਾ ਤੇ ਆਰ ਐੱਨ ਕਾਂਸਲ ਨੇ ਪੱਤਰਕਾਰਿਤਾ ਦੇ ਖੇਤਰ ਵਿੱਚ ਆਉਂਦੀਆਂ ਵੱਖ-ਵੱਖ ਮੁਸ਼ਕਲਾਂ ਬਾਰੇ ਦੱਸਿਆ ਤੇ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ। ਇਸ ਮੌਕੇ ਰਾਕੇਸ਼ ਜੈਨ, ਵਿਕਰਮ ਸ਼ਰਮਾ, ਅਸ਼ੋਕ ਸਿੰਗਲਾ, ਅਰੁਣ ਬਾਂਸਲ, ਅਸ਼ੋਕ ਬਾਂਸਲ, ਕਰਮ ਥਿੰਦ, ਹਾਕਮ ਸਿੰਘ ਭੱਟੀ, ਸ਼ੈਲੀ ਬਾਂਸਲ, ਅੰਸ਼ੂ ਡੋਗਰਾ, ਮਨਪ੍ਰੀਤ ਨੀਲੋਵਾਲ, ਪ੍ਰਦੀਪ ਕੁਮਾਰ, ਮੰਗਤ ਮੋਨੂੰ, ਰਾਜਿੰਦਰ ਕੁਮਾਰ ਸਾਹ, ਰਾਜੇਸ਼ ਕੁਮਾਰ ਤੇ ਰਾਜੂ ਸਿੰਗਲਾ ਹਾਜ਼ਰ ਸਨ।

# ਬਲਾਕ ਪ੍ਰਧਾਨ ਸੋਹਣ ਸਿੰਘ ਸਭਰਾਂ ਛੇ ਮਹੀਨੇ ਲਈ ਅਹੁਦੇ ਤੋਂ ਖਾਰਜ



ਪੱਟੀ (ਬਲਦੇਵ ਸਿੰਘ ਸੰਧੂ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਲੋਹਕੇ ਦੇ ਗੁਰਦੁਆਰਾ ਭਾਈ ਮੱਝ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਕਸ਼ਮੀਰ ਸਿੰਘ ਧਗੋਈ, ਜ਼ਿਲ੍ਹਾ ਆਗੂ ਬਘੇਲ ਸਿੰਘ, ਜ਼ਿਲ੍ਹਾ ਆਗੂ ਪ੍ਰਗਟ ਸਿੰਘ ਚਾੜ੍ਹਪੁਰ ਅੰਮ੍ਰਿਤਸਰ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ।ਇਸ ਮੀਟਿੰਗ ਵਿੱਚ ਪਿਛਲੇ ਦਿਨੀਂ ਬਲਾਕ ਪ੍ਰਧਾਨ ਪੱਟੀ ਵੱਲੋਂ ਲੁਧਿਆਣਾ ਵਿਖੇ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਪੋਸਟਾਂ ਸਾਂਝੀ ਕੀਤੀਆਂ ਗਈਆਂ ਸੀ ਜਿਸ ਕਾਰਨ ਜਥੇਬੰਦੀ ਅੰਦਰ ਵਾਦ-ਵਿਵਾਦ ਹੋਇਆ ਸੀ। ਉਸ ਦੇ ਸਬੰਧ ਵਿੱਚ ਬਹੁਤ ਸਾਰੇ ਆਗੂਆਂ ਦੇ ਵਿਚਾਰ ਸੁਣੇ ਗਏ ਤੇ ਬਲਾਕ ਪ੍ਰਧਾਨ ਸੋਹਣ ਸਿੰਘ ਸਭਰਾਂ ਨੂੰ 6 ਮਹੀਨੇ ਲਈ ਜਥੇਬੰਦੀ ਦੇ ਅਹੁਦੇ ਤੋਂ ਮੁਲਤਵੀ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਭੁਪਿੰਦਰ ਸਿੰਘ ਠੱਠੀਆਂ, ਹਰਦੀਪ ਸਿੰਘ ਜੌੜਾ ਖਜ਼ਾਨਚੀ, ਦਲੇਰ ਸਿੰਘ ਮੀਤ ਪ੍ਰਧਾਨ, ਸੁਖਬੀਰ ਸਿੰਘ, ਸੰਗਠਨ ਸਕੱਤਰ ਦਰਬਾਰਾ ਸਿੰਘ ਵਲਟੋਹਾ, ਬਲਾਕ ਪ੍ਰਧਾਨ ਇੰਦਰਜੀਤ ਸਿੰਘ ਮਾੜੀਮੇਘਾ, ਬਲਾਕ ਪ੍ਰਧਾਨ ਜਥੇਦਾਰ ਸੰਤੋਖ ਸਿੰਘ, ਬਲਾਕ ਪ੍ਰਧਾਨ ਭਾਜਪਾ ਬਖਸ਼ੀਸ਼ ਸਿੰਘ, ਬਲਾਕ ਪ੍ਰਧਾਨ ਸੁਲੱਖਣ ਸਿੰਘ ਮੰਡਾਲਾ, ਬਲਾਕ ਪ੍ਰਧਾਨ ਮੇਜਰ ਸਿੰਘ ਮੰਨਣ, ਬਲਾਕ ਆਗੂ ਕਰਮਜੀਤ ਸਿੰਘ ਸਭਰਾਂ, ਤਰਸੇਮ ਸਿੰਘ ਕੁਹਾੜਕਾ, ਹਰਦੇਵ ਸਿੰਘ ਬੂਹ, ਸਰਬਜੀਤ ਸਿੰਘ ਨੱਥੂਚੱਕ, ਬਲਵਿੰਦਰ ਸਿੰਘ ਲਾਡੀ ਮਾੜੀਮੇਘਾ, ਯੁਗਰਾਜ ਸਿੰਘ, ਲਾਲੀ ਠੱਠੀਆਂ, ਬਲਵਿੰਦਰ ਸਿੰਘ ਮਝਾਲ ਠੱਠੀਆਂ, ਦਰਸ਼ਨ ਸਿੰਘ ਪਹੂਵਿੰਡ, ਮੱਸਾ ਸਿੰਘ ਮਾਣਚਾਹਲ, ਕਸ਼ਮੀਰ ਸਿੰਘ ਲੌਹਕਾ, ਅਮਰੀਕ ਸਿੰਘ ਜੌੜਾ, ਜਤਿੰਦਰ ਸਿੰਘ, ਬੱਗਾ ਸਭਰਾਂ, ਕਰਨੈਲ ਸਿੰਘ ਸਭਰਾਂ, ਸੁੱਚਾ ਸਿੰਘ ਪੱਟੀ, ਕੁਲਦੀਪ ਸਿੰਘ ਖਡੂਰ ਸਾਹਿਬ ਆਦਿ ਕਿਸਾਨ ਆਗੂ ਹਾਜ਼ਰ ਸਨ ।

## ਪ੍ਰਤਾਪ ਵਰਲਡ ਸਕੂਲ 'ਚ 10 ਦਿਨਾ ਨੇਵਲ ਐੱਨ ਸੀ ਸੀ ਰਿਹਾਇਸ਼ੀ ਕੈਂਪ ਅੱਜ ਤੋਂ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਅਤੇ ਪ੍ਰਤਾਪ ਵਰਲਡ ਸਕੂਲ ਲਈ ਇਹ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ ਕਿਉਂਕਿ ਸਕੂਲ 'ਚ 10 ਦਿਨਾਂ ਦਾ ਨੇਵਲ ਐੱਨਸੀਸੀ ਰਿਹਾਇਸ਼ੀ ਕੈਂਪ ਰਸਮੀ ਤੌਰ 'ਤੇ ਸ਼ੁਰੂ ਹੋ ਚੁੱਕਾ ਹੈ। ਇਹ ਕੈਂਪ 2 ਪੰਜਾਬ ਨੇਵਲ ਯੂਨਿਟ ਐੱਨਸੀਸੀ, ਅੰਮ੍ਰਿਤਸਰ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਹੈ ਜੋ 15 ਤੋਂ 24 ਜੂਨ 2025 ਤੱਕ ਚੱਲੇਗਾ। ਇਸ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਤੋਂ ਐੱਸ.ਡੀ./ਐੱਸ.ਡਬਲਿਊ. ਅਤੇ ਜੇ.ਡੀ./ਜੇ.ਡਬਲਿਊ. ਵਿੰਗਜ਼ ਦੇ 500 ਤੋਂ ਵੱਧ ਨੇਵਲ ਕੈਡਿਟ ਭਾਗ ਲੈ ਰਹੇ ਹਨ। ਕਮਾਂਡਿੰਗ ਅਫਸਰ ਕਮਾਂਡਰ ਐੱਨ. ਨਿਸ਼ਾਂਤ ਦੀ ਅਗਵਾਈ ਹੇਠ ਇਹ ਕੈਂਪ ਪੀ. ਆਈ. ਸਟਾਫ, ਨਾਗਰਿਕ ਸਟਾਫ, ਐਸੋਸੀਏਟ ਐੱਨ. ਸੀ. ਸੀ. ਅਧਿਕਾਰੀ (ਏਐੱਨਓ), ਕੇਅਰਟੇਕਰ ਅਧਿਕਾਰੀ (ਸੀਟੀਓ) ਅਤੇ ਹੋਰ ਮਾਣਯੋਗ ਵਿਅਕਤੀਆਂ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਅਹਿਮਦਾਬਾਦ ਹਵਾਈ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ 13 ਜੂਨ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਅਹਿਮਦਾਬਾਦ ਵਿਚ ਹੋਏ ਭਿਆਨਕ ਹਵਾਈ ਹਾਦਸੇ 'ਤੇ ਡੂੰਘੇ ਦੁੱਖ ਅਤੇ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਇਸ ਹਾਦਸੇ ਵਿਚ ਕੀਮਤੀ ਜਾਨਾਂ ਦੇ ਹੋਏ ਨੁਕਸਾਨ 'ਤੇ ਗਹਿਰੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਪਿੱਛੇ ਰਹਿ ਗਏ ਪ੍ਰਭਾਵਿਤ ਪਰਿਵਾਰਾਂ ਅਤੇ ਸਨੇਹੀਆਂ ਨਾਲ ਸੰਵੇਦਨਾ ਪ੍ਰਗਟਾਈ ਗਈ।

ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਤਕਨੀਕੀ ਖਰਾਬੀ ਕਾਰਨ ਹੋਇਆ ਇਹ ਹਾਦਸਾ ਬਹੁਤ ਹੀ ਦਰਦਨਾਕ ਅਤੇ ਦੁੱਖਦਾਈ ਘਟਨਾ ਹੈ ਜਿਸ ਨੇ ਹਰ ਇਨਸਾਨ ਨੂੰ ਭਾਵਨਾਤਮਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ ਹੈ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਹਰਮਨਜੀਤ ਸਿੰਘ, ਏ. ਪੀ. ਐੱਸ. ਮਾਨ, ਗੁਰਬਖਸ਼ ਸਿੰਘ ਬੇਦੀ, ਮਨਦੀਪ ਸਿੰਘ ਬੇਦੀ ਆਦਿ ਹਾਜ਼ਰ ਸਨ।

# ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ ਦਾ 15ਵਾਂ ਭੰਡਾਰਾ ਤੇ ਧਾਰਮਿਕ ਸਮਾਗਮ

ਲੋਹੀਆਂ ਖਾਸ (ਯੋਗੇਸ਼ਵਰ, ਗੀਨਾ ਸ਼ਰਮਾ)-ਸਥਾਨਕ ਪ੍ਰਾਚੀਨ ਸ਼ਿਵ ਮੰਦਰ 'ਚ ਸ਼ਰਧਾਲੂਆਂ ਦੀਆਂ ਭਾਰੀ ਰੌਣਕਾਂ ਲੱਗੀਆਂ, ਜਿੱਥੇ ਸੰਗਤ ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਦੀ ਪੁੰਨਿਆ ਤਿਥੀ 'ਤੇ 15ਵਾਂ ਭੰਡਾਰਾ ਤੇ ਧਾਰਮਿਕ ਸਮਾਗਮ ਕਰਵਾਇਆ ਗਿਆ ਤੇ ਇਸ ਵਿੱਚ ਵੱਡੀ ਗਿਣਤੀ 'ਚ ਸੰਗਤ ਪੁੱਜੀ ਹੋਈ ਸੀ। ਇਸ ਮੌਕੇ ਵੱਡੀ ਗਿਣਤੀ 'ਚ ਸਾਧੂ-ਮਹਾਤਮਾ ਵੀ ਮੰਦਰ ਵਿੱਚ ਪੁੱਜੇ ਤੇ ਸੰਗਤ ਨੂੰ ਆਸ਼ੀਰਵਾਦ ਦਿੱਤਾ ਤੇ ਉਪਰੰਤ ਉਹਨਾਂ ਨੂੰ ਦਾਨ-ਦਕਸ਼ਿਣਾ ਦੇ ਕੇ ਸਨਮਾਨ ਸਹਿਤ ਰਵਾਨਾ ਕੀਤਾ ਗਿਆ। ਇਸ ਦੌਰਾਨ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਮਹੰਤ ਸ੍ਰੀ ਸ਼ਾਂਤੀ ਗਿਰੀ ਜੀ ਦੇ ਸ਼ਰਧਾਲੂ ਪ੍ਰਾਚੀਨ ਸ਼ਿਵ ਮੰਦਰ ਦੇ ਵਿਹੜੇ 'ਚ ਮੱਥਾ ਟੇਕਣ ਲਈ ਪਹੁੰਚੇ। ਇਸ ਮੌਕੇ ਸ੍ਰੀ ਰਾਮਾਇਣ ਦੇ ਪਾਠ ਦੇ ਭੋਗ ਪਾਏ ਗਏ। ਜਿਸ 'ਚ ਸ਼ਰਧਾਲੂਆਂ ਨੇ ਹਾਜ਼ਰੀ ਲਗਵਾਈ ਤੇ ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ ਨੂੰ ਨਤਮਸਤਕ ਵੀ ਹੋਏ। ਇਸ ਮੌਕੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ, ਜੋ ਇਗਲੈਂਡ ਸਨਾਤਨ ਧਰਮ ਪ੍ਰਚਾਰ ਲਈ ਗਏ ਹੋਏ ਹਨ, ਉਨ੍ਹਾਂ ਨੇ ਫੋਨ ਤੇ ਵੀਡੀਓਕਾਲ ਰਾਹੀਂ ਸੰਗਤ ਨੂੰ ਆਸ਼ੀਰਵਾਦ ਦਿੱਤਾ ਅਤੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਆਪ ਸਭ ਨੂੰ ਇੱਕ ਹੋ ਕੇ ਇਹ ਸਭ ਧਾਰਮਿਕ ਸਮਾਗਮ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਸੰਸਕਾਰਾਂ ਬਾਰੇ ਪਤਾ ਲਗਦਾ ਹੈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਹੰਤ ਸ੍ਰੀ ਪ੍ਰਭੂਗਿਰੀ ਮਹਾਰਾਜ ਸੂਰਤ ਤੋਂ ਤੇ ਮਹੰਤ ਸ੍ਰੀ ਸ਼ਿਵਗਿਰੀ ਮਹਾਰਾਜ ਪਾਲਨਪੁਰ (ਗੁਜਰਾਤ) ਤੋਂ ਤੇ ਸੁਆਮੀ ਰਿਸ਼ੀ ਰਾਜ (ਨਵਾਂਸ਼ਹਿਰ) ਪਹੁੰਚੇ ਤੇ ਇਨ੍ਹਾਂ ਵੱਲੋਂ ਸੰਕੀਰਤਨ ਕੀਤਾ ਗਿਆ। ਆਪਣੇ ਸ਼ਾਨਦਾਰ ਭਜਨਾਂ ਅਤੇ ਮਿੱਠੇ ਬੋਲਾਂ ਨਾਲ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਕਦੇ ਵੀ ਕਿਸੇ ਸੰਤ ਜਾਂ ਕਿਸੇ ਜੀਵ ਬਾਰੇ ਚੁਗਲੀ ਨਾ ਕਰਨ।ਇਸ ਮੌਕੇ ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ ਦੇ ਬਾਰੇ ਵਿਪਨ ਸ਼ਰਮਾ ਤੇ ਰੁਪੇਸ਼ ਕੁਮਾਰ ਸੱਦੀ ਨੇ ਦੱਸਿਆ ਕਿ ਮਹਾਰਾਜ ਜੀ ਇੱਕ ਸਿੱਧਪੁਰਸ਼ ਸਨ। ਉਨ੍ਹਾਂ ਦੱਸਿਆ ਕਿ ਇਸ ਡੇਰੇ 'ਤੇ ਹਰ ਆਉਣ ਵਾਲੇ ਭਗਤ ਵੱਲੋਂ ਸੱਚੇ ਮਨ ਨਾਲ ਮੰਗੀ ਮੁਰਾਦ ਪੂਰੀ



ਹੁੰਦੀ ਹੈ ।ਇਸ ਮੌਕੇ ਮਾਤਾ ਕਮਲੇਸ਼ ਜੀ, ਪੰਡਿਤ ਵਿਸ਼ਨੂੰ ਸ਼ਰਮਾ, ਪੰਡਿਤ ਪਾਰਸ, ਪੰਡਿਤ ਧਰਮਰਾਜ, ਵਿਪਨ ਸ਼ਰਮਾ, ਪਵਨ ਗਾਂਧੀ, ਸੁਰਿੰਦਰ ਗੁਪਤਾ, ਰੁਪੇਸ਼ ਕੁਮਾਰ ਸੱਦੀ, ਮੋਨੂੰ ਸ਼ਾਹ, ਨਰਿੰਦਰ ਕਾਲੀਆ, ਖਜ਼ਾਨਚੀ ਦਾਸ, ਯੋਗੇਸ਼ਵਰ, ਬਾਵੇਸ਼ ਪਲਾਣਪੁਰ, ਦਰਸ਼ਨ ਸੱਦੀ, ਅਮਿਤ, ਲਖਨ ਵਰਮਾ, ਪਿਆਰਾ ਲਾਲ ਵਰਮਾ, ਮਹਿੰਦਰ ਪਾਲ ਖੇੜਾ, ਦਿਨੇਸ਼ ਕੁਮਾਰ, ਲਖਣ ਵਰਮਾ, ਰੋਹਿਤ ਸ਼ਰਮਾ, ਹਨੀ ਸ਼ਰਮਾ, ਸ਼ਾਲੂ ਸੱਦੀ, ਸ਼ੰਮੀ ਖੇੜਾ, ਮਿੰਟੂ ਵਿਜ, ਸੰਤੋਖ ਸਿੰਘ, ਮਨੀ ਗਾਂਧੀ, ਮੋਤੀ ਖੇੜਾ, ਵਿਸ਼ਾਲ ਗੁਪਤਾ, ਵਿਨੈ, ਨਵਲ ਖੇੜਾ, ਮਿੰਟੂ ਗੁਪਤਾ, ਕਮਲ ਸ਼ਰਮਾ, ਸੋਖੀ ਮੰਗੂਵਾਲ ਤੇ ਲੱਗਭਗ ਲੋਹੀਆਂ ਦੇ ਹਰ ਪਰਵਾਰ ਵਿੱਚੋਂ ਅੱਜ ਪ੍ਰਚੀਨ ਸ਼ਿਵ ਮੰਦਰ ਲੋਹੀਆਂ ਖਾਸ ਵਿੱਚ ਆਪਣੀ ਹਾਜ਼ਰੀ ਲਗਵਾਈ ਗਈ ਤੇ ਆਸ਼ੀਰਵਾਦ ਪ੍ਰਾਪਤ ਕੀਤਾ।

## ਦਿਵਯ ਜਯੋਤੀ ਜਾਗਰਤੀ ਸੰਸਥਾਨ ਵਿਖੇ ਦੋ ਰੋਜ਼ਾ ਯੋਗ ਕੈਂਪ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਗਾਂਧੀ ਪਾਰਕ ਵਿਖੇ ਦੋ ਦਿਨਾ "ਵਿਸ਼ਾਲ ਵਿਲਕਸਣ ਯੋਗ ਸ਼ਿਵਰ" ਦਾ ਆਯੋਜਨ ਕੀਤਾ ਗਿਆ। ਦਿਵਯ ਗੁਰੂ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਯੋਗਾਚਾਰੀਆ ਸਵਾਮੀ ਰਾਜਕੁਮਾਰ ਨੇ ਯੋਗ ਅਭਿਆਸੀਆਂ ਨੂੰ ਯੋਗ ਦੀ ਮਹਾਨਤਾ, ਭਾਰਤੀ ਸੰਸਕ੍ਰਿਤੀ ਦੀ ਸ਼ਾਨਦਾਰ ਵਿਰਾਸਤ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਦੱਸਿਆ ਕਿ ਯੋਗ ਇੱਕ ਪ੍ਰਾਚੀਨ ਭਾਰਤੀ ਪੱਧਤੀ ਹੈ ਜੋ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ। ਯੋਗ ਦਾ ਅਭਿਆਸ ਤਣਾਅ, ਚਿੰਤਾ ਅਤੇ ਉਦਾਸੀ ਨੂੰ ਘਟਾਉਂਦਾ ਹੈ। ਯੋਗ ਦੇ ਅਭਿਆਸ ਵਿੱਚ ਮਨ ਸ਼ਾਂਤ ਰਹਿੰਦਾ ਹੈ। ਸਵਾਮੀ ਜੀ ਨੇ ਕਿਹਾ ਕਿ ਯੋਗ ਇੱਕ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ ਜੋ ਸਾਨੂੰ ਇੱਕ ਸਿਹਤਮੰਦ, ਖੁਸ਼ ਅਤੇ ਸੰਤੁਲਿਤ ਜੀਵਨ ਜਿਊਣ ਵਿੱਚ ਮਦਦ ਕਰ ਸਕਦਾ ਹੈ। ਇਸ ਲਈ ਆਓ ਅਸੀਂ ਸਾਰੇ ਮਿਲ ਕੇ ਯੋਗ ਨੂੰ ਉਤਸ਼ਾਹਿਤ ਕਰੀਏ ਅਤੇ ਇੱਕ ਸਿਹਤਮੰਦ ਸਮਾਜ ਦਾ ਨਿਰਮਾਣ ਕਰੀਏ। ਅੱਜ ਸਵਾਮੀ ਜੀ ਨੇ ਵੱਖ-ਵੱਖ ਅਭਿਆਸ ਕਰਵਾ ਕੇ ਸਾਧਕਾਂ ਨੂੰ ਇਨ੍ਹਾਂ ਯੋਗ ਪ੍ਰਕਿਰਿਆਵਾਂ ਦੇ ਲਾਭਾਂ ਤੋਂ ਜਾਣੂ ਕਰਵਾਇਆ। ਸ਼ਹਿਰ ਵਾਸੀਆਂ ਨੇ ਇਸ ਪ੍ਰੋਗਰਾਮ ਦਾ ਚੋਖਾ ਲਾਭ ਪ੍ਰਾਪਤ ਕੀਤਾ।

## ਟੋਇਟਾ ਕਿਰਲੋਸਕਰ ਮੋਟਰ ਵੱਲੋਂ ਗਾਹਕਾਂ ਲਈ ਵਿਸ਼ੇਸ਼ ਤਿਉਹਾਰੀ ਪੇਸ਼ਕਸ਼ਾਂ ਦਾ ਐਲਾਨ

ਅੰਮ੍ਰਿਤਸਰ : ਕਾਰ ਖਰੀਦਣ ਦੀ ਯਾਤਰਾ ਵਿੱਚ ਤਿਉਹਾਰਾਂ ਦੀ ਖੁਸ਼ੀ ਜੋੜਦੇ ਹੋਏ ਟੋਇਟਾ ਕਿਰਲੋਸਕਰ ਮੋਟਰ (ਟੀਕੇਐੱਮ) ਨੇ ਇੱਕ ਦਿਲਚਸਪ ਸੀਮਤ ਮਿਆਦ ਦੀ ਮੁਹਿੰਮ-'ਹੁਣੇ ਖਰੀਦੋ, ਨਵਰਾਤਰੀ ਵਿੱਚ ਭੁਗਤਾਨ ਕਰੋ' ਦਾ ਐਲਾਨ ਕੀਤਾ ਹੈ, ਜੋ ਇਸਦੇ ਪ੍ਰਸਿੱਧ ਮਾਡਲਾਂ, ਟੋਇਟਾ ਗਲੈਂਜ਼ਾ ਅਤੇ ਅਰਬਨ ਕਰੂਜ਼ਰ ਹਾਈਡਰ 'ਤੇ ਲਾਗੂ ਹੈ।ਇਹ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਯੋਜਨਾ ਟੋਇਟਾ ਫਾਇਨੈਂਸ਼ੀਅਲ ਸਰਵਿਸਿਜ਼ (ਟੀਐੱਫਐੱਸ) ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ ਤਾਂ ਜੋ ਗਾਹਕਾਂ ਨੂੰ ਕਾਰ ਮਾਲਕੀ ਵਿੱਚ ਬੇਮਿਸਾਲ ਲਚਕਤਾ ਅਤੇ ਸਹੂਲਤ ਪ੍ਰਦਾਨ ਕੀਤੀ ਜਾ ਸਕੇ।ਤਿਉਹਾਰੀ ਪੇਸ਼ਕਸ਼ ਬਾਰੇ ਬੋਲਦੇ ਹੋਏ ਸਾਬਰੀ ਮਨੋਹਰ, ਵਾਈਸ ਪ੍ਰੈਜ਼ੀਡੈਂਟ ਮੁੱਖ ਪ੍ਰਤੀਨਿਧੀ ਉੱਤਰੀ ਖੇਤਰ, ਟੋਇਟਾ ਕਿਰਲੋਸਕਰ ਮੋਟਰ ਨੇ ਕਿਹਾ ਕਿ ਟੋਇਟਾ ਕਿਰਲੋਸਕਰ ਮੋਟਰ ਵਿਖੇ ਸਾਡਾ ਮੰਨਣਾ ਹੈ ਕਿ ਕਾਰ ਦਾ ਮਾਲਕ ਹੋਣਾ ਇੱਕ ਮਜ਼ੇਦਾਰ ਅਤੇ ਤਣਾਅ-ਮੁਕਤ ਅਨੁਭਵ ਹੋਣਾ ਚਾਹੀਦਾ ਹੈ ਖਾਸ ਕਰਕੇ ਉਨ੍ਹਾਂ ਪਲਾਂ ਦੌਰਾਨ ਜੋ ਸਾਡੇ ਗਾਹਕਾਂ ਲਈ ਸਭ ਤੋਂ ਮਹੱਤਵਪੂਰਨ ਹਨ।

## ਮੁਕਤਸਰ 'ਚ ਸਿੱਖ ਨੌਜਵਾਨ ਦੀ ਕੁੱਟਮਾਰ ਕਰਨ ਵਾਲੀ ਘਟਨਾ ਦੀ ਸਖਤ ਸ਼ਬਦਾਂ 'ਚ ਨਿੰਦਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਭਾਰਤੀ ਕਿਸਾਨ ਯੂਨੀਅਨ ਮਾਝਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਜਫਰਵਾਲ ਨੇ ਮੁਕਤਸਰ ਵਿੱਚ ਸਿੱਖ ਨੌਜਵਾਨ ਦੀ ਕੁੱਟਮਾਰ ਕਰਨ ਵਾਲੀ ਘਟਨਾ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਸਿੱਖ ਨੌਜਵਾਨ ਹੁਣ ਆਪਣੇ ਹੀ ਘਰ ਵਿੱਚ ਸੁੱਰਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਹੌਲ ਨੂੰ ਖਰਾਬ ਕਰਨ ਅਜਿਹੀਆਂ ਮੰਦਭਾਗੀਆਂ ਘਟਨਾਂਵਾਂ ਨੂੰ ਲੈ ਕੇ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਹੁਣ ਪੰਜਾਬ ਵਿੱਚ ਸਿੱਖ ਨੌਜਵਾਨ ਸੁਰੱਖਿਅਤ ਨਹੀਂ ਹਨ, ਕਦੇ ਪੰਜਾਬ ਪੁਲਸ ਕਿਸੇ ਨੌਜਵਾਨ ਨੂੰ ਨਜਾਇਜ਼ ਜੇਲ੍ਹਾਂ ਵਿੱਚ ਮਾਰ ਰਹੀ ਹੈ ਅਤੇ ਕਿਤੇ ਅਖੌਤੀ ਸ਼ਿਵ ਸੈਨਾ ਆਗੂ ਨੌਜਵਾਨਾਂ 'ਤੇ ਹੱਥ ਚੁੱਕ ਰਹੇ ਹਨ, ਇਹ ਸਭ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਤਾੜਨਾ ਕਰਦੇ ਹੋਏ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਨੂੰ ਅਮਨ ਸ਼ਾਂਤੀ ਅਤੇ ਭਾਈਚਾਰਕ ਮਾਹੌਲ ਵਿੱਚ ਦੇਖਣਾ ਚਾਹੁੰਦੇ ਹਾਂ। ਜੇਕਰ ਸਾਡੇ ਨੌਜਵਾਨਾਂ ਨੂੰ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ ਫਿਰ ਅਸੀਂ ਕੋਈ ਸਖਤ ਕਦਮ ਚੁੱਕਣ ਲਈ ਮਜਬੂਰ ਹੋਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰਾਂ ਦਾ ਬੋਲਬਾਲਾ ਹੈ, ਗੁੰਡਾਗਰਦੀ ਕਰਨ ਵਾਲੇ ਲੋਕਾਂ ਨੂੰ ਕਿਸੇ ਦਾ ਡਰ ਨਹੀਂ ਹੈ, ਚੋਰਾਂ ਦੇ ਹੌਸਲੇ ਬੁਲੰਦ ਹਨ। ਇਸ ਮੌਕੇ ਭਾਈ ਦਲਜੀਤ ਸਿੰਘ ਸਿਧਵਾਂ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਮਾਝਾ, ਭਾਈ ਬਲਵਿੰਦਰ ਸਿੰਘ ਸਿੱਧਵਾਂ ਸੂਬਾ ਸਕੱਤਰ, ਭਾਈ ਹਰਵਿੰਦਰ ਸਿੰਘ ਘੁੰਮਣ ਸੀਨੀਅਰ ਮੀਤ ਪ੍ਰਧਾਨ, ਕਾਬਲ ਸਿੰਘ ਐੱਮਡੀ ਆਦਿ ਆਗੂਆਂ ਨੇ ਉਕਤ ਘਟਨਾ ਦੀ ਨਿੰਦਾ ਕੀਤੀ।

## ਸਤਨਾਮਪੁਰਾ ਥਾਣੇ ਦੇ ਨਜ਼ਦੀਕ ਅਣਪਛਾਤੇ ਚੋਰਾਂ ਨੇ ਮੋਬਾਇਲ ਸ਼ਾਪ ਨੂੰ ਬਣਾਇਆ ਨਿਸ਼ਾਨਾ

ਫਗਵਾੜਾ (ਡਾ. ਰਮਨ)-ਸਥਾਨਕ ਸਤਨਾਮਪੁਰਾ ਖੇਤਰ 'ਚ ਅਣਪਛਾਤੇ ਚੋਰਾਂ ਵਲੋਂ ਬੀਤੀ ਰਾਤ ਇਕ ਮੋਬਾਇਲ ਸ਼ਾਪ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਸ਼ਟਰ ਤੋੜ ਕੇ ਲੱਖਾਂ ਰੁਪਏ ਦਾ ਕੀਮਤੀ ਸਮਾਨ ਚੋਰੀ ਕਰ ਲਿਆ। ਜਾਣਕਾਰੀ ਦਿੰਦਿਆਂ ਬਾਂਗਾ ਟੈਲੀਕਾਮ ਦੇ ਮਾਲਕ ਮੋਹਿਤ ਬਾਂਗਾ ਨੇ ਦੱਸਿਆ ਕਿ ਕਰੀਬ 10 ਏ.ਸੀ., ਬ੍ਰਾਂਡੇਡ ਸਪੀਕਰ, ਮਹਿੰਗੀ ਅਸੈਸਰੀ ਸਮੇਤ ਲੱਖਾਂ ਰੁਪਏ ਦਾ ਕੀਮਤੀ ਸਮਾਨ ਚੋਰੀ ਹੋਇਆ ਹੈ। ਇਸ ਸ਼ੋਅਰੂਮ ਦਾ ਉਦਘਾਟਨ ਬੀਤੀ 1 ਜੂਨ ਨੂੰ ਹੀ ਹੋਇਆ ਸੀ ਅਤੇ ਕੁਝ ਦਿਨ ਪਹਿਲਾਂ ਵੀ ਇਕ ਨੌਸਰਬਾਜ਼ ਵਲੋਂ ਮੋਬਾਇਲ ਫੋਨ ਖਰੀਦਣ ਦੇ ਬਹਾਨੇ ਦੁਕਾਨ ਵਿਚੋਂ ਦੋ ਆਈ ਫੋਨ ਚੋਰੀ ਕਰ ਲਏ ਗਏ ਸੀ। ਘਟਨਾ ਦੀ ਸੂਚਨਾ ਮਿਲਣ 'ਤੇ ਡੀ.ਐਸ.ਪੀ. ਭਾਰਤ ਭੂਸ਼ਣ ਅਤੇ ਥਾਣਾ ਸਤਨਾਮਪੁਰਾ ਦੇ ਕਾਰਜਕਾਰੀ ਐਸ.ਐਚ.ਓ. ਜਸਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ ਪੁੱਜੇ ਅਤੇ ਦੁਕਾਨ ਦਾ ਜਾਇਜ਼ਾ ਲਿਆ। ਮੌਕੇ 'ਤੇ ਫਿੰਗਰ ਪ੍ਰਿੰਟ ਐਕਸਪਰਟ ਟੀਮ ਵੀ ਬੁਲਾਈ ਗਈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੂਸਰੇ ਪਾਸੇ ਇਸ ਘਟਨਾ ਨੂੰ ਲੈ ਕੇ ਇਲਾਕੇ ਦੇ ਦੁਕਾਨਦਾਰਾਂ ਅਤੇ ਵਪਾਰੀ ਵਰਗ 'ਚ ਭਾਰੀ ਗੁੱਸਾ ਹੈ ਕਿਉਂਕਿ ਇਸ ਜਗ੍ਹਾ ਤੋਂ ਥੋੜ੍ਹੀ ਦੂਰ ਹੀ ਸਤਨਾਮਪੁਰਾ ਥਾਣਾ ਸਥਿਤ ਹੈ। ਖੇਤਰ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਜੇਕਰ ਪੁਲਸ ਥਾਣਿਆਂ ਦੇ ਨਜ਼ਦੀਕ ਹੀ ਇਸ ਤਰ੍ਹਾਂ ਬੇਖੌਫ ਚੋਰੀ ਦੀਆਂ ਵਾਰਦਾਤਾਂ ਵਾਪਰ ਸਕਦੀਆਂ ਹਨ ਤਾਂ ਦੂਰ ਦੁਰਾਡੇ ਅਤੇ ਸੁੰਨਮਸਾਨ ਬਾਜ਼ਾਰਾਂ 'ਚ ਰਾਤ ਨੂੰ ਪੁਲਸ ਕਿਸ ਤਰ੍ਹਾਂ ਸੁਰੱਖਿਆ ਪ੍ਰਦਾਨ ਕਰੇਗੀ। ਚੋਰ ਇੰਨੇ ਸ਼ਾਤਿਰ ਸਨ ਕਿ ਚੋਰੀ ਦੀ ਵਾਰਦਾਤ ਤੋਂ ਪਹਿਲਾਂ ਦੁਕਾਨ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰੇ ਤੋੜ ਦਿੱਤੇ ਅਤੇ ਜਾਂਦੇ ਸਮੇਂ ਡੀ.ਵੀ.ਆਰ. ਵੀ ਨਾਲ ਲੈ ਗਏ। ਪਰ ਇਲਾਕੇ 'ਚ ਲੱਗੇ ਹੋਰ ਕੈਮਰਿਆਂ 'ਚ ਜੋ ਤਸਵੀਰਾਂ ਕੈਦ ਹੋਈਆਂ ਹਨ, ਉਸ ਅਨੁਸਾਰ ਚੋਰਾਂ ਵਲੋਂ ਨਾਲ ਲਿਆਂਦਾ ਟਰੱਕ ਵਾਰਦਾਤ ਤੋਂ ਪਹਿਲਾਂ ਦੁਕਾਨ ਦੇ ਸ਼ਟਰ ਅੱਗੇ ਲਗਾ ਦਿੱਤਾ ਗਿਆ ਅਤੇ ਸਾਈਡਾਂ ਨੂੰ ਤਰਪੈਲ ਨਾਲ ਢਕ ਦਿੱਤਾ ਤਾਂ ਕਿ ਉਹ ਆਰਾਮ ਨਾਲ ਵਾਰਦਾਤ ਨੂੰ ਅੰਜਾਮ ਦੇ ਸਕਣ।


### ਪਬਲਿਕ ਨੋਟਿਸ

ਮੈਂ, ਬਲਜੀਤ ਕੌਰ ਪਤਨੀ ਕਰਮਜੀਤ ਸਿੰਘ ਵਾਸੀ ਪਿੰਡ ਬਘਿਆੜੀ, ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਦੀ ਰਹਿਣ ਵਾਲੀ ਹਾਂ। ਅਸੀਂ ਜਗ੍ਹਾ 14 ਮਰਲੇ, ਜੋ ਕਿ ਕੰਵਲਜੀਤ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਮੱਲ੍ਹੀਆਂ, ਅੰਮ੍ਰਿਤਸਰ ਪਾਸੋਂ ਮਿਤੀ 22/04/2025 ਨੂੰ ਖਰੀਦ ਕੀਤੀ ਹੈ ਅਤੇ ਇਹ ਰਜਿਸਟਰੀ ਮੇਰੇ ਨਾਂਅ ਅਤੇ ਬਲਜੀਤ ਕੌਰ ਪਤਨੀ ਕਰਮਜੀਤ ਸਿੰਘ, ਹਰਵਿੰਦਰ ਕੌਰ ਪਤਨੀ ਅੰਗਰੇਜ਼ ਸਿੰਘ ਦੇ ਨਾਂਅ ਰਜਿਸਟਰਡ ਹੋਈ ਹੈ, ਜਿਸ ਦਾ ਵਸੀਕਾ ਨੰ. 2025-2617-21109 ਹੈ ਤੇ ਕੰਵਲਜੀਤ ਕੌਰ ਨੇ ਉਕਤ ਜਗ੍ਹਾ ਭੱਲਾ ਸਿੰਘ ਪੁੱਤਰ ਜੱਸਾ ਸਿੰਘ ਕੋਲੋਂ ਮਿਤੀ 20/07/2022 ਨੂੰ ਖਰੀਦ ਕੀਤੀ ਸੀ, ਜਿਸ ਦੀ ਰਜਿਸਟਰੀ ਵਸੀਕਾ ਨੰ. 940 ਹੈ, ਗੁੰਮ ਹੋ ਗਈ ਸੀ, ਐੱਫ ਆਈ ਆਰ ਥਾਣਾ ਝਬਾਲ ਵਿਖੇ ਮੇਰੇ ਦਿਉਰ ਹਰਪਾਲ ਸਿੰਘ ਵੱਲੋਂ ਕਰਵਾਈ ਹੈ, ਜਿਸ ਦਾ ਭਣ ਟਲ। 023 ਣਵਕ 13-06-2025 ਦਰਜ ਹੈ। ਇਸ ਜਗ੍ਹਾ 'ਤੇ ਅਸੀਂ ਕੇਨਰਾ ਬੈਂਕ ਬਰਾਂਚ ਸੁਰਸਿੰਘ ਪਾਸੋਂ ਲੋਨ ਲੈਣ ਲਈ ਗਹਿਣੇ ਕਰ ਰਹੇ ਹਾਂ। ਜੇਕਰ ਇਸ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਦੱਸ ਸਕਦਾ ਹੈ। ਜੇਕਰ ਪੁਰਾਣੀ ਰਜਿਸਟਰੀ ਸਾਨੂੰ ਮਿਲ ਗਈ ਤਾਂ ਅਸੀਂ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵਾਂਗੇ।

### ਈ-ਨਿਲਾਮੀ ਨੋਟਿਸ
ਅੱਗ ਤੋਂ ਪ੍ਰਭਾਵਿਤ ਪ੍ਰਿੰਟਿੰਗ ਮਸ਼ੀਨ
(ਫਲੈਟ ਬੈੱਡ ਪ੍ਰਿੰਟਰ)

ਮੈਸ: ਪ੍ਰਮੇਸ਼ਵਰੀ ਸਿਲਕ ਮਿਲਜ਼ ਨਾਲ ਸੰਬੰਧਤ "ਅੱਗ ਪ੍ਰਭਾਵਿਤ ਪ੍ਰਿੰਟਿੰਗ ਮਸ਼ੀਨ (ਫਲੈਟ ਬੈੱਡ ਪ੍ਰਿੰਟਰ)" ਲਈ ਸਖਤੀ ਨਾਲ "ਜਿਵੇਂ ਹੈ ਜਿੱਥੇ ਹੈ" ਦੇ ਅਧਾਰ 'ਤੇ ਚਾਹਵਾਨ ਖਰੀਦਦਾਰਾਂ ਕੋਲੋਂ "ਪ੍ਰਤੀ ਕਿੱਲੋਗ੍ਰਾਮ ਦੇ ਅਧਾਰ 'ਤੇ ਈ-ਨਿਲਾਮੀ ਹਿੱਸੇਦਾਰੀ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ। ਮੈਸ: ਪ੍ਰਮੇਸ਼ਵਰੀ ਸਿਲਕ ਮਿਲਜ਼ ਪਿੰਡ ਬਾਜਰਾ, ਰਾਹੋਂ ਰੋਡ, ਲੁਧਿਆਣਾ ਵਿਖੇ ਨਿਰੀਖਣ ਕੀਤਾ ਜਾ ਸਕਦਾ ਹੈ। ਪੇਸ਼ ਕੀਤੀਆਂ ਗਈਆਂ ਵਸਤਾਂ ਦਾ ਨਿਰੀਖਣ ਸ੍ਰੀ ਰਵਿੰਦਰ ਸਿੰਘ/ਸੰਨੀ-9914500018 ਤੋਂ ਪਹਿਲਾਂ ਨਿਯੁਕਤੀ ਲੈ ਕੇ 15-06-2025 ਤੋਂ 21-06-2025 ਦਰਮਿਆਨ ਕੀਤਾ ਜਾ ਸਕਦਾ ਹੈ। ਉਪਰੋਕਤ ਹਿੱਸੇਦਾਰੀ ਲਈ ਈ-ਨਿਲਾਮੀ 23-06-2025 ਨੂੰ ਕੀਤੀ ਜਾਵੇਗੀ।

ਕਿਰਪਾ ਕਰਕੇ ਕੁਮਾਰੀ ਸਾਜਿਦਾ ਬੇਗ, 8178027913 ਸਾਲਵੇਜ਼ ਸੈਟਲਰਜ਼ ਪ੍ਰਾਈਵੇਟ ਲਿਮਟਿਡ (ਨਿਲਾਮੀਕਰਤਾ), ਐੱਫ ਐੱਫ-20 ਅਤੇ 22, ਪਰਲ ਓਮੇਕਸ, ਨੇਤਾ ਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ-110034 ਨਾਲ ਸੰਪਰਕ ਕੀਤਾ ਜਾਵੇ ਜਾਂ ਵੈੱਬਸਾਈਟ www.SalvageSettlers.com ਤੋਂ ਡਾਊਨਲੋਡ ਕੀਤਾ ਜਾਵੇ।

ਈ-ਨਿਲਾਮੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 23-06-2025 ਦੁਪਹਿਰ 12.00 ਵਜੇ ਤੋਂ ਪਹਿਲਾਂ ਹੈ।

### ਉੱਤਰ ਰੇਲਵੇ
#### ਈ-ਟੈਂਡਰ ਸੂਚਨਾ

ਸੀਨੀ. ਮੰਡਲ ਵਿਦੁਤ ਇੰਜੀਨੀਅਰ/ਟੀ.ਆਰ. ਉੱਤਰ ਰੇਲਵੇ ਜੰਮੂ ਤਵੀ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ (www.gem.gov.in) ਮੰਗ ਕੀਤੀ ਜਾਂਦੀ ਏ । ਟੈਂਡਰ ਕਾਰਕ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| |
|---|
| ਟੈਂਡਰ ਨੰਬਰ : ਜੀਈਐਮ/2025/ਬੀ/6329114 |
| ਕੰਮਾਂ ਦਾ ਵੇਰਵਾਂ : ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਰੇਲਵੇ ਸਟੇਸ਼ਨ ਉਤੇ ਸਥਾਪਿਤ 03 ਟੈਕਨੋ ਮੇਕ ਲਿਫਟਾਂ ਅਤੇ 02 ਐਸਕੇਲੇਟਰਾਂ ਦਾ ਤਿੰਨ ਸਾਲਾਂ ਦੇ ਲਈ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ। |
| ਅਨੁਮਾਨਿਤ ਲਾਗਤ (₹): 55,55,687.31 |
| ਬਿਆਨਾ ਰਾਸ਼ੀ (₹): 1,11,110/- |
| ਕੰਮ ਦਾ ਸਮਾਂ: 36 ਮਹੀਨੇ |
| ਬੋਲੀ ਸਮਾਪਤੀ ਮਿਤੀ ਅਤੇ ਸਮਾਂ: 09.07.2025,15:00:00 |
| ਵੈੱਬਸਾਈਟ : www.gem.gov.in |

No. GEM/2025/B/6329114 ਮਿਤੀ : 13.06.2025 1767/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਉੱਤਰ ਰੇਲਵੇ
#### ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ
#### ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ

ਟੈਂਡਰ ਨੋਟਿਸ ਨੰ.:-04/2025-2026 ਮਿਤੀ 13.06.2025

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤ੍ਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1 | 62255134 | Air Brake Set (Twin Pipe) For BVCM Wagon Consisting of 70 Items as per attached Annexure-I RDSO Spec. No. 02 ABR-02 And 04-ABR-02 With Latest Amendments (Drg. WD-15009-S-14 Alt.9 or latest & WD-15009-S-15 Alt. 8 or latest) | 480 Sets | 14.07.25 |
| 2 | 62255133 | Bolster assembly with Bolster web Stiffner (Except item 4 & 5) as per Drg No. BVCM 805A,B,C,D,E,F & 833D Alt- Nil or latest (Ref. RDSO Drg. No. WD-17039-S-05 item 5 & 10 Alt-1 or latest) Qty-04 Nos./set. | 240 Sets | 10.07.25 |

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

1779/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਉਤਰ ਰੇਲਵੇ
#### ਈ.ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-09/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 08.07.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।
ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
ਐਨ।ਆਈ।ਟੀ

| | | | |
|---|---|---|---|
| ਕੰਮ ਦਾ ਨਾਮ | (ਅ) ਫਿਰੋਜਪੁਰ ਡਵੀਜਨ ਵਿਚ ਖਰਾਬ ਤਾਰ ਨੂੰ ਬਦਲਣਾ, ਸੁਰੱਖਿਆ ਅਤੇ ਵਿਸ਼ਵਸਨੀਅਤਾ ਵਿਚ ਸੁਧਾਰ ਦੇ ਲਈ ਮੌਜੂਦਾ ਤਾਰ ਨੂੰ ਮਜਬੂਤ ਕਰਨਾ ਅਤੇ ਪਾਣੀ ਭਰਨ ਦੇ ਕਾਰਨ ਸਿਗਨਲ ਨਾਕਾਮੀ ਨੂੰ ਰੋਕਣ ਦੇ ਲਈ ਸਟੇਸ਼ਨਾਂ ਤੇ ਐਸਐਸਡੀਏਸੀ/ਐਮਐਸਡੀਏਸੀ ਦਾ ਪ੍ਰਾਵਧਾਨ ਕਰਨ ਦਾ ਕਾਂਟਰੈਕਟ ਅਤੇ (ਬ) ਫਿਰੋਜਪੁਰ ਡਵੀਜਨ ਵਿਚ LDH, JUC, FZR, SNL ਅਤੇ DDL ਵਿਚ ਰਿਲੇ ਰੂਮ ਤੋਂ ਰਿਲੇ ਹਟ ਤਕ ਬਾਹਰੀ ਸਪਲਾਈ ਦੇ ਲਈ ਡੁਪਲੀਕੇਟ ਪਾਵਰ ਤਾਰ ਦਾ ਪ੍ਰਾਵਧਾਨ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 08.07.2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 14.06.2025 12:12 |
| ਅੰਦਾਜਨ ਲਾਗਤ | 31069428.95 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 24.06.2025 |
| ਬਿਆਨਾ ਰਾਸ਼ੀ (ਰੁ) | 305400.00 | ਕੰਮ ਪੂਰਾ ਕਰਨ ਦਾ ਸਮਾਂ | 12 ਮਹੀਨੇ |

ਨਿਵਿਦਾ ਸੂਚਨਾ ਨੰ. 433-ਸਿਗ- ਟੀ-09-25-26 ਮਿਤੀ- 14.06.2025 ਬੰਦ ਹੋਣ ਦੀ ਮਿਤੀ/ਸਮਾਂ: ਨੂੰ 08.07.2025 12:30 ਵਜੇ 1778/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### Change of Name

I,Sukhman Kaur W/O Baljinder Singh R/O VPO Waryam Nangal, Distt.Amritsar,Punjab-143502 have changed my name from Sukhman Kaur to Sukhmandeep Kaur. Concerned note.

I,Harpreet Kaur Sandhu W/O Sukhjinder Singh R/O Village Gharkian,Fatehgarh Churian, Gurdaspur, Punjab have changed my name from Harpreet Kaur Sandhu to Harpreet Kaur. Concerned note.

I Kirandeep s/o Ramji Village Dosanjh Kalan Disst Jalandhar Have Changed My Name As Kirandeep Dosanjh

I, Renu Bala W/o Gurbaj Singh R/o Village Bharopal Amritsar have changed my name from Renu Bala to Ramandeep Kaur

I, Ranjeeta W/o Amolak Singh R/o H.No.41, Surya Vihar, Pyramid City, Sultanwind Road, Amritsar have changed my name from Ranjeeta Kaur to Ranjita Kaur After Marriage

II, hitherto known as RAMAN KUMARI W/O PARSHOTAM LAL, R/O H.NO: 107, NEW HARBANS NAGAR, JALANDHAR – 144002 (PUNJAB), have changed my name and shall hereafter be known as Raman Gupta.

I, Karanjit S/o Manohar Lal R/o H.No. 65, Gali No. 4, New Rajan Nagar, Basti Peer Dad, Jalandhar, Punjab-144021 have changed my name from Karanjit to Given Name as Karanjit and Surname as Singh. All concerned please note.

I Sunil Kumar s/o Vijay Kumar R/o H.No. B4X/167, Makhdumpura, Jalandhar-144001, Punjab, have changed my name from Sunil Kumar to Sunil Kumar Gupta in which given name Sunil Kumar and surname as Gupta . All concerned please note.

### Change of Name

I Gaurv s/o Kaku Ram Sethi R/o Vill. Alipur Near Jogindra Farm, Mithapur , PO Mithapur, Jalandhar-144022, Punjab, have changed my name from Gaurv to Gaurav Sethi, in which given name Gaurav and surname as Sethi. All concerned please note.

I, hitherto known as Anupama D/o Vikas Thukral residing at H.No. 71, New Isherpuri Colony, Near Urban Estate Phase-II, Jalandhar, Punjab-144022, India have changed my name and shall hereafter be known as Anupama Thukral. (R)

, Vanita W/o Sanjeev Kumar R/o H.No. 159, Lidhran Colony, Lidhran, Jalandhar, Punjab, have changed my name from Vanita to Vanita Meli . Please note.

### ਸਨਮੁੱਖ ਓਮ ਪ੍ਰਕਾਸ਼ ਸ਼ਰਮਾ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਕੰਪਨੀਜ਼ ਐਕਟ ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ, ਰੋਡ, ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚੋਂ ਇੱਕ ਸ਼ਾਖਾ ਕੰਗਣਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ। ਬਿਨੈਕਾਰ

ਬਨਾਮ

1. ਮੰਗਤ ਰਾਮ ਪੁੱਤਰ ਸ੍ਰੀ ਨੱਥੂ ਰਾਮ, ਵਾਸੀ ਮਕਾਨ ਨੰ. 2/7925, ਮੁਹੱਲਾ ਸਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਰਾਹੀਂ ਕਾਨੂੰਨੀ ਵਾਰਸਾਂ
ਏ) ਸਰੋਜ ਪੁੱਤਰੀ ਮੰਗਤ ਰਾਮ ਪੁੱਤਰ ਸ੍ਰੀ ਨੱਥੂ ਰਾਮ ਵਾਸੀ ਮਕਾਨ ਨੰ. 2/7925, ਮੁਹੱਲਾ ਸਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।
ਬੀ) ਕਮਲਾ ਪਤਨੀ ਮੰਗਤ ਰਾਮ ਪੁੱਤਰ ਸ੍ਰੀ ਨੱਥੂ ਰਾਮ ਵਾਸੀ ਮਕਾਨ ਨੰ. 2/7925, ਮੁਹੱਲਾ ਸਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।
ਸੀ) ਸ਼ਾਮ ਕੁਮਾਰ ਪੁੱਤਰ ਮੰਗਤ ਰਾਮ ਪੁੱਤਰ ਸ੍ਰੀ ਨੱਥੂ ਰਾਮ, ਵਾਸੀ ਮਕਾਨ ਨੰ. 2/7925, ਮੁਹੱਲਾ ਸਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।
ਡੀ) ਵਿਸ਼ਾਲ ਪੁੱਤਰ ਮੰਗਤ ਰਾਮ ਪੁੱਤਰ ਸ੍ਰੀ ਨੱਥੂ ਰਾਮ, ਵਾਸੀ ਮਕਾਨ ਨੰ. 2/7925, ਮੁਹੱਲਾ ਸਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।
2. ਸ਼ਾਮ ਕੁਮਾਰ ਪੁੱਤਰ ਸ੍ਰੀ ਮੰਗਤ ਰਾਮ, ਵਾਸੀ ਮਕਾਨ ਨੰ. 2/7925, ਮੁਹੱਲਾ ਸਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।
3. ਭਾਰਤ ਭੂਸ਼ਣ ਪੁੱਤਰ ਚੰਦਰ ਬਾਲੀ, ਵਾਸੀ ਮਕਾਨ ਨੰ: 2193, ਵਾਰਡ ਨੰ. 7, ਮੁਹੱਲਾ ਗੰਸ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। ਮੋਬਾਈਲ ਨੰ: 98727-66454. ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਪਹਿਲੀ ਵਾਰ ਨੋਟਿਸ ਭੇਜੇ ਗਏ ਸਨ। ਨੋਟਿਸ ਵਾਪਸ ਪ੍ਰਾਪਤ ਨਹੀਂ ਹੋਏ ਸਨ। ਜਵਾਬਦੇਹਾਂ ਨੂੰ ਦੂਸਰਾ ਨੋਟਿਸ ਭੇਜਿਆ ਗਿਆ ਸੀ ਅਤੇ ਭੇਜਿਆ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਇਆ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕੀਤੇ ਹਨ ਅਤੇ ਜਾਣ-ਬੁੱਝ ਕੇ ਮੇਰੇ ਸਨਮੁੱਖ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 19 ਜੁਲਾਈ 2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧੀ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 311-312, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : ਓਮ ਪ੍ਰਕਾਸ਼ ਸ਼ਰਮਾ
ਜਲੰਧਰ ਸਾਲਸ

### ਫਾਰਮ ਨੰ. URC-2 ਅਧਿਆਇ XXI ਦੇ ਭਾਗ। ਦੇ ਤਹਿਤ ਰਜਿਸਟ੍ਰੇਸ਼ਨ ਬਾਰੇ ਨੋਟਿਸ ਦੇਣ ਵਾਲਾ ਇਸ਼ਤਿਹਾਰ [ਕੰਪਨੀਆਂ ਐਕਟ, 2013 ਦੀ ਧਾਰਾ 374(b) ਅਤੇ ਕੰਪਨੀਆਂ (ਰਜਿਸਟਰ ਕਰਨ ਲਈ ਅਧਿਕਾਰਤ) ਨਿਯਮਾਂ, 2014 ਦੇ ਨਿਯਮ 4(1) ਦੇ ਅਨੁਸਾਰ]

1. ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਐਕਟ, 2013 ਦੀ ਧਾਰਾ 366 ਦੀ ਉਪ-ਧਾਰਾ (2) ਦੇ ਅਨੁਸਾਰ, ਪੰਦਰਾਂ ਦਿਨਾਂ ਬਾਅਦ ਪਰ ਇਸ ਤੋਂ ਬਾਅਦ ਤੀਹ ਦਿਨਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਕੰਪਨੀਆਂ ਦੇ ਰਜਿਸਟ੍ਰਾਰ, ਸੀਰਸੀ ਨੂੰ ਇੱਕ ਅਰਜ਼ੀ ਦੇਣ ਦਾ ਪ੍ਰਸਤਾਵ ਹੈ ਕਿ ਭੂਮੀਜਾ ਇੰਡਸਟਰੀਅਲ ਟੈਕ ਇੱਕ ਭਾਈਵਾਲੀ ਫਰਮ ਨੂੰ ਕੰਪਨੀ ਐਕਟ 2013 ਦੇ ਅਧਿਆਇ XXI ਦੇ ਭਾਗ। ਦੇ ਤਹਿਤ, ਸ਼ੇਅਰਾਂ ਦੁਆਰਾ ਸੀਮਿਤ ਕੰਪਨੀ ਵਜੋਂ ਭੂਮੀਜਾ ਇੰਡਸਟਰੀਅਲ ਟੈਕਨੋਲੋਜੀਜ਼ ਪ੍ਰਾਈਵੇਟ ਲਿਮਿਟਡ ਵਜੋਂ ਰਜਿਸਟਰ ਕੀਤਾ ਜਾ ਸਕਦਾ ਹੈ।
2. ਕੰਪਨੀ ਦੇ ਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹਨ: ਫੈਬਰੀਕੇਸ਼ਨ, ਥੋਕ ਵਪਾਰ, ਪ੍ਰਚੂਨ ਵਪਾਰ, ਵੱਖ-ਵੱਖ ਕਿਸਮਾਂ ਦੇ ਨਿਰਮਾਣ, ਉਪਕਰਣ, ਨਿਰਮਾਣ ਮਸ਼ੀਨਰੀ, ਉਪਕਰਣ, ਮਸ਼ੀਨਰੀ, ਪੁਰਜ਼ੇ, ਟ੍ਰਾਂਸਮਿਸ਼ਨ ਸ਼ਾਫਟ (ਕੈਮ ਸ਼ਾਫਟ ਅਤੇ ਕਰੈਂਕ ਸ਼ਾਫਟ ਸਮੇਤ) ਅਤੇ ਕ੍ਰੈਂਕਸ; ਬੇਅਰਿੰਗ ਹਾਊਸਿੰਗ ਅਤੇ ਪਲੇਨ ਸ਼ਾਫਟ ਬੇਅਰਿੰਗ; ਗੀਅਰ ਅਤੇ ਗੀਅਰਿੰਗ; ਬਾਲ ਜਾਂ ਰੋਲਰ ਸਕ੍ਰੂ; ਗੀਅਰ ਬਾਕਸ ਅਤੇ ਹੋਰ ਸਪੀਡ ਚੇਂਜਰ, ਜਿਸ ਵਿੱਚ ਟਾਰਕ ਕਨਵਰਟਰ ਸ਼ਾਮਲ ਹਨ; ਫਲਾਈਵ੍ਹੀਲ ਅਤੇ ਪੁਲੀ, ਜਿਸ ਵਿੱਚ ਪੁਲੀ ਬਲਾਕ ਸ਼ਾਮਲ ਹਨ; ਕਲਚ ਅਤੇ ਸ਼ਾਫਟ ਕਪਲਿੰਗ (ਯੂਨੀਵਰਸਲ ਜੋੜਾਂ ਸਮੇਤ) ਪਾਈਲ-ਐਕਸਟ੍ਰੈਕਟਰ ਸ਼ਾਮਲ ਹਨ, ਦੇ ਆਯਾਤ ਅਤੇ ਨਿਰਯਾਤ ਦਾ ਕਾਰੋਬਾਰ ਕਰਨਾ।
3. ਪ੍ਰਸਤਾਵਿਤ ਕੰਪਨੀ ਦੇ ਡਰਾਫਟ ਮੈਮੋਰੰਡਮ ਅਤੇ ਐਸੋਸੀਏਸ਼ਨ ਦੇ ਲੇਖਾਂ ਦੀ ਇੱਕ ਕਾਪੀ 682R-683, ਮਾਡਲ ਟਾਊਨ, ਜਲੰਧਰ 144001 ਸਥਿਤ ਦਫ਼ਤਰ ਵਿੱਚ ਨਿਰੀਖਣ ਕੀਤੀ ਜਾ ਸਕਦੀ ਹੈ।
4. ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਇਸ ਅਰਜ਼ੀ 'ਤੇ ਇਤਰਾਜ਼ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਇੱਕੀ ਦਿਨਾਂ ਦੇ ਅੰਦਰ ਰਜਿਸਟਰਾਰ (682R- 683, ਮਾਡਲ ਟਾਊਨ, ਜਲੰਧਰ 144001) ਨੂੰ ਲਿਖਤੀ ਰੂਪ ਵਿੱਚ ਆਪਣਾ ਇਤਰਾਜ਼ ਦੱਸ ਸਕਦਾ ਹੈ, ਜਿਸਦੀ ਇੱਕ ਕਾਪੀ ਕੰਪਨੀ ਨੂੰ ਉਸਦੇ ਰਜਿਸਟਰਡ ਦਫ਼ਤਰ ਵਿੱਚ ਭੇਜੀ ਜਾ ਸਕਦੀ ਹੈ।

ਮਿਤੀ 12 ਜੂਨ 2025 ਮੈਸਰਜ਼ ਭੂਮਿਜਾ ਇੰਡਸਟਰੀਅਲ ਟੈਕ ਲਈ
ਸਿਧਾਂਤ ਸਹਿਗਲ
ਮਨੋਨੀਤ ਸਾਥੀ, ਡੀਪੀਆਈਐਨ: 07418656

### ਉਤਰ ਰੇਲਵੇ
#### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ. :-36-2025-26-ADEN-JRC ਮਿਤੀ:- 13.06.2025 ਸੀਨੀਅਰ ਮੰਡਲ ਇੰਜੀਨੀਅਰ-ਫਸਟ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 07.07.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਭੁਗਤਾਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੇਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 12.06.2025 | 23.06.2025 | 07.07.2025 15:00 ਵਜੇ |

ਲੜੀ ਨੰਬਰ: 1 ਨਿਵਿਦਾ ਨੰਬਰ : 36-2025-26-ADEN-JRC

ਨਿਵਿਦਾ ਦਾ ਵੇਰਵਾ: ਸੀਨੀਅਰ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਜਲੰਧਰ ਕੈਂਟ-ਪਠਾਨਕੋਟ ਸੈਕਸ਼ਨ ਤੇ ਐਮ+8 ਘਣਤਵ ਦੇ ਨਾਲ ਪੀਐਸਸੀ ਚੌੜੇ ਸਲੀਪਰ ਦੇ ਨਾਲ ਪ੍ਰਸਤਾਵਿਤ ਐਮ+7 ਘਣਤਵ ਵਾਲੇ ਪੀਐਸਸੀ-6 ਸਲੀਪਰਾਂ ਤੇ 60 ਕਿਗ੍ਰਾ ਰੇਲ ਦੇ ਨਾਲ ਵਿਛਾਈ ਗਈ ਮੌਜੂਦਾ ਪਟਰੀ ਦੇ ਡਾਊਨਲਾਈਨ ਕਿਮੀ 14.00 ਤੋਂ 19.50 ਅਤੇ 20.25 ਤੋਂ 27.75 ਕਿਮੀ ਦੇ ਵਖ-ਵਖ ਸਥਾਨਾਂ ਤੇ ਪੀਕਯੂਆਰਐਸ 12.75 ਕਿਮੀ ਦੁਆਰਾ ਥਰੂ ਸਲੀਪਰ ਨਵੀਨੀਕਰਣ ਦੇ ਸਬੰਧ ਵਿਚ ਵਖ-ਵਖ ਬੇਸ ਡਿਪੋ / ਸਾਈਟ ਗਤੀਵਿਧੀਆਂ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਤੀ ਦਾ ਸਮਾਂ |
|---|---|---|---|
| 1,74,45,127.19 /— | 2,37,200.00 /— | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ: ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਨੂੰ ਡਿਸਟ੍ਰੇਸ ਕਰਨਾ, ਟ੍ਰੈਸ ਰਖਰਖਾਅ ਮਸ਼ੀਨ ਜਿਵੇਂ ਟੈਂਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦੇ ਕੰਮ ਮਿਲ ਹਨ, ਟੀ-28 ਦੁਆਰਾ। ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 1773/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਕਲਾਸੀਫਾਈਡ ਇਸ਼ਤਿਹਾਰ

#### ਲੋੜ ਹੈ

ਮਾਤਾ ਸੁੰਦਰੀ ਗਰਲਜ ਕਾਲਜ ਆਫ ਐਜੂਕੇਸ਼ਨ ਢੱਡੇ ਬਠਿੰਡਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਲੋੜ ਹੈ ਸਹਾਇਕ ਪ੍ਰੋ. ਅੰਗਰੇਜ਼ੀ-2, ਅਰਥ ਸਾਸਤਰ-1, ਵਿਗਿਆਨ-2, ਇਤਿਹਾਸ-1, ਗਣਿਤ-2, ਗ੍ਰਹਿ ਵਿਗਿਆਨ-2, ਐੱਸ ਐੱਸ ਟੀ-1, ਪੰਜਾਬੀ-1, ਲਾਇਬ੍ਰੇਰੀਅਨ-1 ਐੱਨ ਸੀ ਟੀ ਈ, ਨਿਯਮਾਂ ਅਨੁਸਾਰ ਯੋਗਤਾ, ਤਜਰਬਾ ਮਹਿਲਾ ਉਮੀਦਵਾਰਾਂ ਨੂੰ ਤਰਜੀਹ, ਫੋਟੋ ਅਰਜ਼ੀ, ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ 15 ਦਿਨਾਂ ਦੇ ਅੰਦਰ ਕਾਲਜ ਦੇ ਪਤੇ 'ਤੇ ਭੇਜੋ ਅਤੇ ਕਾਪੀ ਡੀਨ (ਕਾਲਜਾਂ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਣੀ ਲਾਜ਼ਮੀ।
ਸਹੀ/-
ਪ੍ਰਧਾਨ/ਚੇਅਰਮੈਨ

#### ਲੋੜ ਹੈ

ਮਾਤਾ ਸੁੰਦਰੀ ਗਰਲਜ ਕਾਲਜ ਢੱਡੇ (ਬਠਿੰਡਾ), (ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੂੰ ਰੈਗੂਲਰ ਬੇਸਿਸ 'ਤੇ ਅਸਿਸਟੈਂਟ ਪ੍ਰੋਫੈਸਰ-ਬੌਟਨੀ-1, ਅੰਗਰੇਜ਼ੀ-2, ਹੋਮ ਸਾਇੰਸ-1, ਫੈਸ਼ਨ ਟੈਕਨਾਲੋਜੀ-5, ਜ਼ੂਲੋਜੀ-1, ਫ਼ਿਜ਼ਿਕਸ-1, ਕੈਮਿਸਟਰੀ-2, ਇਕਨਾਮਿਕਸ-1, ਮੈਥ-2, ਕੰਪਿਊਟਰ ਸਾਇੰਸ-5, ਧਰਮ-1, ਸੋਸਾਲੋਜੀ-1, ਪੌਲ ਸਾਇੰਸ-1 ਚਾਹੀਦੇ ਹਨ। ਯੋਗਤਾ ਯੂ ਜੀ ਸੀ, ਯੂਨੀਵਰਸਿਟੀ ਨਿਯਮਾਂ ਅਨੁਸਾਰ। ਮਹਿਲਾ ਉਮੀਦਵਾਰਾਂ ਨੂੰ ਪਹਿਲ। ਫੋਟੋ, ਅਰਜ਼ੀ, ਸਰਟੀਫਿਕੇਟਾਂ ਦੀਆਂ ਤਸਦੀਕਸੁਦਾਂ ਕਾਪੀਆਂ 15 ਦਿਨਾਂ ਅੰਦਰ ਕਾਲਜ ਪਤੇ 'ਤੇ ਅਤੇ ਕਾਪੀ ਡੀਨ ਕਾਲਜਾਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਭੇਜੋ।
ਸਹੀ/-
ਪ੍ਰਧਾਨ/ਚੇਅਰਮੈਨ

#### ਆਮ ਸੂਚਨਾ

ਸ਼ਿਵਦੇਵ ਸਿੰਘ ਪੁੱਤਰ ਰਾਣਾ ਪ੍ਰਤਾਪ ਸਿੰਘ, ਪਿੰਡ ਰਾਮ ਨਗਰ ਛੰਨਾਂ (ਸੰਗਰੂਰ) ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ -2746 (15 ) ਨੂੰ ਵੀਰ ਦਵਿੰਦਰ ਕੌਰ ਪੁੱਤਰੀ ਸ਼ਿਵਦੇਵ ਸਿੰਘ, ਪਿੰਡ ਰਾਮ ਨਗਰ ਛੰਨਾਂ (ਸੰਗਰੂਰ) ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਸ਼ੇਰਪੁਰ-1 ਦੇ ਇਤਰਾਜ ਪੇਸ਼ ਕਰੇ।

ਅਸੀਂ ਕੰਵਲਜੀਤ ਕੌਰ ਪਤਨੀ ਗੁਰਮੀਤ ਸਿੰਘ ਅਤੇ ਗੁਰਮੀਤ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਪਿੰਡ ਕਾਲਾ ਘਣੂਪੁਰ, ਨੇੜੇ ਬਾਬਾ ਦਰਸ਼ਨ ਸਿੰਘ ਡੇਰਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਭਰਾ/ ਸਾਲਾ ਕੁਲਦੀਪ ਸਿੰਘ ਉਸਦੀ ਦੀ ਪਤਨੀ ਅਮਨਦੀਪ ਕੌਰ ਅਤੇ ਉਹਨਾਂ ਦੀ ਲੜਕੀ ਅਮਾਨਪ੍ਰੀਤ ਕੌਰ ਸਾਡੇ ਕਹਿਣੇ ਵਿੱਚ ਨਹੀਂ । ਅਸੀਂ ਉਸ ਨਾਲ ਆਪਣੇ ਸਾਰੇ ਸਬੰਧ ਤੋੜਦੇ ਹਾਂ । ਅਸੀਂ ਅਤੇ ਸਾਡਾ ਬਾਕੀ ਪਰਿਵਾਰ ਉਸ ਦੇ ਕਿਸੇ ਚੰਗੇ ਮਾੜੇ ਕੰਮ ਦਾ ਜਿੰਮੇਵਾਰ ਨਹੀਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੋਟਰ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 28/1323 ਹਰਦਿਆਲ ਸਿੰਘ ਪੁੱਤਰ ਭਾਗ ਸਿੰਘ ਪਿੰਡ ਸੈਦੋਕੇ 15 ਬੀ ਐੱਚ ਪੀ ਦੇ ਨਾਂਅ 'ਤੇ ਚੱਲਦਾ ਹੈ। ਜੋ ਹੁਣ ਨਾਂਅ ਬਦਲੀ ਕਰਕੇ ਸ੍ਰੀ ਸੁਖਜਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਸੈਦੋਕੇ ਦੇ ਨਾਂਅ 'ਤੇ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਉਪ ਮੰਡਲ ਪੱਤੋ ਹੀਰਾ ਸਿੰਘ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਦਫਤਰ ਦੇ ਸਕਦਾ ਹੈ, ਜਿਸ ਦਾ ਸਮਾਂ ਇੱਕ ਹਫਤੇ ਦਾ ਹੋਵੇਗਾ।

ਮੈਂ, ਪਰਮਜੀਤ ਸਿੰਘ ਪੁੱਤਰ ਮੇਹਰ ਸਿੰਘ ਉਰਫ ਮੇਹਰਬਾਨ ਸਿੰਘ ਵਾਸੀ ਪਿੰਡ ਕਪੂਰੇ ਪੱਤੀ, ਮੇਹਰਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੇ ਪਿਤਾ ਨੂੰ ਦੋ ਨਾਵਾਂ ਮੇਹਰ ਸਿੰਘ ਵਾ ਮੇਹਰਬਾਨ ਸਿੰਘ ਪੁੱਤਰ ਹਰੀ ਸਿੰਘ ਉਕਤ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਸੰਬੰਧੀ ਕਿਸੇ ਤਰ੍ਹਾਂ ਦਾ ਕੋਈ ਝਗੜਾ ਨਹੀਂ ਹੈ, ਜੇਕਰ ਹੋਵੇਗਾ ਤਾਂ ਮੈਂ ਖੁਦ ਜ਼ਿੰਮੇਵਾਰ ਹੋਵਾਂਗਾ।

ਮੈਂ ਅਜੀਤ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਪਿੰਡ ਨਵਾਂ ਪਿੰਡ ਝਾਵਰ ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ ਗੁਰੂ ਰਾਮਦਾਸ ਕਲੋਨੀ, ਮੇਹਰ ਚੰਦ ਰੋਡ, ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੇ ਭਰਾ ਕਰਤਾਰ ਸਿੰਘ ਵਾਸੀ ਕੋਠੀ ਨੰਬਰ 206, ਫੇਜ਼ 10, ਮੋਹਾਲੀ (ਚੰਡੀਗੜ੍ਹ) ਨੇ ਰਕਬਾ ਵਾਕਿਆ ਪਿੰਡ ਮੁਸਤਫਾਬਾਦ ਜ਼ਿਲ੍ਹਾ ਗੁਰਦਾਸਪੁਰ ਹਦਬਸਤ ਨੰਬਰ 368 ਮੇਰੇ ਨਾਮ ਤਬਦੀਲ ਕਰ ਦਿੱਤਾ ਹੈ ਜਿਸ ਵਿੱਚ ਤਿੰਨ ਹਾਰਸ ਪਾਵਰ ਦਾ ਟਿਊਬਵੈੱਲ ਕੁਨੈਕਸ਼ਨ ਚੱਲ ਰਿਹਾ ਹੈ । ਹੁਣ ਇਹ ਕੁਨੈਕਸ਼ਨ ਮੈਂ ਆਪਣੇ ਨਾਮ ਤਬਦੀਲ ਕਰਵਾਉਣਾ ਹੈ । ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਨੂੰ ਸੂਚਿਤ ਕਰੇ ।

ਮੈਂ, ਰਮਨਪ੍ਰੀਤ ਕੌਰ ਪਤਨੀ ਗੁਰਜੀਤ ਸਿੰਘ ਵਾਸੀ ਪਿੰਡ ਢੱਕ ਮਜਾਰਾ, ਤਹਿਸੀਲ ਫਿਲੌਰ ਜਿਲਾ ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਬੀਮਾ ਪਾਲਸੀ ਨੰ: 132630458 ਮਿਤੀ 26-09-2007 ਨੂੰ ਦਰਸਨਾ, ਦਰਸਨ ਕੌਰ ਦੇ ਨਾਮ ਤੇ ਲਈ ਸੀ। ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਨੇ ਮੇਰਾ ਨਾਮ ਦਰਸ਼ਨਾ, ਦਰਸ਼ਨ ਕੌਰ ਤੋਂ ਬਦਲ ਕੇ ਰਮਨਪ੍ਰੀਤ ਕੌਰ ਰੱਖ ਦਿੱਤਾ ਹੈ। ਇਹ ਤਿੰਨੋ ਨਾਮ ਮੇਰੇ ਹੀ ਹਨ। ਮੈ ਦਰਸਨਾ , ਦਰਸਨ ਕੌਰ ਅਤੇ ਰਮਨਪ੍ਰੀਤ ਕੌਰ ਇਹਨਾਂ ਤਿੰਨਾ ਨਾਵਾਂ ਵਾਲੀ ਇੱਕ ਹੀ ਔਰਤ ਹਾਂ। ਇਸ ਲਈ ਮੈਨੂੰ ਹੁਣ ਬੀਮੇ ਦੀ ਜੋ ਵੀ ਰਕਮ ਹੈ ਉਹ ਦਿੱਤੀ ਜਾਵੇ। (ਹਰਪ੍ਰੀਤ)

#### ਬੇਦਖਲੀ ਨੋਟਿਸ

ਮੈਂ ਸੰਤੋਸ਼ ਦੇਵੀ ਪਤਨੀ ਲੇਟ ਪਿਆਰਾ ਲਾਲ ਵਾਸੀ ਨਿਊ ਅਬਾਦੀ ਬਹਿਰਾਮਪੁਰ, ਤਹਿਸੀਲ ਦੀਨਾਨਗਰ ਅਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਆਸ਼ੂ ਪਤਨੀ ਈਸ਼ ਕੁਮਾਰ ਪੁੱਤਰੀ ਪਿਆਰਾ ਲਾਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਦੇਵ ਸਿੰਘ ਪੁੱਤਰ ਮੰਗਲ ਸਿੰਘ ਵਾਸੀ 4300, ਨੇੜੇ ਰਾਧਾ ਸੁਆਮੀ ਡੇਰਾ, ਛੇਹਰਟਾ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਬੇਟੇ ਮਨਿੰਦਰਦੀਪ ਸਿੰਘ, ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜ਼ੀ ਕਰਦਾ ਹੈ, ਨੂੰ ਆਪਣੀ ਚੱਲ-ਅਚੱਲ, ਝੁੱਕਵੀ-ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ ਨੁਕਸਾਨ, ਲੈਣ-ਦੇਣ, ਲੜਾਈ-ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਮੇਰਾ ਮਨਿੰਦਰਦੀਪ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

ਅਸੀਂ, ਸੁਖਵੰਤ ਸਿੰਘ ਪੁੱਤਰ ਚਰਨ ਸਿੰਘ ਅਤੇ ਗੁਰਮੀਤ ਕੌਰ ਪਤਨੀ ਸੁਖਵੰਤ ਸਿੰਘ ਵਾਸੀ ਪਿੰਡ ਅੱਜਲਾ ਜੋਗੀ, ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਜਤਿੰਦਰ ਪਾਲ ਸਿੰਘ ਅਤੇ ਨੂੰਹ ਲਛਮੀ ਕੁਮਾਰੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ/ਅਸੀਂ ਧਰਮੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾ ਪਰਮਜੀਤ ਕੌਰ ਪਤਨੀ ਧਰਮੀਤ ਸਿੰਘ ਵਾਸੀ ਪਿੰਡ ਲੰਡਾ ਤਹਿਸੀਲ ਪਾਇਲ ਜਿਲਾ ਦੇ ਲੁਧਿਆਣੇ ਦੇ ਹਾਂ ਕਿ ਮੇਰਾ ਲੜਕਾ ਸ਼ਰਨਜੀਤ ਸਿੰਘ ਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਜੋ ਕਿ ਸ਼ਾਦੀਸ਼ੁਦਾ ਹੈ , ਸਾਡੇ ਕਹਿਣ ਤੋਂ ਬਾਹਰ ਹਨ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਨੂੰ ਕਰਨ।

ਮੈਂ ਦਰਸ਼ਨ ਕੌਰ ਪਤਨੀ ਲੇਟ ਜਸਬੀਰ ਸਿੰਘ ਵਾਸੀ 56, ਨਿਊ ਮੋਹਣੀ ਪਾਰਕ ਗਲੀ ਨੰ.3, ਸਾਹਮਣੇ ਖਾਲਸਾ ਕਾਲਜ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕੀ ਮੇਰਾ ਲੜਕਾ ਕੁਲਦੀਪ ਸਿੰਘ ਉਸਦੀ ਦੀ ਪਤਨੀ ਅਮਨਦੀਪ ਕੌਰ ਅਤੇ ਉਹਨਾਂ ਦੀ ਲੜਕੀ ਅਮਾਨਪ੍ਰੀਤ ਕੌਰ ਮੇਰੇ ਕਹਿਣ ਤੋਂ ਬਾਹਰ ਹਨ ਮੈਂ ਇਨ੍ਹਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀ ਹਨ । ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ ਹਰਪਾਲ ਸਿੰਘ ਪੁੱਤਰ ਜਸਬੀਰ ਸਿੰਘ ਅਤੇ ਅਨੁਪ੍ਰੀਤ ਕੌਰ ਪਤਨੀ ਹਰਪਾਲ ਸਿੰਘ ਵਾਸੀ 56, ਨਿਊ ਮੋਹਣੀ ਪਾਰਕ ਗਲੀ ਨੰ.3, ਸਾਹਮਣੇ ਖਾਲਸਾ ਕਾਲਜ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਭਰਾ/ ਦਿਓਰ ਕੁਲਦੀਪ ਸਿੰਘ ਉਸਦੀ ਦੀ ਪਤਨੀ ਅਮਨਦੀਪ ਕੌਰ ਅਤੇ ਉਹਨਾਂ ਦੀ ਲੜਕੀ ਅਮਾਨਪ੍ਰੀਤ ਕੌਰ ਸਾਡੇ ਕਹਿਣੇ ਵਿੱਚ ਨਹੀਂ । ਅਸੀਂ ਉਸ ਨਾਲ ਆਪਣੇ ਸਾਰੇ ਸਬੰਧ ਤੋੜਦੇ ਹਾਂ। ਅਸੀਂ ਅਤੇ ਸਾਡਾ ਬਾਕੀ ਪਰਿਵਾਰ ਉਸ ਦੇ ਕਿਸੇ ਚੰਗੇ ਮਾੜੇ ਕੰਮ ਦਾ ਜਿੰਮੇਵਾਰ ਨਹੀਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ, ਸੁਰਿੰਦਰ ਕੌਰ ਪਤਨੀ ਲੇਟ ਸੁਰਜੀਤ ਸਿੰਘ ਵਾਸੀ ਮਕਾਨ ਨੰ.474-ਸੀ, ਈਸਟ ਮੋਹਨ ਨਗਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਵਿੰਦਰ ਕੌਰ ਨਾਗੀ ਮੇਰੇ ਕਹਿਣ ਤੋਂ ਬਾਹਰ ਹੈ ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ, ਗਿਆਨ ਕੌਰ ਪਤਨੀ ਰਾਜ ਮੱਲ ਕੈਂਥ ਵਾਸੀ ਪਿੰਡ ਤੇ ਡਾਕਖਾਨਾ ਘੁੜਿਆਲ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਦੀਪ ਕੁਮਾਰ ਕੈਂਥ ਅਤੇ ਉਸ ਦੀ ਪਤਨੀ ਗੁਰਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਤਿਲਕ ਰਾਜ ਪੁੱਤਰ ਧਰਮਪਾਲ ਵਾਸੀ ਮਕਾਨ ਨੰ. 107, ਸਿੱਧੂ ਅਸਟੇਟ, ਦਕੋਹਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਜਸਵਿੰਦਰ ਕੌਰ, ਮੇਰਾ ਲੜਕਾ ਪ੍ਰਭਜੋਤ ਸਿੰਘ ਅਤੇ ਉਸ ਦੀ ਪਤਨੀ ਸੁਮਨਦੀਪ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਰਮਨ ਕੁਮਾਰ ਪੁੱਤਰ ਲੇਟ ਸ੍ਰੀ ਹੰਸ ਰਾਜ ਅਤੇ ਸੀਮਾ ਪਤਨੀ ਰਮਨ ਕੁਮਾਰ ਵਾਸੀ ਮਕਾਨ ਨੰ. 235, ਗਲੀ ਨੰ. 7, ਪਵਨ ਨਗਰ ਬਟਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਇਸ਼ਾਨ ਅਤੇ ਉਸ ਦੀ ਪਤਨੀ ਮਾਨਸੀ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅਸੀਂ ਅਤੇ ਸਾਡਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਮੰਗਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਲੋਹ ਚਾਪ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਦੀਪਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

#### ਬੇਦਖਲੀ ਨੋਟਿਸ

ਅਸੀਂ, ਚਮਨ ਲਾਲ ਪੁੱਤਰ ਗੁਰਦਾਸ ਰਾਮ, ਛਿੰਦੋ ਪਤਨੀ ਚਮਨ ਲਾਲ ਵਾਸੀਆਨ ਪਿੰਡ ਚੱਕ ਬਾਹਮਣੀਆਂ ਖੁਰਦ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਗੁਰਨਾਮ ਸਿੰਘ ਅਤੇ ਸਾਡੀ ਨੂੰਹ ਅਰਚਨਾ ਦੀਪ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਬਲਵਿੰਦਰ ਸਿੰਘ ਪੁੱਤਰ ਮਾਧਾ ਸਿੰਘ ਅਤੇ ਧੀਰੋ ਪਤਨੀ ਬਲਵਿੰਦਰ ਸਿੰਘ ਵਾਸੀਆਨ ਅਬਾਦੀ ਪੰਜ ਖਡੱਲ ਨਵਾਂ ਪਿੰਡ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੰਨੀ ਅਤੇ ਸਾਡੀ ਨੂੰਹ ਰਮਨ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦਾ ਇਨ੍ਹਾ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

#### ਨਾਂਅ ਦੀ ਬਦਲੀ

ਮੈਂ, ਪਰਮਿੰਦਰ ਕੌਰ ਪਤਨੀਂ ਚਮਕੌਰ ਸਿੰਘ, ਪਿੰਡ ਜੱਖਲਾਂ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਪਰਵਿੰਦਰ ਕੌਰ ਰੱਖ ਲਿਆ ਹੈ।

ਮੈਂ, ਚਰਨਜੀਤ ਸਿੰਘ ਹਰੀਕਾ ਪੁੱਤਰ ਬਲਵੀਰ ਸਿੰਘ, ਪਿੰਡ ਬੁਗਰਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਚਰਨਜੀਤ ਸਿੰਘ ਰੱਖ ਲਿਆ ਹੈ।

ਮੈਂ, ਰੁਪਿੰਦਰ ਕੌਰ ਹਰੀਕਾ ਪਤਨੀਂ ਚਰਨਜੀਤ ਸਿੰਘ, ਪਿੰਡ ਬੁਗਰਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਰੁਪਿੰਦਰ ਕੌਰ ਰੱਖ ਲਿਆ ਹੈ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਬਾਬਾ ਸ੍ਰੀ ਚੰਦ ਜੀ ਦੀ ਯਾਦ 'ਚ ਜੋੜ ਮੇਲਾ ਅੱਜ


ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਅਤੇ ਉਦਾਸੀ ਸੰਪਰਦਾਇ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਦਾ ਸਾਲਾਨਾ ਜੋੜ ਮੇਲਾ ਪਿੰਡ ਲਸ਼ਕਰੀ ਨੰਗਲ ਵਿਖੇ 15 ਜੂਨ ਨੂੰ ਮਨਾਇਆ ਜਾਵੇਗਾ।ਮੁੱਖ ਪ੍ਰਬੰਧਕ ਅਤੇ ਗੱਦੀ ਨਸ਼ੀਨ ਬਾਬਾ ਗੁਰਵਿੰਦਰ ਸਿੰਘ ਲਸ਼ਕਰੀ ਨੰਗਲ ਨੇ ਇਸ ਸਬੰਧੀ ਗੱਲ ਕਰਦਿਆਂ ਦੱਸਿਆ ਕਿ ਉਸ ਦਿਨ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲਾਂ ਵਿੱਚ ਦੀਵਾਨ ਸਜਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਸਮੇਂ ਕਵੀਸ਼ਰ ਭਾਈ ਲਖਵਿੰਦਰ ਸਿੰਘ ਗੁਰਦਾਸਪੁਰੀਆ ਕਥਾਵਾਚਕ ਭਾਈ ਬਚਿੱਤਰ ਸਿੰਘ, ਕਵੀਸ਼ਰ ਭਾਈ ਜੋਗਾ ਸਿੰਘ ਮੁਹਾਰ ਦੇ ਜਥਿਆਂ ਵੱਲੋਂ ਹਾਜ਼ਰ ਸੰਗਤਾਂ ਨੂੰ ਕਥਾ ਵਿਚਾਰਾਂ ਅਤੇ ਰਸ ਭਿੰਨੇ ਕੀਰਤਨ ਨਾਲ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਲਵਿੰਦਰ ਸਿੰਘ, ਹਰਵੰਤ ਸਿੰਘ, ਗੁਰਜੀਤ ਸਿੰਘ, ਸ਼ਮਸ਼ੇਰ ਸਿੰਘ, ਕਰਨਵੀਰ ਸਿੰਘ ਅਤੇ ਗੁਰਦੀਪ ਸਿੰਘ ਆਦਿ ਸੇਵਾਦਾਰਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

## ਕਾਮਰੇਡ ਮਨਜੀਤ ਸਿੰਘ ਨੂੰ ਸਦਮਾ, ਪਿਤਾ ਦਾ ਦੇਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ)-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਹਾਇਕ ਸਕੱਤਰ ਕਾਮਰੇਡ ਮਨਜੀਤ ਸਿੰਘ ਝਬਾਲ ਦੇ ਪਿਤਾ ਸ. ਸੰਤਾ ਸਿੰਘ ਝਬਾਲ ਦਾ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ। ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਝਬਾਲ ਵਿਖੇ ਕਰ ਦਿੱਤਾ ਗਿਆ। ਜਥੇਬੰਦੀ ਦੇ ਮਾਝਾ ਜ਼ੋਨ ਦੇ ਇੰਚਾਰਜ ਕਾਮਰੇਡ ਜਸਬੀਰ ਸਿੰਘ ਝਬਾਲ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਜਥੇਬੰਦੀ ਦੇ ਰੇਸ਼ਮ ਸਿੰਘ ਖਿਆਲਾ, ਕੰਵਲਜੀਤ ਕੌਰ ਖਿਆਲਾ, ਹਰਪ੍ਰਭ ਮਕਬੂਲਪੁਰਾ, ਸਰਬਜੀਤ ਕੌਰ ਮਕਬੂਲਪੁਰਾ, ਬਾਬਾ ਵਰਿਆਮ ਸਿੰਘ ਨੇ ਸੰਤਾ ਸਿੰਘ ਦੇ ਵਿਛੋੜੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਸੰਤਾ ਸਿੰਘ ਝਬਾਲ ਦੀ ਅੰਤਿਮ ਅਰਦਾਸ ਤੇ ਭੋਗ 22 ਜੂਨ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਝਬਾਲ ਵਿਖੇ ਹੋਵੇਗਾ।

## ਇਜ਼ਰਾਈਲੀ ਜਬਰ ਤੇ ਮਹਿੰਗਾਈ ਵਿਰੁੱਧ ਪ੍ਰਦਰਸ਼ਨ 17 ਨੂੰ: ਕਾਮਰੇਡ ਦਦੇਹਰ



ਚੋਹਲਾ ਸਾਹਿਬ (ਰਮਨ ਚੱਢਾ)-ਭਾਰਤੀ ਕਮਿਊਨਿਸਟ ਪਾਰਟੀ ਅਤੇ ਬਾਕੀ ਖੱਬੀਆਂ ਪਾਰਟੀਆਂ ਵੱਲੋਂ 17 ਜੂਨ ਨੂੰ ਪ੍ਰਦਰਸ਼ਨ ਕੀਤੇ ਜਾਣਗੇ। ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਜ਼ਰਾਈਲ ਵੱਲੋਂ ਕੁੱਝ ਹੋਰ ਸਾਮਰਾਜੀ ਦੇਸ਼ਾਂ ਦੀ ਸਾਂਝ ਨਾਲ ਫਲਸਤੀਨ 'ਤੇ ਲਗਾਤਾਰ ਹਮਲੇ ਕਰਕੇ ਬੇਗੁਨਾਹ ਫ਼ਲਸਤੀਨੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ।ਇਜ਼ਰਾਈਲ ਵੱਲੋਂ 55000 ਫਲਸਤੀਨੀ ਲੋਕ ਮਾਰ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਤੇ ਬੱਚੇ ਹਨ।ਗਾਜ਼ਾ ਪੱਟੀ ਵਿੱਚ ਫੌਜਾਂ ਚਾੜ੍ਹ ਕੇ ਲੋਕਾਂ ਨੂੰ ਭੁੱਖ ਤੇਹ ਨਾਲ ਮਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਕਾਮਰੇਡ ਦਦੇਹਰ ਨੇ ਕਿਹਾ ਕਿ ਇੱਧਰ ਨਿੱਤ ਦਿਨ ਭਾਰਤ ਵਿੱਚ ਮਹਿੰਗਾਈ ਵਧਣ ਨਾਲ ਆਮ ਲੋਕ ਪ੍ਰੇਸ਼ਾਨ ਹਨ ।ਪੈਟਰੋਲ ਸੌ ਰੁਪਏ ਲੀਟਰ ਨੂੰ ਛੂਹ ਗਿਆ ਹੈ।ਬਾਕੀ ਨਿੱਤ ਵਰਤੋਂ ਦੀਆਂ ਚੀਜ਼ਾਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ।ਇਸ ਕਰਕੇ ਇਨ੍ਹਾਂ ਦੋਹਾਂ ਮੁੱਦਿਆਂ 'ਤੇ 17 ਜੂਨ ਨੂੰ ਗਾਂਧੀ ਪਾਰਕ ਤਰਨ ਤਾਰਨ ਇੱਕਠੇ ਹੋ ਕੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।

## ਬੇਦੀ ਨੇ ਰਾਜਪਾਲ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ (ਗੁਰਜੀਤ ਬਿੱਲਾ )-ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਰਾਜ ਭਵਨ ਵਿਖੇ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ।ਮੀਟਿੰਗ ਦੌਰਾਨ ਪੰਜਾਬ ਨਾਲ ਸਬੰਧਤ ਵੱਖ-ਵੱਖ ਕਾਨੂੰਨੀ ਅਤੇ ਪ੍ਰਸ਼ਾਸਨਿਕ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਰਾਜਪਾਲ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਅਤੇ ਸੂਬਾ ਸਰਕਾਰ ਨੂੰ ਕਾਨੂੰਨੀ ਮਾਰਗਦਰਸ਼ਨ ਪ੍ਰਦਾਨ ਕਰਨ ਵਿੱਚ ਐਡਵੋਕੇਟ ਜਨਰਲ ਦੀ ਭੂਮਿਕਾ ਦੀ ਸ਼ਲਾਘਾ ਕੀਤੀ।ਇਹ ਮੁਲਾਕਾਤ ਨਿੱਘੇ ਸੰਵਾਦ ਅਤੇ ਆਪਸੀ ਸਦਭਾਵਨਾ ਨਾਲ ਭਰਪੂਰ ਸੀ।

15 Jun Page-7.qxd 6/14/2025 10:34 PM Page 1



# ਦੋ ਕਾਰ ਸਵਾਰ ਅਫੀਮ ਤੇ ਡਰੱਗ ਮਨੀ ਸਮੇਤ ਕਾਬੂ

**ਕਪੂਰਥਲਾ (ਮਨਜੀਤ ਮਾਨ)**- ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਦਲਵਿੰਦਰ ਬੀਰ ਸਿੰਘ ਮੁੱਖ ਅਫ਼ਸਰ ਥਾਣਾ ਢਿਲਵਾਂ, ਏ ਐਸ ਆਈ ਦੀਪਕ ਕੁਮਾਰ ਨੇ ਦੋ ਕਾਰ ਸਵਾਰਾਂ ਨੂੰ ਅਫੀਮ ਅਤੇ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਥਾਣਾ ਮੁਖੀ ਦਲਵਿੰਦਰ ਬੀਰ ਸਿੰਘ ਨੇ ਦੱਸਿਆ ਕਿ ਏ ਐਸ ਆਈ ਦੀਪਕ ਕੁਮਾਰ, ਏ ਐਸ ਆਈ ਰਛਪਾਲ ਸਿੰਘ, ਏ ਐਸ ਆਈ ਗੁਰਦੀਪ ਸਿੰਘ ਸਾਥੀ ਕਰਮਚਾਰੀਆਂ ਨਾਲ ਹਾਈ-ਟੈਕ ਨਾਕੇ 'ਤੇ ਵਾਹਨਾਂ ਦੀ ਜਾਂਚ ਕਰ ਰਹੇ ਸਨ ਕਿ ਬੀਤੀ ਦੇਰ ਸ਼ਾਮ ਇਕ ਕਾਰ ਅੰਮ੍ਰਿਤਸਰ ਤੋਂ ਆਉਂਦੀ ਦਿਖਾਈ ਦਿੱਤੀ, ਜਿਸ ਵਿੱਚ ਦੋ ਨੌਜਵਾਨ ਸਵਾਰ ਸਨ, ਜਿਸ ਨੂੰ ਏ ਐਸ ਆਈ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਰੋਕਿਆ। ਕਾਰ ਤੋਂ ਹੇਠਾਂ ਉਤਰਦੇ ਸਮੇਂ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਬੈਠੇ ਨੌਜਵਾਨ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਇੱਕ ਭਾਰੀ ਲਿਫਾਫਾ ਕੱਢਿਆ ਅਤੇ ਸੜਕ ਦੇ ਨੇੜੇ ਕੱਚੀ ਜਗ੍ਹਾ 'ਤੇ ਸੁੱਟ ਦਿੱਤਾ। ਏ ਐਸ ਆਈ ਵੱਲੋਂ ਦੋਵਾਂ ਦਾ ਨਾਂਅ ਅਤੇ ਪਤਾ ਪੁੱਛਣ 'ਤੇ ਕਾਰ ਡਰਾਈਵਰ ਨੇ ਆਪਣਾ ਨਾਂਅ ਸਾਗਰ ਦੱਸਿਆ ਅਤੇ ਨਾਲ ਵਾਲੀ ਸੀਟ 'ਤੇ ਬੈਠੇ ਨੌਜਵਾਨ ਨੇ ਆਪਣਾ ਨਾਂਅ ਮੁਕੇਸ਼ ਵਾਸੀ ਦੁਸਹਿਰਾ ਗਰਾਊਂਡ ਹੁਸ਼ਿਆਰਪੁਰ ਦੱਸਿਆ। ਉਪਰੋਕਤ ਨੌਜਵਾਨ ਦੀ ਤਲਾਸ਼ੀ ਦੌਰਾਨ 260 ਗ੍ਰਾਮ ਅਫੀਮ ਅਤੇ 1 ਲੱਖ 40 ਹਜ਼ਾਰ ਰੁਪਏ ਦੀ ਡਰੱਗ ਮਨੀ (ਭਾਰਤੀ ਕਰੰਸੀ) ਬਰਾਮਦ ਹੋਈ।ਉਪਰੋਕਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਕਾਰ ਜ਼ਬਤ ਕਰਕੇ ਉਹਨਾਂ ਵਿਰੁੱਧ ਐਨ ਡੀ ਪੀ ਐਸ ਐਕਟ ਤਹਿਤ ਥਾਣਾ ਢਿਲਵਾਂ ਵਿੱਚ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।



# ਅਹਿਮਦਾਬਾਦ 'ਚ ਹਵਾਈ ਜਹਾਜ਼ ਹਾਦਸਾ ਬੇਹੱਦ ਮੰਦਭਾਗੀ ਘਟਨਾ : ਸ਼ਰਮਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੀਤੇ ਦਿਨੀਂ ਗੁਜਰਾਤ ਦੇ ਅਹਿਮਦਾਬਾਦ ਵਿਚ ਵਾਪਰਿਆ ਹਵਾਈ ਜਹਾਜ਼ ਹਾਦਸਾ ਇੱਕ ਬੇਹੱਦ ਮੰਦਭਾਗਾ ਤੇ ਨਾ ਭੁੱਲਣਯੋਗ ਹਾਦਸਾ ਹੈ, ਜਿਸ ਵਿੱਚ ਕਈ ਮਨੁੱਖੀ ਜ਼ਿੰਦਗੀਆਂ ਜੋ ਕਿਸੇ ਸਫ਼ਰ ਵਾਸਤੇ ਨਿਕਲੀਆ ਸਨ ਉਨ੍ਹਾਂ ਵਾਸਤੇ ਇਹ ਆਖ਼ਰੀ ਸਫ਼ਰ ਬਣ ਗਿਆ। ਅੱਜ ਇਥੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦੋਆਬਾ ਮੈਡੀਕਲ ਪ੍ਰੈਕਟੀਸ਼ਨਰਜ਼ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਜੀਵ ਸ਼ਰਮਾ, ਬਲਾਕ ਕਾਲਾ ਸੰਘਿਆਂ ਦੇ ਪ੍ਰਧਾਨ ਬਲੌਰ ਖ਼ਾਨ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਹਵਾਈ ਜਹਾਜ਼ ਵਿੱਚ ਮਰਨ ਵਾਲੇ ਅਤੇ ਜ਼ਖ਼ਮੀ ਹੋਣ ਵਾਲੇ ਲੋਕਾਂ ਦੇ ਪਰਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਡਾਕਟਰ ਖਾਨ ਨੇ ਕਿਹਾ ਕਿ ਮੌਜੂਦਾ ਸੈਂਟਰ ਤੇ ਪੰਜਾਬ ਸਰਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹਵਾਈ ਸਫ਼ਰ ਜੋ ਖਤਰਿਆਂ ਦੇ ਨਾਲ ਭਰਿਆ ਹੁੰਦਾ ਹੈ ਉਸ ਦੇ ਟੈਕਨੀਕਲ ਵਿਭਾਗ ਨੂੰ ਆਉਣ ਵਾਲੇ ਖਤਰਿਆਂ ਨੂੰ ਸੁਚੇਤ ਹੋ ਕੇ ਦੇਖਣਾ ਚਾਹੀਦਾ ਹੈ ਤਾਂ ਕਿ ਅੱਗੇ ਤੋਂ ਇਸ ਤਰ੍ਹਾਂ ਦਾ ਮੰਦਭਾਗਾ ਸਮਾਂ ਨਾ ਦੇਖਣਾ ਪਵੇ। ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਸ ਨੇ ਵੀ ਇਸ ਕੰਮ ਵਿੱਚ ਅਣਗਿਹਲੀ ਵਰਤੀ ਹੈ, ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਇਸ ਮੌਕੇ ਡਾ. ਬਲਕਾਰ ਸਿੰਘ ਲਾਲਕਾ ਸਾਬਕਾ ਪ੍ਰਧਾਨ, ਡਾ. ਸਤਪਾਲ ਮੰਗੀ ਸੰਧੂ ਚੱਠਾ, ਡਾ. ਸੁਸ਼ੀਲ ਵਰਮਾ, ਡਾ. ਬਲਵੀਰ ਥਾਪਰ, ਡਾਕਟਰ ਮਦਨ ਲਾਲ ਡੱਲਾ, ਸਤਵੀਰ ਸਿੰਘ, ਡਾ. ਹਰਜੀਤ ਸਿੰਘ, ਡਾ. ਬਲਵੀਰ ਸਿੰਘ ਤੇ ਡਾ. ਬਲਵਿੰਦਰ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਹਾਜ਼ਰ ਸਨ।



# ਵਿਸ਼ਵ ਖ਼ੂਨਦਾਨ ਦਿਵਸ 'ਤੇ ਖ਼ੂਨਦਾਨੀਆਂ ਕੀਤਾ ਖ਼ੂਨ ਦਾਨ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਖ਼ੂਨ ਦੇ ਗਰੁੱਪਾਂ ਦੀ ਖੋਜੀ ਮਹਾਨ ਵਿਗਿਆਨੀ ਤੇ ਨੋਬਲ ਪੁਰਸਕਾਰ ਨਾਲ੍ਹ ਸਨਮਾਨਤ ਡਾ. ਕਾਰਲ ਲੈਂਡਸਟੀਨਰ ਦੇ ਜਨਮ ਦਿਨ 'ਤੇ ਸਥਾਨਕ ਬੀ ਡੀ ਸੀ ਬਲੱਡ ਸੈਂਟਰ ਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਡਾ.ਕਾਰਲ ਲੈਂਡਸਟੇਨ ਨੇ ਖੋਜ ਕੀਤੀ ਕਿ ਭਾਵੇਂ ਮਨੁੱਖੀ ਖ਼ੂਨ ਦਾ ਰੰਗ ਕਾਲ੍ਹਾ ਹੈ ਪਰ ਇਸ ਵਿੱਚ ਵੀ ਅੱਗੋਂ ਹੋਰ ਭੇਦ ਹਨ। ਉਹਨਾਂ ਖ਼ੂਨ ਦੇ ਗਰੁੱਪਾਂ ਨੂੰ ਏ, ਬੀ, ਓ, ਤੇ ਏ ਬੀ ਦੇ ਨਾਂਅ ਦਿੱਤੇ। ਉਹਨਾਂ ਦੀ ਮਹਾਨ ਕਾਢ ਕਾਰਨ ਹੀ ਅੱਜ ਖ਼ੂਨ ਦੇ ਦਾਨ ਤੇ ਖ਼ੂਨ ਦੀ ਲੋੜ ਵਾਲੇ ਮਰੀਜ਼ ਦੀ ਲੋੜ ਪੂਰੀ ਕਰਨ ਦੀ ਸੇਵਾ ਇਸ ਮੁਕਾਮ ਤੱਕ ਪੁੱਜੀ ਹੈ। ਉਸ ਮਹਾਨ ਵਿਗਿਆਨੀ ਦਾ ਜਨਮ 14 ਜੂਨ 1868 ਨੂੰ ਹੋਇਆ ਸੀ, ਇਸ ਲਈ ਉਹਨਾਂ ਦੇ ਜਨਮ ਦਿਨ ਨੂੰ ਖ਼ੂਨਦਾਨੀਆਂ ਦਾ ਦਿਨ ਕਰਕੇ ਵਿਸ਼ਵ ਭਰ ਵਿੱਚ ਮਨਾਇਆ ਜਾਂਦਾ ਹੈ। ਇਸ ਸਬੰਧ ਵਿੱਚ ਆਈ.ਐਸ.ਬੀ.ਟੀ.ਆਈ ਪੰਜਾਬ ਚੈਪਟਰ ਵਲੋਂ ਬੀ ਡੀ ਸੀ ਬਲੱਡ ਸੈਂਟਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਸਭ ਤੋਂ ਪਹਿਲਾਂ ਮੁੱਖ ਮਹਿਮਾਨ, ਬੀ ਡੀ ਸੀ ਮੈਨੇਜਮੈਂਟ ਤੇ ਸਟਾਫ ਵਲੋਂ ਡਾ. ਕਾਰਲ ਲੈਂਡਸਟੀਨਰ ਦੀ ਮਹਾਨ ਖੋਜ ਨੂੰ ਯਾਦ ਕੀਤਾ ਗਿਆ। ਇਸ ਮੌਕੇ ਅਹਿਮਦਾਬਾਦ ਹਵਾਈ ਹਾਦਸੇ ਵਿੱਚ ਵਿਛੜੀਆਂ ਕੀਮਤੀ ਜਾਨਾਂ ਦੀ ਆਤਮਿਕ ਸ਼ਾਂਤੀ ਲਈ ਮੌਨ ਧਾਰਿਆ ਗਿਆ। ਕੈਂਪ ਦਾ ਉਦਘਾਟਨ ਸਮਾਜ ਸੇਵੀ ਸ਼ਖ਼ਸੀਅਤ ਤੇ ਕਾਰੋਬਾਰੀ ਦਿਲਾਵਰ ਸਿੰਘ ਹੀਰ ਵਲੋਂ ਕੀਤਾ ਗਿਆ। ਉਹਨਾਂ ਵਲੋਂ ਖ਼ੂਨਦਾਨੀਆਂ ਨੂੰ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਅਤੇ ਰਾਜਵਿੰਦਰ ਸਿੰਘ ਜੀ ਐਨ ਨੂੰ ਸੰਸਥਾ ਦੇ ਪ੍ਰਧਾਨ ਤੇ ਅਹੁਦੇਦਾਰਾਂ ਵਲੋਂ ਸਨਮਾਨਤ ਕੀਤਾ ਗਿਆ। ਡਾ. ਅਜੇ ਬੱਗਾ ਤੇ ਡਾ. ਦਿਆਲ ਸਰੂਪ ਦੀ ਅਗਵਾਈ ਵਿੱਚ ਸੰਸਥਾ ਦੀ ਤਕਨੀਕੀ ਟੀਮ ਵਲੋਂ ਖ਼ੂਨਦਾਨੀਆਂ ਤੋਂ ਬਲੱਡ ਯੂਨਿਟ ਪ੍ਰਾਪਤ ਕੀਤੇ ਗਏ। ਇਸ ਮੌਕੇ ਪ੍ਰਧਾਨ ਐਸ ਕੇ ਸਰੀਨ, ਸਕੱਤਰ ਜੇ ਐਸ ਗਿੱਦਾ, ਵਿੱਤ ਸਕੱਤਰ ਪ੍ਰਵੇਸ਼ ਕੁਮਾਰ, ਰਾਜਵਿੰਦਰ ਸਿੰਘ ਜੀ ਐਨ, ਡਾ. ਅਜੇ ਬੱਗਾ, ਐਡਵੋਕੇਟ ਨੋਬਲ ਸਰੀਨ, ਡਾ. ਦਿਆਲ ਸਰੂਪ, ਗੌਰਵ ਸਰੀਨ, ਯੁਵਰਾਜ ਕਾਲ੍ਹੀਆ, ਮੈਨੇਜਰ ਮਨਮੀਤ ਸਿੰਘ, ਹਰਪ੍ਰਭਮਹਿਲ ਸਿੰਘ, ਸੁਖਵਿੰਦਰ ਕੌਰ ਸੁੱਖੀ, ਦੇਸ ਰਾਜ ਬਾਲੀ, ਸੁਨੈਨਾ, ਮੰਦਨਾ ਤੇ ਬੀ ਡੀ ਸੀ ਦਾ ਹੋਰ ਸਟਾਫ ਹਾਜ਼ਰ ਸੀ।



# ਜੰਗਲਾਤ ਵਰਕਰਜ਼ ਯੂਨੀਅਨ ਦੇ ਫੀਲਡ ਕਾਮੇ ਲੁਧਿਆਣਾ 'ਚ 17 ਨੂੰ ਕਰਨਗੇ ਰੋਸ ਪ੍ਰਦਰਸ਼ਨ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਜੰਗਲਾਤ ਦੇ ਫੀਲਡ ਕਾਮਿਆਂ ਦੀ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਜਰਨਲ ਸਕੱਤਰ ਜਸਵੀਰ ਸਿੰਘ ਸੀਰਾ ਅਤੇ ਜਸਵਿੰਦਰ ਸਿੰਘ ਸੌਜਾ ਸੂਬਾ ਸਕੱਤਰ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਕਾਮਿਆ ਦੀਆ ਮੰਗਾਂ ਸਬੰਧੀ ਵਣ ਮੰਤਰੀ ਅਤੇ ਵਿੱਤ ਮੰਤਰੀ ਨਾਲ ਅਨੇਕਾਂ ਮੀਟਿੰਗਾਂ ਹੋਣ ਦੇ ਬਾਵਜੂਦ ਇਕ ਵੀ ਮੰਗ ਦਾ ਹੱਲ ਨਹੀ ਹੋਇਆ। ਪੰਜਾਬ ਕੈਬਨਿਟ ਵਿੱਚ ਜੰਗਲਾਤ ਦੇ ਫੀਲਡ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਅਜੰਡਾ ਪਾਸ ਕਰਨ ਦੇ ਬਾਵਜੂਦ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਵਿੱਚ ਆਨਾਕਾਨੀ ਕੀਤੀ ਜਾ ਰਹੀ ਹੈ ਅਤੇ ਨਾ ਹੀ ਪਿਛਲੇ ਤਿੰਨ ਮਹੀਨਿਆਂ ਤੋਂ ਫੀਲਡ ਮੁਲਾਜ਼ਮਾਂ ਨੂੰ ਤਨਖਾਹਾਂ ਦਿੱਤੀਆਂ ਗਈਆਂ ਹਨ। ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਬੇਚੈਨੀ ਪਾਈ ਜਾ ਰਹੀ ਹੈ। ਇਸ ਲਈ ਜਥੇਬੰਦੀ ਨੇ ਫੈਸਲਾ ਕੀਤਾ ਕਿ 17 ਜੂਨ ਨੂੰ ਜ਼ਿਮਨੀ ਚੋਣ ਲੁਧਿਆਣਾ ਦੇ ਵਿਧਾਨ ਸਭਾ ਹਲਕਾ ਪੱਛਮੀ ਵਿਖੇ ਰੋਸ ਧਰਨਾ-ਪ੍ਰਦਰਸ਼ਨ ਜਾਵੇਗਾ। ਚੇਅਰਮੈਨ ਵਿਰਸਾ ਸਿੰਘ ਚਹਿਲ ਅਤੇ ਵਿੱਤ ਸਕੱਤਰ ਅਮਨਦੀਪ ਸਿੰਘ ਛੱਤਬੀੜ ਵਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਡੇਲੀਵੇਜ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਿਆ ਕਰਵਾਉਣ ਲਈ, ਵਿਭਾਗ ਵਿਚ ਨਵੇਂ ਕੰਮ ਚਲਾਉਣ ਲਈ, ਰੁੱਖਾਂ ਅਤੇ ਜੀਵ ਜੰਤੂਆਂ ਦੀ ਸਾਂਭ ਸੰਭਾਲ ਕਰਵਾਉਣ ਆਦਿ ਮੰਗਾਂ ਨੂੰ ਹੱਲ ਕਰਵਾਉਣ ਲਈ ਕੀਤੀ ਜਾ ਰਹੀ ਹੈ, ਕਿਉਂਕਿ ਪਿਛਲੇ ਸਮੇਂ ਦੌਰਾਨ ਅਕਾਲੀ, ਕਾਂਗਰਸ ਸਰਕਾਰਾਂ ਦੇ ਸਮੇਂ ਜੰਗਲਾਤ ਦੇ ਕਾਮੇ ਬਿਨਾਂ ਸ਼ਰਤ ਪੱਕੇ ਕੀਤੇ ਗਏ ਸਨ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸ਼ਰਤਾਂ ਲਗਾਈਆਂ ਜਾ ਰਹੀਆਂ ਹਨ, ਜਿਸ ਦੇ ਰੋਸ ਵਜੋਂ ਇਹ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਦੇ ਅੰਤ ਵਿੱਚ ਸੂਬਾ ਪ੍ਰਧਾਨ/ ਸਕੱਤਰ ਵੱਲੋਂ 17 ਜੂਨ ਦੀ ਲੁਧਿਆਣਾ ਰੈਲੀ ਵਿੱਚ ਸਮੂਹ ਜ਼ਿਲ੍ਹਿਆਂ ਦੇ ਫੀਲਡ ਮੁਲਾਜ਼ਮਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਲਈ ਕਿਹਾ ਗਿਆ। ਮੀਟਿੰਗ ਵਿੱਚ ਸ਼ਾਮਲ ਆਗੂ ਬਲਵੀਰ ਸਿੰਘ ਤਰਨ ਤਾਰਨ ਰਣਜੀਤ ਗੁਰਦਾਸਪੁਰ ਕੇਵਲ ਕ੍ਰਿਸ਼ਨ ਨਵਾਂਸ਼ਹਿਰ ਸੇਰ ਸਿੰਘ, ਜਸਪਾਲ ਜੱਸੀ, ਸਤਨਾਮ ਸਿੰਘ ਸੰਗਰੂਰ ਮੀਤ ਪ੍ਰਧਾਨ, ਮਲਕੀਤ ਸਿੰਘ ਮੁਕਤਸਰ, ਰਵੀਕਾਂਤ ਰੋਪੜ, ਸੁਲੱਖਣ ਸਿੰਘ ਮੋਹਾਲੀ, ਸੁਖਦੇਵ ਸਿੰਘ ਜਲੰਧਰ, ਰਵੀ ਕੁਮਾਰ ਲੁਧਿਆਣਾ, ਗੁਰਬੀਰ ਸਿੰਘ ਫਿਰੋਜ਼ਪੁਰ, ਬਲਰਾਜ ਸਿੰਘ ਪਠਾਨਕੋਟ, ਬੱਬੂ ਸਿੰਘ ਮਾਨਸਾ ਭੁਵਿਸਨ ਲਾਲ ਜਲੰਧਰ, ਕੁਲਦੀਪ ਸਿੰਘ ਗੁਰਦਾਸਪੁਰ,ਪਵਨ ਕੁਮਾਰ ਹੁਸ਼ਿਆਰਪੁਰ, ਭੁਪਿੰਦਰ ਸਿੰਘ ਦਸੂਹਾ ਅਜੇ ਹੁਸ਼ਿਆਰਪੁਰ ਅਤੇ ਕਰਮ ਸਿੰਘ ਹਰੀਕੇ ਪੱਤਣ ਆਦਿ ਆਗੂ ਵੀ ਹਾਜ਼ਰ ਹੋਏ।



# ਗੁਜਰਾਤ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ

**ਡੇਰਾਬਸੀ (ਵਿਨੈ ਕੁਮਾਰ ਜੈਨ)**— ਗੁਜਰਾਤ ਦੇ ਅਹਿਮਦਾਬਾਦ ਹਵਾਈ ਅੱਡੇ 'ਤੇ ਹੋਏ ਦੁਖਦਾਈ ਜਹਾਜ ਹਾਦਸੇ ਵਿੱਚ 292 ਲੋਕਾਂ ਦੀ ਜਾਨ ਚਲੀ ਗਈ, ਜਿਸ ਵਿੱਚ ਭਾਜਪਾ ਦੇ ਪੰਜਾਬ-ਚੰਡੀਗੜ੍ਹ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਣੀ ਵੀ ਸ਼ਾਮਲ ਸਨ। ਇਸ ਅਚਾਨਕ ਹੋਈ ਘਟਨਾ ਤੋਂ ਬਾਅਦ, ਡੇਰਾਬਸੀ ਵਿਖੇ ਇੱਕ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਜਪਾ ਦੇ ਸੀਨੀਅਰ ਨੇਤਾ ਅਤੇ ਓ.ਬੀ.ਸੀ. ਮੋਰਚਾ ਦੇ ਉਪ ਪ੍ਰਧਾਨ, ਰਵਿੰਦਰ ਵੈਸ਼ਨਵ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਅਤੇ ਆਮ ਨਾਗਰਿਕਾਂ ਨੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਵੈਸ਼ਨਵ ਨੇ ਕਿਹਾ ਕਿ ਇਸ ਦੁਖਦਾਈ ਹਾਦਸੇ ਕਾਰਨ ਦੇਸ਼-ਵਿਦੇਸ਼ ਦੇ 292 ਲੋਕਾਂ ਦੀ ਜਾਨ ਗਈ ਹੈ ਅਤੇ ਹਜਾਰਾਂ ਪਰਵਾਰ ਗਮ ਦੇ ਸਾਗਰ ਵਿੱਚ ਡੁੱਬ ਗਏ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਦੁਖਦਾਈ ਸਮੇਂ ਵਿੱਚ ਹਰ ਭਾਜਪਾ ਵਰਕਰ ਵਿਛੜੀਆਂ ਰੂਹਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹੈ। ਆਮ ਨਾਗਰਿਕਾਂ ਨੇ ਵੀ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ ਭਾਜਪਾ ਮੰਡਲ ਦੇ ਸਾਬਕਾ ਪ੍ਰਧਾਨ ਰਾਕੇਸ਼ ਮਹਿਤਾ, ਓ.ਬੀ.ਸੀ ਮੋਰਚਾ ਜ਼ਿਲ੍ਹਾ ਮੁਹਾਲੀ ਦੇ ਜਨਰਲ ਸਕੱਤਰ ਦਿਨੇਸ਼ ਵੈਸ਼ਨਵ, ਮੀਤ ਪ੍ਰਧਾਨ ਯੋਗੇਸ਼ ਅੱਤਰੀ, ਸਾਬਕਾ ਮੰਡਲ ਸਕੱਤਰ ਸਤਪਾਲ ਅੱਤਰੀ, ਸੀਨੀਅਰ ਆਗੂ ਤੇ ਪੂਰਵਾਂਚਲ ਦੇ ਪ੍ਰਧਾਨ ਸੁਰੇਸ਼ ਵਿਆਸ, ਸਵਰਨ ਸਿੰਘ, ਅਮਨ ਪਾਹਵਾ, ਮੱਖਣ ਸਿੰਘ, ਉਪੇਂਦਰ ਸਿੰਘ, ਅਮਨ ਕੁਮਾਰ, ਕ੍ਰਿਸਨ ਕੁਮਾਰ, ਮਨਪ੍ਰੀਤ ਸਿੰਘ, ਕਾਲਾ ਸਿੰਘ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜਰ ਸਨ।



## ਬਾਬਾ ਖੜਕ ਸਿੰਘ ਦੇ ਸ਼ੁੱਭ ਚਾਲੇ ਮੌਕੇ ਨਤਮਸਤਕ ਹੋਏ ਸੀਨੀਅਰ ਆਗੂ ਅਸ਼ੋਕ ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਧੰਨ ਧੰਨ ਬਾਬਾ ਖੜਕ ਸਿੰਘ ਜੀ ਬੜੇ ਦੇਹਰਾ ਸਾਹਿਬ ਨੇੜੇ ਜਗੀਰਾਬਾਦ ਯੂ.ਪੀ. ਵਿਖੇ ਬਾਬਾ ਜੀ ਦੇ ਦਰਸ਼ਨ ਲਈ ਨਤਮਸਤਕ ਹੋਣ ਪਹੁੰਚੇ ਵਿਧਾਨ ਸਭਾ ਹਲਕਾ ਬਲਾਚੌਰ ਦੇ ਹਲਕਾ ਵਿਧਾਇਕਾ ਸ੍ਰੀਮਤੀ ਸੰਤੋਸ਼ ਕਟਾਰੀਆ ਦੇ ਪਤੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨਾਲ ਸ੍ਰੀ ਰਣਵੀਰ ਸਿੰਘ ਧਾਲੀਵਾਲ ਜੱਟਪੁਰ ਅਤੇ ਜਸਵੀਰ ਸਿੰਘ ਘੁੰਮਣ ਦਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਭੇਟ ਕਰਕੇ ਸਨਮਾਨ ਵੀ ਕੀਤਾ ਗਿਆ। ਕਟਾਰੀਆ ਵੱਲੋਂ ਬੜੇ ਦੇਹਰੇ ਵਿਖੇ ਪਹੁੰਚੀਆਂ ਹਲਕੇ ਦੀਆਂ ਸੰਗਤਾਂ ਸੰਗਤਾਂ ਨੂੰ ਬਾਬਾ ਜੀ ਦੇ ਸ਼ੁੱਭ ਚਾਲੇ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਗੁਰਬਖਸ਼ ਸਿੰਘ ਸੈਣੀ, ਜੋਗਾ ਸਿੰਘ ਬਗਵਾਂਈ, ਬਲਵੀਰ ਸਿੰਘ ਟੱਪਰੀਆਂ, ਮਾਸਟਰ ਸੰਤੋਖ ਸਿੰਘ ਅਤੇ ਜੀਤ ਸਿੰਘ, ਮੱਖਣ ਸਿੰਘ ਗੜ੍ਹੀ, ਭੁਪਿੰਦਰ ਸਿੰਘ ਸਰਪੰਚ, ਬਲਵੀਰ ਸਿੰਘ ਯੂ ਐਸ ਏ, ਹੁਸਨ ਲਾਲ ਬਲਾਕ ਪ੍ਰਧਾਨ, ਕਾਲਾ ਬੂਥਗੜ੍ਹ ਸਮੇਤ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਹਾਜ਼ਰ ਸਨ।



# ਆਰ ਬੀ ਯੂ ਵਿਖੇ ਫਸਟ ਏਡ ਤੇ ਸੀ ਪੀ ਆਰ ਸਿਖਲਾਈ ਸੈਸ਼ਨ

**ਮੋਹਾਲੀ (ਗੁਰਜੀਤ ਬਿੱਲਾ)**— ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਲਾਈਫ ਸਾਇੰਸਜ ਨੇ ਇੰਡੀਅਨ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ, ਵਿਦਿਆਰਥੀਆਂ ਨੂੰ ਜੀਵਨ ਬਚਾਉਣ ਦੇ ਮਹੱਤਵਪੂਰਨ ਹੁਨਰਾਂ ਨਾਲ ਲੈਸ ਕਰਨ ਦੇ ਉਦੇਸ਼ ਨਾਲ ਇੱਕ ਵਿਆਪਕ ਫਸਟ ਏਡ ਅਤੇ ਸੀਪੀਆਰ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ। ਡਾ. ਸਿਮਰਜੀਤ ਕੌਰ, ਡੀਐਸਡਬਲਯੂ, ਨੇ ਟ੍ਰੇਨਰ ਦਾ ਸਵਾਗਤ ਕੀਤਾ ਅਤੇ ਸੈਸ਼ਨ ਦੇ ਉਦੇਸ਼ ਨੂੰ ਉਜਾਗਰ ਕੀਤਾ, ਰੋਜ਼ਾਨਾ ਜੀਵਨ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਮੁੱਢਲੀ ਸਹਾਇਤਾ ਜਾਗਰੂਕਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰੋ ਵਾਈਸ-ਚਾਂਸਲਰ ਡਾ. ਸਤੀਸ਼ ਕੁਮਾਰ ਬੰਸਲ ਨੇ ਸਕੂਲ ਆਫ ਲਾਈਫ ਸਾਇੰਸਿਜ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਾਕਟਰੀ ਐਮਰਜੈਂਸੀ ਵਿੱਚ ਤੁਰੰਤ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਤਿਆਰ ਕਰਨ ਵਿੱਚ ਅਜਿਹੇ ਸਿਖਲਾਈ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇੰਡੀਅਨ ਰੈੱਡ ਕਰਾਸ ਸੋਸਾਇਟੀ ਦੀ ਇੱਕ ਮਾਹਰ ਟ੍ਰੇਨਰ, ਜਸਵਿੰਦਰ ਕੌਰ ਨੇ ਸੈਸ਼ਨ ਦਾ ਸੰਚਾਲਨ ਕੀਤਾ ਅਤੇ ਜ਼ਰੂਰੀ ਮੁੱਢਲੀ ਸਹਾਇਤਾ ਪ੍ਰਕਿਰਿਆਵਾਂ ਬਾਰੇ ਵਿਸਤ੍ਰਿਤ ਪ੍ਰਦਰਸ਼ਨ ਦਿੱਤੇ। ਸਿਖਲਾਈ ਦੌਰਾਨ ਕਵਰ ਕੀਤੇ ਗਏ ਮੁੱਖ ਖੇਤਰਾਂ ਵਿੱਚ ਕਾਰਡੀਓਪਲਮੋਨਰੀ ਰੀਸਸੀਟੇਸਨ (ਸੀਪੀਆਰ), ਪੱਟੀਆਂ ਲਗਾਉਣਾ, ਸੱਪ ਦੇ ਕੱਟਣ ਦਾ ਐਮਰਜੈਂਸੀ ਇਲਾਜ, ਫ੍ਰੈਕਚਰ ਸਾਵਧਾਨੀਆਂ ਅਤੇ ਦਿਲ ਦੇ ਦੌਰੇ ਲਈ ਮੁੱਢਲੀ ਸਹਾਇਤਾ ਦੇ ਉਪਾਅ। ਭਾਗੀਦਾਰਾਂ ਨੇ ਸੈਸ਼ਨ ਵਿੱਚ ਬਹੁਤ ਉਤਸ਼ਾਹ ਨਾਲ ਸ਼ਿਰਕਤ ਕੀਤੀ ਅਤੇ ਵਿਹਾਰਕ ਤੌਰ 'ਤੇ ਸੀਪੀਆਰ ਅਭਿਆਸ ਵਿੱਚ ਸ਼ਾਮਲ ਹੋਏ। ਇਹ ਸੈਸ਼ਨ ਇੱਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਇਆ, ਜਿਸ ਵਿੱਚ ਫੈਕਲਟੀ ਅਤੇ ਵਿਦਿਆਰਥੀਆਂ ਦੋਵਾਂ ਵੱਲੋਂ ਸਿਹਤ ਸਿੱਖਿਆ ਅਤੇ ਮੁੱਢਲੀ ਸਹਾਇਤਾ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਦੀ ਦ੍ਰਿੜ ਵਚਨਬੱਧਤਾ ਪ੍ਰਗਟਾਈ ਗਈ।

# ਵਿਧਾਇਕ ਨੇ 11 ਕੇ ਵੀ ਫੀਡਰ ਦਾ ਕੀਤਾ ਉਦਘਾਟਨ

**ਟਾਂਡਾ ਉੜਮੁੜ (ਓਂਕਾਰ ਸਿੰਘ ਜਸਵਿੰਦਰ ਸੰਧੂ)**- ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਬ ਡਿਵੀਜਨ ਮਿਆਣੀ ਅਧੀਨ ਨਵੇਂ ਬਣਾਏ ਗਏ 11 ਕੇ.ਵੀ ਯੂ. ਪੀ. ਐਸ ਤੱਲਾ ਫੀਡਰ ਦਾ ਉਦਘਾਟਨ ਕੀਤਾ। ਇਸ ਮੌਕੇ ਉਨਾਂ ਦੇ ਨਾਲ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕੇਸ਼ਵ ਸਿੰਘ ਸੈਣੀ, ਇੰਜੀਨੀਅਰ ਆਸੀਸ ਐਕਸੀਅਨ ਦਸੂਹਾ, ਇੰਜੀਨੀਅਰ ਅਭਿਸ਼ੇਕ ਐਸ.ਡੀ.ਓ ਸਬ ਡਿਵੀਜਨ ਮਿਆਣੀ, ਸਰਪੰਚ ਗੁਰਪ੍ਰੀਤ ਸਿੰਘ ਮਿਆਣੀ, ਬਲਾਕ ਪ੍ਰਧਾਨ ਸਰਬਜੀਤ ਸਿੰਘ ਵਿੱਕੀ ਹਾਜਰ ਸਨ। ਰਾਜਾ ਨੇ ਕਰੀਬ 80 ਲੱਖ ਰੁਪਏ ਦੀ ਲਾਗਤ ਨਾਲ ਕੋਟਲਾ ਫੀਡਰ ਨੂੰ ਅਪਗ੍ਰੇਡ ਕਰਕੇ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਲਗਾਤਾਰ ਵਧ ਰਹੀ ਗਰਮੀ ਦੇ ਕਾਰਨ ਬਿਜਲੀ ਦੀ ਮੰਗ ਲਗਾਤਾਰ ਵੱਧ ਰਹੀ ਸੀ ਅਤੇ ਇਸ ਲੋੜ ਨੂੰ ਕੰਟਰੋਲ ਕਰਨ ਤੇ ਇਲਾਕਾ ਨਿਵਾਸੀਆਂ ਦੀ ਵਿਸ਼ੇਸ਼ ਮੰਗ ਅਨੁਸਾਰ ਇਹ ਫੀਡਰ ਚਾਲੂ ਕੀਤਾ ਗਿਆ ਹੈ। ਇਹ ਫੀਡਰ ਚਾਲੂ ਹੋਣ ਨਾਲ ਸਬ ਡਵੀਜਨ ਮਿਆਣੀ ਅਧੀਨ ਆਉਂਦੇ ਪਿੰਡ ਤੱਲਾ, ਮੱਦਾ, ਗਿਲਜੀਆਂ, ਬਲੜਾ, ਕੋਟਲਾ ਤੇ ਹੋਰਨਾਂ ਪਿੰਡਾਂ ਨੂੰ ਲਾਭ ਹੋਵੇਗਾ। ਉਨਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਹਰੇਕ ਵਰਗ ਦੀ ਸਹੂਲਤ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ ਮਿਆਣੀ, ਬਲਵਿੰਦਰ ਸਿੰਘ ਸਤਿਕਾਰਤਾਰ, ਮਨਜੀਤ ਸਿੰਘ ਘੁੱਦਾ, ਸਨਮਦੀਪ ਸਿੰਘ, ਨੰਬਰਦਾਰ ਅਰੁਨਦੀਪ ਸਿੰਘ, ਬਲਕਾਰ ਸਿੰਘ, ਨਿਰਮਲ ਸਿੰਘ ਨਿੰਮਾ, ਨਿਸ਼ਾਨ ਸਿੰਘ ਰਿੰਕੂ , ਵੀਰੂ ਮੁਲਤਾਨੀ, ਜੇ.ਈ ਧਨਵੰਤ ਸਿੰਘ, ਜੇ. ਈ ਗੁਰਬਖਸ਼ ਸਿੰਘ ਵੀ ਮੌਜੂਦ ਸਨ।



# ਵਿਸ਼ਵ ਖ਼ੂਨਦਾਨੀ ਦਿਵਸ 'ਤੇ 38 ਯੂਨਿਟ ਖ਼ੂਨ ਇਕੱਤਰ

**ਮੁਹਾਲੀ (ਗੁਰਜੀਤ ਬਿੱਲਾ)**- ਵਿਸ਼ਵ ਖ਼ੂਨਦਾਨੀ ਦਿਵਸ ਦੇ ਮੌਕੇ ਅਤੇ ਅਤਿ ਦੀ ਗਰਮੀ ਕਾਰਨ ਹਸਪਤਾਲਾਂ ਵਿੱਚ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ, ਵਿਸ਼ਵਾਸ ਫਾਊਂਡੇਸ਼ਨ ਪੰਚਕੂਲਾ, ਅਵਿਨ ਕਾਰਤਿਕ ਰੈਸਟੋਰੈਂਟ ਨੇ ਸਾਂਝੇ ਤੌਰ 'ਤੇ ਮਾਰਕੀਟ ਫੇਜ 5 ਵਿੱਚ ਖ਼ੂਨਦਾਨ ਕੈਂਪ ਲਗਾਇਆ। ਕੈਂਪ ਵਿੱਚ ਇੰਡੀਅਨ ਰੈੱਡ ਕਰਾਸ ਸੋਸਾਇਟੀ ਜ਼ਿਲ੍ਹਾ ਸ਼ਾਖਾ ਮੋਹਾਲੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਕੈਂਪ ਸਵੇਰੇ 10 ਵਜੇ ਸ਼ੁਰੂ ਹੋਇਆ ਅਤੇ ਦੁਪਹਿਰ 2 ਵਜੇ ਤੱਕ ਜਾਰੀ ਰਿਹਾ। ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਇੰਡੀਅਨ ਰੈੱਡ ਕਰਾਸ ਸੋਸਾਇਟੀ ਜ਼ਿਲ੍ਹਾ ਸ਼ਾਖਾ ਮੋਹਾਲੀ ਦੇ ਸਕੱਤਰ ਹਰਬੰਸ ਸਿੰਘ ਨੇ ਦਾਨੀਆਂ ਨੂੰ ਬੈਜ ਲਗਾ ਕੇ ਕੀਤਾ ਅਤੇ ਖ਼ੂਨਦਾਨ ਕਰਨ ਆਏ ਲੋਕਾਂ ਨੂੰ ਪ੍ਰੇਰਿਤ ਵੀ ਕੀਤਾ। ਇਸ ਮੌਕੇ ਵਿਸ਼ਵਾਸ ਫਾਊਂਡੇਸ਼ਨ ਤੋਂ ਸਿਸੂਪਾਲ ਪਠਾਨੀਆ, ਅਨਿਰੁੱਧ ਪਠਾਨੀਆ ਅਤੇ ਜਤਿੰਦਰ ਮਨਚੰਦਾ ਉਨ੍ਹਾਂ ਨਾਲ ਮੌਜੂਦ ਸਨ। ਬਲੱਡ ਬੈਂਕ ਅਲਫਾ ਬਲੱਡ ਸੈਂਟਰ ਰੂਪਨਗਰ ਦੀ ਟੀਮ ਨੇ ਡਾ. ਸੁਰਿੰਦਰ ਸਿੰਘ ਦੀ ਨਿਗਰਾਨੀ ਹੇਠ 38 ਯੂਨਿਟ ਖ਼ੂਨ ਇਕੱਠਾ ਕੀਤਾ। ਇਸ ਖ਼ੂਨਦਾਨ ਕੈਂਪ ਵਿੱਚ ਆਏ ਸਾਰੇ ਖ਼ੂਨਦਾਨੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਤੋਹਫੇ ਦੇ ਕੇ ਉਤਸ਼ਾਹਿਤ ਕੀਤਾ ਗਿਆ।

# ਫੁੱਟ-ਪਾਊ ਤਾਕਤਾਂ ਨੂੰ ਭਾਂਜ ਦੇਣ ਲਈ ਲੋਕ ਇਨਸਾਫ਼ ਮੰਚ ਵੱਲੋਂ ਸਮਾਜਿਕ ਸਦਭਾਵਨਾ ਮਾਰਚ




**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਸੱਦੇ 'ਤੇ ਸ਼ਹਿਰ ਫਿਲੌਰ ਵਿੱਚ ਸਮਾਜਿਕ ਸਦਭਾਵਨਾ ਮਾਰਚ ਪ੍ਰਧਾਨ ਜਰਨੈਲ ਫਿਲੌਰ ਦੀ ਅਗਵਾਈ ਹੇਠ ਕੱਢਿਆ ਗਿਆ, ਜਿਸ ਵਿੱਚ ਫਿਲੌਰ ਇਲਾਕੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਹ ਮਾਰਚ ਨਗਰ ਕੌਂਸਲ ਫਿਲੌਰ ਤੋਂ ਆਰੰਭ ਹੋਇਆ ਤੇ ਬਾਜ਼ਾਰ ਵਿੱਚ ਦੀ ਹੁੰਦਾ ਹੋਇਆ ਡਾਕਟਰ ਬੀ ਆਰ ਅੰਬੇਡਕਰ ਚੌਕ ਫਿਲੌਰ ਵਿਖੇ ਸਮਾਪਤ ਹੋਇਆ। ਇਸ ਮੌਕੇ ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਐਡਵੋਕੇਟ ਸੰਜੀਵ ਭੌਰਾ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਅਮਰਜੀਤ ਲਾਡੀ, ਜਸਵੰਤ ਬੋਧ, ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ ਅਤੇ ਰਾਮਜੀ ਦਾਸ ਗੰਨਾ, ਤਰਸੇਮ ਸਿੰਘ ਭਾਰਤੀ ਕਿਸਾਨ ਯੂਨੀਅਨ ਦੁਆਬਾ, ਰਾਜਵਿੰਦਰ ਸਿੰਘ ਮੁਠੱਡਾ, ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਕੁੱਝ ਫੁੱਟ ਪਾਊ ਤੇ ਦੇਸ਼ ਧਰੋਹੀ ਤਾਕਤਾਂ ਵਲੋਂ ਡਾਕਟਰ ਬੀ ਆਰ ਅੰਬੇਡਕਰ ਦੇ ਬੁੱਤਾਂ ਦੀ ਵਾਰ ਵਾਰ ਬੇਅਦਬੀ ਕਰਕੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਆਗੂਆਂ ਨੇ ਕਿਹਾ ਸਾਜਿਸ਼ ਤਹਿਤ ਸਮਾਜਿਕ ਭਾਈਚਾਰੇ ਵਿੱਚ ਨਫ਼ਰਤ ਫੈਲਾਉਣ ਵਾਲਿਆਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਓਹਨਾਂ ਕਿਹਾ ਕਿ ਸਮਾਜ ਵਿਚ ਹਿੰਦੂ, ਮੁਸਲਿਮ, ਸਿੱਖ, ਇਸਾਈ ਅਤੇ ਹੋਰ ਭਾਈਚਾਰਿਆਂ ਦੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਮਾਰਚ ਵਿੱਚ ਸਮਾਜ ਦੇ ਸਾਰੇ ਭਾਈਚਾਰਿਆਂ ਦੇ ਲੋਕਾਂ ਵਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਮਾਜਿਕ ਸਦਭਾਵਨਾ ਦਾ ਸੰਦੇਸ਼ ਦਿੱਤਾ। ਇਸ ਮੌਕੇ ਕਰਨੈਲ ਫਿਲੌਰ, ਐਡਵੋਕੇਟ ਸੁਰਜੀਤ ਖੇਤਾਨ, ਜਗਜੀਤ ਭੱਟੀ ਪਤਰਕਾਰ, ਇੰਦਰਜੀਤ ਸਿੰਘ ਪੱਤਰਕਾਰ, ਸੁਨੀਲ ਗੰਨਾ ਪਿੰਡ, ਰਾਹੁਲ ਕੋਰੀ, ਸੰਦੀਪ ਗੰਨਾ ਪਿੰਡ, ਬਖਸ਼ੀ ਰਾਮ, ਸੋਮਨਾਥ ਸੇਖੂਪੁਰ, ਅਰਸ਼ਪ੍ਰੀਤ, ਮਦਨ ਲਾਲ, ਰਾਮਪਾਲ, ਮਨਜੀਤ ਕੁਮਾਰ, ਸਚਿਨ ਕੁਮਾਰ, ਕੁਲਵਿੰਦਰ ਕੁਮਾਰ, ਰਮਨ ਭੁੱਲੇਵਾਲ, ਕਮਲ ਰਾਜ ਰਿਟਾਇਰਡ ਐਸ ਆਈ, ਮੁਖਤਿਆਰ ਚੰਦ ਸਾਬਕਾ ਸਰਪੰਚ ਗੰਨਾ ਪਿੰਡ, ਧਰਮਿੰਦਰ ਕੁਮਾਰ ਪੰਚ, ਮਸਕੀਨ ਅਲੀ, ਮੁਹੰਮਦ ਹਨੀਫ਼, ਮੁਹੰਮਦ ਸਾਹਿਲ, ਮੁਹੰਮਦ ਸ਼ਰੀਫ਼, ਮੁਹੰਮਦ ਨਸ਼ੀਬ, ਮੁਹੰਮਦ ਸਖ਼ੀ, ਸੰਦੀਪ ਕੁਮਾਰ, ਰਾਜਿੰਦਰ ਕੁਮਾਰ ਰਾਜੂ, ਸਾਬ੍ਹ ਜਗਤਪੁਰ, ਗੋਬਿੰਦ ਰਾਮ, ਦੀਪਕ ਰਾਵਿਦਸਪੁਰੀ, ਬੂਟਾ ਰਾਮ ਮੁਠੱਡਾ, ਸਰੂਪ ਕਲੇਰ, ਵੀਜੇ ਬੰਗਰ, ਹੰਸ ਕੌਰ, ਸੁਨੀਤਾ ਫਿਲੌਰ, ਸਰੋਜ ਰਾਣੀ, ਕਮਲਜੀਤ ਕੌਰ, ਮੰਮਤਾ ਰਾਣੀ ਅਤੇ ਰਜਨੀ ਰਾਣੀ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਐੱਸ ਡੀ ਐੱਮਜ਼ ਨੂੰ ਮਾਈਨਿੰਗ ਸੰਭਾਵਤ ਖੇਤਰ 'ਚ ਦੌਰੇ ਕਰਨ ਦੇ ਨਿਰਦੇਸ਼

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸ਼ੁੱਕਰਵਾਰ ਨੂੰ ਉਪ ਮੰਡਲ ਮੈਜਿਸਟ੍ਰੇਟਜ਼ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਜੇਕਰ ਕੋਈ ਗੈਰ-ਕਾਨੂੰਨੀ ਮਾਈਨਿੰਗ ਹੁੰਦੀ ਹੈ ਤਾਂ ਉਸ 'ਤੇ ਨਜ਼ਰ ਰੱਖਦਿਆਂ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪੱਧਰੀ ਨਿਗਰਾਨ ਕਮੇਟੀ ਦੀ ਮੀਟਿੰਗ ਦੌਰਾਨ ਸਮੂਹ ਐਸ.ਡੀ.ਐਮ. ਸਬ ਡਵੀਜ਼ਨ ਪੱਧਰ 'ਤੇ ਕਮੇਟੀਆਂ ਦਾ ਗਠਨ ਕਰਨ ਲਈ ਕਿਹਾ, ਜੋ ਮਾਈਨਿੰਗ ਸੰਭਾਵਿਤ ਖੇਤਰਾਂ ਵਿੱਚ ਨਿਯਮਿਤ ਤੌਰ 'ਤੇ ਦੌਰੇ ਯਕੀਨੀ ਬਣਾਉਣਗੀਆਂ। ਉਨ੍ਹਾਂ ਕਿਹਾ ਕਿ ਇਸ ਨਾਲ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਬਿਹਤਰ ਢੰਗ ਨਾਲ ਨਜ਼ਰ ਰੱਖੀ ਜਾ ਸਕੇਗੀ। ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮਜ਼. ਨੂੰ ਦੌਰਿਆਂ ਅਤੇ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੇ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦੀ ਵਿਸਥਾਰਤ ਰਿਪੋਰਟ ਪੇਸ਼ ਕਰਨ ਦੇ ਵੀ ਨਿਰਦੇਸ਼ ਦਿੱਤੇ।ਮਾਈਨਿੰਗ ਲਈ ਢੁਕਵੀਂਆਂ ਸਰਕਾਰੀ ਜ਼ਮੀਨਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਦਾਨ ਕਰਨ ਲਈ ਪ੍ਰਕਿਰਿਆ ਸ਼ੁਰੂ ਕਰਨ ਦੀਆਂ ਵੀ ਹਦਾਇਤਾਂ ਦਿੱਤੀਆਂ ਤਾਂ ਜੋ ਜ਼ਮੀਨ ਦੇ ਇਨ੍ਹਾਂ ਟੁਕੜਿਆਂ 'ਤੇ ਲੋੜੀਂਦੀ ਮਾਈਨਿੰਗ ਸ਼ੁਰੂ ਕੀਤੀ ਜਾ ਸਕੇ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਵਾਇਆ ਕਿ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਪੱਖੋਂ ਸੰਵੇਦਨਸ਼ੀਲ ਥਾਵਾਂ ਦੀ ਨਿਯਮਿਤ ਜਾਂਚ ਕੀਤੀ ਜਾ ਰਹੀ ਹੈ।

## ਵਿਧਾਇਕ ਜਿੰਪਾ ਨੇ ਮੁਹੱਲਾ ਸੈਂਟਰਲ ਟਾਊਨ 'ਚ ਟਿਊਬਵੈੱਲ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਨੂੰ ਹੋਰ ਬਿਹਤਰ ਬਣਾਉਣ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ਼ਨੀਵਾਰ ਵਾਰਡ ਨੰਬਰ 31 ਦੇ ਮੁਹੱਲਾ ਸੈਂਟਰਲ ਟਾਊਨ ਵਿੱਚ 29 ਲੱਖ ਰੁਪਏ ਦੀ ਲਾਗਤ ਨਾਲ ਬਣੇ ਟਿਊਬਵੈੱਲ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਸਥਾਨਕ ਨਿਵਾਸੀਆਂ ਅਤੇ ਪਤਵੰਤਿਆਂ ਦੀ ਮੌਜੂਦਗੀ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਇਹ ਟਿਊਬਵੈੱਲ ਜਨਤਾ ਨੂੰ ਸਮਰਪਤ ਕੀਤਾ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਹੁਸ਼ਿਆਰਪੁਰ ਸ਼ਹਿਰ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗਰਮੀਆਂ ਵਿੱਚ ਪਾਣੀ ਦੀ ਮੰਗ ਵਧ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਨਵੇਂ ਟਿਊਬਵੈੱਲ ਲਗਾਉਣ ਨਾਲ ਇਲਾਕੇ ਦੇ ਲੋਕਾਂ ਨੂੰ ਨਿਰਵਿਘਨ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇਗੀ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦੀ ਤਰਜੀਹ ਹੈ ਕਿ ਹਰ ਵਾਰਡ ਵਿੱਚ ਲੋਕਾਂ ਨੂੰ ਸਾਫ ਅਤੇ ਲੋੜੀਂਦਾ ਪੀਣ ਵਾਲਾ ਪਾਣੀ ਉਪਲਬਧ ਹੋਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਸੈਂਟਰਲ ਟਾਊਨ ਇਲਾਕੇ ਦੇ ਲੋਕ ਲੰਬੇ ਸਮੇਂ ਤੋਂ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਹੇ ਸਨ। ਹੁਣ ਇਸ ਟਿਊਬਵੈੱਲ ਦੇ ਸ਼ੁਰੂ ਹੋਣ ਨਾਲ ਇਹ ਸਮੱਸਿਆ ਸਥਾਈ ਤੌਰ 'ਤੇ ਹੱਲ ਹੋ ਜਾਵੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਮੋਨਿਕਾ ਕਤਨਾ, ਬਲਵਿੰਦਰ ਕਤਨਾ, ਅਮਰਜੀਤ ਸਰਮਾ, ਗੁਰਦੇਵ ਸੈਣੀ, ਮਦਨ ਦੱਤ, ਬਲਰਾਜ ਸਿੰਘ ਚੌਹਾਨ, ਕੌਂਸਲਰ ਦਪਨ ਸੈਣੀ, ਪੁਨੀਤ ਬੱਧਣ ਅਤੇ ਧਰਮਵੀਰ ਬੱਧਣ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।



# 12 ਵਾਹਨਾਂ ਦੇ 6 ਲੱਖ ਦੇ ਚਲਾਨ ਕੀਤੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸੜਕ ਸੁਰੱਖਿਆ ਅਤੇ ਟਰਾਂਸਪੋਰਟ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਖੇਤਰੀ ਟ੍ਰਾਂਸਪੋਰਟ ਦਫ਼ਤਰ ਵਲੋਂ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ 12 ਵਾਹਨਾਂ ਨੂੰ ਉਲੰਘਣਾ ਦੇ ਚਲਾਨ ਜਾਰੀ ਕੀਤੇ ਗਏ, ਜੋ 6 ਲੱਖ ਰੁਪਏ ਦੇ ਬਣਦੇ ਹਨ। ਰੀਜਨਲ ਟਰਾਂਸਪੋਰਟ ਅਫਸਰ, ਰਾਜਪਾਲ ਸਿੰਘ ਸੇਖੋਂ ਅਨੁਸਾਰ ਇਨ੍ਹਾਂ ਚਲਾਨਾਂ ਵਿੱਚ ਮੁੱਖ ਤੌਰ 'ਤੇ ਟੈਕਸ ਦੀ ਚੋਰੀ, ਓਵਰਲੋਡਿੰਗ ਅਤੇ ਮੋਟਰ ਵਾਹਨ ਕਾਨੂੰਨ ਦੀਆਂ ਹੋਰ ਉਲੰਘਣਾਵਾਂ ਸ਼ਾਮਲ ਸਨ। ਇਹ ਕਾਰਵਾਈ ਵਪਾਰਕ ਵਾਹਨਾਂ ਦੀ ਲੰਘੀ ਰਾਤ ਚੈਕਿੰਗ ਦੌਰਾਨ ਕੀਤੀ ਗਈ।ਆਰ.ਟੀ.ਓ. ਨੇ ਦੱਸਿਆ ਕਿ ਅਜਿਹੀਆਂ ਜਾਂਚ ਮੁਹਿੰਮਾਂ ਅਗਲੇ ਦਿਨਾਂ ਵਿੱਚ ਵੀ ਜਾਰੀ ਰਹਿਣਗੀਆਂ ਤਾਂ ਜੋ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤੀ ਕੀਤੀ ਜਾ ਸਕੇ।ਟਰਾਂਸਪੋਰਟ ਵਿਭਾਗ ਨੇ ਵਾਹਨ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਦਸਤਾਵੇਜ਼ ਠੀਕ ਰੱਖਣ, ਟੈਕਸ ਸਮੇਂ ਤੇ ਜਮ੍ਹਾਂ ਕਰਨ ਅਤੇ ਓਵਰਲੋਡਿੰਗ ਤੋਂ ਗੁਰੇਜ਼ ਕਰਨ।



# ਦਸਵੰਧ ਗਰੀਬਾਂ ਲਈ ਸੁਸਾਇਟੀ ਵੱਲੋਂ ਸੁੰਦਰ ਦਸਤਾਰ ਸਿਖਲਾਈ ਕੈਂਪ

**ਆਦਮਪੁਰ (ਪਰਮਜੀਤ ਰਿੰਘ)**- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰਨ ਵੇਲੇ ਹਰ ਇੱਕ ਸਿੱਖ ਨੂੰ ਦਸਤਾਰ ਧਾਰਨ ਕਰਨ ਲਈ ਕਿਹਾ ਸੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਪਿੰਡ ਡਰੋਲੀ ਕਲਾਂ ਵਿਖੇ ਗੁਰੂ ਘਰ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਦਸਵੰਧ ਗਰੀਬਾਂ ਲਈ ਸੁਸਾਇਟੀ ਵੱਲੋਂ ਲਗਾਏ ਗਏ ਸਲਾਨਾ ਸੁੰਦਰ ਦਸਤਾਰ ਸਿਖਲਾਈ ਕੈਂਪ ਦੇ 10ਵੇਂ ਦਿਨ ਕੀਤਾ। ਅੱਜ ਗੁਰੂ ਘਰ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਅਤੇ ਕਮਲਜੀਤ ਸਿੰਘ ਲੱਕੀ ਦਸਤਾਰ ਬੰਨ੍ਹਣੀ ਸਿੱਖਣ ਆਏ ਬੱਚਿਆਂ ਦੀ ਹੌਸਲਾ ਅਵਜਾਈ ਕਰਨ ਵਾਸਤੇ ਗੁਰੂ ਘਰ ਪਹੁੰਚੇ। ਇਸ ਮੌਕੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਦਸਤਾਰ ਨਾਲ ਹੀ ਸਿੱਖ ਕੌਮ ਦੀ ਪਹਿਚਾਣ ਹੈ। ਉਨ੍ਹਾਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਉਪਰਾਲਾ ਹਰ ਸਾਲ ਇਲਾਕੇ ਦੇ ਬੱਚਿਆਂ ਲਈ ਕੀਤਾ ਜਾਂਦਾ ਹੈ ਤਾਂ ਜੋ ਬੱਚੇ ਵੱਧ ਤੋਂ ਵੱਧ ਸੁੰਦਰ ਦਸਤਾਰਾਂ ਸਜਾਉਣੀਆਂ ਸਿੱਖਣ । ਇਹ ਕੈਂਪ 1 ਜੂਨ ਤੋਂ 10 ਜੂਨ ਤੱਕ ਲਗਾਇਆ ਗਿਆ, ਜਿਸ ਦੀ ਤਰੀਕ 10 ਦਿਨ ਹੋਰ ਅੱਗੇ ਕਰ ਦਿੱਤੀ ਗਈ ਹੈ। ਹੁਣ ਇਹ ਕੈਂਪ 20 ਜੂਨ ਤੱਕ ਚੱਲੇਗਾ। ਉਨ੍ਹਾਂ ਕਿਹਾ ਬੱਚਿਆਂ ਨੂੰ ਸਕੂਲੀ ਛੁੱਟੀਆਂ ਹੋਣ ਕਰਕੇ ਇਹ ਹੋਰ ਟਾਇਮ ਵਧਾਉਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਅਗਲੇ ਸਮੇਂ ਦੌਰਾਨ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਮੌਕੇ ਦਸਵੰਧ ਗਰੀਬਾਂ ਲਈ ਸੁਸਾਇਟੀ ਦੇ ਪ੍ਰਧਾਨ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਜਥੇਦਾਰ ਮਨੋਹਰ ਸਿੰਘ ਪ੍ਰਧਾਨ ਗੁ. ਸਹੀਦ ਬਾਬਾ ਮੱਤੀ ਸਾਹਿਬ ਜੀ ਅਤੇ ਸਮੂਹ ਪ੍ਰਬੰਧਕ ਕਮੇਟੀ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।



# ਅਹਿਮਦਾਬਾਦ 'ਚ ਕ੍ਰੈਸ਼ ਹੋਏ ਜਹਾਜ਼ 'ਚ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਸ਼ਰਧਾਂਜਲੀਆਂ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਅਹਿਮਦਾਬਾਦ ਵਿੱਚ ਕ੍ਰੈਸ਼ ਹੋਏ ਜਹਾਜ਼ ਵਿੱਚ 265 ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਖਤਮ ਹੋ ਗਈਆਂ, ਜਿਨਾਂ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਵਿਜੇ ਰੁਪਾਣੀ ਵੀ ਮੌਤ ਦੀ ਗੋਦ ਵਿੱਚ ਸੌਂ ਗਏ। ਇਸ ਦਰਦਨਾਕ ਹਾਦਸੇ ਵਿੱਚ ਵਿਜੇ ਰੁਪਾਣੀ ਅਤੇ ਹੋਰ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਭਾਜਪਾ ਮੰਡਲ ਕੰਧਾਲਾਂ ਜੱਟਾਂ ਦੇ ਪ੍ਰਧਾਨ ਚਰਨਜੀਤ ਸਿੰਘ ਦੀ ਅਗਵਾਈ ਵਿੱਚ ਅਜੇਪਾਲ ਸਿੰਘ ਸੈਣੀ, ਨਰਿੰਦਰ ਤੁਲੀ, ਮਾਨਸਾ ਰਾਮ, ਗੁਰਦਿਆਲ ਸਿੰਘ, ਜਰਨੈਲ ਸਿੰਘ, ਤਲਵਿੰਦਰ ਸਿੰਘ ਅਤੇ ਹੋਰ ਭਾਜਪਾ ਵਰਕਰਾਂ ਨੇ 2 ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਚਰਨਜੀਤ ਸਿੰਘ ਨੇ ਕਿਹਾ ਕਿ ਇਸ ਦਰਦਨਾਕ ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚ ਕਈ ਲੋਕ ਆਪਣੇ ਪਰਵਾਰ ਨੂੰ ਮਿਲਣ ਲਈ ਲੰਡਨ ਜਾ ਰਹੇ ਸਨ ਅਤੇ ਕਈ ਪਰਵਾਰ ਛੁੱਟੀਆਂ ਮਨਾਉਣ ਜਾ ਰਹੇ ਸਨ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਮੌਤ ਉਨ੍ਹਾਂ ਨੂੰ ਆਪਣੀ ਗੋਦ ਵਿੱਚ ਲੈਣ ਲਈ ਰਸਤੇ ਵਿੱਚ ਹੀ ਖੜ੍ਹੀ ਹੈ। ਉਨ੍ਹਾਂ ਇਸ ਦਰਦਨਾਕ ਹਾਦਸੇ ਵਿੱਚ 265 ਲੋਕਾਂ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਭਾਜਪਾ ਇੰਚਾਰਜ ਵਿਜੇ ਰੁਪਾਣੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਉਨ੍ਹਾਂ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ । ਇਸ ਮੌਕੇ ਚਰਨਜੀਤ ਸਿੰਘ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਨੇ ਵਿਜੇ ਰੁਪਾਣੀ ਦੀ ਫੋਟੋ 'ਤੇ ਫੁੱਲਾਂ ਦਾ ਹਾਰ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



# ਸਿੱਖਿਆ ਬੋਰਡ 'ਚ ਕੋਈ ਸਿੱਧੀ ਭਰਤੀ ਨਹੀਂ ਕੀਤੀ ਜਾ ਰਹੀ : ਚੇਅਰਮੈਨ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਾਲ ਹੀ ਵਿੱਚ ਸੋਸ਼ਲ ਮੀਡੀਆ 'ਤੇ ਇੱਕ ਫਰਜੀ ਭਰਤੀ ਨੋਟਿਸ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਹ ਜਾਅਲੀ ਨੋਟਿਸ ਪੇਜ ਲਿੰਕ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਸ ਵਿੱਚ ਇਹ ਗਲਤ ਦਾਅਵਾ ਕੀਤਾ ਗਿਆ ਹੈ ਕਿ ਬੋਰਡ ਵੱਲੋਂ "ਸਿੱਧੀ ਭਰਤੀ" (ਬਿਨਾਂ ਪ੍ਰੀਖਿਆ ਦੇ) 47,600 ਰੁਪਏ ਮਾਸਿਕ ਤਨਖਾਹ 'ਤੇ ਕੀਤੀ ਜਾਵੇਗੀ ਅਤੇ ਅਰਜੀਆਂ ਦੀ ਆਖਰੀ ਤਾਰੀਖ 24.06.2025 ਦੱਸੀ ਗਈ ਹੈ। ਬੋਰਡ ਵੱਲੋਂ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਪੂਰੀ ਤਰ੍ਹਾਂ ਫਰਜੀ ਅਤੇ ਗੈਰ-ਅਧਿਕਾਰਿਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਸ ਤਰ੍ਹਾਂ ਦੀ ਕੋਈ ਭਰਤੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਅਤੇ ਇਹ ਨੋਟਿਸ ਕਿਸੇ ਸ਼ਰਾਰਤੀ ਅਨਸਰ ਜਾਂ ਗਰੁੱਪ ਦੁਆਰਾ ਜਨਤਾ ਨਾਲ ਧੋਖਾਧੜੀ ਕਰਨ ਦੇ ਮਕਸਦ ਨਾਲ ਭੇਜਿਆ ਗਿਆ ਹੈ। ਬੋਰਡ ਦੀਆਂ ਸਾਰੀਆਂ ਅਧਿਕਾਰਿਤ ਭਰਤੀਆਂ ਕੇਵਲ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਧਿਕਾਰਿਤ ਵੈਬਸਾਈਟ ਜਾਂ ਮਾਨਤਾ-ਪ੍ਰਾਪਤ ਅਖ਼ਬਾਰਾਂ ਅਤੇ ਮੀਡੀਆ ਰਾਹੀਂ ਹੀ ਘੋਸ਼ਿਤ ਕੀਤੀਆਂ ਜਾਂਦੀਆਂ ਹਨ। ਆਮ ਜਨਤਾ ਨੂੰ ਸੂਚਿਤ ਕੀਤਾ ਹੈ ਕਿ ਉਹ ਕਿਸੇ ਵੀ ਅਜਿਹੇ ਖਬਰ ਜਾਂ ਨੋਟਿਸ 'ਤੇ ਵਿਸ਼ਵਾਸ ਨਾ ਕਰਨ। ਜੇਕਰ ਕੋਈ ਵਿਅਕਤੀ ਇਸ ਫਰਜੀ ਨੋਟਿਸ ਦਾ ਸ਼ਿਕਾਰ ਹੋਇਆ ਹੈ, ਤਾਂ ਉਸ ਨੂੰ ਸਾਈਬਰ ਕ੍ਰਾਈਮ ਵਿੰਗ, ਪੰਜਾਬ ਪੁਲਸ ਨੂੰ ਤੁਰੰਤ ਰਿਪੋਰਟ ਕਰਨੀ ਚਾਹੀਦੀ ਹੈ। ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਫਰਜੀ ਨੋਟਿਸ ਤੋਂ ਸਾਵਧਾਨ ਰਹਿਣ ਅਤੇ ਅਜਿਹੀਆਂ ਅਫਵਾਹਾਂ ਤੋਂ ਸੁਚੇਤ ਰਹਿਣ ਲਈ ਅਗਾਹ ਕੀਤਾ ਗਿਆ ਹੈ।



ਦਰਬਾਰ ਬਾਬਾ ਝੰਡੀ ਪੀਰ ਸਰਕਾਰ ਜੀ (ਫਿਲੌਰ) ਵਿਖੇ ਸਲਾਨਾ ਜੋੜ ਮੇਲੇ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਕੁਸ਼ਤੀ ਮੁਕਾਬਲੇ 21 ਜੂਨ ਨੂੰ ਕਰਵਾਏ ਜਾਣਗੇ ਜਿਸ ਵਿੱਚ ਨਾਮੀ ਪਹਿਲਵਾਨ ਭਾਗ ਲੈਣਗੇ । **(ਫੋਟੋ ਤੇ ਵੇਰਵਾ : ਨਿਰਮਲ, ਫਿਲੌਰ)**

# ਭਗਤ ਨੇ 23 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਹਲਕਾ ਜਲੰਧਰ ਪੱਛਮੀ ਦੇ ਵਾਰਡ ਨੰ. 41 'ਚ ਨਕੋਦਰ ਰੋਡ ਦਿਓਲ ਨਗਰ ਤੋਂ ਏਕਤਾ ਗੈਸ ਏਜੰਸੀ ਤੱਕ 23 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਸੜਕ ਦਾ ਨੀਂਹ ਪੱਥਰ ਰੱਖਣ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਅਤੇ ਹੋਰ ਆਉਣ-ਜਾਣ ਵਾਲਿਆਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਜਲੰਧਰ ਦਾ ਵਿਕਾਸ ਉਨ੍ਹਾਂ ਦੀ ਤਰਜੀਹ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਜਲੰਧਰ ਵਿੱਚ ਅਜਿਹੀਆਂ ਹੋਰ ਵਿਕਾਸ ਪਹਿਲ ਕਦਮੀਆਂ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਸੜਕ ਦਾ ਕੰਮ ਨਿਰਧਾਰਤ ਸਮੇਂ ਦੇ ਅੰਦਰ ਅਤੇ ਤੈਅ ਮਾਪਦੰਡਾਂ ਅਨੁਸਾਰ ਨੇਪਰੇ ਚਾੜ੍ਹਨ ਦੀ ਹਦਾਇਤ ਕਰਦਿਆਂ ਕਿਹਾ ਕਿ ਸੜਕ ਦੀ ਗੁਣਵੱਤਾ ਨਾਲ ਕਿਸੇ ਕਿਸਮ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਨਿਰਮਾਣ ਕਾਰਜਾਂ ਦੀ ਵਿਅਕਤੀਗਤ ਨਿਗਰਾਨੀ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਸੜਕ ਦੇ ਕੰਮ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।ਇਸ ਮੌਕੇ ਕੌਂਸਲਰ ਸ਼ਬਨਮ ਦੁੱਗਲ, ਅਯੂਬ ਦੁੱਗਲ, ਬਲਾਕ ਪ੍ਰਧਾਨ ਅਮਿਤ ਸੁਮਨ, ਬੂਥ ਪ੍ਰਧਾਨ ਗੁਲਜ਼ਾਰੀ ਲਾਲ ਕੌਲ, ਸਿਧਾਰਥ, ਵਿੱਕੀ, ਰਵੀ ਸੁਮਨ, ਮਿੰਟੂ ਸੁਮਨ, ਕੁਲਵੰਤ ਰਾਏ, ਅਨਿਲ ਕੁਮਾਰ ਮਿਨੀਆ ਅਤੇ ਕਈ ਹੋਰ ਪਤਵੰਤੇ ਵੀ ਮੌਜੂਦ ਸਨ।



# 2027 ਦੀਆਂ ਚੋਣਾਂ ਦੌਰਾਨ ਪੰਜਾਬ ਅੰਦਰ ਕਾਂਗਰਸ ਪਾਰਟੀ ਸਰਕਾਰ ਬਣਾਏਗੀ : ਐੱਮ ਪੀ ਅਮਰ ਸਿੰਘ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਪੰਜਾਬ ਦੇ ਹਲਕਾ ਫਤਿਹਗੜ੍ਹ ਸਾਹਿਬ ਦੇ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਭਾਰਤ ਸਰਕਾਰ ਵੱਲੋਂ ਬੀਤੇ ਦਿਨ ਅੱਤਵਾਦ ਖਿਲਾਫ ਕੀਤੇ ਗਏ ਆਪਰੇਸ਼ਨ ਸੰਧੂਰ ਦੇ ਸੰਬੰਧ ਵਿੱਚ 9 ਮੈਂਬਰੀ ਬਹੁ ਪਾਰਟੀ ਵਫਦ ਨਾਲ ਉਚੇਚੇ ਤੌਰ 'ਤੇ ਜਰਮਨ ਪਹੁੰਚੇ। ਜਰਮਨੀ ਦੇ ਬਰਲਿਨ ਸਥਿਤ ਭਾਰਤੀ ਅੰਬੈਸੀ ਦੇ ਪ੍ਰੋਗਰਾਮ ਤੋਂ ਬਾਅਦ ਇੰਡੀਅਨ ਓਵਰਸੀਜ਼ ਕਾਂਗਰਸ ਜਰਮਨੀ ਦੇ ਵਰਕਰਾਂ ਦੀ ਭਾਰੀ ਇਕੱਤਰਤਾ ਹੋਈ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਭਾਰਤੀ ਅੰਬੈਸੀ ਵੱਲੋਂ 10 ਸੀ ਜਰਮਨੀ ਦੇ ਪ੍ਰਧਾਨ ਮਨਵੀਰ ਸਿੰਘ ਵੜੈਚ, ਸੁਖਵਿੰਦਰ ਸਿੰਘ ਚੀਮਾ, ਪ੍ਰਮੋਦ ਕੁਮਾਰ ਮਿੰਟੂ, ਗੁਰਦੇਵ ਸਿੰਘ, ਅਵਤਾਰ ਸਿੰਘ ਵਿੱਕੀ, ਹਰਜਿੰਦਰ ਸਿੰਘ ਵੜੈਚ, ਧਰਮਿੰਦਰ ਸਿੰਘ ਰੰਧਾਵਾ, ਗੁਰਭਗਵੰਤ ਸਿੰਘ ਸੰਧਾਵਾਲੀਆ ਤੇ ਸਮੁੱਚੇ ਕਾਂਗਰਸ ਮੈਂਬਰ ਸਾਹਿਬਾਨ ਵੱਲੋਂ ਉਚੇਚੇ ਪ੍ਰਬੰਧ ਕੀਤੇ ਗਏ। ਇਸ ਪ੍ਰੋਗਰਾਮ ਵਿੱਚ ਪ੍ਰਧਾਨ ਮਨਵੀਰ ਸਿੰਘ ਵੜੈਚ ਤੇ ਸਾਥੀਆਂ ਵੱਲੋਂ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਤੇ ਉਹਨਾਂ ਦੇ ਸਾਥੀ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਕਹਿੰਦਿਆਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਕਰਵਾਏ ਪ੍ਰੋਗਰਾਮ ਦੌਰਾਨ ਪ੍ਰਧਾਨ ਮਨਵੀਰ ਸਿੰਘ ਵੜੈਚ ਵੱਲੋਂ ਐਨ ਆਰ ਆਈਜ਼ ਨੂੰ ਭਾਰਤ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਜਾਣੂ ਕਰਵਾਇਆ ਅਤੇ ਉਨਾਂ ਦਾ ਹੱਲ ਲੱਭਣ ਬਾਰੇ ਵੀ ਬੇਨਤੀ ਕੀਤੀ। ਉਹਨਾਂ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਵਿੱਚ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਵੀ ਕਾਂਗਰਸ ਦੀ ਸਰਕਾਰ ਬਣਾਉਣ ਲਈ ਪਾਰਟੀ ਦੀ ਮਜ਼ਬੂਤੀ ਲਈ ਨਿਰੰਤਰ ਸਹਿਯੋਗ ਦਿੱਤਾ ਜਾਵੇਗਾ। ਪ੍ਰੋਗਰਾਮ ਦੌਰਾਨ ਸੰਸਦ ਮੈਂਬਰ ਡਾਕਟਰ ਅਮਰ ਸਿੰਘ ਨੇ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਨੇ ਝੂਠੇ ਵਾਅਦਿਆਂ ਅਤੇ ਲਾਰਿਆਂ ਨਾਲ ਸਰਕਾਰ ਬਣਾਈ ਜੋ ਪੂਰੀ ਤਰ੍ਹਾਂ ਨਾਲ ਫੇਲ੍ਹ ਹੋ ਚੁੱਕੀ ਹੈ ਉਹਨਾਂ ਸਮੂਹ ਐਨ ਆਰ ਆਈ ਵੀਰਾਂ ਨੂੰ ਅਪੀਲ ਕੀਤੀ ਕਿ ਕਾਂਗਰਸ ਪਾਰਟੀ ਦੀ ਮਜ਼ਬੂਤੀ ਅਤੇ ਬੇਹਤਰੀ ਵਾਸਤੇ ਨਿਰੰਤਰ ਕਾਰਜ ਕੀਤੇ ਜਾਣ ਤਾਂ ਜੋ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।



# ‘ਯੁੱਧ ਨਸ਼ਿਆਂ ਵਿਰੁੱਧ’ ਕਮਿਸ਼ਨਰੇਟ ਪੁਲਸ ਨੇ ਚਲਾਇਆ ਕਾਸੋ ਅਪ੍ਰੇਸ਼ਨ

**ਜਲੰਧਰ (ਸ਼ੈਲੀ ਐਲਬਰਟ)** ਡੀ.ਜੀ.ਪੀ ਪੰਜਾਬ, ਗੌਰਵ ਯਾਦਵ ਦੇ ਨਿਰਦੇਸ਼ਾਂ ਅਤੇ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਚੱਲ ਰਹੇ ‘ਯੁੱਧ ਨਸ਼ਿਆਂ ਵਿਰੁੱਧ’



ਮੁਹਿੰਮ ਤਹਿਤ ਏ.ਡੀ.ਜੀ.ਪੀ. ਮਨੁੱਖੀ ਅਧਿਕਾਰ ਪੰਜਾਬ, ਡਾ. ਨਰੇਸ਼ ਕੁਮਾਰ ਅਰੋੜਾ ਦੀ ਅਗਵਾਈ ਹੇਠ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੇ ਨਾਲ ਸ਼ਹਿਰ ਦੇ ਵੱਖ-ਵੱਖ ਸਥਾਨਾਂ ’ਤੇ ਇੱਕ ਸਪੈਸ਼ਲ ਕੋਰਡਨ ਅਤੇ ਸਰਚ ਆਪ੍ਰੇਸ਼ਨ ਚਲਾਇਆ ਗਿਆ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸ਼ਨਾਖਤ ਕੀਤੇ ਗਏ ਡਰੱਗ ਹੋਟਸਪੋਟਸ ਧਨਕੀਆ ਮੁਹੱਲਾ, ਬਾਬਾ ਦੀਪ ਸਿੰਘ ਨਗਰ, ਪਿੰਡ ਰੇਰੂ, ਬਸਤੀ ਸ਼ੇਖ, ਅਬਾਦਪੁਰਾ, ਧੀਣਾ, ਅਲੀ ਮੁਹੱਲਾ ਅਤੇ ਬਸਤੀ ਗੁਜ਼ਾਂ ਵਿਖੇ ਕਾਸੋ ਆਪ੍ਰੇਸ਼ਨ ਚਲਾਇਆ ਗਿਆ। ਇਸ ਕਾਰਵਾਈ ਵਿੱਚ 220 ਤੋਂ ਵੱਧ ਪੁਲਸ ਕਰਮਚਾਰੀ, ਜਿਨ੍ਹਾਂ ਨਾਲ 10 ਜੀ.ਓ. ਰੈਂਕ ਦੇ ਅਫਸਰ ਅਤੇ ਸਬੰਧਤ ਐਸ.ਐਚ.ਓਜ਼. ਸ਼ਾਮਲ ਸਨ। ਪੁਲਸ ਟੀਮਾਂ ਵੱਲੋਂ ਨਸ਼ਾ ਤਸਕਰੀ ਦੇ ਨੈੱਟਵਰਕਾਂ ਨਾਲ ਕਥਿਤ ਤੌਰ ’ਤੇ ਜੁੜੇ ਵਿਅਕਤੀਆਂ ਦੇ ਘਰਾਂ ਅਤੇ ਸ਼ੱਕੀ ਟਿਕਾਣਿਆਂ ’ਤੇ ਪੂਰੇ ਤਾਲਮੇਲ ਨਾਲ ਛਾਪੇਮਾਰੀ ਕੀਤੀ ਗਈ। ਨਸੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਘਰਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੀ ਡੂੰਘਾਈ ਨਾਲ ਤਲਾਸ਼ੀ ਲਈ ਗਈ। ਲੋਕਾਂ ਤੋਂ ਪੁੱਛਗਿੱਛ ਵੀ ਕੀਤੀ ਗਈ। ਇਸ ਆਪ੍ਰੇਸ਼ਨ ਨੂੰ ਸਫਲ ਬਣਾਉਣ ਅਤੇ ਭੱਜਣ ਦੇ ਰਸਤਿਆਂ ਨੂੰ ਰੋਕਣ ਲਈ ਸ਼ਹਿਰ ਵਿੱਚ ਰਣਨੀਤਕ ਨਾਕਾਬੰਦੀ ਕੀਤੀ ਗਈ ਤਾਂ ਜੋ ਸ਼ੱਕੀ ਵਾਹਨਾਂ ਅਤੇ ਵਿਅਕਤੀਆਂ ਦੀ ਚੰਗੀ ਤਰ੍ਹਾਂ ਚੈਕਿੰਗ ਕੀਤੀ ਜਾ ਸਕੇ।



# ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੀ ਮੌਤ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

**ਮਹਿਤਪੁਰ (ਰਾਜਾ)** ਨਵਾਂ ਜ਼ਮਾਨਾ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸਨ ਦੇ ਸਕੱਤਰ ਨਵਾਂ ਜ਼ਮਾਨਾ ਦੇ ਪ੍ਰਿੰਟਰ ਅਤੇ ਪਬਲਿਸ਼ਰ ਲੇਖਕ, ਮਾਰਕਸੀ ਵਿਗਿਆਨਿਕ ਵਿਚਾਰਧਾਰਾ ਦੇ ਮਾਲਿਕ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜੀ ਦੇ ਅਚਾਨਕ ਵਿਛੋੜੇ ’ਤੇ ਉਨਾਂ ਦੇ ਪਰਵਾਰਾਂ, ਸਾਕ ਸਬੰਧੀ ਅਤੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ’ਚ ਸ਼ਰੀਕ ਹੁੰਦੇ ਹੋਏ ਜਰਨਲਿਸਟ ਪ੍ਰੈਸ ਕਲੱਬ (ਰਜਿ.) ਪੰਜਾਬ ਦੀ ਸਮੁੱਚੀ ਸਟੇਟ ਬਾਡੀ ਅਤੇ ਪੰਜਾਬ ਦੀਆਂ ਸਮੂਹ ਇਕਾਈਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਨੇ ਉਨਾਂ ਦੇ ਜੀਵਨ ’ਤੇ ਝਾਤ ਪਾਉਂਦਿਆਂ ਦੱਸਿਆ ਕੀ ਐਡਵੋਕੇਟ ਸੁਗਲੀ ਜੀ ਪੱਤਰਕਾਰਤਾ ਦੇ ਖੇਤਰ ਤੋਂ ਇਲਾਵਾ ਸੀਪੀਆਈ ਵਿੱਚ ਵੀ ਸਰਗਰਮੀ ਨਾਲ ਹਿੱਸਾ ਪਾਉਂਦੇ ਰਹੇ। ਵਿਦਿਆਰਥੀ ਜੀਵਨ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਅਤੇ ਵਿਦਿਆਰਥੀਆਂ ਨੂੰ ਧਰਮ ਨਿਰਪੱਖ ਇਨਕਲਾਬੀ ਜਮਹੂਰੀ ਅਤੇ ਮਾਰਕਸੀ ਚਿੰਤਨ ਨਾਲ ਜੋੜਨ ਲਈ ਜਿੱਥੇ ਯਤਨਸ਼ੀਲ ਰਹੇ, ਉੱਥੇ ਹੀ ਦੇਸ਼ ਭਗਤ ਯਾਦਗਾਰ ਹਾਲ ਅੰਦਰ ਲੱਗਦੇ ਗਦਰੀ ਬਾਬਿਆਂ ਦੇ ਮੇਲੇ ਅਤੇ ਹੋਰ ਸਰਗਰਮੀਆਂ ਨਾਲ ਵੀ ਨੇੜਿਓਂ ਜੁੜੇ ਰਹੇ। ਉਹਨਾਂ ਦਾ ਦੇਹਾਂਤ ਅਮਰੀਕਾ ਵਿੱਚ ਆਪਣੇ ਬੇਟੇ ਰਮਨਜੀਤ ਸਿੰਘ ਮੰਡ ਕੋਲ ਦਿਲ ਦਾ ਦੌਰਾ ਪੈਣ ਨਾਲ ਹੋਇਆ। ਉਹਨਾਂ ਦਾ ਦੂਸਰਾ ਬੇਟਾ ਐਡਵੋਕੇਟ ਰਾਜਿੰਦਰ ਸਿੰਘ ਮੰਡ ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਹੈ।

# ਪੰਜਾਬ ਡੇਂਗੂ, ਕੋਵਿਡ ਤੇ ਲੂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ : ਡਾ. ਬਲਬੀਰ ਸਿੰਘ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸੂਬਾ ਡੇਂਗੂ, ਕੋਵਿਡ-19 ਅਤੇ ਲੂ ਦੇ ਪ੍ਰਭਾਵ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਲੋਕਾਂ ਨੂੰ ਡੇਂਗੂ, ਮਲੇਰੀਆ, ਚਿਕੁਨਗੁਨੀਆ, ਕੋਰੋਨਾ ਅਤੇ ਗਰਮੀ ਦੀ ਲਹਿਰ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਡਾ. ਬਲਬੀਰ ਸਿੰਘ ਨੇ ਅੱਜ ਹਰ ਸ਼ੁੱਕਰਵਾਰ - ਡੇਂਗੂ ’ਤੇ ਵਾਰ ਮੁਹਿੰਮ ਦੇ ਤਹਿਤ ਮੋਹਾਲੀ ਨੇੜਲੇ ਅਰਧ-ਸ਼ਹਿਰੀ ਪਿੰਡ ਬਲੌਂਗੀ ਦਾ ਦੌਰਾ ਕੀਤਾ। ਉਨ੍ਹਾਂ ਘਰ-ਘਰ ਜਾ ਕੇ ਲੋਕਾਂ ਨੂੰ ਦੱਸਿਆ ਕਿ ਕਿਵੇਂ ਏਅਰ ਕੂਲਰ ਦੀ ਟੈਂਕੀ, ਫਰਿਜ ਦੇ ਪਿਛਲੇ ਪਾਸੇ ਦੀ ਟਰੇਅ, ਗਮਲੇ ਜਾਂ ਪੰਛੀਆਂ ਲਈ ਰੱਖੇ ਪਾਣੀ ਦੇ ਭਾਂਡੇ ਡੇਂਗੂ ਲਾਰਵਾ ਦੀ ਬਹੁਤਾਤ ’ਚ ਪੈਦਾਵਾਰ ਦੀ ਫੈਕਟਰੀ ਬਣ ਜਾਂਦੇ ਹਨ। ਉਨ੍ਹਾਂ ਕਿਹਾ, ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਜਿਹੇ ਰੋਗਾਂ ਤੋਂ ਬਚਾਅ ਸਿਰਫ਼ ਇਕ ਨਿਯਮਿਤ ਆਦਤ ਨਾਲ ਕੀਤਾ ਜਾ ਸਕਦਾ ਹੈ, ਉਹ ਹੈ ਹਫਤੇ ਵਿੱਚ ਇਕ ਵਾਰੀ ਸਾਰਾ ਰੁਕਿਆ ਹੋਇਆ ਪਾਣੀ ਖਾਲੀ ਕਰਨਾ। ਕਿਉਂਕਿ ਡੇਂਗੂ ਮੱਛਰ ਦਾ ਲਾਰਵਾ ਸੱਤ ਦਿਨਾਂ ਵਿੱਚ ਮੱਛਰ ਬਣ ਜਾਂਦਾ ਹੈ, ਇਸ ਲਈ ਹਫਤੇ ਵਿੱਚ ਇਕ ਵਾਰੀ, ਖ਼ਾਸ ਕਰਕੇ ਸ਼ੁੱਕਰਵਾਰ ਨੂੰ ਇਹ ਕਾਰਵਾਈ



ਕਰਕੇ ਇਸ ਰੋਗ ਨੂੰ ਰੋਕਿਆ ਜਾ ਸਕਦਾ ਹੈ। ਇਸ ਦੌਰਾਨ, ਸਿਹਤ ਮੰਤਰੀ ਨੇ ਏਅਰ ਕੂਲਰ ਦੀ ਟੈਂਕੀ ਵਿੱਚ ਲਾਰਵਾ ਲੱਭਣ ਵਾਲੀਆਂ ਆਸ਼ਾ ਵਰਕਰਾਂ ਸੋਮਪ੍ਰੀਤ ਕੌਰ ਅਤੇ ਸਰੋਜ ਨੂੰ 500 ਰੁਪਏ ਪ੍ਰਤੀ ਦੇ ਨਕਦ ਇਨਾਮ ਵੀ ਦਿੱਤੇ। ਉਨ੍ਹਾਂ ਦੱਸਿਆ ਕਿ ਰਾਜ ਭਰ ਵਿੱਚ ਹਰ ਸ਼ੁੱਕਰਵਾਰ ਨੂੰ 50,000 ਤੋਂ ਵੱਧ ਟੀਮਾਂ,ਜਿਨ੍ਹਾਂ ਵਿੱਚ ਨਰਸਿੰਗ ਵਿਦਿਆਰਥੀ, ਆਸ਼ਾ ਵਰਕਰ, ਮਲਟੀਪਰਪਜ ਸਿਹਤ ਵਰਕਰ, ਸਕੂਲ ਅਧਿਆਪਕ ਅਤੇ ਬਰੀਡਰ ਚੈੱਕਰ ਸ਼ਾਮਿਲ ਹਨ, ਘਰ-ਘਰ ਜਾ ਕੇ ਡੇਂਗੂ ਲਾਰਵਾ ਦੀ ਜਾਂਚ ਅਤੇ ਲੋਕਾਂ ਨੂੰ ਸਿੱਖਿਅਕ/ਜਾਗਰੂਕ ਕਰ ਰਹੀਆਂ ਹਨ। ਉਨ੍ਹਾਂ ਵਧ ਰਹੇ ਤਾਪਮਾਨ ਅਤੇ ਲੂ ਦੇ ਖ਼ਤਰੇ ਸਬੰਧੀ ਲੋਕਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਜਾਣ ਤੋਂ ਗੁਰੇਜ਼ ਕਰੋ। ਉਨ੍ਹਾਂ ਨੇ ਹਲਕੇ ਰੰਗ ਦਾ ਲਿਬਾਸ ਪਾਉਣ, ਸਿਰ ’ਤੇ ਗਿੱਲਾ ਤੌਲੀਆ ਰੱਖਣ ਅਤੇ ਨਿੰਬੂ ਪਾਣੀ, ਲੱਸੀ, ਜਲ ਜੀਰਾ ਜਾਂ ਹਲਕਾ ਲੂਣ ਮਿਲਿਆ ਸਾਫ ਪਾਣੀ ਵਾਰ-ਵਾਰ ਪੀਣ ਦੀ ਸਲਾਹ ਦਿੱਤੀ। ਉਨ੍ਹਾਂ ਲੋਕਾਂ ਨੂੰ ਹਵਾਦਾਰ ਥਾਵਾਂ ’ਚ ਰਹਿਣ ਦੀ ਸਲਾਹ ਦਿੱਤੀ ਅਤੇ ਬੰਦ ਥਾਵਾਂ ’ਚ ਇਕੱਠੇ ਨਾ ਹੋਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸੂਬੇ ਦੇ ਹਸਪਤਾਲਾਂ ਵਿੱਚ ਆਕਸੀਜਨ, ਦਵਾਈਆਂ ਅਤੇ ਐਮਰਜੈਂਸੀ ਬੈਡਾਂ ਦੀ ਕੋਈ ਘਾਟ ਨਹੀਂ । ਉਨ੍ਹਾਂ ਗਰਭਵਤੀ ਮਹਿਲਾਵਾਂ, ਬੱਚਿਆਂ, ਬੁਜ਼ੁਰਗਾਂ ਅਤੇ ਕਮਜ਼ੋਰ ਰੋਗ ਪ੍ਰਤੀਰੋਧੀ ਤਾਕਤ ਵਾਲਿਆਂ ਨੂੰ ਜ਼ਿਆਦਾ ਸਾਵਧਾਨ ਰਹਿਣ ਦੀ ਅਪੀਲ ਕੀਤੀ।ਸਿਹਤ ਮੰਤਰੀ ਨੇ ਐਸ.ਡੀ.ਐਮ. ਨੂੰ ਪਿੰਡ ਦੇ ਛੱਪੜ ਦੀ ਸਫਾਈ ਯਕੀਨੀ ਬਣਾਉਣ ਲਈ ਵੀ ਨਿਰਦੇਸ਼ ਦਿੱਤੇ।

# 250 ਯੋਗ ਲਾਭਕਾਰਾਂ ਨੂੰ ਦੁਕਾਨਾਂ ਦੀਆਂ ਸੌਂਪੀਆਂ ਰਜਿਸਟਰੀਆਂ

**ਪੰਚਕੂਲਾ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੁੱਖ ਮੰਤਰੀ ਸ਼ਹਿਰੀ ਸਵਾਮਿਤਵ ਯੋਜਨਾ ਦੇ ਲਾਭਕਾਰਾਂ ਨੂੰ ਤੋਹਫਾ ਦਿੰਦੇ ਹੋਏ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 250 ਯੋਗ ਲਾਭਕਾਰਾਂ ਨੂੰ ਉਨ੍ਹਾਂ ਦੀਆਂ ਦੁਕਾਨਾਂ ਦੀਆਂ ਰਜਿਸਟਰੀਆਂ ਸੌਂਪੀਆਂ। ਇਸ ਤੋਂ ਪਹਿਲਾਂ ਵੀ ਇਸ ਯੋਜਨਾ ਤਹਿਤ ਸੂਬੇ ਵਿੱਚ ਲਗਭਗ 6 ਹਜ਼ਾਰ ਯੋਗ ਲਾਭਕਾਰਾਂ ਨੂੰ ਇਹ ਲਾਭ ਦਿੱਤਾ ਜਾ ਚੁੱਕਾ ਹੈ।ਮੁੱਖ ਮੰਤਰੀ ਸੈਣੀ ਨੇ ਪੰਚਕੂਲਾ ਦੇ ਸੈਕਟਰ-1 ਸਥਿਤ ਲੋਕ ਨਿਰਮਾਣ ਵਿਭਾਗ ਰੈਸਟ ਹਾਊਸ ਵਿੱਚ ਪ੍ਰਬੰਧਿਤ ਮੁੱਖ ਮੰਤਰੀ ਸ਼ਹਿਰੀ ਸਵਾਮਿਤਵ ਯੋਜਨਾ ਤਹਿਤ ਰਜਿਸਟਰੀ ਵੰਡ ਸਮਾਰੋਹ ਵਿੱਚ ਪਹੁੰਚੇ ਹੋਏ ਸਾਰੇ ਲਾਭਕਾਰਾਂ ਨੂੰ ਦੁਕਾਨਾਂ ਦੀਆਂ ਰਜਿਸਟਰੀਆਂ ਸੌਂਪ ਉਨ੍ਹਾਂ ਨੂੰ ਵਧਾਈ ਦਿੱਤੀ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਰੈਸਟ ਹਾਊਸ ਪਰਿਸਰ ਵਿੱਚ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਵੱਲੋਂ ਸਰਕਾਰ ਦੇ ਪਿਛਲੇ 11 ਸਾਲਾਂ ਦੀਆਂ ਉਪਲਬਧੀਆਂ ’ਤੇ ਲਗਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਅਤੇ ਅਵਲੋਕਨ ਕੀਤਾ। ਇਸ ਮੌਕੇ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਕੇ.ਐਮ. ਪਾਂਡੂਰੰਗ ਵੀ ਮੌਜੂਦ ਰਹੇ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਸੈਣੀ ਨੇ ਕਿਹਾ ਕਿ ਦੁਕਾਨਾਂ ਦੀਆਂ ਇਹ ਰਜਿਸਟਰੀਆਂ ਸਿਰਫ ਕਾਗਜ਼ ਦਾ ਟੁਕੜਾ ਨਹੀਂ ਸਗੋਂ ਉਨ੍ਹਾਂ ਦੇ ਸਪਨਿਆਂ ਦਾ ਭੰਡਾਰ ਹੈ। ਇਸ ਮੌਕੇ ਪੰਚਕੂਲਾ ਮੇਅਰ ਕੁਲਭੂਸ਼ਣ ਗੋਇਲ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ, ਡਾਇਰੈਕਟਰ ਜਨਰਲ ਪੰਕਜ ਸਮੇਤ ਹੋਰ ਅਧਿਕਾਰੀ ਤੇ ਲਾਭਕਾਰ ਮੌਜੂਦ ਰਹੇ।

# ਡੈਮੋਕ੍ਰੇਟਿਕ ਜੰਗਲਾਤ ਮੁਲਾਜਮ ਯੂਨੀਅਨ ਵੱਲੋਂ ਲੁਧਿਆਣਾ ਵਿਖੇ ਰੈਲੀ ਭਲਕੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡੈਮੋਕ੍ਰੇਟਿਕ ਜੰਗਲਾਤ ਮੁਲਾਜਮ ਯੂਨੀਅਨ ਪੰਜਾਬ ਮੰਡਲ ਦਸੂਹਾ ਦੀ ਮੀਟਿੰਗ ਮੰਡਲ ਪ੍ਰਧਾਨ ਜਗੀਰ ਸਿੰਘ



ਚਾਂਗ ਬਸੋਆ ਅਤੇ ਸੀਨੀਅਰ ਮੀਤ ਪ੍ਰਧਾਨ ਮਹਿੰਦਰਪਾਲ ਜਗੀਮਾਨ ਦੀ ਅਗਵਾਈ ਹੇਠ ਮੀਟਿੰਗ ਹੋਈ। ਮੀਟਿੰਗ ਹਾਜਰ ਸਾਥੀਆਂ ਵਲੋ ਬਹੁਤ ਭਰਵੇਂ ਹੁੰਗਾਰੇ ਵਿੱਚ ਮੀਟਿੰਗ ਕੀਤੀ ਗਈ ਅਤੇ 16 ਜੂਨ ਨੂੰ ਲੁਧਿਆਣਾ ਵਿਖੇ ਰੈਲੀ ਵਿਚ ਵਧ ਚੜ੍ਹਕੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਕਿਉਂਕਿ ਭਗਵੰਤ ਮਾਨ ਸਰਕਾਰ ਵੱਲੋਂ ਆਪਣੀ ਸਰਕਾਰ ਦੇ ਸਵਾ ਤਿੰਨ ਸਾਲ ਦੇ ਅਰਸਾ ਬੀਤ ਜਾਣ ਬਾਅਦ ਵੀ ਜੰਗਲਾਤ ਵਿਭਾਗ ਦੇ ਪਿਛਲੇ 20-20 ਸਾਲ ਤੋਂ ਕੰਮ ਕਰਦੇ ਦਿਹਾੜੀਦਾਰ ਵਰਕਰਾਂ ਨੂੰ ਪੱਕਾ ਕਰਨ ਦੀ ਬਜਾਏ ਗੱਲਬਾਤ ਰਾਹੀਂ ਹੀ ਡੰਗ ਟਪਾ ਰਹੀ ਹੈ। ਜੰਗਲਾਤ ਵਿਭਾਗ ਵਿਚ ਕੰਮ ਕਰਦੇ ਵਰਕਰ ਜਿਹਨਾਂ ਨੂੰ ਵਿਭਾਗ ਵਿਚ ਕੰਮ ਕਰਦੇ ਬਹੁਤ ਸਮਾਂ ਹੋ ਗਿਆ ਪਰ ਓਹਨਾ ਦੀ ਸਰਵਿਸ ਵਿਚ ਗੈਪ ਪਾ ਦਿੱਤਾ ਗਿਆ ਹੈ। ਉਨ੍ਹਾਂ ਗੈਪ ਵਾਲੇ ਵਰਕਰਾਂ ਨੂੰ ਅਤੇ ਕੱਚੇ ਵਰਕਰਾਂ ਨੂੰ ਬਿਨਾਂ ਸ਼ਰਤ ਪੱਕਾ ਕਰਨ ਲਈ ਸਮੂਹ ਤਰੁੱਟੀਆਂ ਦੂਰ ਕਰਵਾਉਣ , 16-05-2023 ਐਕਟ ਵਿੱਚ ਸੋਧ ਕੀਤੀ ਜਾਵੇ,ਘੱਟ ਤੋਂ ਘੱਟ ਉਜਰਤ 26000 ਪ੍ਰਤੀ ਮਹੀਨਾ ਕੀਤੀ ਜਾਵੇ, ਹਰੇਕ ਵਰਕਰ ਨੂੰ ਜੀਵਨ ਬੀਮਾ ਯੋਜਨਾ ਤਹਿਤ ਲਿਆਂਦਾ ਜਾਵੇ,506 ਲਿਸਟ ਵਾਲੇ ਵਰਕਰ ਜਿਹਨਾਂ ਨੂੰ ਵਿਭਾਗ ਵੱਲੋਂ ਆਨਲਾਈਨ ਕੀਤਾ ਸੀ ਅਤੇ ਉਹ ਵਰਕਰ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਫਿਰ ਕਿਉਂ ਸਰਕਾਰ ਵਲੋਂ ਉਨ੍ਹਾਂ ’ਤੇ ਰੋਕ ਲਗਾ ਦਿੱਤੀ ਹੈ। ਉਹਨਾਂ ਵਰਕਰਾਂ ਨੂੰ ਪੱਕਾ ਕਰਵਾਉਣ ਲਈ ਜਥੇਬੰਦੀ ਵੱਲੋਂ 16 ਜੂਨ ਨੂੰ ਸਵੇਰੇ 11 ਵਜੇ ਲੁਧਿਆਣਾ ਵਿਖੇ ਸੁਬਾਈ ਰੈਲੀ ਕਰਨ ਉਪਰੰਤ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਘਰ ਵੱਲ ਰੋਸ ਮਾਰਚ ਕੀਤਾ ਜਾਵੇਗਾ। ਇਸ ਮੌਕੇ ਜਨਰਲ ਸਕੱਤਰ ਵਰਿੰਦਰ ਕੁਮਾਰ, ਵਿੱਤ ਸਕੱਤਰ ਨਰਿੰਦਰ ਸਿੰਘ ਮੱਕੋਵਾਲ, ਮੀਤ ਪ੍ਰਧਾਨ ਅਮਨਦੀਪ ਕੁਮਾਰ, ਰੇਂਜ ਮੁਕੇਰੀਆਂ ਪ੍ਰਧਾਨ ਬਲਵੀਰ ਕੁਮਾਰ ਖਿੱਚੀਆਂ, ਰਮਨ ਕੁਮਾਰ ਅਤੇ ਅਮਨ ਕੁਮਾਰ ਤੱਗੜ ਕਲਾਂ, ਬੋਧਰਾਜ ਅਲੀਗੜ, ਕੁਲਦੀਪ ਸਿੰਘ ਸਨਾ ਰਾਏ ਸਾਥੀ ਹਾਜਰ ਸਨ।

# ਯੂਥ ਸੇਵਾ ਸੰਸਥਾ ਨੇ ਛਾਂਦਾਰ ਬੂਟੇ ਵੰਡੇ



**ਹੁਸ਼ਿਆਰਪੁਰ (ਓ ਪੀ ਰਾਣਾ)**- ਜਿੱਥੇ ਅੱਤ ਦੀ ਗਰਮੀ ਪੈ ਰਹੀ ਹੈ ਉਥੇ ਹਰ ਥਾਂ ਛਾਂਦਾਰ ਬੂਟਿਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਕਮੀ ਨੂੰ ਮਹਿਸੂਸ ਕਰਦੇ ਹੋਏ ਯੂਥ ਸੇਵਾ ਹੁਸ਼ਿਆਰਪੁਰ ਸੰਸਥਾ ਵੱਲੋਂ ਕੇ ਵੀ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਦੇ ਹੋਏ ਛਾਂਦਾਰ ਬੂਟੇ ਵੰਡੇ ਗਏ। ਇਸ ਸਮੇਂ ਸੰਸਥਾ ਦੇ ਮੁਖੀ ਨੌਜਵਾਨ ਆਗੂ ਕੇ ਵੀ ਸਿੰਘ ਨੇ ਕਿਹਾ ਕਿ ਸਾਡੀ ਸੰਸਥਾ ਵਲੋਂ ਅੱਤ ਦੀ ਗਰਮੀ ਦੇ ਮੌਸਮ ਵਿੱਚ ਛਾਂਦਾਰ ਬੂਟਿਆਂ ਦੀ ਕਮੀ ਨੂੰ ਮਹਿਸੂਸ ਕਰਦੇ ਹੋਏ ਨੌਜਵਾਨ ਨੂੰ ਛਾਂਦਾਰ ਬੂਟੇ ਵੰਡੇ ਗਏ ਤਾਂ ਜੋ ਉਹ ਇਹਨਾਂ ਬੂਟਿਆਂ ਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਯੋਗ ਥਾਵਾਂ ’ਤੇ ਲਗਾਉਣ ਦੀ ਜ਼ਿੰਮੇਵਾਰੀ ਨਿਭਾਉਣ। ਇਸ ਸਮੇਂ ਕੇ ਵੀ ਸਿੰਘ ਨੇ ਇਹ ਵੀ ਦੱਸਿਆ ਕਿ ਨੌਜਵਾਨਾਂ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਉਹ ਜਿੱਥੇ ਇਹਨਾਂ ਬੂਟਿਆਂ ਨੂੰ ਲਗਾਉਣ ਦੀ ਜ਼ਿੰਮੇਵਾਰੀ ਨਿਭਾਉਣਗੇ ਉੱਥੇ ਉਹ ਇਹਨਾਂ ਬੂਟਿਆਂ ਨੂੰ ਪਾਲਣ ਲਈ ਵੀ ਪੂਰੀ ਜ਼ਿੰਮੇਵਾਰੀ ਨਿਭਾਉਣਗੇ। ਇਸ ਸਮੇਂ ਚੰਨ ਸ਼ੇਰਪੁਰ, ਔਜਲਾ ਹਾਜੀਪੁਰ, ਡੋਗਰ ਹਾਜੀਪੁਰ, ਤੇਜਿੰਦਰ ਸਿੰਘ, ਪਾਲ ਸਿੰਘ ਹਾਜੀਪੁਰ, ਜਸਰਾਜ ਸਿੰਘ, ਅਨਮੋਲ ਸਿੰਘ ਕਪਾਹਟ, ਕਰਨਜੀਤ ਸਿੰਘ, ਗੁਪਤਾ ਹੁਸ਼ਿਆਰਪੁਰ ਆਦਿ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

# ਊਰਜਾ ਮੰਤਰੀ ਨੇ ਖਰਾਬ ਟ੍ਰਾਂਸਫਾਰਮਰ ਨਾ ਬਦਲਣ ਵਾਲੇ ਜੇ ਈ ਨੂੰ ਕੀਤਾ ਸਸਪੈਂਡ

**ਪੰਚਕੂਲਾ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਊਰਜਾ ਮੰਤਰੀ ਅਨਿਲ ਵਿਜ ਨੇ ਅੰਬਾਲਾ ਕੈਂਟ ਦੇ ਚੰਦਪੁਰਾ ਪਿੰਡ ਵਿੱਚ ਬਿਜਲੀ ਦੇ ਖਰਾਬ ਟ੍ਰਾਂਸਫਾਰਮਰ ਨੂੰ 15 ਦਿਨ ਬਾਅਦ ਵੀ ਨਾ ਬਦਲਣ ਵਾਲੇ ਬਿਜਲੀ ਨਿਗਮ ਦੇ ਜੇ ਈ (ਜੂਨੀਅਰ ਇੰਜੀਨੀਅਰ) ਸੰਜੇ ਕੁਮਾਰ ਨੂੰ ਸਸਪੈਂਡ ਕਰ ਦਿੱਤਾ ਹੈ।ਇਸ ਸਬੰਧ ਵਿੱਚ ਊਰਜਾ ਮੰਤਰੀ ਅਨਿਲ ਵਿਜ ਨੂੰ ਅੰਬਾਲਾ ਕੈਂਟ ਦੇ ਪਿੰਡ ਚੰਦਪੁਰਾ ਦੇ ਗ੍ਰਾਮੀਣਾਂ ਨੇ ਸ਼ਿਕਾਇਤ ਦਿੱਤੀ ਸੀ ਜਿਸ ’ਤੇ ਉਨ੍ਹਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਜੇਈ ਨੂੰ ਸਸਪੈਂਡ ਕਰਨ ਦੇ ਨਿਰਦੇਸ਼ ਦਿੱਤੇ ਸਨ। ਗ੍ਰਾਮੀਣਾਂ ਦਾ ਦੋਸ਼ ਸੀ ਕਿ ਚੰਦਪੁਰਾ ਪਿੰਡ ਵਿੱਚ ਬਿਜਲੀ ਦਾ ਟ੍ਰਾਂਸਫਾਰਮਰ ਕਈ ਦਿਨਾਂ ਤੋਂ ਖਰਾਬ ਸੀ ਅਤੇ ਇਸ ਸਬੰਧ ਵਿੱਚ ਉਹ ਇੰਡਸਟਰੀਅਲ ਏਰੀਆ ਦੇ ਜੇ ਈ ਨੂੰ ਲਗਭਗ 15 ਦਿਨ ਪਹਿਲਾਂ ਸ਼ਿਕਾਇਤ ਦਿੱਤੀ ਸੀ। ਪਰ ਉਸ ਵੱਲੋਂ ਨਾ ਤਾਂ ਟ੍ਰਾਂਸਫਾਰਮਰ ਨੂੰ ਠੀਕ ਕੀਤਾ ਗਿਆ ਅਤੇ ਨਾ ਹੀ ਇਸ ਨੂੰ ਬਦਲਿਆ ਗਿਆ। ਮੰਤਰੀ ਨੇ ਇਸ ਮਾਮਲੇ ਵਿੱਚ ਸਖ਼ਤ ਐਕਸ਼ਨ ਲੈਂਦੇ ਹੋਏ ਜੇ ਈ ਨੂੰ ਸਸਪੈਂਡ ਕਰਨ ਦੇ ਨਿਰਦੇਸ਼ ਦਿੱਤੇ ਅਤੇ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰ ਦਿੱਤਾ ਗਿਆ ਹੈ।ਗੌਰਤਲਬ ਹੈ ਕਿ ਊਰਜਾ ਮੰਤਰੀ ਅਨਿਲ ਵਿਜ ਨੇ ਬਿਜਲੀ ਨਿਗਮ ਅਧਿਕਾਰੀਆਂ ਨੂੰ ਪਹਿਲਾਂ ਤੋਂ ਨਿਰਦੇਸ਼ ਦਿੱਤੇ ਸਨ ਕਿ ਬਿਜਲੀ ਦੇ ਖਰਾਬ ਟ੍ਰਾਂਸਫਾਰਮਰ ਸ਼ਹਿਰੀ ਖੇਤਰ ਵਿੱਚ ਇੱਕ ਘੰਟੇ ਦੇ ਅੰਦਰ ਅਤੇ ਗ੍ਰਾਮੀਣ ਖੇਤਰ ਵਿੱਚ ਦੋ ਘੰਟੇ ਅੰਦਰ ਬਦਲ ਕੇ ਜਾਂ ਮੁਰੰਮਤ ਕਰ ਕੇ ਬਿਜਲੀ ਦੀ ਸਪਲਾਈ ਨੂੰ ਠੀਕ ਕੀਤਾ ਜਾਵੇ। ਗ੍ਰਾਮੀਣਾਂ ਦੀ ਸ਼ਿਕਾਇਤ ’ਤੇ ਕਾਰਵਾਈ ਕਰਦੇ ਹੋਏ ਜਿੱਥੇ ਜੇ ਈ ਨੂੰ ਸਸਪੈਂਡ ਕੀਤਾ ਗਿਆ ਹੈ ਉੱਥੇ ਖਰਾਬ ਟ੍ਰਾਂਸਫਾਰਮਰ ਨੂੰ ਵੀ ਬਿਜਲੀ ਨਿਗਮ ਵੱਲੋਂ ਬਦਲ ਦਿੱਤਾ ਗਿਆ ਹੈ।

# ਡਾ. ਇਸ਼ਾਂਕ ਕੁਮਾਰ ਨੇ ਸੰਜੀਵ ਅਰੋੜਾ ਲਈ ਕੀਤਾ ਪ੍ਰਚਾਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅਸੈਂਬਲੀ ਹਲਕਾ ਲੁਧਿਆਣਾ ਵੈਸਟ ਦੇ ਜ਼ਿਮਨੀ ਚੋਣ ਦੇ ਮੱਦੇਨਜ਼ਰ ਸਾਰੀਆਂ ਪਾਰਟੀਆਂ ਦੇ ਨੇਤਾ ਆਪਣਾ ਪੂਰਾ ਜ਼ੋਰ ਲਗਾ ਕੇ ਆਪਣੇ ਉਮੀਦਵਾਰਾਂ ਲਈ ਪ੍ਰਚਾਰ ਕਰ ਰਹੇ ਹਨ।ਆਮ ਆਦਮੀ ਪਾਰਟੀ ਦੇ ਉਮਦੀਵਾਰ ਸੰਜੀਵ ਅਰੋੜਾ ਦੇ ਚੋਣ ਪ੍ਰਚਾਰ ਲਈ ਵੀ ‘ਆਪ’ ਦੁਆਰਾ ਜ਼ਬਰਦਸਤ ਪ੍ਰਚਾਰ ਕੀਤਾ ਜਾ ਰਿਹਾ ਹੈ।ਬੀਤੇ ਦਿਨੀਂ ਚੱਬੇਵਾਲ ਹਲਕਾ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਵੀ ਲੁਧਿਆਣਾ ਪਹੁੰਚ ਕੇ ਵਾਰਡ ਨੰ. 58 ਵਿੱਚ ਸੰਜੀਵ ਅਰੋੜਾ ਦੇ ਹੱਕ ਵਿੱਚ ਵਰਕਰਾਂ ਨੂੰ ਲਾਮਬੰਦ ਕੀਤਾ। ਲੋਕਾਂ ਵਿੱਚ ਪਹੁੰਚ ਕੇ ‘ਆਪ’ ਦੀਆ ਨੀਤੀਆਂ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਆਪਣੇ ਉਮੀਦਵਾਰ ਲਈ ਵੋਟ ਦੀ ਮੰਗ ਕੀਤੀ ।ਕੌਂਸਲਰ ਦਫ਼ਤਰ ਵਾਰਡ ਨੰ. 58 ਵਿਖੇ ਉਹਨਾਂ ਨੇ ਸੀਨੀਅਰ ਪਾਰਟੀ ਨੇਤਾਵਾਂ ਅਤੇ ਪਾਰਟੀ ਅਹੁਦੇਦਾਰਾਂ ਦੇ ਨਾਲ ਬੈਠਕ ਵਿੱਚ ਵੀ ਭਾਗ ਲਿਆ ਅਤੇ ਪਾਰਟੀ ਦੀ ਚੋਣ ਰਣਨੀਤੀ ’ਤੇ ਚਰਚਾ ਕੀਤੀ।ਇਸ ਬੈਠਕ ਵਿੱਚ ਡਾ. ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ, ਵਿਧਾਇਕ ਕਰਮਵੀਰ ਸਿੰਘ ਘੁੰਮਣ ਦਸੂਹਾ, ਵਾਰਡ ਨੰ. 58 ਦੇ ਕੌਂਸਲਰ ਸਤਨਾਮ ਸਿੰਘ ਸਨੀ ਮਾਸਟਰ, ਜਸਪਾਲ ਸਿੰਘ, ਦਲਜੀਤ ਰਾਜੂ ਆਦਿ ਸ਼ਾਮਲ ਸਨ।

# ਤੱਗੜ ਵੱਲੋਂ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਬਾਰੇ ਲਿਖੀ ਪੁਸਤਕ ਉੱਪਰ ਗੋਸ਼ਟੀ 5 ਜੁਲਾਈ ਨੂੰ

**ਜਲੰਧਰ/ਪਟਿਆਲਾ** : ਪੰਜਾਬ ਦੇ ਉੱਘੇ ਕਮਿਊਨਿਸਟ ਆਗੂ ਕਾਮਰੇਡ ਲਹਿਬਰ ਸਿੰਘ ਤੱਗੜ ਵੱਲੋਂ ਲਿਖੀ ਵੱਡੀ ਆਕਾਰੀ ਪੁਸਤਕ ‘ਪੰਜਾਬ ਵਿੱਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਅਤੇ ਉਤਰਾਵਾਂ ਚੜ੍ਹਾਵਾਂ ਦਾ ਸੰਖੇਪ ਇਤਿਹਾਸ’ ਜਿਸ ਦੀ ਪੰਜਾਬ ਦੇ ਜਮਹੂਰੀ ਅਤੇ ਕਮਿਊਨਿਸਟ ਹਲਕਿਆਂ ਵਿੱਚ ਪਿਛਲੇ ਦਿਨਾਂ ਤੋਂ ਖ਼ੂਬ ਚਰਚਾ ਹੋ ਰਹੀ ਹੈ , ਬਾਰੇ ਇੱਕ ਮਹੱਤਵਪੂਰਨ ਅਤੇ ਗੰਭੀਰ ਗੋਸ਼ਟੀ ਮਿਤੀ 5 ਜੁਲਾਈ ਨੂੰ 10 ਵਜੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਆਡੀਟੋਰੀਅਮ ਵਿਖੇ ਕਰਵਾਈ ਜਾ ਰਹੀ ਹੈ । ਇਹ ਜਾਣਕਾਰੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿਸਟਰਡ ਦੇ ਪ੍ਰਧਾਨ ਪਵਨ ਹਰਚੰਦਪੁਰੀ ਅਤੇ ਜਨਰਲ ਸਕੱਤਰ ਸੰਧੂ ਵਰਿਆਣਵੀ ਵਲੋਂ ਜਾਰੀ ਕੀਤੇ ਗਏ ਲਿਖਤੀ ਪ੍ਰੈਸ ਨੋਟ ਵਿੱਚ ਦਿੱਤੀ ਗਈ ਹੈ । ਹਰਚੰਦਪੁਰੀ ਅਤੇ ਵਰਿਆਣਵੀ ਨੇ ਦੱਸਿਆ ਕਿ ਇਸ ਗੋਸ਼ਟੀ ਦਾ ਆਯੋਜਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿਸਟਰਡ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਇਸ ਵਿੱਚ ਪੰਜਾਬ ਅਤੇ ਪੰਜਾਬੀ ਦੇ ਕਈ ਉੱਘੇ ਬੁੱਧਜੀਵੀ, ਵਿਦਵਾਨ ਅਤੇ ਇਤਿਹਾਸਕਾਰ ਆਪੋ ਆਪਣੇ ਪਰਚੇ ਪੇਸ਼ ਕਰਨਗੇ ਅਤੇ ਪੜ੍ਹਨਗੇ। ਇਸ ਮੌਕੇ ਅਗਾਂਹਵਧੂ ਰਚਨਾਵਾਂ ਦਾ ਕਵਿਤਾ ਪਾਠ ਵੀ ਹੋਵੇਗਾ । ਇਸ ਗੋਸ਼ਟੀ ਵਿੱਚ ਸ਼ਾਮਲ ਹੋਣ, ਵਿਚਾਰ ਸੁਣਨ ਅਤੇ ਆਪਣੇ ਵਿਚਾਰ ਪੇਸ਼ ਕਰਨ ਦਾ ਸਭ ਪੰਜਾਬੀ ਪਿਆਰਿਆਂ ਨੂੰ ਸੱਦਾ ਦਿੱਤਾ ਜਾਂਦਾ ਹੈ । ਕੇਂਦਰੀ ਸਭਾ ਦੀ ਚੁਣੀ ਹੋਈ ਕੇਂਦਰੀ ਕਮੇਟੀ, ਕਾਰਜਕਾਰਨੀ ਮੈਂਬਰ ਸਾਹਿਬਾਨ ਅਤੇ ਜਥੇਬੰਦੀ ਨਾਲ ਸੰਬੰਧਿਤ ਸਾਰੀਆਂ ਸਭਾਵਾਂ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਵੀ ਸਮਾਗਮ ਵਿੱਚ ਸ਼ਾਮਿਲ ਹੋਣਾ ਯਕੀਨੀ ਬਣਾਉਣ।




# ‘ਸੀ ਐੱਮ ਦੀ ਯੋਗਸ਼ਾਲਾ’ ਨਾਲ ਜੀਵਨ-ਸ਼ੈਲੀ ’ਚ ਆ ਰਿਹਾ ਹੈ ਬਦਲਾਅ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਯੋਗਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਯੋਗਾ ਮਨੁੱਖੀ ਸਰੀਰ ਨੂੰ ਸਿਹਤਮੰਦ ਰੱਖਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਯੋਗਾ ਕਰਨ ਨਾਲ ਅਸੀਂ ਨਾ ਸਿਰਫ ਸਰੀਰਕ ਤੌਰ ’ਤੇ ਸਿਹਤਮੰਦ ਹੁੰਦੇ ਹਾਂ, ਸਗੋਂ ਮਾਨਸਿਕ ਤੌਰ ’ਤੇ ਵੀ ਸਿਹਤਮੰਦ ਹੁੰਦੇ ਹਾਂ। ਅਸੀਂ ਤੰਦਰੁਸਤ ਹੋ ਜਾਂਦੇ ਹਾਂ ਅਤੇ ਸਾਡੇ ਮਨ ਨੂੰ ਅੰਦਰੋਂ ਸਾਂਤੀ ਮਿਲਦੀ ਹੈ। ਯੋਗ ਸਰੀਰ ਨੂੰ ਸਰੀਰਕ ਅਤੇ ਮਾਨਸਿਕ ਤੌਰ ’ਤੇ ਤੰਦਰੁਸਤ ਰੱਖਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪ੍ਰਤਿਮਾ ਡਾਵਰ ਨੇ ਇਹ ਵੀ ਦੱਸਿਆ ਕਿ ਲੋਕਾਂ ਨੇ ਦੱਸਿਆ ਕਿ ਉਹ ਘਰੇਲੂ ਔਰਤਾਂ ਹਨ ਅਤੇ ਉਨ੍ਹਾਂ ਦਾ ਸਾਰਾ ਦਿਨ ਸਿਰਫ ਘਰੇਲੂ ਕੰਮਾਂ ਤੱਕ ਸੀਮਤ ਸੀ। ਉਹ ਆਪਣੇ ਲਈ ਸਮਾਂ ਨਹੀਂ ਕੱਢ ਸਕਦੀਆਂ ਸਨ ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁਫਤ ਯੋਗਾ ਕਲਾਸਾਂ ਦੀ ਮੁਹਿੰਮ ਸ਼ੁਰੂ ਕੀਤੀ ਹੈ, ਤਾਂ ਉਨ੍ਹਾਂ ਨੇ ਯੋਗਾ ਕਲਾਸਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਜਦੋਂ ਤੋਂ ਉਨ੍ਹਾਂ ਨੇ ਯੋਗਾ ਕਲਾਸਾਂ ਵਿੱਚ ਜਾਣਾ ਸੁਰੂ ਕੀਤਾ ਹੈ, ਉਨ੍ਹਾਂ ਦੀ ਰੋਜਾਨਾ ਦੀ ਰੁਟੀਨ ਬਦਲ ਗਈ ਹੈ, ਉਨ੍ਹਾਂ ਨੂੰ ਕਈ ਬਿਮਾਰੀਆਂ ਤੋਂ ਰਾਹਤ ਮਿਲੀ ਹੈ ਅਤੇ ਉਨ੍ਹਾਂ ਨੂੰ ਯੋਗਾ ਕਲਾਸ ਵਿੱਚ ਆ ਕੇ ਬਹੁਤ ਚੰਗਾ ਮਹਿਸੂਸ ਹੁੰਦਾ ਹੈ, ਅਤੇ ਸਰੀਰ ਵੀ ਪਹਿਲਾਂ ਨਾਲੋਂ ਜ਼ਿਆਦਾ ਊਰਜਾਵਾਨ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਇੰਨਾ ਵੱਡਾ ਬਦਲਾਅ ਆਵੇਗਾ। ਇਸ ਬਦਲਾਅ ਲਈ ਉਹ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਹੁਤ ਧੰਨਵਾਦੀ ਹਨ, ਜਿਨ੍ਹਾਂ ਨੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ।

# ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਅਕਾਲ ਚਲਾਣੇ ’ਤੇ ਦੁੱਖ ਦਾ ਪ੍ਰਗਟਾਵਾ

**ਮਾਹਿਲਪੁਰ (ਸਫ਼ਰੀ)**- ਨਵਾਂ ਜ਼ਮਾਨਾ ਅਖਬਾਰ ਦੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਜਨਰਲ ਸਕੱਤਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜਿਨ੍ਹਾਂ ਦਾ ਪਿਛਲੇ ਦਿਨੀਂ ਵਿਦੇਸ਼ ਗਏ ਦੇਹਾਂਤ ਹੋ ਗਿਆ ਸੀ, ਸੀ ਪੀ ਆਈ ਦਫ਼ਤਰ ਮਾਹਿਲਪੁਰ ਤਹਿਸੀਲ ਗੜ੍ਹਸ਼ੰਕਰ ਵਿਖੇ ਕਾਮਰੇਡ ਉਂਕਾਰ ਸਿੰਘ ਅਸਿਸਟੈਂਟ ਸੈਕਟਰੀ ਹੁਸ਼ਿਆਰਪੁਰ ਅਤੇ ਕਾਮਰੇਡ ਸਾਧੂ ਸਿੰਘ ਭੱਟੀ ਤਹਿਸੀਲ ਸੈਕਟਰੀ, ਜ਼ਿਲ੍ਹਾ ਕੌਂਸਲ ਐਗਜ਼ੈਕਟਿਵ ਮੈਂਬਰ ਅਤੇ ਸੁਖਵਿੰਦਰ ਸਫ਼ਰੀ ਸੀ ਪੀ ਆਈ ਦਫ਼ਤਰ ਇੰਚਾਰਜ ਮਾਹਿਲਪੁਰ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਹਨਾਂ ਕਿਹਾ ਕਿ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਬਹੁਤ ਸੂਝਵਾਨ, ਮਿੱਠ ਬੋਲੜ ਤੇ ਨੇਕ ਸੁਭਾਅ ਦੇ ਮਾਲਕ ਸਨ। ਉਹਨਾਂ ਨੇ ਪੱਤਰਕਾਰਾਂ ਨੂੰ ਵੀ ਚੰਗੀ ਸੇਧ ਦਿੱਤੀ। ਪ੍ਰਮਾਤਮਾ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਚੇਅਰਮੈਨ ਮਾਰਕੀਟ ਕਮੇਟੀ ਵੱਲੋਂ ਖੇਤੀ ਹਾਦਸਿਆਂ ਦੇ ਸ਼ਿਕਾਰ ਕਿਸਾਨਾਂ ਨੂੰ ਸਹਾਇਤਾ ਰਾਸ਼ੀ ਪ੍ਰਦਾਨ



**ਟਾਂਡਾ (ਓਂਕਾਰ ਸਿੰਘ)**- ਪੰਜਾਬ ਸਰਕਾਰ ਵੱਲੋਂ ਚਲਾਈ ਗਈ ਕਿਸਾਨ-ਮਜ਼ਦੂਰ ਹਾਦਸਾ ਭਲਾਈ ਯੋਜਨਾ ਅਧੀਨ ਮਾਰਕੀਟ ਕਮੇਟੀ ਟਾਂਡਾ ਉੜਮੁੜ ਵਿਖੇ ਪ੍ਰਾਪਤ ਹੋਏ ਕੇਸਾਂ ਦੀ ਤਿੰਨ ਮੈਂਬਰੀ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿਚ 3 ਕੇਸ ਕਮੇਟੀ ਵੱਲੋਂ ਪ੍ਰਵਾਨ ਕੀਤੇ ਗਏ। ਉਪਰੰਤ ਜਿਨ੍ਹਾਂ ਕਿਸਾਨਾਂ ਨਾਲ ਖੇਤੀਬਾੜੀ ਕਰਦਿਆਂ ਹਾਦਸੇ ਵਾਪਰੇ ਸੀ, ਉਨ੍ਹਾਂ ਨੂੰ ਕਿਸਾਨ-ਮਜ਼ਦੂਰ ਹਾਦਸਾ ਭਲਾਈ ਯੋਜਨਾ ਅਨੁਸਾਰ ਚੇਅਰਮੈਨ ਮਾਰਕੀਟ ਕਮੇਟੀ ਟਾਂਡਾ ਚੌਧਰੀ ਰਾਜਵਿੰਦਰ ਸਿੰਘ ਰਾਜਾ ਵੱਲੋਂ 216000 ਰੁਪਏ ਸਹਾਇਤਾ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿਚ ਟਰਾਂਸਫਰ ਕਰਵਾਈ ਗਈ। ਇਸ ਮੌਕੇ ਵਿਚ ਸਕੱਤਰ ਮਾਰਕੀਟ ਕਮੇਟੀ ਟਾਂਡਾ ਹਰਪ੍ਰੀਤ ਸਿੰਘ ਜੌਹਲ, ਲੇਖਾਕਾਰ ਰਮਨਦੀਪ, ਨਵਰੀਤ ਸਿੰਘ, ਅਮਰਜੀਤ ਸਿੰਘ,ਕਿਰਨਦੀਪ ਸਿੰਘ, ਪ੍ਰੇਮ ਜੈਨ, ਸਰਪੰਚ ਗੋਲਡੀ ਨਿਰਵਾਲ, ਸਚਿਨ ਪੁਰੀ, ਕਮਲ ਧੀਰ, ਨਵਜੋਤ ਸਿੰਘ, ਸਰਪੰਚ ਪਲਾਚੱਕ ਰਜਿੰਦਰ ਕੌਰ, ਨੰਬਰਦਾਰ ਪਿੰਡ ਕੋਟਲੀ ਜੰਡ ਉਂਕਾਰ ਸਿੰਘ ਤੇ ਹੋਰ ਹਾਜ਼ਰ ਸਨ।

# ਮੀਆਂ ਰਹਿਮਤ ਸ਼ਾਹ ਦਾ ਸਾਲਾਨਾ ਦੋ ਦਿਨਾ ਜੋੜ ਮੇਲਾ 20 ਤੇ 21 ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ੇਰੇ ਖੁਦਾ ਬਾਬਾ ਮੀਆਂ ਰਹਿਮਤ ਸ਼ਾਹ ਜੀ ਦਾ 40 ਵਾਂ ਸਲਾਨਾ ਦੋ ਦਿਨਾ ਜੋੜ ਮੇਲਾ 20 ਅਤੇ 21 ਜੂਨ ਨੂੰ



ਬੜੀ ਪਿੰਡ ਮਹਾਲੋਂ ਤੇ ਗੁਜਰਪੁਰ ਨਗਰ ਵਾਸੀਆਂ ਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸ਼ਰਧਾਪੂਰਵਕ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਦਰਬਾਰ ਦੇ ਸੇਵਾਦਾਰ ਸਖੀ ਪਾਲ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਸਨੀ, ਸੈਕਟਰੀ ਇਕਬਾਲ ਸਿੰਘ, ਖਜ਼ਾਨਚੀ ਮੇਜਰ ਨੇ ਦੱਸਿਆ ਕਿ ਪਹਿਲਾਂ ਮੁਬਾਰਕ ਮਹਿੰਦੀ ਦੀ ਰਸਮ ਵੀਰਵਾਰ ਨੂੰ ਅਤੇ 20 ਜੂਨ ਨੂੰ ਸ਼ਾਮ ਨੂੰ 6:00 ਵਜੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਸ਼ਾਮ 7:00 ਵਜੇ ਚਾਦਰ ਚੜ੍ਹਾਉਣ ਤੇ ਚਿਰਾਗ ਏ ਸ਼ਮ੍ਹਾ ਰੋਸ਼ਨ ਕੀਤੇ ਜਾਣਗੇ। ਸ਼ਾਮ 8 : 00 ਵਜੇ ਸਿੰਗਰ ਰੀਟਾ ਸਿੱਧੂ ਮਹਿਫਲ, ਕਵਾਲੀਆ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਟਿੱਕੀਆਂ ਦਾ ਲੰਗਰ ਲਗਾਇਆ ਜਾਵੇਗਾ 21 ਜੂਨ ਦਿਨ ਨੂੰ ਸਵੇਰੇ ਸਮੁੱਚੇ ਨਗਰ ਦੀ ਖੁਸ਼ਹਾਲੀ ਅਤੇ ਸੁੱਖ ਸ਼ਾਂਤੀ ਲਈ ਫਰਿਆਦ ਕੀਤੀ ਜਾਵੇਗੀ ਅਤੇ ਪੰਜਾਬ ਦੇ ਮਸ਼ਹੂਰ ਕਲਾਕਾਰ ਗਾਇਕ ਇਸਰਾਏਲ ਗੁਲਾਮ ਅਲੀ, ਸੱਤੀ ਸਿਤਾਰਾ, ਐਸ ਐਨ ਸੂਫੀ ਨਬੀ, ਰੂਹਾਨੀ ਕਵਾਲ, ਪੰਜਾਬੀ ਸੱਭਿਆਚਾਰ ਇੰਦਰ ਭੰਗੜਾ ਗਰੁੱਪ ਕਵਾਲੀਆਂ, ਗੀਤਾਂ ਰਾਹੀ ਮਨੋਰੰਜਨ ਕਰਨਗੇ। ਚਾਹ-ਪਕੌੜਿਆਂ ਤੋਂ ਬਾਅਦ ਵੱਖ-ਵੱਖ ਪਕਵਾਨਾਂ ਅਤੇ ਮਠਿਆਈਆਂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਠੰਢੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਜਾਵੇਗੀ । ਇਸ ਮੌਕੇ ਸਦਾ ਰਾਮ , ਸਖੀਪਾਲ, ਸੁਰਿੰਦਰ ਪਾਲ, ਖੁਸ਼ੀ, ਲਖਦੀਪ ਸੋਨੂੰ, ਗਗਨਦੀਪ, ਦਿਲਾਵਰ, ਦਰਬਾਰ ਗੈਵੀ, ਮਨੀ, ਹਰਸ਼ ਪੰਨਾ ਗੁੱਜਰਪੁਰ, ਸ਼ੋਕੀ ਸਤਨਾਮ, ਵਿੱਕੀ ਨੇ ਦਰਬਾਰ ’ਚ ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

# ਦੁਕਾਨਦਾਰਾਂ ਨੂੰ ਕਿਤੇ ਵੀ ਪਾਣੀ ਖੜ੍ਹਾ ਨਾ ਹੋਣ ਦੇਣ ਦੀ ਅਪੀਲ

**ਪੰਚਕੂਲਾ (ਕ੍ਰਿਸ਼ਨ ਗਰਗ)**- ‘ਹਰ ਸ਼ੁੱਕਰਵਾਰ, ਡੇਂਗੂ ’ਤੇ ਵਾਰ’ ਮੁਹਿੰਮ ਤਹਿਤ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਲਕਜੋਤ ਕੌਰ ਦੀ ਅਗਵਾਈ ਹੇਠ ਸਿਹਤ ਟੀਮ ਨੇ ਬੂਥਗੜ੍ਹ ਵਿਖੇ ਢਾਬਿਆਂ ਅਤੇ ਮਠਿਆਈ ਦੀਆਂ ਦੁਕਾਨਾਂ ’ਚ ਚੈਕਿੰਗ ਕੀਤੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਅਲਕਜੋਤ ਕੌਰ ਨੇ ਦੱਸਿਆ ਕਿ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀਆਂ ਹਦਾਇਤਾਂ ’ਤੇ ਵੱਖ-ਵੱਖ ਦੁਕਾਨਾਂ ਵਿਚ ਚੈਕਿੰਗ ਕੀਤੀ ਗਈ ਅਤੇ ਦੁਕਾਨਦਾਰਾਂ ਨੂੰ ਡੇਂਗੂ ਬੁਖ਼ਾਰ ਤੋਂ ਬਚਾਅ ਲਈ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦੇਣ ਲਈ ਆਖਿਆ ਗਿਆ। ਇਸ ਦੇ ਨਾਲ ਹੀ ਦੁਕਾਨਦਾਰਾਂ ਨੂੰ ਸਾਫ਼-ਸਫ਼ਾਈ ਰੱਖਣ ਅਤੇ ਮਿਆਰੀ ਤੇ ਮਿਲਾਵਟ-ਰਹਿਤ ਖਾਧ ਪਦਾਰਥ ਬਣਾਉਣ ਤੇ ਵੇਚਣ ਦੀ ਹਦਾਇਤ ਕੀਤੀ ਗਈ। ਇਸੇ ਦੌਰਾਨ ਪੀ.ਐਚ.ਸੀ. ਅਧੀਨ ਵੱਖ-ਵੱਖ ਥਾਈਂ ਸਿਹਤ ਟੀਮਾਂ ਨੇ ਦੁਕਾਨਾਂ ਅਤੇ ਢਾਬਿਆਂ ਵਿਚ ਜਾ ਕੇ ਚੈਕਿੰਗ ਕੀਤੀ।ਡਾ. ਅਲਕਜੋਤ ਕੌਰ ਮੁਤਾਬਕ ਦੁਕਾਨਦਾਰਾਂ ਨੂੰ ਦੱਸਿਆ ਗਿਆ ਕਿ ਡੇਂਗੂ ਜਾਨਲੇਵਾ ਬੁਖ਼ਾਰ ਹੈ, ਜਿਸ ਤੋਂ ਬਚਾਅ ਲਈ ਕਿਸੇ ਵੀ ਥਾਂ ’ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇ ਕਿਸੇ ਕਾਰਨ ਡੇਂਗੂ ਬੁਖ਼ਾਰ ਹੋ ਜਾਂਦਾ ਹੈ ਤਾਂ ਘਬਰਾਉਣ ਦੀ ਲੋੜ ਨਹੀਂ। ਮਰੀਜ਼ ਨੂੰ ਸਰਕਾਰੀ ਸਿਹਤ ਸੰਸਥਾ ਵਿਚ ਲਿਆਂਦਾ ਜਾਵੇ ਜਿੱਥੇ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਮਰੀਜ਼ ਤਰਲ ਪਦਾਰਥਾਂ ਜਿਵੇਂ ਪਾਣੀ, ਜੂਸ, ਨਿੰਬੂ ਪਾਣੀ, ਨਾਰੀਅਲ ਪਾਣੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰੇ ਅਤੇ ਆਰਾਮ ਕਰੇ। ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਡਾ. ਅਰੁਣ ਬਾਂਸਲ, ਸਿਹਤ ਸੁਪਰਵਾਇਜ਼ਰ ਸਵਰਨ ਸਿੰਘ, ਸੁਖਦੇਵ ਸਿੰਘ, ਜਸਵੀਰ ਸਿੰਘ ਤੇ ਹੋਰ ਅਧਿਕਾਰੀ ਮੌਜੂਦ ਸਨ।

# ਦਰਬਾਰ ਪੀਰ ਬਾਬਾ ਲੱਖ ਦਾਤਾ ਖੇੜਾ ਵਿਖੇ ਸਾਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਦਰਬਾਰ ਪੀਰ ਬਾਬਾ ਲੱਖ ਦਾਤਾ ਜੀ ਪਿੰਡ ਖੇੜਾ ਵਿਖੇ ਸਲਾਨਾ ਮੇਲਾ ਸੰਤ ਅਸ਼ੋਕ ਕੁਮਾਰ ਚੱਕਰਵਰਤੀ ਦੀ ਰਹਿਨੁਮਾਈ, ਗ੍ਰਾਮ ਪੰਚਾਇਤ, ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਸ਼ਾਮ ਨੂੰ ਚਿਰਾਗਾਂ ਦੀ ਰਸਮ, ਛਿੰਝ ਦੀ ਰਸਮ ਅਦਾ ਕੀਤੀ ਗਈ। ਮੇਲੇ ਦੇ ਦੂਸਰੇ ਦਿਨ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਪੰਜਾਬੀ ਕਲਾਕਾਰਾਂ, ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਰਾਤ ਨੂੰ ਧਰਮਵੀਰ ਪ੍ਰਦੇਸੀ ਦੀ ਅਗਵਾਈ ਹੇਠ ਨਾਟਕ (ਡਰਾਮਾ) ਖੇਡਿਆ ਗਿਆ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਨੰਦ ਲਾਲ, ਜੀਵਨ ਲਾਲ, ਅਜੇ ਕੁਮਾਰ ਬੱਬੂ, ਬੰਟੀ ਨੰਬਰਦਾਰ, ਦੇਸ ਰਾਜ ਪ੍ਰਧਾਨ, ਬੀਬੀ ਨਿਸ਼ਾ ਰਾਣੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸੋਢੀ ਰਾਮ, ਮਹਿੰਦਰ ਪਾਲ ਕਲੇਰ, ਹਰਮੇਸ਼ ਲਾਲ, ਬਿੱਲਾ, ਸ਼ੈਲੀ ਆਦਿ ਹਾਜ਼ਰ ਸਨ।

# ਨੈਸ਼ਨਲ ਹਾਈਵੇ ਨੇ ਨਜਾਇਜ਼ ਕੱਟ ਕੀਤੇ ਬੰਦ

**ਬਲਾਚੌਰ (ਜਸਵਿੰਦਰ ਬੈਂਸ)**- ਨੈਸ਼ਨਲ ਹਾਈਵੇ ਦੀ ਟੀਮ ਵੱਲੋਂ ਹਾਦਸਿਆਂ ਨੂੰ ਠੱਲ੍ਹ ਪਾਉਣ ਹਿੱਤ ਬਲਾਚੌਰ ਓਪਨ ਨੈਸਨਲ ਹਾਈਵੇ ’ਤੇ ਮੌਜੂਦ ਨਜਾਇਜ਼ ਕੱਟਾਂ ਨੂੰ ਬੰਦ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਸੜਕ ਦਾ ਨਿਰਮਾਣ ਕਰਨ ਮੌਕੇ ਅਣਗਹਿਲੀ ਵਰਤਦਿਆਂ ਹੋਇਆਂ ਨੈਸ਼ਨਲ ਹਾਈਵੇ ਵੱਲੋਂ ਕੁੱਝ ਥਾਵਾਂ ’ਤੇ ਨਜਾਇਜ਼ ਕੱਟ ਬਣਾ ਦਿੱਤੇ ਗਏ ਸਨ ਜਦ ਕਿ ਇਸ ਤੋਂ ਇਲਾਵਾ ਕਈ ਥਾਵਾਂ ’ਤੇ ਜ਼ਰੂਰੀ ਹੁੰਦਿਆਂ ਹੋਇਆਂ ਵੀ ਕੱਟ ਨਹੀਂ ਬਣਾਏ ਗਏ। ਪਰ ਹੁਣ ਹਰਕਤ ਵਿੱਚ ਆਉਂਦਿਆਂ ਨੈਸ਼ਨਲ ਹਾਈਵੇ ਦੀ ਟੀਮ ਵੱਲੋਂ ਸੀਮਿੰਟਡ ਰੋਕਾਂ ਲਗਾ ਕੇ ਇਹ ਨਜਾਇਜ਼ ਤੌਰ ਤੇ ਰੱਖੇ ਗਏ ਕੱਟ ਬੰਦ ਕਰ ਦਿੱਤੇ ਗਏ ਸਨ। ਪ੍ਰੰਤੂ ਕੁੱਝ ਗਲਤ ਅਨਸਰਾਂ ਵੱਲੋਂ ਰਾਤ ਦੇ ਹਨੇਰੇ ਵਿੱਚ ਇਨ੍ਹਾਂ ਸੀਮਿਟਡ ਰੋਕਾਂ ਦੀ ਤੋੜ ਭੰਨ ਕਰਨ ਉਪਰੰਤ ਹੇਠਾਂ ਸੁੱਟ ਦਿੱਤੇ ਗਏ। ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਨਜਾਇਜ਼ ਕੱਟਾਂ ਕਾਰਨ ਬਹੁ ਗਿਣਤੀ ਹਾਦਸੇ ਵਾਪਰ ਰਹੇ ਸਨ, ਜਿਸ ਦੇ ਮੱਦੇਨਜ਼ਰ ਉਨ੍ਹਾਂ ਨੂੰ ਵੱਡੇ ਅਧਿਕਾਰੀਆਂ ਦੀਆਂ ਸਖਤ ਹਦਾਇਤਾਂ ਹਨ ਕਿ ਨੈਸ਼ਨਲ ਹਾਈਵੇ ’ਤੇ ਬਣੇ ਨਜਾਇਜ਼ ਕੱਟਾਂ ਨੂੰ ਤੁਰੰਤ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਵੀ ਕੱਟ ਨਜਾਇਜ਼ ਬਣਾਏ ਗਏ ਹਨ, ਬੰਦ ਕਰ ਦਿੱਤੇ ਹਨ।



# ਜੀ ਆਰ ਡੀ ਨਰਸਿੰਗ ਕਾਲਜ ’ਚ ਵਿਸ਼ਵ ਖ਼ੂਨਦਾਨ ਦਿਵਸ ਮਨਾਇਆ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀਆਰਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਿਸ਼ਵ ਖ਼ੂਨ ਦਾਨ ਦਿਵਸ ਮਨਾਇਆ ਗਿਆ। ਸੰਸਥਾ ਦੀ ਚੇਅਰਪਰਸਨ ਪਰਦੀਪ ਕੌਰ ਤੇ ਮੈਨੇਜਿਗ ਡਾਇਰੈਕਟਰ ਵਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਅਗਵਾਈ ਵਿੱਚ ਮਨਾਏ ਗਏ ਵਿਸ਼ਵ ਖ਼ੂਨਦਾਨ ਦਿਵਸ ਮੌਕੇ ਪ੍ਰਿੰਸੀਪਲ ਰੇਨੂਵਾਲਾ ਤੇ ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ ਦੀ ਦੇਖ ਰੇਖ ਹੇਠ ਬੁਲਾਰਿਆਂ ਨੇ ਨਰਸਿੰਗ ਦੀਆਂ ਵਿਦਿਆਰਥਣਾਂ ਨੂੰ ਵਿਸ਼ਵ ਖ਼ੂਨ ਦਾਨ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਮੋਮੀ ਨੇ ਕਿਹਾ ਕਿ ਸਾਡੇ ਵੱਲੋਂ ਦਾਨ ਕੀਤਾ ਗਿਆ ਖ਼ੂਨ ਔਖੇ ਸਮੇਂ ਵਿੱਚ ਕਿਸੇ ਲੋੜਵੰਦ ਦੀ ਜਾਨ ਬਚਾਉਣ ਵਿੱਚ ਸਹਾਈ ਹੋ ਸਕਦਾ ਹੈ ਇਸ ਲਈ ਸਾਨੂੰ ਸਮੇਂ ਸਮੇਂ ’ਤੇ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ। ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਨੇ ਖ਼ੂਨ ਦਾਨ ਨੂੰ ਮਹਾਨ ਦਾਨ ਦੱਸਦੇ ਹੋਏ ਕਿਹਾ ਕਿ ਮਨੁੱਖਤਾ ਦੀ ਸੇਵਾ ਵਾਸਤੇ ਸਾਨੂੰ ਜਿੱਥੇ ਖ਼ੁਦ ਖ਼ੂਨਦਾਨ ਕਰਨਾ ਚਾਹੀਦਾ ਹੈ ਉੱਥੇ ਹੀ ਆਪਣੇ ਨਾਲਦਿਆਂ ਨੂੰ ਵੀ ਪ੍ਰੇਰਨਾ ਦੇਣੀ ਚਾਹੀਦੀ ਹੈ। ਵਿਦਿਆਰਥਣਾਂ ਦੇ ਚਾਰਟ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ ਅਤੇ ਪਹਿਲਾ ਦੂਸਰਾ ਤੇ ਤੀਸਰਾ ਸਥਾਨ ਹਾਸਿਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸੰਸਥਾ ਵੱਲੋਂ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮੈਡਮ ਦਲਜਿੰਦਰ ਕੌਰ, ਲਵਲੀ ਸੈਣੀ, ਪ੍ਰਿਯਕਾ, ਆਰਤੀ,ਮਨਪ੍ਰੀਤ ਕੌਰ, ਹਰਲੀਨ ਕੌਰ, ਜਸਲੀਨ ਕੌਰ, ਗਗਨਪ੍ਰੀਤ ਕੌਰ, ਰਮਨਪ੍ਰੀਤ ਕੌਰ, ਤਰੁਣਦੀਪ ਕੌਰ ਵੀ ਹਾਜਰ ਸਨ।




# ਬਿੱਕਰ ਸਿੰਘ ਹੱਥੋਆ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ

**ਨੂਰਮਹਿਲ (ਬਾਲ ਕ੍ਰਿਸਨ ਬਾਲੀ)**- ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡੀ ਸੀ ਦਫਤਰ ਸੰਗਰੂਰ ਵਿਖੇ ਪੱਕਾ ਮੋਰਚਾ ਸ਼ੁਰੂ ਕੀਤਾ ਜਾਣਾ ਸੀ। ਇਸ ਦੇ ਆਗੂਆਂ ਨੂੰ ਗੱਲਬਾਤ ਦਾ ਸੱਦਾ ਦਿੱਤਾ ਗਿਆ ਅਤੇ ਆਗੂ ਬਿੱਕਰ ਸਿੰਘ ਹੱਥੋਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ ਨਵਜੋਤ ਸਿਆਣੀਵਾਲ ਤੇ ਸੁਖਦੇਵ ਮੰਡਿਆਲਾ ਨੇ ਕਿਹਾ 20 ਮਈ ਨੂੰ ਪਿੰਡ ਬੀੜ ਐਸ ਵਾਨ ਵਿੱਚ ਜੀਂਦ ਦੇ ਰਾਜੇ ਦੀ 927 ਏਕੜ ਜਮੀਨ ਉੱਪਰ ਬੇਗਮਪੁਰਾ ਦੀ ਉਸਾਰੀ ਲਈ ਨਿਕਲੇ ਹਜਾਰਾਂ ਕਿਰਤੀ ਲੋਕਾਂ ਨੂੰ ਪੰਜਾਬ ਸਰਕਾਰ ਨੇ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਲਾ ਕੇ ਆਪਣੇ ਘਰਾਂ ਵਿੱਚ ਨਜਰਬੰਦ ਕੀਤਾ ਗਿਆ ਅਤੇ ਵੱਡੀ ਗਿਣਤੀ ਵਿੱਚ ਲਗਭਗ 900 ਦੇ ਕਰੀਬ ਗ੍ਰਿਫ਼ਤਾਰੀ ਹੋਈ। ਕਮੇਟੀ ਵੱਲੋਂ ਦੋ ਜੂਨ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਸੀ ਜਿਸ ਦੇ ਦਬਾਅ ਹੇਠ ਪੰਜਾਬ ਸਰਕਾਰ ਨਾਲ ਮੀਟਿੰਗ ਹੋਈ ਜਿਸ ਵਿੱਚ ਉਹਨਾਂ ਵੱਲੋਂ ਰਹਿੰਦੇ ਸਾਥੀਆਂ ਨੂੰ ਦੋ ਚਾਰ ਦਿਨਾਂ ਵਿੱਚ ਰਿਹਾਅ ਕਰਨ ਦਾ ਫੈਸਲਾ ਹੋਇਆ ਸੀ ਪ੍ਰੰਤੂ ਪੰਜਾਬ ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਗਈ। ਆਗੂਆਂ ਨੇ ਕਿਹਾ ਕਿ ਪਿੰਡ ਸਾਦੀ ਹਰੀ ਦੇ 10 ਮਰਦ ਅਤੇ ਦੋ ਔਰਤਾਂ ਜੇਲ੍ਹਾਂ ਵਿੱਚ ਬੰਦ ਹਨ ਇਸ ਵਾਅਦਾ ਖਿਲਾਫੀ ਦੇ ਰੋਸ ਵਜੋਂ ਡੀ ਸੀ ਦਫਤਰ ਸੰਗਰੂਰ ਵਿਖੇ ਪੱਕਾ ਮੋਰਚਾ ਸ਼ੁਰੂ ਕੀਤਾ ਜਾਣਾ ਸੀ ਪਰ ਮੋਰਚੇ ਤੋਂ ਪਹਿਲਾਂ ਹੀ ਲੋਕਾਂ ਨੂੰ ਵੱਖ-ਵੱਖ ਥਾਵਾਂ ’ਤੇ ਰੋਕਿਆ ਗਿਆ ਅਤੇ ਬਿੱਕਰ ਸਿੰਘ ਹਥੋਆ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਨੌਜਵਾਨ ਭਾਰਤ ਸਭਾ ਪੰਜਾਬ ਸਰਕਾਰ ਦੇ ਇਸ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਅਤੇ ਹਥੋਆ ਸਮੇਤ ਸਾਦੀ ਹਰੀ ਦੇ 12 ਦਲਿਤਾਂ ਨੂੰ ਰਿਹਾਅ ਕਰਨ ਦੀ ਮੰਗ ਕਰਦੀ ਹੈ। ਇਸ ਮੌਕੇ ਰਾਜਕੁਮਾਰ, ਅਜੇ ਤਾਰਾ ਸਿੰਘ ਹਾਜਰ ਸਨ।



# 46 ਨਵੀਆਂ ਅਤਿ-ਆਧੁਨਿਕ ਐਂਬੂਲੈਂਸਾਂ ਨੂੰ ਡਾ. ਬਲਬੀਰ ਸਿੰਘ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ

**ਚੰਡੀਗੜ੍ਹ (ਕਿਸ਼ਨ ਗਰਗ)**- ਪੰਜਾਬ ਸਰਕਾਰ ਦੀ ਸੂਬੇ ਵਿੱਚ ਸਮੇਂ ਸਿਰ, ਪਹੁੰਚਯੋਗ ਅਤੇ ਮਿਆਰੀ ਸਿਹਤ ਸੰਭਾਲ ਯਕੀਨੀ ਬਣਾਉਣ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ 46 ਅਤਿ-ਆਧੁਨਿਕ ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜੋ ਸੂਬੇ ਭਰ ਵਿੱਚ ਐਮਰਜੈਂਸੀ ਡਾਕਟਰੀ ਸੇਵਾਵਾਂ ਦਾ ਹੋਰ ਵਿਸਥਾਰ ਕਰਨਗੀਆਂ। ਨਵੀਆਂ ਐਂਬੂਲੈਂਸਾਂ ਸ਼ਾਮਲ ਕਰਨ ਨਾਲ ਪੰਜਾਬ ਦੇ ਐਮਰਜੈਂਸੀ ਐਂਬੂਲੈਂਸ ਫਲੀਟ ਦੀ ਗਿਣਤੀ 371 ਹੋ ਗਈ ਹੈ, ਜਿਸ ਨਾਲ ਇਸ ਦੀਆਂ ਜੀਵਨ ਰੱਖਿਅਕ ਸਮਰੱਥਾਵਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ।ਇਹਨਾਂ ਨਵੀਂਆਂ ਸ਼ਾਮਲ ਕੀਤੀਆਂ ਐਂਬੂਲੈਂਸਾਂ ਵਿੱਚ 7 ਚਾਈਲਡ ਮੈਮੋਰੀਅਲ ਐਂਬੂਲੈਂਸਾਂ ਵੀ ਸ਼ਾਮਲ ਹਨ ਹੈ ਜੋ ਇਸ ਸਾਲ 7 ਮਈ ਨੂੰ ਸਮਾਣਾ (ਪਟਿਆਲਾ) ਵਿਖੇ ਵਾਪਰੇ ਸੜਕ ਹਾਦਸੇ ਵਿੱਚ ਦੁਖਦਾਈ ਤੌਰ ’ਤੇ ਆਪਣੀਆਂ ਜਾਨਾਂ ਗੁਆਉਣ ਵਾਲੇ ਬੱਚਿਆਂ ਦੀ ਯਾਦ ਨੂੰ ਸਮਰਪਿਤ ਹਨ। ਅਤਿ-ਆਧੁਨਿਕ ਮੈਡੀਕਲ ਉਪਕਰਣਾਂ ਨਾਲ ਲੈਸ ਇਹ ਐਂਬੂਲੈਂਸਾਂ ਖੇਤਰ ਵਿੱਚ ਐਮਰਜੈਂਸੀ ਰਿਸਪਾਂਸ ਨੂੰ ਮਜ਼ਬੂਤ ਕਰਦੇ ਹੋਏ ਉਨ੍ਹਾਂ ਬੱਚਿਆਂ ਨੂੰ ਸ਼ਰਧਾਂਜਲੀ ਵਜੋਂ ਕੰਮ ਕਰਨਗੀਆਂ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਾਰੀਆਂ ਨਵੀਆਂ ਸ਼ਾਮਲ ਕੀਤੀਆਂ ਗਈਆਂ ਐਂਬੂਲੈਂਸਾਂ ਅਤਿ-ਆਧੁਨਿਕ ਡਾਕਟਰੀ ਉਪਕਰਨਾਂ ਨਾਲ ਲੈਸ ਹਨ ਜਿਨ੍ਹਾਂ ਵਿੱਚ ਆਕਸੀਜਨ ਅਤੇ ਐਂਬੂ-ਬੈਗ, ਜੀਵਨ-ਰੱਖਿਅਕ ਦਵਾਈਆਂ ਅਤੇ ਤੁਰੰਤ ਰਿਸਪਾਂਸ ਨੂੰ ਯਕੀਨੀ ਬਣਾਉਣ ਲਈ ਜੀ ਪੀ ਐਸ-ਅਧਾਰਤ ਟਰੈਕਿੰਗ ਸਿਸਟਮ ਸ਼ਾਮਲ ਹੈ। ਇਸ ਸਮਾਗਮ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ ਐਚ ਐਸ ਸੀ) ਦੇ ਚੇਅਰਮੈਨ ਰਮਨ ਬਹਿਲ, ਪ੍ਰਮੁੱਖ ਸਕੱਤਰ ਸਿਹਤ ਅਤੇ ਪਰਵਾਰ ਭਲਾਈ ਕੁਮਾਰ ਰਾਹੁਲ, ਪੀ ਐਚ ਐਸ ਸੀ ਦੇ ਮੈਨੇਜਿੰਗ ਡਾਇਰੈਕਟਰ ਅਮਿਤ ਤਲਵਾੜ, ਸਿਹਤ ਸੇਵਾਵਾਂ ਪੰਜਾਬ ਦੀ ਡਾਇਰੈਕਟਰ ਡਾ. ਹਿਤਿੰਦਰ ਕੌਰ, ਪਰਿਵਾਰ ਭਲਾਈ ਪੰਜਾਬ ਦੀ ਡਾਇਰੈਕਟਰ ਡਾ. ਜਸਮਿੰਦਰ ਕੌਰ, ਸਟੇਟ ਇੰਸ਼ੋਰੈਂਸ ਪੰਜਾਬ ਦੀ ਡਾਇਰੈਕਟਰ ਡਾ. ਜਸਪ੍ਰੀਤ ਕੌਰ, ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਦੇ ਡਾਇਰੈਕਟਰ ਡਾ. ਬਲਵਿੰਦਰ ਸਿੰਘ, ਪੀ ਐਚ ਐਸ ਸੀ ਪ੍ਰੋਕਿਊਰਮੈਂਟ ਦੇ ਡਾਇਰੈਕਟਰ ਡਾ. ਪਵਨਪ੍ਰੀਤ ਕੌਰ, ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਦੇ ਡਾਇਰੈਕਟਰ-ਕਮ-ਰਾਜ ਨੋਡਲ ਅਫਸਰ, ਮਿਸ਼ਨ ਤੰਦਰੁਸਤ ਪੰਜਾਬ ਡਾ. ਗੁਰਹਰਮਿੰਦਰ ਸਿੰਘ ਅਤੇ 108 ਐਂਬੂਲੈਂਸ ਸੇਵਾ ਦੇ ਪ੍ਰੋਜੈਕਟ ਹੈੱਡ ਮਨੀਸ਼ ਬੱਤਰਾ ਸ਼ਾਮਲ ਸਨ।





ਐੱਸ ਐੱਸ ਮਿਰਾਜਕਰ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

*ਗਿਰਝਾਂ ਉਡਦੀਆਂ ਨਜ਼ਰੀਂ ਆਈਆਂ,*
*ਜਿੱਥੋਂ ਤੀਕ ਨਜ਼ਰ ਗਈ ਏ।*
*ਬੰਦੇ ਨਹੀਂ ਤੇ ਬੰਦਿਆਂ ਅੰਦਰ,*
*ਕੋਈ ਸ਼ੈਅ ਤੇ ਮਰ ਗਈ ਏ।*
*- ਰਿਆਜ਼ ਅਹਿਮਦ ਸ਼ਾਦ*

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 15 ਜੂਨ 2025 | www.nawanzamana.in | ਕੀਮਤ 5.00 ਰੁਪਏ


# ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਤੇ 'ਨਵਾਂ ਜ਼ਮਾਨਾ' ਦੇ ਪਿਆਰੇ ਸਾਥੀ ਗੁਰਮੀਤ ਸਿੰਘ ਸ਼ੁਗਲੀ ਨੂੰ ਸਨੇਹ ਭਰੀ ਅਲਵਿਦਾ !

## ਭਰਾ, ਦੋਸਤ, ਅਧਿਆਪਕ, ਚਾਚਾ

**ਜਸ ਮੰਡ**

ਚਾਚਾ ਜੀ ਆਪਣੇ ਭਰਾ ਤੇ ਮੇਰੇ ਪਿਤਾ ਹੈੱਡਮਾਸਟਰ ਸੋਹਣ ਸਿੰਘ ਤੋਂ 20 ਸਾਲ ਛੋਟੇ ਸਨ। ਵੱਡੇ ਭਰਾ ਦੀ ਬੀਵੀ ਸਵਰਨ ਕੌਰ 1953 ਵਿਚ ਜਦੋਂ ਮੰਡ ਮੌੜ ਵਿਚ ਵਿਆਹੀ ਆਈ, ਤਾਂ ਉਸ ਨੇ ਦੋ ਨਿੱਕੇ-ਨਿੱਕੇ ਬਾਲ ਵਿਹੜੇ ਵਿਚ ਖੇਡਦੇ ਵੇਖੇ। ਉਨ੍ਹਾਂ 'ਚੋਂ ਇਕ ਸੀ ਚਾਰ ਕੁ ਵਰ੍ਹਿਆਂ ਦਾ ਗੁਣਦੇਵ ਤੇ ਦੂਜਾ ਪੰਜਾਂ ਕੁ ਵਰ੍ਹਿਆਂ ਦਾ ਗੁਰਮੀਤ। ਇਨ੍ਹਾਂ ਬੱਚਿਆਂ ਲਈ ਉਨ੍ਹਾਂ ਦੀ ਭਾਬੀ ਮਾਂ ਵਰਗੀ ਸੀ, ਤੇ ਇਸ ਭਾਬੀ ਨੇ ਮਾਂ ਬਣ ਕੇ ਇਨ੍ਹਾਂ ਬੱਚਿਆਂ ਨੂੰ ਕੁੱਛੜ ਚੁੱਕ ਕੇ ਖਿਡਾਇਆ ਵੀ, ਤੇ ਪਾਲਣ-ਪੋਸ਼ਣ ਵੀ ਕੀਤਾ। ਕੁਝ ਸਾਲਾਂ ਬਾਅਦ ਇਹ ਬੱਚੇ ਆਪਣੇ ਭਰਾ, ਭਾਬੀ ਦੇ ਨਾਲ ਅਲਾਵਲਪੁਰ ਜਾ ਕੇ ਰਹਿਣ ਲੱਗੇ ਅਤੇ ਉਨ੍ਹਾਂ ਕੋਲ ਰਹਿ ਕੇ ਹੀ ਦਸਵੀਂ ਤੱਕ ਦੀ ਪੜ੍ਹਾਈ ਪੂਰੀ ਕੀਤੀ। ਇਸੇ ਦੌਰਾਨ ਪਹਿਲਾਂ ਮੇਰਾ ਤੇ ਫੇਰ ਮੇਰੇ ਭਰਾ ਦਾ ਜਨਮ ਹੋਇਆ। ਹੁਣ ਅਸੀਂ ਵਾਰੋ-ਵਾਰੀ ਪਹਿਲਾਂ ਚਾਚਿਆਂ ਦੀ ਕੁੱਛੜ ਚੜ੍ਹ ਕੇ ਖੇਡੇ, ਤੇ ਫੇਰ ਉਨ੍ਹਾਂ ਦੇ ਨਾਲ ਘੋੜਾ ਕਬੱਡੀ ਤੋਂ ਲੈ ਕੇ ਸਿਖਰ ਦੁਪਹਿਰੇ ਅਮਰੂਦ ਚੋਰੀ ਕਰਨ ਦੀ ਖੇਡ ਵੀ ਖੇਡੀ। ਚਾਚਿਆਂ ਦੀ ਭਤੀਜਿਆਂ ਨਾਲ ਯਾਰੀ ਸੀ, ਤੇ ਆਪਣੇ ਭਰਾ ਤੋਂ ਸਹਿਮ ਭਰੀ ਦੂਰੀ।

ਦਸਵੀਂ ਦੇ ਇਮਤਿਹਾਨ ਉਦੋਂ ਬੋਰਡ ਦੇ ਹੁੰਦੇ ਸਨ। ਇਮਤਿਹਾਨ ਦੇ ਫਾਰਮ ਵਿਚ ਇਕ ਕਾਲਮ ਸੀ ਸਰਨੇਮ ਵਾਲਾ। ਗੁਰਮੀਤ ਸਿੰਘ ਬਾਕੀ ਬਹੁਤੇ ਵਿਦਿਆਰਥੀਆਂ ਵਾਂਗ ਆਪਣੇ ਸਰਨੇਮ ਤੋਂ ਵਾਕਫ ਨਹੀਂ ਸੀ, ਪਰ ਜਮਾਤ ਦੇ ਇਕ ਹੋਰ ਗੁਰਮੀਤ ਨਾਲੋਂ ਫਰਕ ਕਰਨ ਲਈ ਇਕ ਅਧਿਆਪਕ ਉਸ ਨੂੰ 'ਸ਼ੁਗਲੀ' ਕਹਿ ਕੇ ਬੁਲਾਂਦਾ ਸੀ, ਕਿਉਂਕਿ ਇਸ ਬੱਚੇ ਨੂੰ ਚੁਟਕਲੇ ਸੁਣਾਉਣ ਦਾ ਢੰਗ ਆਉਂਦਾ ਸੀ। ਇਸੇ ਨੂੰ ਧਿਆਨ ਵਿਚ ਰੱਖ ਕੇ ਗੁਰਮੀਤ ਸਿੰਘ ਨੇ ਇਮਤਿਹਾਨ ਵਾਲੇ ਫਾਰਮ ਦੇ ਸਰਨੇਮ ਵਾਲੇ ਕਾਲਮ ਵਿਚ 'ਸ਼ੁਗਲੀ' ਲਿਖ ਦਿੱਤਾ। ਉਸ ਦਿਨ ਤੋਂ ਉਸ ਦਾ ਤਖੱਲਸ ਉਸ ਦੇ ਸਰਨੇਮ ਵਿਚ ਤਬਦੀਲ ਹੋ ਗਿਆ।

ਦਸਵੀਂ ਪਾਸ ਕਰਕੇ ਸ਼ੁਗਲੀ ਨੇ ਮਿਹਰਚੰਦ ਪਾਲੀਟੈਕਨਿਕ ਵਿਖੇ ਆਰਟਸ ਐਂਡ ਕਰਾਫਟਸ ਦੇ ਕੋਰਸ ਵਿਚ ਦਾਖਲਾ ਲੈ ਲਿਆ, ਤੇ ਅਲਾਵਲਪੁਰ ਤੋਂ ਵਾਪਸ ਪਿੰਡ ਮੰਡ ਮੌੜ ਵਿਚ ਜਾ ਕੇ ਰਹਿਣ ਲੱਗਾ। ਕੋਰਸ ਕਰਕੇ ਉਸ ਨੇ ਕੁਝ ਦੇਰ ਤੱਕ ਬਿਆਸ ਪਿੰਡ ਹਾਈ ਸਕੂਲ ਵਿਚ ਪੜ੍ਹਾਇਆ ਤੇ ਫੇਰ ਸਨਾਤਨ ਸਕੂਲ ਅਲਾਵਲਪੁਰ ਵਿਚ ਡਰਾਇੰਗ ਦਾ ਅਧਿਆਪਕ ਆਣ ਲੱਗਾ, ਜਿੱਥੇ ਉਸ ਦਾ ਭਰਾ ਸੋਹਣ ਸਿੰਘ ਹੈੱਡਮਾਸਟਰ ਸੀ। ਭਰਾਵਾਂ ਵਰਗਾ ਚਾਚਾ ਹੁਣ ਮੇਰਾ ਅਧਿਆਪਕ ਬਣ ਚੁੱਕਾ ਸੀ। ਕੁੱਛੜ ਚੁੱਕ ਕੇ ਖਿਲਾਉਂਦਾ ਰਿਹਾ ਚਾਚਾ ਹੁਣ ਦਬਕਾ ਵੀ ਮਾਰ ਲੈਂਦਾ ਸੀ, ਤੇ ਕਦੇ-ਕਦੇ ਡੰਡਾ ਪਰੇਡ ਵੀ ਕਰ ਲੈਂਦਾ ਸੀ, ਪਰ ਅੱਜ ਦੇ ਦਿਨ ਜੇ ਮੈਂ ਮਾੜੀ-ਮੋਟੀ ਪੇਂਟਿੰਗ ਉੱਤੇ ਹੱਥ ਅਜ਼ਮਾ ਲੈਂਦਾ ਹਾਂ ਤਾਂ ਇਹਦਾ ਸਿਹਰਾ ਕਾਫੀ ਹੱਦ ਤੀਕ ਮੇਰੇ ਡਰਾਇੰਗ ਦੇ ਇਸ ਅਧਿਆਪਕ ਦੇ ਸਿਰ ਬੱਝਦਾ ਹੈ, ਜਿਸ ਨੇ ਸਿੱਧੀਆਂ ਰੇਖਾਵਾਂ ਖਿੱਚਣੀਆਂ ਵੀ ਸਿਖਾਈਆਂ ਅਤੇ ਕੇਲੇ-ਬਤਾਊਂ ਵਿਚ ਰੰਗ ਭਰਨੇ ਵੀ ਸਿਖਾਏ।

ਪਰੰਤੂ ਚਾਚਾ ਜੀ ਦੀ ਹੋਣੀ ਕੇਲੇ, ਬਤਾਊਂ ਤੱਕ ਸਿਮਟ ਕੇ ਰਹਿ ਜਾਵੇ, ਇਹ ਉਨ੍ਹਾ ਨੂੰ ਮਨਜ਼ੂਰ ਨਹੀਂ ਸੀ। ਉਨ੍ਹਾ ਨੇ ਪਹਿਲਾਂ ਗਿਆਨੀ ਪਾਸ ਕੀਤੀ, ਤੇ ਫੇਰ ਬੀ ਏ, ਐੱਮ ਏ ਅਤੇ ਐੱਲ ਐੱਲ ਬੀ। 1983 ਦੀਆਂ ਗਰਮੀਆਂ ਵਿਚ ਮੈਂ ਮਾਸਕੋ ਤੋਂ ਐੱਲ ਐੱਲ ਐੱਮ ਦੀ ਡਿਗਰੀ ਕਰ ਕੇ ਆਇਆ, ਤਾਂ ਚਾਚਾ ਜੀ ਜਲੰਧਰ ਕਚਹਿਰੀਆਂ ਵਿਚ ਵਕਾਲਤ ਕਰਨੀ ਸ਼ੁਰੂ ਕਰ ਚੁੱਕੇ ਸਨ। ਭਰ ਗਰਮੀਆਂ ਵਿਚ ਤਖਤ ਉੱਤੇ ਵਿਛੀ ਹੋਈ ਦਰੀ, ਸੰਗਲੀ ਨਾਲ ਬੰਨ੍ਹੀ ਹੋਈ ਕੁਰਸੀ ਤੇ ਮਿੱਟੀ ਨਾਲ ਭਰੀਆਂ ਹੋਈਆਂ ਕੁਝ ਫਾਈਲਾਂ। ਇੰਝ ਦੇ ਹੀ ਸਨ ਬਹੁਤੇ ਵਕੀਲਾਂ ਦੇ 'ਦਫਤਰ'। ਮੇਰੇ ਹਿਸਾਬ ਨਾਲ ਕੰਮ ਕਰਨ ਲਈ ਇਹ ਹਾਲਾਤ ਬਿਲਕੁਲ ਵੀ ਸਾਜ਼ਗਾਰ ਨਹੀਂ ਸਨ, ਪਰੰਤੂ ਚਾਚਾ ਜੀ ਵਕੀਲ ਬਣ ਕੇ ਖੁਸ਼ ਸਨ। ਉਨ੍ਹਾਂ ਦੀ ਪ੍ਰੈਕਟਿਸ ਚੱਲ ਨਿਕਲੀ ਸੀ, ਗੁਜ਼ਾਰੇ ਜੋਗੀ ਕਮਾਈ ਹੋਣ ਲੱਗ ਪਈ ਸੀ, ਤੇ ਵਕੀਲ ਵਾਲਾ ਰੁਤਬਾ ਸਥਾਪਤ ਹੋ ਚੁੱਕਾ ਸੀ। ਮੈਨੂੰ ਦੱਸਿਆ ਗਿਆ ਕਿ ਮਾਸਕੋ ਦੀ ਡਿਗਰੀ ਨਾਲ ਮੈਂ ਭਾਰਤ ਵਿਚ ਪ੍ਰੈਕਟਿਸ ਨਹੀਂ ਕਰ ਸਕਦਾ। ਇਸ ਲਈ ਮੈਂ ਵਾਪਸ ਮਾਸਕੋ ਮੁੜ ਗਿਆ ਅਤੇ ਤਿੰਨ ਸਾਲਾਂ ਬਾਅਦ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐੱਚ ਡੀ ਕਰਕੇ ਵਾਪਸ ਮੁੜਿਆ। ਅਦਾਲਤ ਵਿਚ ਪ੍ਰੈਕਟਿਸ ਕਰਨ ਦੇ ਖਿਆਲ ਨੂੰ ਮੈਂ ਅਲਵਿਦਾ ਕਹਿ ਚੁੱਕਾ ਸਾਂ।

ਮਾਸਕੋ ਤੋਂ ਪਰਤ ਕੇ ਮੈਂ ਪਹਿਲਾਂ ਦਿੱਲੀ ਆਣ ਟਿਕਿਆ ਤੇ ਫੇਰ ਅਮਰੀਕਾ ਚਲਾ ਗਿਆ। ਕਦੇ-ਕਦੇ ਪਿੰਡ ਗੇੜਾ ਲਗਦਾ। ਹੁਣ ਤਾਈਂ ਚਾਚਾ ਜੀ ਆਪਣੇ ਵੱਡੇ ਭਰਾ ਦੇ ਪਿਤਾ-ਪੁਰਖੀ ਦਬਦਬੇ ਵਿਚੋਂ ਬਾਹਰ ਨਿਕਲ ਕੇ ਉਨ੍ਹਾਂ ਦੀ ਮਿੱਤਰ ਮੰਡਲੀ ਦਾ ਹਿੱਸਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



## ਗੁਰਮੀਤ ਸਿੰਘ ਸ਼ੁਗਲੀ : ਇੱਕ ਅੰਦਾਜ਼ ਸੀ

**ਸਤਨਾਮ ਚਾਨਾ**

ਗੁਰਮੀਤ ਸਿੰਘ ਸ਼ੁਗਲੀ ਨੇ ਪਹਿਲਾਂ ਪੰਜਾਬ ਛੱਡਿਆ, ਫਿਰ ਧਰਤੀ ਹੀ ਛੱਡ ਗਿਆ, ਪਰ ਉਹਦੇ ਪਰਵਾਰ ਨੇ 15 ਮਈ ਦਿਨ ਐਤਵਾਰ ਨੂੰ ਉਹਦੀ ਜ਼ਿੰਦਗੀ ਦਾ 'ਜਸ਼ਨ ਮਨਾਉਣ' ਲਈ ਸਾਕ-ਸੰਬੰਧੀਆਂ ਅਤੇ ਮੇਰੇ ਵਰਗੇ ਮਿੱਤਰਾਂ ਨੂੰ ਬੁਲਾਇਆ ਹੈ । ਇਹ ਦੁਨੀਆ ਨਾਲੋਂ ਹਟਵਾਂ ਹੈ, ਕਿਉਂਕਿ ਉਹ ਦੁਨੀਆ ਵਰਗਾ ਨਹੀਂ ਸੀ । ਮੌਤ ਸ਼ਰਮਿੰਦਾ ਹੈ ਕਿ ਉਹ ਸ਼ੁਗਲੀ ਨੂੰ ਸੰਸਾਰ ਵਿੱਚੋਂ ਨਹੀਂ ਲਿਜਾ ਸਕੀ ।

ਕੁਝ ਦਿਨਾਂ ਬਾਅਦ ਹੀ ਗੁਰਮੀਤ ਸਿੰਘ ਸ਼ੁਗਲੀ ਨੇ ਅਮਰੀਕਾ ਚਲੇ ਜਾਣਾ ਸੀ, ਜਦੋਂ ਅਜੈ ਯਾਦਵ ਨੇ ਮੈਨੂੰ ਘਰੋਂ ਚੁੱਕਿਆ ਅਤੇ ਸ਼ੁਗਲੀ ਦੇ ਪਿੰਡ ਉਹਦੇ ਗ੍ਰੀਨ ਹਾਊਸ ਵਿੱਚ ਲੈ ਗਿਆ। ਉਸ ਦਿਨ ਅਸੀਂ ਉਹਦੀ ਹਰੇ ਰੰਗ ਦੀ ਰਮਣੀਕ ਝੌਂਪੜੀ ਵਿੱਚ ਨਹੀਂ ਬੈਠੇ, ਗਰਮੀ ਸੀ, ਸਗੋਂ ਝੌਂਪੜੀ ਜਿੱਡੇ ਕਮਰੇ ਵਿੱਚ ਸੋਫਿਆਂ 'ਤੇ ਬੈਠੇ । ਸ਼ੁਗਲੀ ਦੇ ਉੱਸਲਵੱਟੇ ਦੱਸਦੇ ਸਨ, ਜਿਵੇਂ ਤਖ਼ਤਪੋਸ਼ ਉਹਨੂੰ ਚੁੱਭ ਰਿਹਾ ਹੋਵੇ। ਵਿਲਾਇਤੀ ਮਿਆਰ ਦਾ ਦੇਸੀ ਬੰਦਾ। ਚੁਟਕਲਿਆਂ ਵਿੱਚ ਚਿੰਤਨ ਅਤੇ ਹਾਸਿਆਂ ਵਿੱਚ ਹਿੰਮਤ ਝਲਕਦੀ ਸੀ। ਉਹ ਪੰਜਾਬੀਅਤ ਦਾ ਮਾਨਵੀਕਰਨ ਸੀ, ਜਿਸ ਵਿੱਚੋਂ ਪੂਰਾ ਸਮਾਜ ਝਲਕਦਾ ਸੀ । ਉਹ ਆਪ ਪਿੰਡ ਵਿੱਚ ਨਹੀਂ, ਸਗੋਂ ਪਿੰਡ ਉਹਦੇ ਵਿੱਚ ਵਸਦਾ ਸੀ । ਸ਼ੁਗਲੀ ਦੀ ਮਾਂ ਅਤੇ ਸ਼ੁਗਲੀ ਦਾ ਪਿੰਡ ਸ਼ੁਗਲੀ ਦੇ ਲਹੂ ਵਿੱਚ ਸੰਚਾਰ ਕਰਦਾ ਸੀ। ਭਾਵੁਕਤਾ ਵਿੱਚ ਉਹਨੂੰ ਪਰਵਾਰਕ ਅਤੇ ਸਮਾਜਿਕ ਜੀਵਨ ਦੀ ਸੁਖਾਂਤਕ ਅਤੇ ਦੁਖਾਂਤਕ ਕਹਾਣੀ ਦਾ ਪਾਤਰ ਬਣਿਆ ਦੇਖਿਆ ਜਾ ਸਕਦਾ ਸੀ । ਉਸ ਦਿਨ ਅਸੀਂ ਸਾਰੀ ਦੁਪਹਿਰ ਗੁਜ਼ਾਰੀ। ਖਾਣੇ ਨੇ ਬੈਠਕ ਨੂੰ ਹੋਰ ਵੀ ਲਜ਼ੀਜ਼ ਕਰ ਦਿੱਤਾ ਸੀ।

ਗੁਰਮੀਤ ਸਿੰਘ ਸ਼ੁਗਲੀ ਅਤੇ ਮੈਂ ਇੱਕ-ਦੂਜੇ ਦੇ ਨੇੜੇ ਉਦੋਂ ਹੋਏ ਸੀ, ਜਦੋਂ ਉਹ ਆਰੀਆ ਹਾਈ ਸਕੂਲ ਅਲਾਵਲਪੁਰ ਵਿੱਚ ਡਰਾਇੰਗ ਮਾਸਟਰ ਸੀ । ਇੱਕ ਮਿਸ਼ਨ ਸੀ, ਇੱਕ ਵਿਚਾਰਧਾਰਾ ਸੀ, ਜਿਹੜੀ ਮੈਨੂੰ ਜੰਡਿਆਲਾ ਮੰਜਕੀ ਤੋਂ ਤੋਰ ਕੇ ਅਲਾਵਲਪੁਰ ਤੱਕ ਲੈ ਆਈ ਸੀ । ਫਿਰ ਅਸੀਂ ਸੰਘਰਸ਼ ਦੇ ਸਾਥੀ ਬਣ ਗਏ, ਸੰਘਰਸ਼ੀਆਂ ਦੇ ਵੱਡੇ ਕਾਫਲੇ ਦੇ ਹਮਸਫ਼ਰ । ਇੱਕ ਤੋਂ ਬਾਅਦ ਮੋਰਚਾ ਅਤੇ ਇੱਕ ਤੋਂ ਬਾਅਦ ਇੱਕ ਟ੍ਰੇਨਿੰਗ ਕੈਂਪ ਅਤੇ ਸਕੂਲ, ਇਕੱਠੇ ਹੀ ਇਕੱਠੇ । ਇਨ੍ਹਾਂ ਸੰਘਰਸ਼ਾਂ ਵਿੱਚੋਂ ਹੀ ਝਕਾਨੀ ਦੇ ਕੇ ਸ਼ੁਗਲੀ ਇੱਕ ਤੋਂ ਬਾਅਦ ਇੱਕ ਡਿਗਰੀ ਪਾਸ ਕਰਦਾ ਗਿਆ । ਵਕੀਲ ਬਣ ਗਿਆ ਅਤੇ ਜਲਦੀ ਹੀ ਵਕੀਲਾਂ ਦੀਆਂ ਮਹਿਫਲਾਂ ਦਾ ਸ਼ਾਹਸਵਾਰ, ਪਰ ਉਹਦੀ ਗੁੜ੍ਹੀ ਹੋਈ ਵਕਾਲਤ, ਉਹਦੀ ਵਿਰਾਸਤੀ ਵਿਚਾਰਧਾਰਾ ਵਿਰੁੱਧ ਲੜ ਕੇ ਮੁਕੱਦਮਾ ਜਿੱਤ ਨਾ ਸਕੀ । ਗੁਰਮੀਤ ਸਿੰਘ ਸ਼ੁਗਲੀ, ਨਿਰਸੰਦੇਹ, ਇੱਕੋ-ਇੱਕ ਵਕੀਲ ਹੈ, ਜਿਹੜਾ ਆਮ ਲੋਕਾਂ ਨੂੰ ਸਲਾਹ ਦਿੰਦਾ ਹੈ ਕਿ ਉਹ ਵਕੀਲਾਂ ਦੇ ਵੱਸ ਨਾ ਪੈਣ । ਥਾਣੇ-ਕਚਹਿਰੀਆਂ ਤੋਂ ਬਚਣ । ਉਹਨੇ ਮੁੜ ਪੇਂਡੂਆਂ ਲਈ ਪਹਿਲਾਂ 'ਕਨੂੰਨੀ ਨੁਕਤੇ ਤੇ ਆਮ ਆਦਮੀ' ਕਿਤਾਬ ਲਿਖੀ ਅਤੇ ਫਿਰ 'ਪੇਂਡੂ ਆਬਾਦੀ ਲਈ ਕਨੂੰਨੀ ਰਾਹ' ਕਿਤਾਬ ਲਿਖੀ। ਐਡਵੋਕੇਟ ਸ਼ੁਗਲੀ ਨੇ ਜਿਸ ਸਾਦਗੀ ਨਾਲ ਕਾਨੂੰਨ ਸਮਝਾਏ ਹਨ, ਉਸ ਤੋਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜੇਕਰ ਇਹ ਕਿਤਾਬਾਂ ਪਿੰਡਾਂ ਤੱਕ ਪਹੁੰਚ ਜਾਣ ਤਾਂ ਖਾਹਮਖਾਹ ਦੇ ਝਗੜੇ ਆਪਣੇ-ਆਪ ਹੀ ਖ਼ਤਮ ਹੋ ਜਾਣਗੇ । ਅਦਾਲਤਾਂ ਦਾ ਬਹੁਤਾ ਕੰਮ ਪੰਚਾਇਤਾਂ ਸੰਵਾਰ ਦੇਣਗੀਆਂ । ਗੁਰਮੀਤ ਸਿੰਘ ਸ਼ੁਗਲੀ ਰਵਾਇਤੀ ਅਰਥਾਂ ਵਾਲਾ ਵਕੀਲ ਨਹੀਂ ਸੀ, ਸਗੋਂ ਸਮਾਜੀ ਇਨਸਾਫ ਦੀ ਜੰਗ ਦਾ ਯੋਧਾ ਸੀ, ਜਿਹੜਾ ਆਪਣੀ ਵਕਾਲਤ ਨੂੰ ਵੀ ਇਸੇ ਜੰਗ ਵਿੱਚ ਹੀ ਝੋਕਣਾ ਚਾਹੁੰਦਾ ਸੀ ।

ਗੁਰਮੀਤ ਸਿੰਘ ਸ਼ੁਗਲੀ ਸੰਘਰਸ਼ ਹੀ ਨਹੀਂ ਸੀ, ਸਗੋਂ ਇੱਕ ਅੰਦਾਜ਼ ਸੀ, ਜਿਹੜਾ ਦੁਖਾਂਤ ਦਾ ਮਜ਼ਾਕ ਅਤੇ ਮਜ਼ਾਕ ਦਾ ਫਲਸਫਾ ਬਣਾ ਸਕਦਾ ਸੀ । ਉਹ ਮਜ਼ਾਕ ਵਿੱਚ ਉਹ ਗੱਲ ਵੀ ਕਹਿ ਸਕਦਾ ਸੀ, ਜਿਹੜੀ ਆਮ ਭਾਸ਼ਾ ਵਿੱਚ ਕੀਤਿਆਂ ਝਗੜੇ ਦਾ ਖ਼ਤਰਾ ਪੈਦਾ ਕਰ ਸਕਦੀ ਹੈ । ਸਰੋਤਾ ਸਗੋਂ ਉਹਦਾ ਰਸ ਮਾਣਦਾ ਸੀ । ਜਿਸ ਵਹਿਮ-ਭਰਮ ਨੂੰ ਵਿਗਿਆਨਕ ਦਲੀਲ ਦੂਰ ਨਹੀਂ ਕਰ ਸਕਦੀ, ਸ਼ੁਗਲੀ ਉਹਨੂੰ ਮਜ਼ਾਕ ਦੀ ਫੂਕ ਮਾਰ ਕੇ ਭਸਮ ਕਰ ਸਕਦਾ ਸੀ। ਸਮਾਜ ਸੁਧਾਰਕ ਹੋਣ ਦੇ ਨਾਤੇ ਲੋਕਾਂ ਦੀ ਅਗਿਆਨਤਾ ਉਹਨੂੰ ਬਹੁਤ ਚੁੱਭਦੀ ਸੀ, ਤਰਲੋਮੱਛੀ ਹੋਇਆ ਰਹਿੰਦਾ ਸੀ ਕਿ ਉਹ ਲੋਕਾਂ ਨੂੰ ਐਹ ਵੀ ਦੱਸ ਦੇਵੇ ਅਤੇ ਔਹ ਵੀ ਦੱਸ ਦੇਵੇ । ਇੱਥੋਂ ਤੱਕ ਕਿ ਉਹ ਮਾਲ ਵਿਭਾਗ ਦੇ ਰਿਕਾਰਡ ਵਿੱਚ ਵਰਤੇ ਜਾਂਦੇ ਫਾਰਸੀ ਦੇ ਸ਼ਬਦਾਂ ਦੀ ਸਰਲ ਪੰਜਾਬੀ ਸਮਝਾਉਣ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ





## ਸਲੀਕਾ, ਸੁਹਿਰਦਤਾ ਤੇ ਸ਼ੁਗਲੀ ਇਕਮਿਕ ਸਨ

**ਗਿਆਨ ਸੈਦਪੁਰੀ**

ਇੱਕ ਥਾਂ ਕਿਸੇ ਚਿੰਤਕ ਨੇ ਦੂਸਰੇ ਦਰਦਮੰਦ ਬਾਰੇ ਲਿਖਿਐ, 'ਬਾਹਰਲਾ ਦਰਦ ਰੂਹ ਦੇ ਅਹਿਸਾਸ ਵਿੱਚ ਡੁੱਬ ਕੇ ਮਹਿਕ ਬਣਦਾ ਹੈ ਤੇ ਉਹੀ ਖੁਸ਼ਬੂ ਸਮਾਜ ਦੀ ਦੁਰਗੰਧ ਸਾਫ ਕਰਨ ਵਿੱਚ ਜੁਟ ਜਾਂਦੀ ਹੈ।' ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਇਸ ਤਰ੍ਹਾਂ ਦੀ ਹੀ ਖੁਸ਼ਬੂ ਸੀ, ਜੋ ਹਯਾਤੀ ਦੇ ਆਖਰੀ ਸਾਹਾਂ ਤੱਕ ਉਕਤ ਕਾਰਜ ਕਰਦੀ ਰਹੀ। ਸ਼ੁਗਲੀ ਭਾਵੇਂ ਕਿਸੇ ਨੂੰ ਸੰਬੋਧਿਤ ਹੋਣ, ਕਿਸੇ ਕਿਤਾਬ ਰਾਹੀਂ ਸਿਆਸੀ ਜਾਂ ਸਮਾਜੀ ਸਵਾਲ ਨੂੰ ਮੁਖਾਤਬ ਹੋਣ, ਵਕਾਲਤ ਕਰਦੇ ਹੋਣ ਜਾਂ ਵਕਾਲਤ ਕਰਵਾਉਂਦੇ ਹੋਣ, ਜ਼ਿੰਦਗੀ ਦੇ ਸਾਊ ਪੁੱਤ ਹੋਣ ਦਾ ਅਹਿਸਾਸ ਉਨ੍ਹਾ ਕਦੇ ਵੀ ਮਾਂਦਾ ਨਹੀਂ ਪੈਣ ਦਿੱਤਾ।

5 ਜੂਨ ਨੂੰ ਐਡਵੋਕੇਟ ਰਜਿੰਦਰ ਮੰਡ ਨੂੰ ਫੋਨ ਕੀਤਾ। ਬਹੁਤ ਥੋੜ੍ਹੀ ਗੱਲ ਹੋਈ। ਮੰਡ ਦੀ ਗੱਲਬਾਤ ਤੋਂ ਲੱਗਦਾ ਸੀ ਕਿ ਉਹ ਕੁਝ ਉਖੜੇ-ਉਖੜੇ ਲੱਗਦੇ ਹਨ। ਉਨ੍ਹਾ ਅਗਲੇ ਦਿਨ ਗੱਲ ਕਰਨ ਦਾ ਵਾਅਦਾ ਕਰਕੇ ਫੋਨ ਬੰਦ ਕਰ ਦਿੱਤਾ। ਅਗਲੇ ਦਿਨ ਉਨ੍ਹਾ ਦਾ ਫੋਨ ਨਹੀਂ, ਸਗੋਂ ਚੰਦ ਫਤਿਹਪੁਰੀ ਹੁਰਾਂ ਦਾ ਫੋਨ ਇਹ ਦੱਸਣ ਲਈ ਆਇਆ ਕਿ ਸ਼ੁਗਲੀ ਜੀ ਨਹੀਂ ਰਹੇ। ਇਸ ਤਰ੍ਹਾਂ ਚਾਣਚੱਕ ਛੁਪਣਛੋਤ ਹੋ ਜਾਣ ਦਾ ਸੱਚ 'ਝੂਠ' ਹੋ ਜਾਵੇ, ਮਨ ਨੇ ਕੁਝ ਪਲ ਇਸ ਤਰ੍ਹਾਂ ਚਿਤਵਿਆ, ਪਰ ਥੋੜ੍ਹੇ ਸਮੇਂ 'ਚ ਹੀ ਇਹ ਸੱਚ ਪਰਵਾਰ ਤੇ ਮਿੱਤਰਚਾਰੇ ਨੂੰ ਗਮਜ਼ਦਾ ਕਰ ਗਿਆ।

ਹੁਣ ਜਦੋਂ ਉਨ੍ਹਾ ਬਾਰੇ ਕੁਝ ਲਿਖਣ ਲੱਗਾ ਹਾਂ ਤਾਂ ਉਲਝਣ 'ਚ ਹਾਂ। ਬਹੁਪੱਖੀ ਤੇ ਮਾਣਮੱਤੀ ਸ਼ਖਸੀਅਤ ਵਾਲੀ ਗੱਲ ਕਰਨ ਲੱਗਾ ਸੋਚਦਾ ਹਾਂ ਕਿ ਉਨ੍ਹਾ ਦੇ ਕਿਹੜੇ ਪੱਖ ਨੂੰ ਛੋਹਵਾਂ ਤੇ ਕਿਹੜਾ ਛੱਡਾ । ਖ਼ੈਰ, ਉਨ੍ਹਾ ਨੂੰ ਮਿਲਦਿਆਂ ਤੇ ਗੱਲਾਂ ਕਰਨ ਵੇਲੇ ਮਨ ਅੰਦਰ ਜ਼ਿੰਦਗੀ ਨੂੰ ਸਲੀਕੇ ਨਾਲ ਜਿਉਣ ਦਾ ਅਹਿਸਾਸ ਪੈਦਾ ਹੋ ਜਾਂਦਾ ਸੀ। ਡਾ. ਸਾਧੂ ਸਿੰਘ ਹਮਦਰਦ ਦੀ ਇੱਕ ਗਜ਼ਲ ਦਾ ਸ਼ਿਅਰ ਹੈ, 'ਨਾ ਆਇਆ ਸਲੀਕਾ ਅਜੇ ਤੱਕ ਜਿਉਣ ਦਾ, ਭਾਵੇਂ ਪੈਰ ਚੰਨ ਤੱਕ ਪਸਾਰੇ ਅਸੀਂ' ਸ਼ੁਗਲੀ ਇਸ ਵਿਚਾਰ ਦੇ ਅਪਵਾਦ ਸਨ। ਉਨ੍ਹਾ ਦੇ ਵਿਚਰਨ ਵਰਤਾਰੇ ਦਾ ਵਿਸ਼ਾਲ ਪਸਾਰਾ ਰਿਹਾ ਹੈ। ਇਸ ਪਸਾਰੇ ਦੌਰਾਨ ਸਲੀਕਾ ਤੇ ਸ਼ੁਗਲੀ ਨਾਲ-ਨਾਲ ਰਹੇ। ਤਹਿਜ਼ੀਬ ਤੇ ਸਲੀਕਾ ਉਨ੍ਹਾ ਦੇ ਬੋਲਾਂ ਵਿੱਚ ਵੀ ਝਲਕਦਾ ਸੀ ਤੇ ਲਿਖਤਾਂ ਵਿੱਚ ਵੀ। ਵੱਖਰੇ ਵਿਚਾਰ ਰੱਖਣ ਵਾਲਿਆਂ ਨਾਲ ਵੀ ਉਹ ਹਮੇਸ਼ਾ ਸਲੀਕੇ ਨਾਲ ਪੇਸ਼ ਹੁੰਦੇ। ਸੁਹਿਰਦਤਾ ਤੇ ਪ੍ਰਤੀਬੱਧਤਾ ਉਨ੍ਹਾ ਦੀ ਇੱਕ ਹੋਰ ਵਡੱਤਣ ਦਾ ਝਲਕਾਰਾ ਹੈ। 'ਨਵਾਂ ਜ਼ਮਾਨਾ' ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਵਜੋਂ ਉਨ੍ਹਾ ਦੇ ਉਕਤ ਗੁਣਾਂ ਦੇ ਦਰਸ਼ਨ ਦੀਦਾਰੇ ਹੁੰਦੇ ਰਹੇ ਹਨ। ਅਦਾਰਾ ਜਦੋਂ ਵੀ ਕਦੇ ਭੰਵਰ 'ਚ ਫਸਿਆ ਜਾਂ ਫਸਦਾ ਨਜ਼ਰ ਆਇਆ ਤਾਂ ਸ਼ੁਗਲੀ ਹੁਰਾਂ ਤਰਕੀਬਾਂ ਹੀ ਨਹੀਂ ਸੋਚੀਆਂ, ਪ੍ਰੈਕਟੀਕਲ ਕੰਮ ਕੀਤਾ।

ਇੱਕ ਗੱਲ ਹੋਰ ਉਨ੍ਹਾ ਨੂੰ ਵਿਲੱਖਣ ਬਣਾਉਂਦੀ ਹੈ, ਇਹ ਹੈ ਉਨ੍ਹਾ ਦੀ ਸਾਫਗੋਈ। ਮਸਲਾ ਭਾਵੇਂ ਸਿਆਸੀ ਹੋਵੇ, ਸਮਾਜੀ ਜਾਂ ਧਾਰਮਿਕ, ਇਸ ਵਿੱਚ ਸਪੱਸ਼ਟਤਾ, ਸਰਲਤਾ ਤੇ ਸੁਚੱਜਤਾ ਸ਼ੁਗਲੀ ਹੁਰਾਂ ਦੇ ਅੰਗਸੰਗ ਰਹੀ। ਦੋਹਰੀ ਮਾਨਸਿਕਤਾ ਕਦੇ ਵੀ ਉਨ੍ਹਾ ਦੇ ਵਿਹਾਰ ਦਾ ਹਿੱਸਾ ਨਹੀਂ ਰਹੀ।

ਇਨ੍ਹਾਂ ਸਮਿਆਂ ਵਿੱਚ ਖੱਬੀ ਲਹਿਰ ਦੇ ਕਈ 'ਖੱਬੀ ਖਾਨ' ਡੋਲਦੇ ਦੇਖੇ, ਨਿਰਾਸ਼ਤਾ ਦੇ ਆਲਮ 'ਚ ਵਿਚਰਦੇ ਮਿਲੇ। ਸ਼ੁਗਲੀ ਹੁਰਾਂ ਦੇ ਅਕੀਦਿਆਂ 'ਚ ਅਡੋਲਤਾ ਰਹਿਣੀ ਤੇ ਆਪਣੇ ਪਰਵਾਰ ਨੂੰ ਲਾਲ ਝੰਡੇ ਦੇ ਪਾਂਧੀਆਂ ਦੇ ਸਾਥੀ ਬਣਾਉਣਾ ਬੜਾ ਹੀ ਮਹੱਤਵਪੂਰਨ ਹੈ।

ਜ਼ਿੰਦਗੀ ਨੂੰ ਬੇਪਨਾਹ ਮੁਹੱਬਤ ਕਰਨ ਵਾਲੇ ਤੇ ਸੋਹਣੀ ਜ਼ਿੰਦਗੀ ਬਣਾਉਣ ਲਈ ਸਮਾਜ ਨੂੰ ਸਾਰੀ ਜ਼ਿੰਦਗੀ ਹੋਕਾ ਦੇਣ ਵਾਲੇ ਸ਼ੁਗਲੀ ਹੁਰਾਂ ਦੇ ਪਰਵਾਰ ਨੇ ਸ਼ੋਕ ਸਮਾਗਮ ਦੀ ਥਾਂ 'ਜ਼ਿੰਦਗੀ ਦਾ ਜਸ਼ਨ' ਮਨਾਉਣ ਲਈ ਸਮਾਗਮ ਰਚਿਆ ਹੈ। ਸ਼ੁਗਲੀ ਹੁਰਾਂ ਦੀ ਸੋਚ ਨੂੰ ਜਿਉਂਦਾ ਰੱਖਣ ਦਾ ਇਹ ਉਪਰਾਲਾ ਵੀ ਘੱਟ ਮਹੱਤਵਪੂਰਨ ਨਹੀਂ।

*ਸੰਪਰਕ : 98725-40447*

## ਗੁਰਮੀਤ ਸਿੰਘ ਸ਼ੁਗਲੀ ਦਾ ਜੀਵਨ ਅਧਿਆਇ

**ਪਿਰਥੀਪਾਲ ਸਿੰਘ ਮਾੜੀਮੇਘਾ**

ਗੁਰਮੀਤ ਸਿੰਘ ਸ਼ੁਗਲੀ ਨਵਾਂ ਜ਼ਮਾਨਾ ਅਖਬਾਰ ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ 1990 ਵਿੱਚ ਮੈਂਬਰ ਬਣ ਗਏ ਸਨ ਅਤੇ ਫਾਊਂਡੇਸ਼ਨ ਦੇ ਲੰਮੇ ਸਮੇਂ ਤੋਂ ਸਕੱਤਰ ਚਲੇ ਆ ਰਹੇ ਸਨ। ਇਸ ਵੇਲੇ ਫਾਊਂਡੇਸ਼ਨ ਦਾ ਪ੍ਰਧਾਨ ਰਛਪਾਲ ਸਿੰਘ ਬੜਾਪਿੰਡ ਹੈ। ਸ਼ੁਗਲੀ ਨਵਾਂ ਜ਼ਮਾਨਾ ਦੇ ਪ੍ਰਕਾਸ਼ਕ ਤੇ ਛਾਪਕ ਵੀ ਸਨ। ਆਪ ਸੀ ਪੀ ਆਈ ਦੀ ਜੋ ਪਿਛਲੀ ਜਥੇਬੰਦਕ ਕਾਨਫਰੰਸ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਈ ਸੀ, ਉਸ ਵਿੱਚ ਸੂਬਾ ਕੌਂਸਲ ਦੇ ਮੈਂਬਰ ਵੀ ਚੁਣੇ ਗਏ ਸਨ।

ਗੁਰਮੀਤ ਸਿੰਘ ਸ਼ੁਗਲੀ ਆਮ ਤੌਰ 'ਤੇ ਅਖਬਾਰ ਲਈ ਲਿਖਣ ਤੋਂ ਇਲਾਵਾ ਨਵਾਂ ਜ਼ਮਾਨਾ ਦਾ ਸਾਰਾ ਪ੍ਰਬੰਧਕੀ ਤੇ ਆਰਥਿਕਤਾ ਨਾਲ ਜੁੜਿਆ ਹੋਇਆ ਕੰਮ ਵੇਖਦੇ ਸਨ। ਮੁਲਾਜ਼ਮਾਂ ਦੀਆਂ ਇਨਕਰੀਮੈਂਟ, ਪੱਤਰਕਾਰਾਂ ਦੇ ਆਈ ਕਾਰਡ ਰੀਨੀਊਲ ਅਤੇ ਉਨ੍ਹਾਂ ਨੂੰ ਡੀਲ ਕਰਨਾ। ਸ਼ੁਗਲੀ ਦੀ ਸਖ਼ਤੀ ਹੋਣ ਕਰਕੇ ਸਿਫਾਰਸ਼ਾਂ ਵਾਲੇ ਪੱਤਰਕਾਰ ਦੌੜ ਗਏ ਸਨ। ਜਾਣਕਾਰੀ ਲਈ ਜ਼ਿਆਦਾਤਰ ਸਿਫਾਰਸ਼ੀ ਪੱਤਰਕਾਰ ਸਿਰਫ ਥਾਣਿਆਂ ਤੇ ਦਫ਼ਤਰਾਂ ਵਿੱਚ ਆਪਣੀ ਟੌਹਰ ਬਣਾਉਣ ਜਾਂ ਬੱਸਾਂ 'ਤੇ ਮੁਫ਼ਤ ਸਫ਼ਰ ਕਰਨ ਲਈ ਪੱਤਰਕਾਰ ਦਾ ਆਈ ਕਾਰਡ ਲੈਂਦੇ ਹਨ।

ਕਾਮਰੇਡ ਜਗਜੀਤ ਸਿੰਘ ਆਨੰਦ ਜੀ ਦੀ ਮੌਤ ਤੋਂ ਬਾਅਦ ਗੁਰਮੀਤ ਸਿੰਘ ਸ਼ੁਗਲੀ ਦੇ ਸਮੇਂ ਵਿੱਚ ਨਵਾਂ ਜ਼ਮਾਨਾ ਮੁੜ ਆਰਥਿਕ ਸੰਕਟ ਵਿੱਚ ਫਸ ਗਈ। ਅਖਬਾਰ ਨੂੰ ਸੰਕਟ 'ਚੋਂ ਕੱਢਣ ਵਾਸਤੇ ਫਾਊਂਡੇਸ਼ਨ ਨੇ ਤਿੰਨ ਮੈਂਬਰੀ ਕਮੇਟੀ ਬਣਾਈ, ਜਿਸ ਵਿੱਚ ਕਨਵੀਨਰ ਸ਼ੁਗਲੀ, ਮੈਂਬਰ ਅੰਮ੍ਰਿਤ ਲਾਲ ਅਤੇ ਪਿਰਥੀਪਾਲ ਸਿੰਘ ਮਾੜੀਮੇਘਾ ਨੂੰ ਚੁਣਿਆ ਗਿਆ ਸੀ। ਕਮੇਟੀ ਨੇ ਆਪਣੇ ਸਾਥੀਆਂ ਨਾਲ ਸਿਰ ਜੋੜ ਕੇ ਕੰਮ ਕੀਤਾ ਤੇ ਅਖਬਾਰ ਦੀ ਆਰਥਿਕ ਹਾਲਤ ਵਿੱਚ ਕਾਫੀ ਸੁਧਾਰ ਹੋਇਆ। ਫਾਊਂਡੇਸ਼ਨ ਸਿਰ ਚੜ੍ਹਿਆ ਕਰਜ਼ਾ ਵੀ ਲਹਿ ਗਿਆ ਅਤੇ ਮਸ਼ੀਨਾਂ ਵੀ ਨਵੀਆਂ ਆ ਗਈਆਂ।

ਗੁਰਮੀਤ ਸ਼ੁਗਲੀ ਜੀ ਦੇ ਪਿਤਾ ਦਾ ਨਾਂਅ ਸਰਦਾਰ ਸ਼ੰਕਰ ਸਿੰਘ ਅਤੇ ਮਾਤਾ ਦਾ ਨਾਂਅ ਰਤਨ ਕੌਰ ਸੀ। ਸ਼ੁਗਲੀ ਜੀ ਦੀਆਂ 7 ਭੈਣਾਂ ਅਤੇ 2 ਭਰਾ ਹਨ। ਸ਼ੁਗਲੀ ਨੇ ਪੜ੍ਹਨ ਵਿੱਚ ਕੋਈ ਕਸਰ ਨਹੀਂ ਸੀ ਛੱਡੀ । ਇਨ੍ਹਾਂ ਨੇ ਦਸਵੀਂ ਜਮਾਤ ਆਰੀਆ ਹਾਈ ਸਕੂਲ ਅਲਾਵਲਪੁਰ, ਮੇਹਰ ਚੰਦ ਟੈਕਨੀਕਲ ਇੰਸਟੀਚਿਊਟ ਜਲੰਧਰ ਤੋਂ ਟੀਚਰ ਟਰੇਨਿੰਗ ਅਤੇ 1966 ਵਿੱਚ ਅਲਾਵਲਪੁਰ ਦੇ ਸਨਾਤਨ ਹਾਈ ਸਕੂਲ ਵਿੱਚ ਨੌਕਰੀ ਕਰ ਲਈ। ਪ੍ਰਾਈਵੇਟ ਤੌਰ 'ਤੇ ਰਾਜਨੀਤੀ ਸ਼ਾਸਤਰ ਦੀ ਐੱਮ ਏ ਸ਼ਿਮਲਾ ਯੂਨੀਵਰਸਿਟੀ ਤੋਂ ਪਾਸ ਕੀਤੀ। ਪੰਜਾਬੀ ਦੀ ਐੱਮ ਏ ਪਟਿਆਲਾ ਯੂਨੀਵਰਸਿਟੀ ਅਤੇ ਹਿਸਟਰੀ ਦੀ ਐੱਮ ਏ ਪਾਸ ਕੀਤੀ। ਡਰਾਇੰਗ ਦਾ ਪਹਿਲੇ ਦਰਜੇ ਵਿੱਚ ਕੋਰਸ ਪੋਲੀਟੈਕਨੀਕਲ ਕਾਲਜ ਜਲੰਧਰ ਪਾਸ ਕਰਕੇ ਸਰਕਾਰ ਤੋਂ ਇਨਾਮ ਵੀ ਪ੍ਰਾਪਤ ਕੀਤਾ। ਫੁਲਵਾੜੀ ਕਾਲਜ ਤੋਂ ਗਿਆਨੀ ਪਾਸ ਕਰਨ ਤੋਂ ਬਾਅਦ ਗਵਾਲੀਅਰ ਯੂਨੀਵਰਸਿਟੀ ਤੋਂ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ ਤੇ 1980 ਵਿੱਚ ਜਲੰਧਰ ਵਿਖੇ ਵਕਾਲਤ ਕਰਨ ਲੱਗ ਪਏ। ਆਪ ਉੱਚ ਪਾਏ ਦੇ ਵਕੀਲ ਸਨ।

ਲੇਖਕ ਨੇ ਗੁਰਮੀਤ ਸਿੰਘ ਸ਼ੁਗਲੀ ਨਾਲ ਪਿਛਲੇ ਸਮੇਂ ਵਿੱਚ ਉਨ੍ਹਾਂ ਦੇ ਪਿੰਡ ਮੰਡ ਵਿੱਚ ਜਾ ਕੇ ਮੁਲਾਕਾਤ ਕੀਤੀ ਸੀ, ਉਹ ਲਿਖਤ ਲੇਖਕ ਦੀ ਪੁਸਤਕ ਵਿੱਚ ਛਪ ਚੁੱਕੀ ਹੈ। ਮੁਲਾਕਾਤ ਦੌਰਾਨ ਉਨ੍ਹਾ ਦੱਸਿਆ ਕਿ ਇੱਕ ਵਾਰ ਦੇਸੀ ਸ਼ਰਾਬ ਦੀ ਲਾਹਣ ਦਾ ਕੇਸ ਆ ਗਿਆ। ਜਦੋਂ ਅਦਾਲਤ ਵਿੱਚ ਬਹਿਸ ਹੋਈ ਤੇ ਸ਼ੁਗਲੀ ਜੀ ਜੱਜ ਨੂੰ ਕਹਿੰਦੇ, 'ਇਹ ਲਾਹਣ ਕਿਸ ਤਰ੍ਹਾਂ ਹੋ ਸਕਦੀ ਹੈ। ਜੱਜ ਕਹਿੰਦਾ, ਇਹ ਤਾਂ ਤੁਹਾਡੇ ਸਾਹਮਣੇ ਪਈ ਹੈ। ਸ਼ੁਗਲੀ ਕਹਿੰਦਾ, ਇਹ ਕੋਈ ਘੋਲ ਹੋ ਸਕਦਾ ਹੈ, ਤੁਸੀਂ ਇਸ ਦਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਜ਼ਿੰਦਗੀ ਦੇ ਜਸ਼ਨ ਦਾ ਸਹੀ ਹੱਕਦਾਰ

**ਡਾ. ਜਗਰੂਪ ਸਿੰਘ**

ਸ਼ੁਗਲੀ ਸਾਹਿਬ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਆਰਟ ਐਂਡ ਕਰਾਫ਼ਟ ਵਿੰਗ ਦੇ ਵਿਦਿਆਰਥੀ ਰਹੇ ਸਨ ਤੇ ਇਹ ਮੇਰੇ ਲਈ ਬੜੇ ਫ਼ਖਰ ਦੀ ਗੱਲ ਹੈ ਕਿ ਮੈਂ ਉਸ ਕਾਲਜ ਦਾ ਪ੍ਰਿੰਸੀਪਲ ਹਾਂ, ਜਿੱਥੇ ਐਡਵੋਕੇਟ ਗੁਰਮੀਤ ਸਿੰਘ ਵਰਗੇ ਜ਼ਿੰਦਾਦਿਲ, ਅਗਾਂਹਵਧੂ ਤੇ ਤਰਕਸ਼ੀਲ ਸੋਚ ਵਾਲੇ ਇਨਸਾਨ ਪੜ੍ਹਦੇ ਰਹੇ ਤੇ ਜ਼ਿੰਦਗੀ ਨੂੰ ਸ਼ੁਗਲ ਵਾਂਗ ਜਿਉਣ ਦੀ ਜਾਚ ਸਿੱਖਦੇ ਰਹੇ। ਉਹਨਾ ਦੇ ਦੋਵੇਂ ਸਪੁੱਤਰ ਰਜਿੰਦਰ ਅਤੇ ਰਮਨਜੀਤ ਮੇਰੇ ਮਿੱਤਰ ਹਨ। ਰਮਨ ਵੀ ਮੇਰੇ ਕਾਲਜ ਦਾ ਸਟੂਡੈਂਟ ਰਿਹਾ। ਸ਼ੁਗਲੀ ਸਾਹਿਬ ਨੂੰ ਪੰਜਾਬੀ ਮਾਤ ਭਾਸ਼ਾ ਨਾਲ ਅਥਾਹ ਸਨੇਹ ਸੀ, ਪਿੰਡਾਂ ਦੀ ਸਾਦਗੀ ਭਰੀ ਜ਼ਿੰਦਗੀ ਦੇ ਸ਼ੁਦਾਈ ਤੇ ਉੱਘੇ ਵਾਤਾਵਰਣ ਪ੍ਰੇਮੀ, ਵੇਖੋ ਭਲਾ ਆਪਣੀ ਮਾਣਮੱਤੀ ਜ਼ਿੰਦਗੀ ਤੋਂ ਵਿਦਾਇਗੀ ਲਈ ਜਿਹੜਾ ਦਿਨ ਉਨ੍ਹਾ ਚੁਣਿਆ, ਉਹ ਵੀ 5 ਜੂਨ, ਜਿਸ ਦਿਨ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ। ਖ਼ਬਰ ਨੇ ਝਟਕਾ ਜ਼ਰੂਰ ਦਿੱਤਾ। ਅਜੇ ਜਾਣ ਦਾ ਵੇਲਾ ਨਹੀਂ ਸੀ। ਉਹਨਾ ਦੇ ਕੈਨੇਡਾ ਰਹਿੰਦੇ ਰਿਸ਼ਤੇਦਾਰ ਕੁਲਦੀਪ ਬਾਸੀ ਨਾਲ ਗੱਲ ਕੀਤੀ। ਉਨ੍ਹਾ ਵੀ ਕਿਹਾ, ਅਜੇ ਅਸੀਂ ਸਾਰੇ ਸਮਝ ਨਹੀਂ ਪਾ ਰਹੇ।

ਸ਼ੁਗਲੀ ਸਾਹਿਬ ਨੇ ਬਹੁਤ ਕੁਝ ਹਾਸਿਲ ਕੀਤਾ ਹੈ, ਜਿਸ 'ਤੇ ਮਾਣ ਕੀਤਾ ਜਾ ਸਕਦਾ ਹੈ। ਰਜਿੰਦਰ ਦੇ ਸੱਦੇ ਪੱਤਰ ਵਿੱਚ ਸ਼ੁਗਲੀ ਸਾਹਿਬ ਦੀ ਜ਼ਿੰਦਗੀ ਦੇ ਜਸ਼ਨ ਮਨਾਉਣ ਦਾ ਸੁਨੇਹਾ ਸੀ। ਮੈਨੂੰ ਜਾਪਿਆ ਕਿ ਕਿੰਨੀ ਸਹੀ ਗੱਲ ਹੈ। ਅਜਿਹੀ ਵਿਲੱਖਣ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਲਈ ਸੱਚੀ ਸ਼ਰਧਾਂਜਲੀ ਇਹੋ ਹੋ ਸਕਦੀ ਹੈ ਕਿ ਉਸ ਦੀ ਭਰਪੂਰ ਜ਼ਿੰਦਗੀ ਦਾ ਜਸ਼ਨ ਮਨਾਇਆ ਜਾਵੇ।

ਗੁਰਮੀਤ ਸਿੰਘ ਸ਼ੁਗਲੀ ਨੇ ਨਾ ਸਿਰਫ ਐਡਵੋਕੇਟ ਹੋ ਕੇ ਨਾਮਣਾ ਖੱਟਿਆ, ਉਹਨਾ ਸਫਲ ਲੇਖਕ, ਕਾਲਮ ਨਵੀਸ ਤੇ ਪ੍ਰੈੱਸ ਪ੍ਰਬੰਧਕ ਦੇ ਤੌਰ 'ਤੇ ਵੀ ਝੰਡੇ ਗੱਡੇ। ਸ਼ੁਗਲੀ ਸਾਹਿਬ ਦੀ ਪਿਟਾਰੀ ਵਿੱਚ ਸ਼ਬਦਾਂ ਦੀ ਐਸੀ ਗਿੱਦੜ ਸਿੰਗੀ ਹੈ ਕਿ ਉਹ ਹਰ ਤਰ੍ਹਾਂ ਦੀ ਵਾਰਤਕ ਨਾਲ ਨਿਆਂ ਕਰਦੇ ਸਨ। ਉਹਨਾ ਦੀ ਸ਼ਬਦ-ਬੁਣਤਰ ਤੁਹਾਨੂੰ ਝੰਜੋੜਦੀ ਹੈ, ਸੋਚਣ ਲਈ ਮਜਬੂਰ ਕਰਦੀ ਹੈ। ਮੈਨੂੰ ਯਾਦ ਹੈ ਕਿ ਇੱਕ ਵਾਰ ਕਾਲਜ ਦੀ ਸਬ-ਕਮੇਟੀ ਵੱਲੋਂ 'ਨਵਾਂ ਜ਼ਮਾਨਾ' ਅਖਬਾਰ ਬੰਦ ਕਰ ਦਿੱਤਾ ਗਿਆ। ਕੁਝ ਵਿਦਿਆਰਥੀ 'ਨਵਾਂ ਜ਼ਮਾਨਾ' ਹੀ ਪੜ੍ਹ ਕੇ ਖੁਸ਼ ਹੁੰਦੇ ਹਨ। ਦੋ-ਚਾਰ ਮੇਰੇ ਕੋਲ ਆਏ, ਕਿਹਾ ਸਰ, ਇਹ ਬੰਦ ਨਾ ਕਰਾਓ। ਅਸੀਂ ਸ਼ੁਗਲੀ ਜੀ ਤੇ ਪਨੂੰ ਜੀ ਦੇ ਆਰਟੀਕਲ ਬੜੇ ਚਾਅ ਨਾਲ ਪੜ੍ਹਦੇ ਹਾਂ। ਮੈਂ ਕਿਹਾ ਕਿ ਜੇ 50 ਵਿਦਿਆਰਥੀਆਂ ਦੇ ਦਸਤਖ਼ਤ ਕਰਵਾ ਕੇ ਚਿੱਠੀ ਲਿਆਓ ਤਾਂ ਮੈਂ ਸ਼ੁਰੂ ਕਰਵਾ ਸਕਦਾ ਹਾਂ। ਸਵੇਰੇ ਟੇਬਲ 'ਤੇ 110 ਵਿਦਿਆਰਥੀਆਂ ਦੇ ਹਸਤਾਖ਼ਰ ਵਾਲੀ ਚਿੱਠੀ ਪਈ ਸੀ। ਅੱਜ ਵੀ 'ਨਵਾਂ ਜ਼ਮਾਨਾ' ਕਾਲਜ ਆਉਂਦਾ ਹੈ।ਜਦੋਂ ਉਨ੍ਹਾ 'ਪਿੰਡ ਦਾ ਸਿਰਨਾਵਾਂ' ਕਿਤਾਬ ਲਿਖੀ ਤਾਂ ਮੈਨੂੰ ਕੁਝ ਸ਼ਬਦ ਲਿਖਣ ਲਈ ਰਜਿੰਦਰ ਮੰਡ ਦਾ ਫੋਨ ਅਇਆ। ਮੈਂ ਹਾਂ ਤਾਂ ਕਹਿ ਦਿੱਤਾ, ਪਰ ਲਿਖਣ ਲਈ ਸਮਾਂ ਨਾ ਮਿਲਿਆ। ਉਨ੍ਹੀਂ ਦਿਨੀਂ ਰੁਝੇਵਿਆਂ ਦੀ ਪੰਡ। ਦੋ ਦਿਨ ਫੋਨ ਆਏ, ਪਰ ਕੱਲ੍ਹ-ਕੱਲ੍ਹ ਕਹਿ ਕੇ ਟਾਲਦਾ ਰਿਹਾ। ਸ਼ਾਮ ਨੂੰ ਸ਼ੁਗਲੀ ਸਾਹਿਬ ਦਾ ਫੋਨ ਆਇਆ, ਕਹਿੰਦੇ- ਜਗਰੂਪ ਕਿਤਾਬ ਛਪਣ ਲਈ ਭੇਜ ਦਿੱਤੀ ਹੈ, ਤੇਰੇ ਵਾਲੇ ਪੰਨੇ ਖਾਲੀ ਰਹਿਣਗੇ-ਥੱਲੇ ਨਾਂਅ ਹੋਵੇਗਾ, ਪਾਠਕ ਆਪੇ ਬੁੱਝ ਲੈਣਗੇ। ਮੈਂ ਬਹੁਤ ਸ਼ਰਮਿੰਦਾ ਹੋਇਆ। ਰਾਤ ਜਾਗ ਕੇ ਲਿਖਿਆ ਤੇ ਸਵੇਰੇ ਭੇਜ ਦਿੱਤਾ। ਉਹਨਾ ਦੇ ਸ਼ਬਦਾਂ ਦਾ ਐਸਾ ਪ੍ਰਭਾਵ ਸੀ ਕਿ ਸਾਹਮਣੇ ਵਾਲਾ ਵਿਅਕਤੀ ਨਿਰਉੱਤਰ ਹੋ ਜਾਂਦਾ ਸੀ।

ਇੱਕ ਹੋਰ ਘਟਨਾ ਯਾਦ ਹੈ-ਅਸੀਂ ਹਰ ਸਾਲ ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦਾ ਇੱਕ ਸਰਵੇ ਕੈਂਪ 10 ਦਿਨਾਂ ਲਈ ਡਲਹੌਜ਼ੀ, ਧਰਮਸ਼ਾਲਾ, ਸੋਲਨ ਜਾਂ ਚੈਲ ਲਾਉਂਦੇ ਹਾਂ। 1998-99 ਦੀ ਗੱਲ ਹੈ, ਉਹਨਾ ਨੂੰ ਕੈਂਪ ਬਾਰੇ ਜਾਣਕਾਰੀ ਸੀ। ਮੈਨੂੰ ਕਹਿੰਦੇ ਇਸ ਵਾਰ ਕੈਂਪ ਸਾਡੇ ਪਿੰਡ ਲਾਓ, ਸਾਡੇ ਮਹਿਮਾਨ ਬਣ ਕੇ। ਵਿਦਿਆਰਥੀਆਂ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਏਅਰ ਇੰਡੀਆ ਦਾ ਬੇੜਾ ਗਰਕ ਕੀਤਾ ਲੀਡਰਾਂ ਨੇ, ਅਜੇ ਵੀ ਸੁਧਰਨ ਦਾ ਸੰਕੇਤ ਨਹੀਂ ਮਿਲਦਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਅਹਿਮਦਾਬਾਦ ਤੋਂ ਉਡਾਰੀ ਭਰ ਕੇ ਲੰਡਨ-ਗੈਟਵਿਕ ਜਾਣ ਵਾਲੇ ਏਅਰ ਇੰਡੀਆ ਦੇ ਜਹਾਜ਼ ਦਾ ਕੁਝ ਕੁ ਮਿੰਟਾਂ ਪਿੱਛੋਂ ਡਿੱਗ ਪੈਣਾ ਭਾਰਤੀ ਲੋਕਾਂ ਨੂੰ ਹਿਲਾ ਦੇਣ ਵਾਲਾ ਹਾਦਸਾ ਸੀ। ਇਸ ਹਾਦਸੇ ਦਾ ਝਟਕਾ ਪੂਰੀ ਦੁਨੀਆ ਦੇ ਲੋਕਾਂ ਨੇ ਮਹਿਸੂਸ ਕੀਤਾ ਹੋਵੇਗਾ, ਪਰ ਭਾਰਤ ਲਈ ਇਹ ਕਈ ਪੱਖਾਂ ਤੋਂ ਮਾਰੂ ਸੱਟ ਸੀ। ਪਹਿਲੀ ਗੱਲ ਇਹ ਕਿ ਡਿੱਗਣ ਵਾਲਾ ਜਹਾਜ਼ ਭਾਰਤ ਦਾ ਸੀ ਅਤੇ ਉਸ ਕੰਪਨੀ ਦਾ ਸੀ, ਜਿਹੜੀ ਕਈ ਦਹਾਕਿਆਂ ਤੱਕ ਭਾਰਤ ਸਰਕਾਰ ਦੀ ਮਾਲਕੀ ਰਹਿਣ ਦੇ ਬਾਅਦ ਜਦੋਂ ਡੁੱਬਣ ਵਾਲੇ ਹਾਲਾਤ ਨੂੰ ਪੁੱਜ ਗਈ ਤਾਂ ਓਦੋਂ ਇਹ ਇੱਕ ਨਿੱਜੀ ਕੰਪਨੀ 'ਟਾਟਾ ਗਰੁੱਪ' ਨੂੰ ਵੇਚਣ ਦੇ ਨਾਲ ਸਰਕਾਰ ਨੇ ਇੱਕ ਤਰ੍ਹਾਂ ਖਹਿੜਾ ਛੁਡਾਇਆ ਸੀ। ਉਸ ਵਕਤ ਦੇ ਟਾਟਾ ਗਰੁੱਪ ਦੇ ਮੁਖੀ ਰਤਨ ਟਾਟਾ ਲਈ ਪਰਵਾਰ ਦੀ ਵਿਰਾਸਤ ਦਾ ਸਵਾਲ ਬਣ ਗਿਆ ਸੀ, ਕਿਉਂਕਿ ਇਹ ਕੰਪਨੀ ਪਿਛਲੀ ਸਦੀ ਦੇ ਚੌਥੇ ਦਹਾਕੇ ਵਿੱਚ ਸ਼ੁਰੂ ਵੀ ਏਸੇ ਟਾਟਾ ਪਰਵਾਰ ਨੇ ਕੀਤੀ ਸੀ ਅਤੇ ਜਦੋਂ ਭਾਰਤ ਸਰਕਾਰ ਨੇ ਆਪਣੇ ਹੱਥਾਂ ਵਿੱਚ ਲੈਣੀ ਚਾਹੀ ਤਾਂ ਦੇ ਦਿੱਤੀ ਸੀ। ਬਹੁਤ ਵਧੀਆ ਚੱਲਦੀ ਕੰਪਨੀ ਦਾ ਭੱਠਾ ਵੱਖ-ਵੱਖ ਸਮੇਂ ਆਈਆ ਭਾਰਤ ਦੀਆਂ ਸਰਕਾਰਾਂ ਨੇ ਬਿਠਾਇਆ ਸੀ। ਇਹ ਚਰਚਾ ਕਈ ਵਾਰ ਹੁੰਦੀ ਰਹੀ ਸੀ ਕਿ ਸਰਕਾਰਾਂ ਇਸ ਕੰਪਨੀ ਦੇ ਜਹਾਜ਼ ਵੀ ਵਰਤਦੀਆਂ ਸਨ, ਸੀਟਾਂ ਵੀ ਮੰਤਰੀਆਂ, ਅਫਸਰਾਂ ਤੇ ਸਰਕਾਰੀ ਕੰਮਾਂ ਲਈ ਆਉਣ-ਜਾਣ ਵਾਲੇ ਲੋਕਾਂ ਲਈ ਚੋਖਾ ਵਰਤਦੀਆਂ ਸਨ, ਪਰ ਮਗਰੋਂ ਪੈਸੇ ਦੇਣ ਵਿੱਚ ਉਹ ਕਦੇ ਵੀ ਵਾਅਦੇ ਉੱਤੇ ਪੂਰੀਆਂ ਨਹੀਂ ਸੀ ਉੱਤਰੀਆਂ। ਪਾਰਲੀਮੈਂਟ ਵਿੱਚ ਇਸ ਸਰਕਾਰੀ ਹਵਾਈ ਕੰਪਨੀ ਬਾਰੇ ਬਹਿਸ ਬਹੁਤ ਵਾਰੀ ਹੋਈ ਸੀ, ਪਰ ਇਸ ਦੀ ਹਾਲਤ ਸੁਧਾਰਨ ਦਾ ਕੋਈ ਫੈਸਲਾ ਲੈਣ ਦੀ ਥਾਂ ਪਾਰਲੀਮੈਂਟ ਮੈਂਬਰਾਂ ਨੂੰ ਇਸ ਕੰਪਨੀ ਦੇ ਜਹਾਜ਼ਾਂ ਦਾ ਸਫਰ ਕਰਨ ਦੇ ਵਕਤ ਹੋਰ ਵੱਧ ਸਨਮਾਨਤ ਢੰਗ ਨਾਲ ਪੇਸ਼ ਹੋਣ ਦੀਆਂ ਹਦਾਇਤਾਂ ਤੱਕ ਗੱਲ ਰੁਕ ਜਾਂਦੀ ਸੀ। ਇਸ ਸਰਕਾਰੀ ਕੰਪਨੀ ਅਤੇ ਇਸ ਨਾਲ ਜੁੜੇ ਲੋਕਾਂ ਨਾਲ ਜਿੰਦਾਂ ਦਾ ਦੁਰ-ਵਿਹਾਰ ਹੁੰਦਾ ਰਿਹਾ ਸੀ, ਉਹ ਆਪਣੇ ਆਪ ਵਿੱਚ ਇੱਕ ਭੱਦਾ ਰਿਕਾਰਡ ਹੈ। ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ ਇੱਕ ਵਾਰੀ ਜਦੋਂ ਆਈ ਪੀ ਐੱਲ ਕ੍ਰਿਕਟ ਚੱਲ ਰਿਹਾ ਸੀ ਤਾਂ ਦਿੱਲੀ ਤੋਂ ਮੁੰਬਈ ਲਈ ਉੱਡਿਆ ਜਹਾਜ਼ ਅਚਾਨਕ ਰਾਹ ਵਿੱਚੋਂ ਚੰਡੀਗੜ੍ਹ ਵੱਲ ਮੋੜ ਦਿੱਤਾ ਗਿਆ ਤੇ ਓਥੋਂ ਇੱਕ ਕ੍ਰਿਕਟ ਟੀਮ ਚੜ੍ਹਾ ਕੇ ਉਸ ਨੂੰ ਕੋਲਕਾਤਾ ਪੁਚਾਉਣ ਦੇ ਬਾਅਦ ਮੁੰਬਈ ਵੱਲ ਮੋੜਿਆ ਗਿਆ। ਨਤੀਜਾ ਇਹ ਨਿਕਲਿਆ ਕਿ ਜਿਹੜੇ ਮੁਸਾਫਰਾਂ ਨੇ ਢਾਈ ਘੰਟੇ ਬਾਅਦ ਮੁੰਬਈ ਪੁੱਜ ਜਾਣਾ ਸੀ, ਉਹ ਕਰੀਬ ਗਿਆਰਾਂ ਘੰਟੇ ਜਹਾਜ਼ ਜਾਂ ਏਅਰਪੋਰਟਾਂ ਉੱਤੇ ਬਿਠਾ ਕੇ ਖੱਜਲ ਕੀਤੇ ਜਾਂਦੇ ਰਹੇ ਸਨ। ਕਾਰਨ ਇਹ ਸੀ ਕਿ ਉਸ ਵੇਲੇ ਦੇ ਹਵਾਈ ਜਹਾਜ਼ ਮੰਤਰਾਲੇ ਦਾ ਮੰਤਰੀ ਕਾਂਗਰਸ ਦੀ ਭਾਈਵਾਲ ਪਾਰਟੀ ਦਾ ਸੀ ਤੇ ਉਸ ਦੀ ਧੀ ਇੱਕ ਆਈ ਪੀ ਐੱਲ ਵਾਲੀ ਕ੍ਰਿਕਟ ਟੀਮ ਦੀ ਲੋਕ ਸੰਪਰਕ ਅਫਸਰ ਸੀ। ਉਨ੍ਹਾਂ ਆਪਣੀ ਟੀਮ ਵਾਸਤੇ ਜਿਸ ਜਹਾਜ਼ ਦੀ ਬੁਕਿੰਗ ਕਰਾਉਣੀ ਸੀ, ਉਸ ਦਾ ਸ਼ਾਇਦ ਚੇਤਾ ਨਹੀਂ ਸੀ ਰਿਹਾ ਅਤੇ ਅਚਾਨਕ ਜਦੋਂ ਚੰਡੀਗੜ੍ਹ ਬੈਠੀ ਟੀਮ ਕੋਲਕਾਤਾ ਪੁਚਾਉਣ ਦੀ ਮੁਸ਼ਕਲ ਬਣ ਗਈ ਤਾਂ ਉਸ ਵਕਤ ਧੀ ਨੇ ਮੰਤਰੀ ਬਾਪ ਨੂੰ ਕਿਹਾ ਤੇ ਬਾਪ ਦੇ ਕਹਿਣ ਉੱਤੇ ਏਅਰ ਇੰਡੀਆ ਨੇ ਮੁੰਬਈ ਜਾਂਦਾ ਜਹਾਜ਼ ਚੰਡੀਗੜ੍ਹ ਨੂੰ ਮੋੜ ਕੇ ਮੰਤਰੀ ਦੀ ਧੀ ਦੀ ਮੁਸ਼ਕਲ ਹੱਲ ਕਰਨ ਲਈ ਮੁਸਾਫਰਾਂ ਲਈ ਮੁਸ਼ਕਲਾਂ ਵਧਾ ਦਿੱਤੀਆਂ ਸਨ। ਉਸ ਦਿਨ ਸਿਖਰਾਂ ਦੀ ਖੱਜਲ-ਖੁਆਰੀ ਝੱਲ ਚੁੱਕੇ ਲੋਕ ਫਿਰ ਕਿਸੇ ਅਗਲੀ ਵਾਰੀ ਏਅਰ ਇੰਡੀਆ ਵੱਲ ਮੂੰਹ ਕਦੇ ਨਹੀਂ ਕਰਨਗੇ। ਦੂਸਰਾ ਮਾਮਲਾ ਇਸ ਨਾਲੋਂ ਥੋੜ੍ਹਾ ਜਿਹਾ ਵੱਖਰਾ ਸੀ। ਆਮ ਕਰ ਕੇ ਹਵਾਈ ਕੰਪਨੀਆਂ ਆਪਣੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਮੁਫਤ ਸਫਰ ਦੀ ਸਹੂਲਤ ਦੇਂਦੀਆਂ ਹਨ, ਪਰ ਬਹੁਤ ਹੀ ਖਾਸ ਕਾਰਨ ਤੋਂ ਬਿਨਾਂ ਉਨ੍ਹਾਂ ਨੂੰ ਮੁਸਾਫਰਾਂ ਤੋਂ ਪਹਿਲ ਕਦੇ ਨਹੀਂ ਦਿੱਤੀ ਜਾਂਦੀ। ਆਮ ਕਰ ਕੇ ਉਨ੍ਹਾਂ ਨੂੰ ਹਦਾਇਤ ਹੁੰਦੀ ਹੈ ਕਿ ਜੇ ਮੁਸਾਫਰ ਵੱਧ ਮਿਲਦੇ ਹਨ ਤਾਂ ਉਨ੍ਹਾਂ ਮੁਸਾਫਰਾਂ ਨੂੰ ਪਹਿਲ ਦੇਣ ਲਈ ਕੰਪਨੀ ਦੇ ਆਪਣੇ ਕਰਮਚਾਰੀ ਜਾਂ ਅਫਸਰ ਨੂੰ ਔਖ ਵੀ ਝੱਲਣੀ ਪੈ ਸਕਦੀ ਹੈ ਤੇ ਉਹ ਇਨਕਾਰ ਨਹੀਂ ਕਰਨਗੇ। ਇੱਕ ਵਾਰੀ ਚੰਡੀਗੜ੍ਹ ਤੋਂ ਜਹਾਜ਼ ਜਾਣਾ ਸੀ। ਜਿਸ ਮੁਸਾਫਰ ਦੀ ਕਨਫਰਮ ਟਿਕਟ ਸੀ, ਉਸ ਨੂੰ ਸੀਟ ਨੰਬਰ ਅਲਾਟ ਹੋ ਚੁੱਕਾ ਸੀ, ਉਸ ਦੀ ਥਾਂ ਕੰਪਨੀ ਦੇ ਇੱਕ ਅਫਸਰ ਦੇ ਰਿਸ਼ਤੇਦਾਰ ਨੂੰ ਉਹੋ ਸੀਟ ਅਲਾਟ ਕਰ ਦਿੱਤੀ ਗਈ ਅਤੇ ਸੰਬੰਧਤ ਮੁਸਾਫਰ ਨੂੰ ਇਸ ਦੀ ਥਾਂ ਉਹ ਸੀਟ ਲੈਣ ਲਈ ਕਹਿ ਦਿੱਤਾ ਗਿਆ, ਜਿਸ ਉੱਤੇ ਸਫਰ ਦੌਰਾਨ ਵਾਰ-ਵਾਰ ਟਰਾਲੀ ਅਤੇ ਏਅਰ ਹੋਸਟੈੱਸ ਦੇ ਲੰਘਣ ਵੇਲੇ ਉੱਠਣਾ ਪੈ ਜਾਂਦਾ ਹੈ। ਏਦਾਂ ਦੀ ਸੀਟ ਲੈਣ ਤੋਂ ਬਹੁਤ ਸਾਰੇ ਮੁਸਾਫਰ ਨਾਂਹ ਕਰਦੇ ਹਨ, ਪਰ ਮਜਬੂਰੀ ਵਿੱਚ ਲੈਣੀ ਪੈ ਜਾਂਦੀ ਹੈ, ਜਦ ਕਿ ਓਥੇ ਕੋਈ ਮਜਬੂਰੀ ਨਹੀਂ, ਮੁਸਾਫਰ ਦੀ ਥਾਂ ਏਅਰ ਇੰਡੀਆ ਦੇ ਇੱਕ ਅਧਿਕਾਰੀ ਦੇ ਰਿਸ਼ਤੇਦਾਰ ਨੂੰ ਪਹਿਲ ਦਿੱਤੀ ਜਾਣ ਦਾ ਮਾਮਲਾ ਸੀ। ਇਹੋ ਨਹੀਂ, ਭਾਰਤ ਦੇ ਮੰਤਰੀ ਅਤੇ ਪਾਰਲੀਮੈਂਟ ਮੈਂਬਰ ਜਿੰਦਾਂ ਦੀ ਬਦਤਮੀਜ਼ੀ ਏਅਰ ਇੰਡੀਆ ਦੇ ਸਟਾਫ ਨਾਲ ਕਰਦੇ ਰਹੇ ਹਨ, ਉਹ ਕੰਪਨੀ ਦੀ ਬਦਨਾਮੀ ਦਾ ਕਾਰਨ ਬਣਦੀ ਸੀ। ਨਰਿੰਦਰ ਮੋਦੀ ਦੀ ਪਹਿਲੀ ਸਰਕਾਰ ਦੌਰਾਨ ਕੇਂਦਰ ਵਿੱਚ ਮਹਾਰਾਸ਼ਟਰ ਦੀ ਸ਼ਿਵ ਸੈਨਾ ਵੀ ਭਾਈਵਾਲ ਸੀ ਅਤੇ ਉਸ ਦੇ ਪਾਰਲੀਮੈਂਟ ਮੈਂਬਰ ਹਰ ਗੱਲ ਵਿੱਚ ਹੱਦਾਂ ਟੱਪਣ ਦਾ ਰਿਕਾਰਡ ਬਣਾਈ ਜਾਂਦੇ ਸਨ। ਇੱਕ ਵਾਰੀ ਮੁੰਬਈ ਤੋਂ ਚੜ੍ਹਿਆ ਸ਼ਿਵ ਸੈਨਾ ਦਾ ਇੱਕ ਪਾਰਲੀਮੈਂਟ ਮੈਂਬਰ ਕਿਸੇ ਗੱਲ ਤੋਂ ਏਨਾ ਭੜਕ ਪਿਆ ਕਿ ਦਿੱਲੀ ਆਣ ਕੇ ਜਹਾਜ਼ ਵਿੱਚ ਹੀ ਏਅਰ ਇੰਡੀਆ ਦੇ ਏਅਰਪੋਰਟ ਮੈਨੇਜਰ ਨੂੰ ਸੱਦ ਕੇ ਉਸ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਇਸ ਨਾਲ ਵੀ ਮਨ ਨਾ ਭਰਿਆ ਤਾਂ ਆਪਣੇ ਪੈਰ ਦੀ ਜੁੱਤੀ ਲਾਹੀ ਤੇ ਉਸ ਨੂੰ ਛਿੱਤਰਾਂ ਨਾਲ ਕੁੱਟਣ ਲੱਗ ਪਿਆ ਤੇ ਜਦੋਂ ਬਾਹਰ ਆਇਆ ਤਾਂ ਮੀਡੀਆ ਕੈਮਰਿਆਂ ਸਾਹਮਣੇ ਬੜੇ ਮਾਣ ਨਾਲ ਇਹ ਕਹਿੰਦਾ ਸੀ, 'ਮੈਨੇ ਉਸ ਕੋ ਗਿਨ-ਗਿਨ ਕਰ ਪੱਚੀਸ ਜੂਤੇ ਲਗਾਏ।' ਮਾਮਲਾ ਸਾਰੇ ਦੇਸ਼ ਦੀ ਚਰਚਾ ਦਾ ਮੁੱਦਾ ਬਣਿਆ, ਸ਼ਿਵ ਸੈਨਾ ਆਪਣੇ ਆਗੂ ਦੇ ਪੱਖ ਵਿੱਚ ਖੜੋ ਗਈ ਅਤੇ ਮੋਦੀ ਸਰਕਾਰ ਉਸ ਦਾ ਬਚਾਅ ਕਰਨ ਲੱਗ ਪਈ। ਕਈ ਦਿਨ ਚਰਚਾ ਤੋਂ ਬਾਅਦ ਉਹ ਮਾਮਲਾ ਠੱਪ ਕਰ ਦਿੱਤਾ ਗਿਆ। ਏਦਾਂ ਦੇ ਮਾਹੌਲ ਵਿੱਚ ਕਰਮਚਾਰੀ ਕੰਮ ਕਿਹੋ ਜਿਹਾ ਕਰ ਸਕਦੇ ਹਨ! ਸਿਰਫ ਇਹ ਨਹੀਂ ਕਿ ਏਅਰ ਇੰਡੀਆ ਨੂੰ ਏਥੇ ਵਰਤਿਆ ਅਤੇ ਕਰਮਚਾਰੀਆਂ ਨਾਲ ਬਦਸਲੂਕੀ ਕੀਤੀ ਜਾਂਦੀ ਸੀ, ਇਸ ਕੰਪਨੀ ਨੂੰ ਸਰਕਾਰਾਂ ਨੇ ਆਪਣੇ ਬੰਦੇ ਵਿਦੇਸ਼ਾਂ ਵਿੱਚ ਸੈੱਟ ਕਰਨ ਵਾਸਤੇ ਵੀ ਵਰਤਿਆ ਸੀ। ਇੱਕ ਵਾਰੀ ਇਹ ਵੱਡੀ ਹੈਰਾਨੀ ਵਾਲੀ ਖਬਰ ਆਈ ਸੀ ਕਿ ਏਅਰ ਇੰਡੀਆ ਨੇ ਢਾਈ ਦਰਜਨ ਦੇ ਕਰੀਬ ਇਹੋ ਜਿਹੇ ਦੇਸ਼ਾਂ ਵਿੱਚ ਆਪਣੇ ਦਫਤਰ ਖੋਲ੍ਹੇ ਹੋਏ ਅਤੇ ਓਥੇ ਸਟਾਫ ਬਿਠਾ ਰੱਖਿਆ ਹੈ, ਜਿੱਥੇ ਇਸ ਦੀ ਕੋਈ ਫਲਾਈਟ ਹੀ ਨਹੀਂ ਜਾਂਦੀ। ਸਪੱਸ਼ਟ ਗੱਲ ਸੀ ਕਿ ਓਥੇ ਬੈਠਾ ਮੈਨੇਜਰ, ਉਸ ਨਾਲ ਲਾਇਆ ਸਹਾਇਕ ਅਤੇ ਸੇਵਾਦਾਰ ਬਿਨਾਂ ਕੰਮ ਕਰਨ ਤੋਂ ਤਨਖਾਹਾਂ ਲਈ ਜਾਂਦੇ ਸਨ ਅਤੇ ਕੁਝ ਸਮਾਂ ਓਥੇ ਆਰਜ਼ੀ ਡਿਊਟੀ ਕਰਨ ਮਗਰੋਂ ਜਦੋਂ ਉਨ੍ਹਾਂ ਦੇਸ਼ਾਂ ਵਿੱਚ ਪੈਰ ਪੱਕੇ ਲੱਗ ਜਾਂਦੇ ਤਾਂ ਉਸ ਵਕਤ ਉਨ੍ਹਾਂ ਦੀ ਥਾਂ ਕੋਈ ਹੋਰ ਇਹੋ ਜਿਹਾ ਲੋੜਵੰਦ ਓਥੇ ਐਡਜਸਟ ਕਰਵਾ ਲਿਆ ਜਾਂਦਾ ਸੀ। ਪਾਰਲੀਮੈਂਟ ਵਿੱਚ ਇਸ ਚੱਕਰ ਦਾ ਸਵਾਲ ਪੁੱਛਿਆ ਗਿਆ ਤਾਂ ਉਸ ਵਕਤ ਦੀ ਸਰਕਾਰ ਨੇ ਗੱਲ ਗੋਲ ਕਰ ਦਿੱਤੀ ਤੇ ਮਸਲਾ ਟਲ ਗਿਆ ਸੀ। ਏਅਰ ਇੰਡੀਆ ਨਾਲ ਤਾਂ ਜੋ ਹੁੰਦਾ ਰਿਹਾ, ਉਹ ਸਭ ਨੂੰ ਪਤਾ ਹੈ, ਏਅਰ ਪੋਰਟ ਸਕਿਓਰਟੀ ਦੇ ਮਾਮਲੇ ਵਿੱਚ ਵੀ ਕਿਸੇ ਨਿਯਮ-ਕਾਨੂੰਨ ਦੀ ਪ੍ਰਵਾਹ ਭਾਰਤ ਦੇ ਸਿਆਸੀ ਆਗੂ ਬਹੁਤੀ ਨਹੀਂ ਕਰਦੇ। ਇੱਕ ਵਾਰ ਉੱਤਰ ਪ੍ਰਦੇਸ਼ ਦੇ ਇੱਕ ਏਅਰਪੋਰਟ ਉੱਤੇ ਤੇ ਇੱਕ ਵਾਰੀ ਪਟਨੇ ਦੇ ਏਅਰਪੋਰਟ ਉੱਤੇ ਕੇਂਦਰੀ ਆਗੂਆਂ ਨੂੰ ਲੈਣ ਵਾਸਤੇ ਪਹੁੰਚੇ ਹੋਏ ਉਨ੍ਹਾਂ ਦੀ ਪਾਰਟੀ ਦੇ ਲੀਡਰ ਅਤੇ ਵਰਕਰ ਰਨਵੇਅ ਤੱਕ ਜਾਣ ਦੀ ਅੜੀ ਕਰ ਬੈਠੇ ਸਨ। ਆਖਰ ਨੂੰ ਸਰਕਾਰ ਨੇ ਦਬਾਅ ਹੇਠ ਉਨ੍ਹਾਂ ਦੀ ਗੱਲ ਮੰਨੀ ਸੀ ਅਤੇ ਸਾਰੇ ਨਿਯਮ-ਕਾਨੂੰਨ ਤੋੜ ਕੇ ਅੰਦਰ ਤੱਕ ਜਾਣ ਦਿੱਤਾ ਗਿਆ ਸੀ। ਗੁਜਰਾਤ ਦੇ ਇੱਕ ਏਅਰਪੋਰਟ ਉੱਤੇ ਇੱਕ ਵਾਰੀ ਕੁਝ ਪਾਰਲੀਮੈਂਟ ਮੈਂਬਰਾਂ ਨੇ ਰਨਵੇਅ ਉੱਤੇ ਖੜੇ ਹੋ ਕੇ ਫੋਟੋ ਖਿਚਵਾਏ ਸਨ ਅਤੇ ਇਹ ਸਭ ਕੁਝ ਉਸ ਵਕਤ ਕੀਤਾ ਗਿਆ, ਜਦੋਂ ਉਨ੍ਹਾਂ ਦੇ ਪਿੱਛੇ ਇੱਕ ਜਹਾਜ਼ ਲੈਂਡ ਕਰਦਾ ਪਿਆ ਸੀ। ਉਸ ਵਕਤ ਵਾਲੀ ਫੋਟੋ ਅੱਜ ਤੱਕ ਮੇਰੀ ਫਾਈਲ ਵਿੱਚ ਪਈ ਹੈ, ਪਰ ਕਮਾਲ ਦੀ ਗੱਲ ਇਹ ਕਿ ਉਨ੍ਹਾਂ ਲੀਡਰਾਂ ਜਾਂ ਏਅਰਪੋਰਟ ਅਥਾਰਟੀ ਵਾਲੇ ਅਫਸਰਾਂ ਦਾ ਵਾਲ਼ ਵੀ ਵਿੰਗਾ ਨਹੀਂ ਸੀ ਹੋਇਆ, ਕਿਉਂਕਿ ਜਿਨ੍ਹਾਂ ਲੋਕਾਂ ਨੇ ਇਹ ਗਲਤ ਹਰਕਤ ਕੀਤੀ ਤੇ ਕਰਵਾਈ ਸੀ, ਉਹ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਨਾਲ ਸੰਬੰਧਤ ਪਾਰਲੀਮੈਂਟ ਮੈਂਬਰ ਸਨ। ਜਿਹੜੇ ਏਅਰਪੋਰਟਾਂ ਉੱਤੇ ਇਸ ਹੱਦ ਤੱਕ ਨਿਯਮਾਂ ਦੀ ਉਲੰਘਣਾ ਹੁੰਦੀ ਹੋਵੇ ਅਤੇ ਓਥੋਂ ਦੇ ਅਧਿਕਾਰੀ ਅਤੇ ਕਰਮਚਾਰੀ ਨਾ ਚਾਹੁੰਦੇ ਹੋਏ ਵੀ ਸਿਆਸਤ ਦੇ ਧਨੰਤਰਾਂ ਅੱਗੇ ਝੁਕਣ ਲਈ ਮਜਬੂਰ ਹੋ ਜਾਂਦੇ ਹੋਣ, ਓਥੇ ਸੁਰੱਖਿਆ ਖਾਮੀ ਹੋਣਾ ਹੈਰਾਨੀ ਵਾਲੀ ਗੱਲ ਨਹੀਂ ਹੁੰਦੀ। ਇਸ ਵੇਲੇ ਏਅਰ ਇੰਡੀਆ ਫਿਰ ਚਰਚਾ ਵਿੱਚ ਹੈ ਅਤੇ ਜਿਸ ਰਤਨ ਟਾਟਾ ਨੇ ਆਪਣੇ ਖਾਨਦਾਨ ਦੀ ਵਿਰਾਸਤ ਦਾ ਖਿਆਲ ਕਰ ਕੇ ਇਸ ਨੂੰ ਡੁੱਬਦੀ ਪਈ ਨੂੰ ਆਪਣੇ ਕੰਟਰੋਲ ਵਿੱਚ ਲੈ ਕੇ ਸੁਧਾਰਨ ਦਾ ਯਤਨ ਕੀਤਾ ਸੀ, ਉਹ ਵਾਅਦੇ ਉੱਤੇ ਪੂਰਾ ਉੱਤਰਨ ਵਾਲਾ ਸਨਅਤਕਾਰ ਅੱਜ ਦੁਨੀਆ ਵਿੱਚ ਨਹੀਂ ਹੈ। ਜਿਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਇਸ ਵੇਲੇ ਏਅਰ ਇੰਡੀਆ ਦੀ ਕਮਾਨ ਇਸ ਵਕਤ ਹੈ, ਉਨ੍ਹਾਂ ਦੀ ਅਕਲਮੰਦੀ ਅਤੇ ਫਰਜ਼ ਵੱਲ ਸੰਜੀਦਗੀ ਉੱਤੇ ਕਈ ਲੋਕਾਂ ਵੱਲੋਂ ਸਮੇਂ-ਸਮੇਂ ਉਂਗਲਾਂ ਉਠਾਈਆਂ ਜਾਂਦੀਆਂ ਰਹੀਆਂ ਹਨ। ਨਾ ਉਨ੍ਹਾਂ ਦਾ ਇਸ ਅਦਾਰੇ ਨਾਲ ਕੋਈ ਖਾਸ ਮੋਹ ਜਾਪਦਾ ਹੈ, ਨਾ ਇਸ ਨੂੰ ਸੰਭਾਲਣ ਅਤੇ ਸੁਧਾਰਨ ਦਾ ਬੀੜਾ ਚੁੱਕਣ ਵਾਲੇ ਸਨਅਤਕਾਰ ਦੇ ਪਰਵਾਰਕ ਪਿਛੋਕੜ ਅਤੇ ਵਿਰਾਸਤ ਨਾਲ ਵਾਸਤਾ ਹੈ, ਉਨ੍ਹਾਂ ਦੀ ਲੋੜ ਸਿਰਫ ਆਪਣੀ ਨੌਕਰੀ ਚੱਲਦੀ ਰੱਖਣ ਤੇ ਲਾਭ ਮਾਨਣ ਤੱਕ ਦੀ ਜਾਪਦੀ ਹੈ। ਸੰਸਾਰ ਦੇ ਕਿਸੇ ਵੀ ਵਿਕਸਤ ਦੇਸ਼ ਦੇ ਕਿਸੇ ਅਦਾਰੇ, ਕਿਸੇ ਟਰੇਨ ਜਾਂ ਬੱਸ ਸਰਵਿਸ ਜਾਂ ਕਿਸੇ ਕਿਸ਼ਤੀ ਅਤੇ ਜਹਾਜ਼ ਵਿੱਚ ਚੜ੍ਹਨ ਜਾਈਏ ਤਾਂ ਆਮ ਕਰ ਕੇ ਇੱਕ ਨਾਅਰਾ ਲਿਖਿਆ ਦਿੱਸ ਪੈਂਦਾ ਹੈ, 'ਯੁਅਰ ਸੇਫਟੀ, ਅਵਰ ਪਰਿਓਰਟੀ', ਭਾਵ ਤੁਹਾਡੀ ਸੁਰੱਖਿਆ ਸਾਡੇ ਲਈ ਹਰ ਗੱਲ ਤੋਂ ਵੱਡੀ ਪਹਿਲ ਹੈ, ਪਰ ਭਾਰਤ ਵਿੱਚ ਇਹੋ ਗੱਲ ਕਿਤੇ ਲਿਖੀ ਜਾਂ ਲਾਗੂ ਹੁੰਦੀ ਨਹੀਂ ਵੇਖੀ ਜਾਂਦੀ। ਭਾਰਤ ਦੇ ਲੋਕ ਜਿੱਥਾਂ ਦਾ ਰਾਜ-ਪ੍ਰਬੰਧ ਭੁਗਤਦੇ ਪਏ ਹਨ, ਉਸ ਵਿੱਚ ਏਅਰ ਇੰਡੀਆ ਦੀ ਹਾਲਤ ਵਿਗੜਨਾ, ਹਾਦਸੇ ਵਾਪਰ ਜਾਣਾ ਤੇ ਇੱਕੋ ਵਾਰ ਢਾਈ ਸੌ ਤੋਂ ਵੱਧ ਲੋਕਾਂ ਦਾ ਮਾਰਿਆ ਜਾਣਾ ਇੱਕ ਕੇਂਦਰੀ ਮੰਤਰੀ ਦੇ ਕਹਿਣ ਮੁਤਾਬਕ 'ਆਮ ਜਿਹੀ' ਘਟਨਾ ਹੈ। ਉਨ੍ਹਾਂ ਲਈ ਹਾਦਸੇ ਹੋਣਾ ਬੇਸ਼ੱਕ ਆਮ ਗੱਲ ਹੋ ਸਕਦੀ ਹੈ, ਆਮ ਲੋਕਾਂ ਵਾਸਤੇ ਨਹੀਂ ਅਤੇ ਜਿਨ੍ਹਾਂ ਲੋਕਾਂ ਨੇ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾਣਾ-ਆਉਣਾ ਹੁੰਦਾ ਹੈ, ਉਨ੍ਹਾਂ ਲਈ ਤਾਂ ਏਨੀ ਆਮ ਗੱਲ ਕਦੇ ਨਹੀਂ ਹੋ ਸਕਦੀ। ਵਿਸ਼ਵ ਗੁਰੂ ਬਣਨ ਦੇ ਦਾਅਵੇ ਕਰਨ ਵਾਲੇ ਭਾਰਤ ਦੀ ਸਰਕਾਰ ਜੇ ਇਨ੍ਹਾਂ ਗੱਲਾਂ ਵੱਲੋਂ ਅੱਖਾਂ ਮੀਟੀ ਰੱਖੇਗੀ ਤਾਂ ਇਸ ਤਰ੍ਹਾਂ ਦੇ ਨੁਕਸਾਨ ਕਦੀ ਵੀ ਰੋਕੇ ਨਹੀਂ ਜਾ ਸਕਣੇ। ਆਖਰ ਕਦੋਂ ਤੱਕ ਚੱਲਦਾ ਰਹੇਗਾ ਇਹ ਕੁਝ!

# ਰਾਮਪੁਰ ਲਿਖਾਰੀਆਂ ਜ਼ਿਲ੍ਹਾ ਲੁਧਿਆਣਾ

**ਪਿੰਡ ਵਸਿਆ-34**

**ਵਿਜੇ ਬੰਬੇਲੀ**

ਮਰਹੂਮ ਕਾ. ਮੱਲ ਸਿੰਘ ਰਾਮਪੁਰੀ ਇੱਕੋ ਸਮੇਂ ਬਹੁਪਰਤੀ ਸ਼ਖਸ ਹੋਇਆ : ਇਨਕਲਾਬੀ ਕਾਰਕੁੰਨ, ਲਿਖਾਰੀ, ਨਾਟਕਕਾਰ, ਕਲਾਕਾਰ ਅਤੇ ਪ੍ਰਤੀਬੱਧ ਕਮਿਊਨਿਸਟ ਤੇ ਪਿੱਛੋਂ ਜਾ ਕੇ ਸਥਾਨਕ ਇਤਿਹਾਸਕਾਰ। ਉਹ ਉਸ ਰਾਮਪੁਰ, ਲੁਧਿਆਣਾ ਦਾ ਜਾਇਆ ਸੀ, ਜਿੱਥੋਂ ਦੇ ਦਰਜਨ ਭਰ ਨਾਮਵਰ ਲੇਖਕ ਹੋਏ, ਹੁਣ ਵੀ ਹਨ। ਜਿੱਥੇ ਪਹਿਲੀ ਪੇਂਡੂ ਸਾਹਿਤਕ ਸੱਥ ਬਣੀ ਅਤੇ ਜਿਸ ਦੀ ਅੱਲ ਹੁਣ ਰਾਮਪੁਰ ਲਿਖਾਰੀਆਂ ਹੈ। ਆਪਣੇ ਪਿੰਡ ਦੀ ਬਾਤ ਪਾਉਂਦਿਆਂ ਮੱਲ ਸਿੰਘ ਲਿਖਦਾ ਹੈ, "ਮੇਰੇ ਪਿੰਡ ਰਾਮਪੁਰ ਨੂੰ ਵਸਾਉਣ ਵਾਲੇ ਮਾਂਗਟ ਗੋਤਰੀ ਰਾਏ, ਜਗਤੀਆਂ ਅਤੇ ਜੀਤਾ ਸਨ। ਜਿਹੜੇ ਆਪਣੇ ਮਾਂਗਟ ਜਜ਼ਮਾਨਾਂ ਸਮੇਤ ਵੱਸਦੇ-ਉੱਜੜਦੇ ਅਤੇ ਮੁੜ ਵੱਸਦੇ ਇੱਥੇ ਆ ਆਬਾਦ ਹੋਏ। ਮੁਖੀ ਰਾਏ ਸੀ, ਜਿਸ ਕਾਰਨ ਪਿੰਡ ਦੀ ਮੋੜ੍ਹੀ "ਰਾਉਪੁਰ" (ਰਾਏਪੁਰ) ਵਜੋਂ ਗੱਡੀ ਗਈ। ਜਿਹੜਾ ਰਾਓਪੁਰ ਤੋਂ ਰਾਮਪੁਰ ਬਣ ਗਿਆ। ਰਾਮਪੁਰ ਦੀ ਤਹਿਸੀਲ ਕਦੇ ਧੂਰੀ, ਕਦੇ ਬਰਨਾਲਾ, ਕਦੇ ਸਾਹਿਬਗੜ੍ਹ (ਅੱਜ ਦਾ ਫਤਿਹਗੜ੍ਹ), ਕਦੇ ਬਸੀ ਤੇ ਕਦੇ ਅਮਲੋਹ ਰਹੀ। ਅੱਜਕੱਲ੍ਹ ਪਾਇਲ ਹੈ। ਜ਼ਿਲ੍ਹਾ ਕਦੇ ਅਮਰਗੜ੍ਹ, ਕਦੇ ਪਟਿਆਲਾ, ਕਦੇ ਫਤਿਹਗੜ੍ਹ ਅਤੇ ਹੁਣ ਲੁਧਿਆਣਾ ਹੈ। ਰਾਮਪੁਰ ਵਿਚ ਕਦੇ ਸਰਹਿੰਦ ਦੀ ਨਵਾਬੀ ਚੱਲਦੀ ਸੀ, ਕਦੇ ਰਿਆਸਤ ਪਟਿਆਲਾ ਦਾ ਖਾਨਦਾਨੀ ਸਿੱਕਾ ਚੱਲਿਆ ਤੇ ਹੁਣ ਪੰਜਾਬ ਸਰਕਾਰ ਹੈ।" ਉਸ ਵੱਲੋਂ ਲਿਖੇ-ਦੱਸੇ ਨੇ ਵੀ ਇਹ ਲੇਖ ਲਿਖਣ 'ਚ ਪੁਖਤਾ ਹਿੱਸਾ ਪਾਇਆ ਹੈ।

'47 ਤੋਂ ਕਿਤੇ ਪਹਿਲਾਂ; ਪਿੰਡ ਦੀ ਮੋੜ੍ਹੀ ਬੰਨ੍ਹਣ ਵਾਲੀ ਧਿਰ ਦੀ ਹੀ ਸੰਬੰਧਤ ਪਿੰਡ ਵਿਚ ਬਹੁਤੀ ਵਸੇਬ ਹੁੰਦੀ ਸੀ। ਭਾਵੇਂ ਕਿ ਹੋਰ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ ਜਾਂ ਉਹ ਖੁਦ ਲੈ ਆਏ। ਕਾਰਨ; ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸ ਨੂੰ ਹੋਰ ਕਿੱਤਾ ਜਾਤੀਆਂ, ਜਿਹਨਾਂ ਕੋਲ ਵਿਸ਼ੇਸ਼ ਧੰਦਿਆਂ, ਹੁਨਰਾਂ ਜਾਂ ਕੋਈ ਹੋਰ ਮੁਹਾਰਿਤ ਹੁੰਦੀ ਸੀ, ਦੀ ਲੋੜ ਪੈਂਦੀ ਸੀ। ਨਵਾਂ ਪਿੰਡ ਬੰਨ੍ਹਣ ਸਮੇਂ ਤਾਂ ਅਜਿਹਾ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਸੀ ਜਾਂ ਹੋਰ ਥਾਵੋਂ ਹੋਰ ਜਾਤਾਂ (ਧਰਮੀ) ਵੀ ਰੋਜ਼ੀ-ਰੋਟੀ ਦੀਆਂ ਲੋੜਾਂ ਤਹਿਤ ਉਥੇ ਵਸਦੀਆਂ। ਸਭ ਪਿੰਡ ਬੁਨਿਆਦੀ ਸਰੂਪ ਵਿਚ ਇੱਕ-ਦੂਜੇ ਨਾਲ ਮੇਲ ਖਾਂਦੇ ਸਨ। ਕੱਚੇ-ਪੱਕੇ ਘਰਾਂ ਦਾ ਸਮੂਹ। ਪਸ਼ੂਆਂ ਲਈ ਇੱਕ ਛੱਪੜ, ਬੰਦਿਆਂ ਲਈ ਖੂਹ। ਪਿੰਡ ਦੀ ਸਾਂਝੀ ਸੱਥ, ਜਿੱਥੇ ਤਬਸਰੇ ਚੱਲਦੇ, ਰਾਗ-ਰਤਨ ਹੁੰਦੇ। ਪਿੱਪਲਾਂ-ਬੋਹੜਾਂ 'ਤੇ ਤੀਆਂ, ਪਿੰਡ ਦੀ ਬਾਹਰਲੀ ਹੱਦ ਉੱਤੇ ਜਠੇਰੇ ਅਤੇ ਸਤੀਆਂ ਤੇ ਮਮਟੀਆਂ। ਮੁੱਖ ਤੌਰ 'ਤੇ ਪ੍ਰਮੁੱਖ ਧੰਦਾ ਵਾਹੀ-ਬੀਜੀ ਸੀ। ਹੱਟੀ, ਭੱਠੀ ਅਤੇ ਸੱਥ ਨੂੰ ਪਿੰਡ ਦਾ ਸੰਚਾਰ ਕੇਂਦਰ ਕਿਹਾ ਜਾ ਸਕਦਾ ਸੀ। ਮੁੱਢ-ਕਦੀਮ ਰਾਮਪੁਰ ਵੀ ਇਵੇਂ ਹੀ ਸੀ।

1882 ਈ. ਵਿਚ ਸਰਕਾਰ ਅੰਗਰੇਜ਼ੀ ਨੇ ਜ਼ਮੀਨਾਂ ਬਾਰੇ "ਪੰਜਾਬ ਬੰਦੋਬਸਤ ਕਾਨੂੰਨ" ਪਾਸ ਕੀਤਾ। ਅਹਿਲਕਾਰਾਂ ਦੀ ਜਿਹੜੀ ਟੀਮ ਉਸ ਐਕਟ ਤਹਿਤ ਪਿੰਡ ਆਈ, ਉਸ ਨੂੰ ਪਿੰਡ ਦੇ ਪੁਰਾਣੇ ਮੋਹਤਬਰਾਨਾਂ ਨੇ ਜੋ ਜਾਣਕਾਰੀ ਦਿੱਤੀ, ਉਸ ਨੂੰ ਮਿਸਲ ਵਜੋਂ ਉਰਦੂ ਵਿਚ ਬਤੌਰ ਦਸਤਾਵੇਜ਼ ਸਰਕਾਰੀ ਬਾਬਤ ਪਿੰਡ ਅਤੇ ਰਕਬਾ ਵਜੋਂ ਸਨਦਬੱਧ ਕੀਤਾ ਗਿਆ ਜਿਸ ਨੂੰ "ਸ਼ਿਜਰਾ ਨਸਬ" ਵੀ ਕਿਹਾ ਜਾਂਦਾ ਹੈ। ਦਰਅਸਲ ਇਹ ਪਿੰਡ ਦਾ ਪਿਛੋਕੜ, ਖਾਸ ਕਰਕੇ ਵਸਣ ਬਾਰੇ ਅਤੇ ਮੁੱਢਲੇ ਜ਼ਰਾਇਤੀ ਮਾਲਕਾਂ ਜਾਂ ਪਿੰਡ ਬੰਨ੍ਹਣ ਵਾਲਿਆਂ ਦੀ ਮਾਲਕੀ ਜਾਂ ਪਰਵਾਰਕ ਬੰਸਾਂਵਲੀ ਵੀ ਹੁੰਦੀ ਹੈ। ਪੰਜਾਬੀ ਉਲੱਥਾ ਪੇਸ਼ ਹੈ :

"ਵਿਆਖਿਆ ਪਿੰਡ ਰਾਮਪੁਰ, ਤਹਿਸੀਲ ਸਾਹਿਬਗੜ੍ਹ, ਜ਼ਿਲ੍ਹਾ ਅਮਰਗੜ੍ਹ। ਬੁਨਿਆਦੀ ਹੱਕ ਹਾਸਲ ਹਨ, ਜ਼ਮੀਨ ਦੀ ਪੁਰਾਣੀ ਵੰਡ" ਮਹਿਕਮਾ ਮਾਲ (ਪਟਵਾਰ) ਦੇ ਉਰਦੂ ਰਿਕਾਰਡ ਦਾ ਪੰਜਾਬੀ ਉਲੱਥਾ। (ਉਰਦੂ ਲਿਖ਼ਤ ਈਸਵੀ ਸੰਨ 1882) 'ਚ "ਸਮਾਂ ਤੀਹ ਪੁਸ਼ਤ ਹੋਇਆ (ਅਗਲੀ ਪੁਸ਼ਤ ਜਾਂ ਪੀੜ੍ਹੀ ਕਰੀਬ 20 ਕੁ ਵਰ੍ਹੇ ਬਦਲ ਜਾਂਦੀ ਸੀ, ਸੋ ਔਸਤਨ 1882-600=1282 ਅਰਥਾਤ 13ਵੀਂ ਸਦੀ) ਕਿ ਸਾਡੇ ਬਜ਼ੁਰਗ ਕਾਲ੍ਹਾ ਨੇ ਗਜ਼ਨੀ ਤੋਂ ਚੱਲ ਕੇ, ਪਰਗਨਾ ਅੰਮ੍ਰਿਤਸਰ ਵਿਚ ਗੁਰ ਮਾਂਗਟ ਆਬਾਦ ਕੀਤਾ ਅਤੇ ਉਥੋਂ ਆ ਕੇ ਲੁਧਿਆਣਾ ਵਿਚ ਕੂੰਮ ਕਲਾਂ ਆਬਾਦ ਕਰ ਲਿਆ। ਜਦੋਂ ਮੁਗਲ ਰਾਜ ਵਿਚ ਕੂੰਮ ਦੇ ਮਾਲਕਾਂ ਨੇ ਇਸਲਾਮ ਮੱਤ ਗ੍ਰਹਿਣ ਕਰ ਲਿਆ ਤਾਂ ਉਥੋਂ ਉੱਠ ਕੇ ਸਾਡੇ ਬਜ਼ੁਰਗ ਪਿੰਡ ਛੰਦੜਾਂ ਵਿਚ ਆਬਾਦ ਹੋ ਗਏ। ਪਿੰਡ ਛੰਦੜਾਂ ਤੋਂ ਉੱਠ ਕੇ ਸਾਡੇ ਬਜ਼ੁਰਗ ਰਾਏ ਨੇ ਇਸ ਪਿੰਡ ਦੀ ਗੈਰ ਆਬਾਦ ਜ਼ਮੀਨ ਨੂੰ ਉਸ ਸਮੇਂ ਦੇ ਹਾਕਮਾਂ ਤੋਂ ਆਗਿਆ ਲੈ ਕੇ ਆਬਾਦ ਕੀਤਾ ਅਤੇ ਕਬਜ਼ਾ ਕਰ ਲਿਆ। ਕੁੱਝ ਸਮਾਂ ਬੀਤਣ ਪਿੱਛੋਂ ਰਾਏ ਦੀ ਔਲਾਦ ਨੇ ਇਸ ਜ਼ਮੀਨ ਨੂੰ 19 ਹਲਾਂ ਵਿਚ ਵੰਡਿਆ, ਪਰ ਹਰ ਹਲ ਦੀ ਜ਼ਮੀਨ ਬਰਾਬਰ ਨਾ ਰਹੀ। ਜਿਸ ਤਰ੍ਹਾਂ ਕਬਜ਼ਾ ਸੀ, ਉਸੇ ਤਰ੍ਹਾਂ ਰਹੇ ਅਤੇ ਇਹ ਅਮਲ ਸੰਮਤ 1925 (ਈਸਵੀ ਸੰਨ 1868) ਤੱਕ ਰਿਹਾ। ਫਿਰ ਸੰਮਤ 1926 (1869 ਈ.) ਵਿਚ ਨਵੇਂ ਸਿਰਿਓਂ 16 ਹਲ ਕਾਇਮ ਕੀਤੇ। ਮਗਰੋਂ, ਬਜ਼ੁਰਗ ਗੁਲਾਬਾ ਦੇ ਤਿੰਨ ਪੁੱਤਾਂ ਤੇ ਤਿੰਨ ਪੱਤੀਆਂ ਆਸ਼ਾ, ਹਸ਼ਿਆਰਾ, ਚੰਦੂ ਮਸ਼ਹੂਰ ਹੋ ਗਈਆਂ। ਪੱਤੀਆਂ ਦੇ ਅੰਦਰ ਆਸ਼ਾ-ਹਸ਼ਿਆਰਾ-ਚੰਦੂ ਦੇ ਪੰਜ-ਪੰਜ ਠੁੱਲੇ (ਵਿਹੜੇ) ਮਸ਼ਹੂਰ ਹੋ ਗਏ, ਅਰਥਾਤ; ਇਹਨਾਂ ਤਿੰਨਾਂ ਦੇ ਨਾਂਅ ਪੱਤੀਆਂ ਅਤੇ ਇਹਨਾਂ ਪੱਤੀਆਂ ਵਿਚ ਇਹਨਾਂ ਦੀ ਔਲਾਦ ਦੇ ਹੀ ਅਗਾਂਹ ਪੰਜ-ਪੰਜ ਵਿਹੜੇ, ਭਾਵ ਸਕਿਆਂ ਜਾਂ ਭਰਾਵਾਂ ਦੇ ਘਰਾਂ ਦੇ ਸਮੂਹ, ਪਰ ਹੱਕਾਂ ਦੀ ਠੀਕ ਵੰਡ, ਪੱਤੀਆਂ ਅਤੇ ਠੁੱਲਿਆਂ ਵਿਚ ਕਾਇਮ ਨਾ ਰਹੀ, ਨਾ ਇਹ ਹਿੱਸਿਆਂ ਅਨੁਸਾਰ ਠੀਕ ਹੈ। ਨਾ ਹੀ ਹਰੇਕ ਹਲ (ਢੇਰੀ/ਮਾਲਕੀ) ਦੀ ਜ਼ਮੀਨ ਇੱਕਸਾਰ ਹੈ, ਸਗੋਂ ਚੰਗੀ-ਮਾੜੀ ਦੇ ਆਧਾਰ 'ਤੇ, ਘੱਟ-ਵੱਧ ਕੀਤੀ ਗਈ ਹੈ। ਸ਼ਾਮਲਾਤ ਦੇਹ (ਸਾਂਝੀ ਭੋਇੰ) ਪੱਤੀਆਂ 'ਚ ਵੰਡਣ ਦੇ ਕਾਬਲ (ਯੋਗ) ਨਹੀਂ ਹੈ। ਨਾ ਹੀ ਸ਼ਾਮਲਾਤ ਤੋਂ ਕਿਸੇ ਕਿਸਮ ਦੀ ਕੋਈ ਆਮਦਨ ਹੈ। ਪਿੰਡ ਵਿਚ ਕਬਜ਼ੇ ਦੇ ਅਧਾਰ ਉੱਤੇ ਹੀ ਅਮਲ ਹੋ ਰਿਹਾ ਹੈ। ਹਿੱਸੇ ਅਨੁਸਾਰ ਕੋਈ ਅਮਲ ਨਹੀਂ। ਪਿੰਡ ਵਿਚ ਭਾਈਚਾਰੇ ਦੀ ਹਾਲਤ (ਰੂਪ ਰੇਖਾ) ਮੁਕੰਮਲ ਹੈ। ਅਰਥਾਤ; ਕਰੀਬ, ਹਰ ਜਾਤ-ਕਿਸਬ ਦੇ (ਕਿਰਤੀ-ਸ਼ਿਲਪੀ-ਪ੍ਰੋਹਿਤ-ਸ਼ਾਹ ਅਤੇ "ਰੱਬੀ") ਲੋਕਾਂ ਦੀ ਵਸੇਬ ਹੈ। ਦੂਜੇ ਮਾਲਕ ਲੋਕ ਜੋ ਪੁਰਖਾ ਧਿਰਾਂ ਵਿੱਚੋਂ ਨਹੀਂ ਹਨ, ਪਰ ਗੋਤ ਮਾਂਗਟ ਹੈ ਉਹ ਉਹਨਾਂ ਵਿਚ ਦਰਜ (ਸ਼ੁਮਾਰ) ਕੀਤੇ ਗਏ ਹਨ, ਜਿਹਨਾਂ ਪੱਤੀਆਂ ਦੇ ਮਾਲਕਾਂ ਨੂੰ ਉਹ ਮਾਮਲਾ ਦਿੰਦੇ ਸਨ। ਸਾਡੇ ਬਜ਼ੁਰਗ ਰਾਏ ਦੇ ਨਾਂਅ ਉੱਤੇ ਪਿੰਡ ਦਾ ਨਾਂਅ ਰਾਓਪੁਰ ਰੱਖਿਆ ਗਿਆ ਸੀ, ਪਰ ਹੌਲੀ-ਹੌਲੀ ਬਦਲ ਕੇ ਇਸ ਦਾ ਨਾਂਅ ਰਾਮਪੁਰ ਹੋ ਗਿਆ। ਦੋ ਥੇਹ, ਪਿੰਡ ਦੀ ਆਬਾਦੀ ਤੋਂ ਪੱਛਮ ਵੱਲ ਪਹਿਲਾਂ ਦੇ ਹੀ ਹਨ। ਜਦ ਤੋਂ ਪਿੰਡ ਆਬਾਦ ਹੋਇਆ ਹੈ, ਕਦੇ ਉੱਜੜਿਆ ਨਹੀਂ ਹੈ।" ਸਮਾਂ-ਨੇਤ, ਪਹਿਲ-ਪਲੱਕੜਿਆਂ 'ਚ ਕੁੱਝ ਨੇ ਇੱਥੋਂ ਉੱਠ ਕੇ ਨਵੇਂ ਪਿੰਡ ਵੀ ਵਸਾਏ ਅਤੇ ਕੁੱਝ ਟੱਬਰ ਹੋਰੀਂ ਪਿੰਡ ਵੀ ਜਾ ਵਸੇ ਅਤੇ ਕੁੱਝ, ਕਈ ਕਾਰਨੀਂ, ਮੁੜ ਵਾਪਸ ਵੀ ਆ ਗਏ ਸਨ। ਮੁੱਕਦੀ ਗੱਲ, ਇਹ ਕਿੱਸਾ ਪਿੰਡ ਬੱਝਣ ਦੀ ਕਥਾ ਬਿਆਨਦਾ ਹੈ।

**ਮੋਬਾ. 94634-39075**

# ਸੂਰਮਿਆਂ ਦੀਆਂ ਬਾਤਾਂ ਸਦਾ ਹੀ ਪੈਂਦੀਆਂ ਰਹਿਣਗੀਆਂ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-19**

**ਸੁਰਜੀਤ ਸੁਮਨ**

ਵੱਡੇ ਵੀਰ ਦਲੇਰ ਸਿੰਘ ਨੇਸਵੇਰੇ ਸਵੇਰੇ ਈ ਫੋਨ ਖੜਕਾ ਕੇ ਮੈਨੂੰ ਝਟਕਾ ਦੇਣ ਦੀ ਕੋਸ਼ਿਸ਼ ਕੀਤੀ। ਫਿਰ ਵੀ ਮੈਂ ਉਸ ਨੂੰ ਮੋੜਵਾਂ ਜਵਾਬ ਦੇ ਕੇ ਨਿਰੁੱਤਰ ਕਰਨਾ ਚਾਹਿਆ, ਪਰ ਅਸਫਲ। ਮੈਂ ਕਿਹਾ,'ਸੁਣ ਵੀਰ ਮੇਰਿਆ,ਭਲਾਂ ਇਹਦੇ 'ਚ ਨਵੀਂ ਗੱਲ ਕਿਹੜੀ ਐ ? ਭਲਿਆ ਮਾਣਸਾ ਇੰਝ ਨਾ ਸੋਚਿਆ ਕਰ। ਦੱਸ ਪੰਜਾਬ ਦਾ ਕਿਹੜਾ ਗੁਰੂਦੁਆਰਾ, ਜਿਹੜਾ ਸਾਂਝੇ ਤੌਰ 'ਤੇ ਬਾਣੀਕਾਰ ਭਗਤਾਂ, ਸੂਫੀ ਸੰਤਾਂ ਆਦਿ ਦੇ ਜਨਮ ਦਿਨ ਮਨਾਉਂਦਾ ?'ਕਹਿੰਦਾ, 'ਪੁਆੜਾ ਤਾਂ ਏਸੇ ਗੱਲ ਦਾ ਵੀਰ ਮੇਰਿਆ। ਕਾਬਜ਼ ਧਿਰਾਂ ਨੇ ਸਾਡੇ ਗੁਰੂਆਂ, ਭਗਤਾਂ, ਸੂਫੀ ਸੰਤਾਂ, ਪੀਰਾਂ-ਫ਼ਕੀਰਾਂ, ਸ਼ਹੀਦਾਂ ਤੇ ਸੁਤੰਤਰਤਾ ਸੰਗਰਾਮੀਆਂ ਨੂੰ ਫੇਰ ਜਾਤਾਂ-ਪਾਤਾਂ ਵਿੱਚ ਵੰਡ ਧਰਿਆ। ਕੋਝੀ ਚਾਲ ਚੱਲੀ ਹੋਈ ਆ। ਇਹ ਰੂਹਾਂ ਤਾਂ ਸਰਵ-ਸਾਂਝੀਵਾਲਤਾ ਦਾ ਪ੍ਰਤੀਕ ਹੋਣੀਆਂ ਚਾਹੀਦੀਆਂ ਨੇ।'ਕਹਿ ਫੋਨ ਕੱਟ ਆਪ ਤਾਂ ਉਹ ਆਪਣੇ ਕੰਮੀਂ-ਧੰਦੀ ਜਾ ਲੱਗਾ ਹੋਊ। ਮੈਨੂੰ ਸਿਆਪਾ ਛੇੜ ਗਿਆ। ਹੁਣ ਦੇਰ ਤੱਕ ਮੇਰੇ ਮਨ ਦੀਆਂ ਤਰਬਾਂਛਿੜੀਆਂ ਰਹਿਣਗੀਆਂ। ਮੈਨੂੰ ਸਮਝ ਨਹੀਂ ਆਉਂਦਾ ਸਾਡੀ ਸੋਚ ਕਦੋਂ ਤੱਕ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੀ ਰਹੇਗੀ। ਅੱਜ ਆਜ਼ਾਦੀ ਤੋਂ ਅਠੱਤਰ ਸਾਲਾਂ ਬਾਅਦ ਵੀ ਅਸੀਂ ਜਾਤ-ਪਾਤ ਦੀ ਵੈਤਰਣੀ ਵਿੱਚ ਗੋਤੇ ਖਾ ਰਹੇ ਹਾਂ।ਬਾਬਾ ਗੁਰਦਾਸ ਰਾਮ ਆਲਮ ਦੇ ਗੀਤ 'ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ/ ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ/ ਮੈਂ ਜੱਗੂ ਤੋਂ ਸੁਣਿਆ ਅੰਬਾਲ਼ੇ ਖੜ੍ਹੀ ਸੀ/ ਬੜੀ ਭੀੜ ਉਸ ਦੇ ਦੁਆਲ਼ੇ ਖੜ੍ਹੀ ਸੀ' ਚੇਤੇ ਆਇਆ। ਇਸ ਗੀਤ ਦੇ ਅੰਤਰੇ ਦੀ ਹਰ ਸਤਰ ਦੀ ਗੂੰਜ ਅੱਜ ਵੀ ਓਨੀ ਸ਼ਿੱਦਤ ਨਾਲ਼ਹੀ ਸੁਣਾਈ ਦਿੰਦੀ ਹੈ, ਜਿੰਨੀ ਸ਼ਿੱਦਤ ਨਾਲ਼ ਲਿਖਣ ਵੇਲ਼ੇ ਸੁਣਾਈ ਦਿੱਤੀ ਹੋਵੇਗੀ। ਇਹ ਗੂੰਜ ਮੇਰੇ ਮਨ ਮਸਤਕ ਵਿੱਚ ਖੌਰੂ ਪਾਉਂਦੀ ਹੈ। ਅਗਲੇ ਅੰਤਰੇ ਵਿੱਚ ਉਨ੍ਹਾਂ ਹੋਰ ਅਗਾਂਹ ਦੀ ਗੱਲ ਕੀਤੀ ਐ, 'ਗ਼ਰੀਬਾਂ ਨਾਲ਼ ਲਗਦੀ ਲੜੀ ਹੋਈ ਆ ਖ਼ਬਰੇ/ ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ/ ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਿਹੀ ਏ/ ਕੋਈ ਸੋਹਣੀ ਤਾਂ ਨਹੀਂ ਐਵੇਂ ਕਾਣੀ ਜਿਹੀ ਏ।' ਸਹੀ ਗੱਲ ਐ। ਆਮ ਬੰਦਾ ਸੋਚਦੈ, ਆਜ਼ਾਦੀ ਕਿੱਥੇ ਆ ? ਇਸੇ ਲਈ ਆਮ ਮਨੁੱਖ ਦੇ ਮਨ ਦਾ ਗੀਤ ਕੁਰਲਾ ਉੱਠਦਾ ਹੈ, ਪਰ ਉਸ ਦੇ ਮਨ ਦੇ ਗੀਤ ਵਿੱਚਲੀ ਹੂਕ ਨੂੰ ਸੁਣਨ ਵਾਲਾ ਕੋਈ ਨਹੀਂ। ਸੋਚਦਾ ਹਾਂ, ਸਾਹਿਤ ਦੀਆਂ ਬਾਕੀ ਸਭ ਵੰਨਗੀਆਂ ਵਿੱਚੋਂ ਗੀਤਇੱਕ ਅਜਿਹੀ ਵੰਨਗੀ ਹੈ, ਜੋ ਸਹਿਜੇ ਹੀ ਮਨੁੱਖੀ ਜ਼ੁਬਾਨ 'ਤੇ ਆਉਂਦੀ ਆਉਂਦੀ ਦਿਲ ਦੀਆਂ ਗਹਿਰੀਆਂ ਵਿੱਚ ਉਤਰ ਜਾਂਦੀ ਹੈ। 'ਮੇਰਾ ਰੰਗ ਦੇ ਬਸੰਤੀ ਚੋਲਾ' ਗੀਤ ਦੇ ਬੋਲ ਸੁਣਦਿਆਂ, ਆਜ਼ਾਦੀ ਦੇ ਪਰਵਾਨਿਆਂ ਦੇ ਅਕਸ ਮਨ ਵਿੱਚ ਉੱਭਰਨ ਲਗਦੇ ਹਨ। ਅਜੋਕੇ ਸਮਿਆਂ ਵਿੱਚ ਬਹੁਤਿਆਂ ਨੇ 'ਬਸੰਤੀ ਚੋਲਾ' ਦੇ ਅਰਥ ਪਲਟਾ ਦਿੱਤੇ ਗਏ ਲਗਦੇ ਹਨ। ਇਸ ਵਿੱਚ ਹੋਰ ਹੀ ਰੰਗ ਭਰਨ ਦੀ ਕੋਸ਼ਿਸ਼ ਹੋ ਰਹੀ ਲਗਦੀ ਹੈ। ਸ਼ਹੀਦ ਭਗਤ ਸਿੰਘ ਦੀ ਪੱਗ ਦੇ ਅਰਥ ਹੁਣ ਸਿਆਸੀ ਲੋਕਾਂ ਲਈ ਹੋਰ ਤੇ ਆਜ਼ਾਦੀ ਦੇ ਪਰਵਾਨਿਆਂ ਲਈ ਹੋਰ ਹਨ। ਬਹੁਤਾ ਰੌਲ਼ਾ ਪਾਉਣ ਵਾਲਿਆਂ ਲਈ ਤਾਂ ਹਨ ਹੀ ਹੋਰ ਤਰ੍ਹਾਂ ਦੇ। ਕੀ ਕੁਝ ਸਿਆਸੀ ਲੋਕਾਂ/ਪਾਰਟੀਆਂ ਨੇ ਇਸ ਨੂੰ ਆਪਣੇ ਹਿੱਤਾਂ ਲਈ ਵਰਤ ਲਿਆ ਹੋਇਆ ਹੈ ?ਹੁਣ ਉਨ੍ਹਾਂ ਲਈ ਇਸ ਦੀ ਪ੍ਰਸੰਗਿਕਤਾ ਕੀ ਹੈ ? ਬਹੁਤਾ ਸਮਾਂ ਨਹੀਂ ਹੋਇਆ ਜਦੋਂ ਪੰਜਾਬ ਦੇ ਪਿੰਡਾਂ ਵਿੱਚ ਨੌਜਵਾਨ ਮੁੰਡੇ ਸ਼ਹੀਦ ਭਗਤ ਸਿੰਘ ਦੀ ਪੱਗ ਵਰਗੀਆਂ ਪੱਗਾਂ ਬੰਨ੍ਹਣ ਲੱਗ ਪਏ ਸਨ, ਪਰ ਜਲਦੀ ਹੀ ਉਨ੍ਹਾਂ ਵਿੱਚੋਂ ਬਹੁਤੇ ਹੁਣ ਵਿਦੇਸ਼ੀ ਧਰਤੀ ਉੱਤੇ ਪੈਰ ਟਿਕਾ ਚੁੱਕੇ ਹਨ। ਫਿਰ ਵੀ ਉਨ੍ਹਾਂ ਮਹਾਂ-ਪੁਰਸ਼ਾਂ, ਸ਼ਹੀਦਾਂ, ਸੂਰਮਿਆਂ, ਸੁਤੰਤਰਤਾ ਸੰਗਰਾਮੀਆਂ ਦੀਆਂ ਬਾਤਾਂ ਸਦਾ ਪੈਂਦੀਆਂ ਰਹਿਣਗੀਆਂ, ਜਿਨ੍ਹਾਂ ਦਾ ਨਾਂ ਲੋਕ ਮਨਾਂ ਵਿੱਚ ਖੁਣਿਆ ਪਿਆ ਹੈ। ਇਨ੍ਹੀਂ ਦਿਨੀਂ ਮੇਰੇ ਕੁਲੀਗ ਤੇ ਸਿਰੜੀ ਕਲਮੀ ਮਿੱਤਰ ਮਲਕੀਅਤ ਸਿੰਘ ਔਜਲਾ ਨੇ ਆਪਣੀ ਜਨਮ-ਭੂਮੀ ਮੁੱਲਾਂਪੁਰ ਗਰੀਬ ਦਾਸ ਦੇ ਜੰਮਪਲ ਉੱਘੇ ਸੁਤੰਤਰਤਾ ਸੰਗਰਾਮੀ ਮਹਿਮਾ ਸਿੰਘ ਧਾਲੀਵਾਲ ਦੀ ਜੀਵਨ ਗਾਥਾ ਦੀ ਮਹਿਮਾ ਗਾਉਣ ਦਾ ਹੀਆ ਕੀਤਾ ਹੈ। ਭਾਰਤ ਦੀ ਆਜ਼ਾਦੀ ਲਹਿਰ ਵਿੱਚ ਸ਼ਾਮਿਲ ਹੋਏ ਮਹਿਮਾ ਸਿੰਘ ਧਾਲੀਵਾਲ ਨੂੰਦੂਜੀ ਵੱਡੀ ਜੰਗ ਵੇਲ਼ੇ ਮਿਸਰ ਵਿੱਚ ਫੌਜੀਆਂ ਵੱਲੋਂ ਕੀਤੀ ਬਗਾਵਤ ਦੇ ਦੋਸ਼ ਵਿੱਚਕਈ ਸਾਲਾਂ ਤੱਕ ਅੰਗਰੇਜ਼ ਹਾਕਮਾਂ ਨੇ ਸ਼ਾਹੀ ਕੈਦੀ ਵਜੋਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕਰੀ ਰੱਖਿਆ। ਉਹ ਖਰੜ ਨੇੜੇ ਪਿੰਡ ਸੰਤੇਮਾਜਰਾ ਦੇ ਕਾਮਰੇਡ ਗੁਰਬਖਸ਼ ਸਿੰਘ ਡਕੌਂਟਾ ਦੇ ਨੇੜਲੇ ਸਾਥੀਆਂ ਵਿੱਚੋਂ ਸਨ, ਜਿਨ੍ਹਾਂ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਜ਼ਬਰ ਖਿਲਾਫ ਜੇਲ੍ਹਾਂ ਕੱਟੀਆਂ। ਕਾਮਰੇਡ ਡਕੌਂਟਾ ਨੇ ਰਾਜਧਾਨੀ ਵਸਾਉਣ ਵੇਲ਼ੇ ਪੁਆਧ ਦੇ ਪਿੰਡਾਂ ਨੂੰ ਬਚਾਉਣ ਲਈ ਐਂਟੀ ਰਾਜਧਾਨੀ ਤਹਿਰੀਕ ਵਿੱਚ ਡਟ ਕੇ ਸੰਘਰਸ਼ ਕੀਤਾ ਸੀ। 'ਅੰਮਾਂ ਗੌਂਅ ਨੂੰ ਦੇਖ ਆਣ ਕੇਂ' ਤੇ ਬਾਤਾਂ ਮਾਅਰੇ ਪੁਆਧ ਕੀਆਂ'ਦੀ ਚਰਚਿਤ ਕਲਾਕਾਰ ਮੋਹਣੀ ਤੂਰ, ਇਸੇ ਕਾਮਰੇਡ ਗੁਰਬਖਸ਼ ਸਿੰਘ ਡਕੋਂਟਾ ਦੀ ਪੋਤਰੀ ਹੈ।ਪੁਆਧ ਦੇ ਚਰਚਿਤ ਪਿੰਡ ਮੁੱਲਾਂਪੁਰ ਗਰੀਬਦਾਸ ਦੁਆਲ਼ੇ ਨਿਊ ਚੰਡੀਗੜ੍ਹ ਨੇ ਹੁਣ ਇਸ ਇਲਾਕੇ ਦੀ ਆਬੋ-ਹਵਾ ਦੇ ਸੰਗੀਤ ਨੂੰ ਨਵੀਆਂ ਸੁਰਾਂ ਵਿੱਚ ਪਰੋਅ ਛੱਡਿਆ ਹੈ। ਇਸ ਪਿੰਡ ਦੀ ਫਿਰਨੀ ਤੋਂ ਜੇਕਰ ਉੱਤਰ-ਪੂਰਬ ਵੱਲ ਨਜ਼ਰ ਘੁਮਾਈ ਜਾਵੇ, ਤਾਂ ਤੁਹਾਨੂੰ ਸ਼ਿਵਾਲਕ ਦੀਆਂ ਪਹਾੜੀਆਂ ਦੇ ਦੀਦਾਰ ਹੋਣਗੇ। ਇਨ੍ਹਾਂ ਪਹਾੜੀਆਂ ਉੱਤੇ ਵਰ੍ਹ ਰਿਹਾ ਮੀਂਹ ਦਾ ਪਾਣੀ ਤੇਜ਼ ਰਫ਼ਤਾਰ ਸ਼ੂਕਦਾ ਲੰਘਦਾ ਹੈ, ਤਾਂ ਇੱਥੇ ਕਈ ਨਦੀਆਂ ਪ੍ਰਗਟ ਹੋ ਜਾਂਦੀਆਂ ਹਨ। ਬੇਸ਼ੱਕ ਸਰਕਾਰ ਵੱਲੋਂ ਇਨ੍ਹਾਂ ਪਹਾੜੀਆਂ ਨੂੰ ਸਰਸਬਜ਼ ਬਣਾਉਣ ਲਈ ਇਸ ਨੀਮ ਪਰਬਤ ਲੜੀ ਦੇ ਪੈਰਾਂ ਵਿੱਚ ਬਹੁਤ ਸਾਰੇ ਡੈਮਾਂ ਦੀ ਉਸਾਰੀ ਕਰਕੇ ਇਸ ਪਾਣੀ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਫਿਰ ਵੀ ਜਦੋਂ ਬਰਸਾਤਾਂ ਵਿੱਚ ਇਸ ਦਾ ਵਹਾਅ ਆਪਣੀ ਆਈ 'ਤੇ ਆਉਂਦਾ ਹੈ, ਤਾਂ ਇਸ ਦੀਆਂ ਜਲ-ਧਾਰਾਵਾਂ ਦਾ ਜਲੌਅ ਵੇਖਣ ਵਾਲ਼ਾ ਹੁੰਦਾ ਹੈ। ਅੱਗੇ ਵਧਦਾ ਹੋਇਆ ਇਹ ਪਾਣੀ ਨਦੀਆਂ ਦਾ ਰੂਪ ਧਾਰਦਾ ਬੁੱਢੇ ਭਿਓਰੇ ਦੀ ਨਦੀ ਤੇ ਸਿਸਵਾਂ ਨਦੀਆਂ ਦਾ ਰੂਪ ਗ੍ਰਹਿਣ ਕਰਦਾ ਸਤਲੁਜ ਦਰਿਆ ਵਿੱਚ ਜਾ ਮਿਲ਼ਦਾ ਹੈ। ਖਰੜ-ਰੋਪੜ੍ਹ ਮਾਰਗ 'ਤੇ ਚਿਰੋਕੇ ਪੁਲ਼ਾਂ ਕਾਰਨ ਰਾਹਗੀਰਾਂ ਨੂੰ ਇਨ੍ਹਾਂ ਦੇ ਪ੍ਰਵਾਹ ਦਾ ਬਹੁਤਾ ਅੰਦਾਜ਼ਾ ਨਹੀਂ, ਪਰੰਤੂ ਅਗਾਂਹ ਪਹੁੰਚਦਿਆਂ ਪਹੁੰਚਦਿਆਂ ਰੋਪੜ ਤੋਂ ਬੇਲਾ-ਮਾਛੀਵਾੜਾ ਨੂੰ ਜਾਂਦੀ ਸੜਕ ਚੀਰ ਕੇ ਲੰਘਦੀਆਂ ਇਨ੍ਹਾਂ ਨਦੀਆਂ ਦੀ ਗਤੀ ਏਨੀ ਤੇਜ਼ ਹੋ ਜਾਂਦੀ ਹੈ, ਜੋ ਰਾਹਗੀਰਾਂ ਦੇ ਪੈਰ ਉਖਾੜ ਸੁੱਟਦੀ ਸੀ। ਅੱਜ ਕੱਲ੍ਹ ਤਾਂ ਇਸ ਮਾਰਗ ਉੱਤੇ ਵੀ ਪੁਲ਼ ਲੱਗ ਚੁੱਕੇ ਹਨ। ਇਹ ਰਾਹ ਮੇਰੇ ਅਨੁਭਵ ਦਾ ਹਿੱਸਾ ਹਨ। ਇਸੇ ਮੁੱਲਾਂਪੁਰ ਗਰੀਬਦਾਸ ਦੀ ਕਹਾਣੀ ਸਾਨੂੰ ਇੱਥੋਂ ਦੇ ਵਸਨੀਕ ਪੰਡਤਵਰਿੰਦਰ ਕੁਮਾਰ ਸੁਣਾਇਆ ਕਰਦੇ ਸਨ। ਮਰਹੂਮਪੰਡਤ ਵਰਿੰਦਰ ਕੁਮਾਰ, ਸਕੱਤਰੇਤ ਵਿਖੇ ਸੀਨੀਅਰ ਸਹਾਇਕ ਤੈਨਾਤੀ ਵੇਲ਼ੇ ਸਾਡੇ ਬਹੁਤ ਹੀ ਸੀਨੀਅਰ ਕੁਲੀਗ ਵਜੋਂ ਵਿਚਰਦੇਰਹੇ। ਬੇਹੱਦ ਮਖੌਲੀਆ। ਉੱਚਾ-ਲੰਮਾ, ਭਾਰੀ ਭਰਕਮ ਕੱਦ। ਉਹ ਮਾਤਾ ਜੈਅੰਤੀ ਦੇਵੀ ਦਾ ਭਗਤ ਸੀ। ਉਸ ਦੇ ਪੁਰਖੇ ਇਸ ਮੰਦਿਰ ਦੇ ਪੁਜਾਰੀਆਂ ਵਜੋਂ ਵਿਚਰਦੇ ਰਹੇ, ਉਹ ਸਾਨੂੰ ਆਪ ਦੱਸਦਾ। ਉਸਦੇ ਹਾਸੇ-ਠੱਠੇ ਵਾਲ਼ੇ ਸੁਭਾਅ ਕਾਰਨ ਉਸ ਦੀ ਮੇਜ਼ ਦੁਆਲ਼ੇ ਸਾਥੀ ਕਰਮਚਾਰੀਆਂ ਦਾ ਜਮਾਵੜਾ ਰਹਿੰਦਾ। ਉਹ ਦਫ਼ਤਰੀ ਕੰਮ ਦੇ ਨਿਪਟਾਰੇ ਦੇ ਨਾਲ਼ ਨਾਲ਼ ਆਪਣੀਆਂ ਚੁਰਚੁਰੀਆਂ ਕਹਾਣੀਆਂ ਸੁਣਾ, ਉਨ੍ਹਾਂ ਦਾ ਮਨ ਪ੍ਰਚਾਈ ਰੱਖਦਾ, ਜਿਸ ਕਾਰਨ ਉਹ ਹਰਮਨ ਪਿਆਰਾ ਸੀ। ਉਸ ਨੇ ਹੀ ਸਾਨੂੰ ਮੁੱਲਾਂਪੁਰ ਦੀ ਮੋਹੜੀ ਗੱਡਣ ਵਾਲ਼ੇ ਮਨੀਮਾਜਰਾ ਦੇ ਰਾਜਾ ਗਰੀਬਦਾਸ ਦੀ ਕਹਾਣੀ ਸੁਣਾਈ ਸੀ, ਜਿਸ ਨੇ ਰਾਜਪੂਤ ਰਿਆਸਤ ਹਥਨੌਰ ਨੂੰ ਜਿੱਤ ਕੇ ਮੁੱਲੇ ਦੇ ਨਾਂ 'ਤੇ ਮੁੱਲਾਂਪੁਰ ਵਸਾਇਆ ਸੀ।ਫਿਰ ਮੁੱਲਾਂਪੁਰ ਨਾਲ਼ ਉਸ ਦਾ ਨਾਂ ਜੁੜ ਕੇ ਇਹ ਪਿੰਡ ਮੁੱਲਾਂਪੁਰ ਗਰੀਬਦਾਸ ਵਜੋਂ ਜਾਣਿਆਂ ਜਾਣ ਲੱਗਾ। ਸੁਤੰਤਰਤਾ ਸੰਗਰਾਮੀ ਮਹਿਮਾ ਸਿੰਘ ਧਾਲੀਵਾਲ਼ ਦੀ ਜੀਵਨ ਗਾਥਾ ਲਿਖਣ ਵੇਲ਼ੇ ਮਲਕੀਅਤ ਸਿੰਘ ਔਜਲਾ ਵੱਲੋਂ ਵੀ ਇਸ ਕਹਾਣੀ ਨੂੰ ਦਰਜ ਕਰਦਿਆਂ ਇਸ ਦੀ ਇਤਿਹਾਸਕਤਾ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਮੇਰੇ ਫੋਨ ਦੀ ਰਿੰਗਟੋਨ ਵੱਜੀ। ਫੋਨ ਵੱਲ ਝਾਤੀ ਮਾਰੀ, ਦਲੇਰ ਸਿੰਘ ਹੀ ਸੀ। ਮੇਰੇ ਮੂੰਹੋਂ ਨਿਕਲ਼ਿਆ, 'ਸ਼ੈਤਾਨ ਨੂੰ ਯਾਦ ਕੀਤਾ, ਸ਼ੈਤਾਨ ਹਾਜ਼ਰ।' ਉਹ ਬੋਲਿਆ, 'ਅੱਜ ਖ਼ਬਰਾਂ ਪੜ੍ਹੀਆਂ/ ਸੁਣੀਆਂ ? ਆ ਫਿਰੌਤੀ ਦੀਆਂ ਵਾਰਦਾਤਾਂ ਵਿੱਚ ਸ਼ਾਮਲ, ਪੱਟੀ ਅੱਲ ਦਾ ਇੱਕ ਵਕੀਲ ਫੜਿਆ ਗਿਆ। ਇਹ ਕੀ ਹੋਈ ਜਾ ਰਿਹਾ ਮੇਰੇ 'ਆਰ ? ਸ਼ਰਮ ਨੀਂ ਆਉਂਦੀ। ਖਾਂਦੇ-ਪੀਂਦੇ ਲੋਕ ਈ ਗਰਕੀ ਜਾਂਦੇ ਨੇ ਨਿੱਤ-ਦਿਨ। ਇੱਕ ਹੋਰ ਡਿਜੀਟਲੀ ਗ੍ਰਿਫ਼ਤਾਰੀ ਨਾਲ਼ ਨੌਸਰਬਾਜ਼ਾਂ ਨੇ ਇੱਕ ਬਜ਼ੁਰਗ ਤੋਂ ਤਿੰਨ ਕਰੋੜ ਠੱਗ ਲਏ। ਦੇਖ ਲੈ, ਹਾਲੇ ਤੇਰੇ ਚੰਡੀਗੜ੍ਹ ਦੀ ਆਰਕੀਟੈਕਟ ਆਲ਼ੀ ਖ਼ਬਰ ਦੀ ਸਿਆਹੀ ਨਈਂ ਸੁੱਕੀ। ਹੋਰ ਸੁਣ ਆਹ ! ਕਮਲ ਕੌਰ ਦੇ ਕਤਲ ਦੀ ਖਬਰ ਪੜ੍ਹੀ ? ਚੱਲ ਛੱਡ ਯਾਰ। ਇਹ ਰੰਡੀ-ਰੋਣਾ ਨੀਂ ਮੁੱਕਣਾ। ਸੁਣ, ਆਪਣੇ ਪਿੰਡ ਦੀ ਨੌਜਵਾਨ ਸਭਾ ਨੇ ਫੈਸਲਾ ਕੀਤਾ, ਬਈ ਜੋ ਮਰਜ਼ੀ ਹੋਜੇ ਹੁਣ ਸਭਾ ਵੱਲੋਂ ਸਭਨਾ ਭਗਤਾਂ, ਸੂਫੀ ਸੰਤਾਂ, ਗੁਰੂਆਂ-ਪੀਰਾਂ, ਸ਼ਹੀਦਾਂ ਦੇ ਜਨਮ ਦਿਨ ਗੁਰੂਦੁਆਰਾ ਸਾਬ੍ਹ 'ਚ ਸਾਂਝੇ ਤੌਰ 'ਤੇ ਈ ਮਨਾਇਆ ਕਰਨੇ ਨੇ।ਚੰਗਾ ਮੈਂ ਚੱਲਦਾਂ ਗੁਰੂਦੁਆਰਾ ਸਾਬ੍ਹ ਜਾਣੈ, ਅੱਜ ਕਬੀਰ ਜੈਯੰਤੀ ਆ ਨਾ।'ਓਹਦਾ ਫੋਨ ਝੱਟ ਬੰਦ ਹੋ ਗਿਆ।ਮੇਰਾ ਮਨ ਪੁਕਾਰ ਉੱਠਿਆ, 'ਸੂਰਮਿਆਂ ਦੀਆਂ ਬਾਤਾਂ ਤਾਂ ਸਦਾ ਇੰਝ ਈ ਪੈਂਦੀਆਂ ਰਹਿਣੀਆਂ ਚਾਹੀਦੀਆਂ ਨੇ ਵੀਰ ਮੇਰਿਆ।'

**ਮੋਬਾ : 98144 3087**

# ਪੰਜਾਬੀ ਭਾਸ਼ਾ ਦੀ ਪਛਾਣ ਦਾ ਮਸਲਾ

**ਡਾ. ਸੁਖਵਿੰਦਰ ਸਿੰਘ ਸੰਘਾ**

ਭਾਸ਼ਾ ਦੀ ਪਛਾਣ ਦੇ ਦੋ ਧਰਾਤਲ ਹੁੰਦੇ ਹਨ; ਸਮਾਜਕ ਪਛਾਣ ਅਤੇ ਭਾਸ਼ਾ ਵਿਗਿਆਨਕ ਪਛਾਣ ।ਸਮਾਜਕ ਪਛਾਣ ਮਾਪਣ ਦੇ ਮੁੱਖ ਰੂਪ ਵਿਚ ਤਿੰਨ ਪੈਮਾਨੇ ਹੁੰਦੇ ਹਨ।ਪਰਵਾਰ, ਰੁਜ਼ਗਾਰ ਅਤੇ ਪ੍ਰਤਿਸ਼ਠਾ ।ਭਾਸ਼ਾ ਪਰਵਾਰ ਵਿਚ, ਰੁਜ਼ਗਾਰ ਵਿਚ ਅਤੇ ਪ੍ਰਤਿਸ਼ਠਾ ਵਿਚ ਨਜ਼ਰ ਆਉਣੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਹੈ ਤਾਂ ਭਾਸ਼ਾ ਦੀ ਪਛਾਣ ਖਤਰੇ ਵਿਚ ਹੈ ।ਦੂਜਾ ਪਹਿਲੂ ਭਾਸ਼ਾ ਦੀ ਭਾਸ਼ਾ ਵਿਗਿਆਨਕ ਪਛਾਣ ਨਾਲ ਸੰਬੰਧਤ ਹੈ ।ਭਾਸ਼ਾਵਾਂ ਵਿਚ ਕੁੱਝ ਲੱਛਣ ਅਜਿਹੇ ਹੁੰਦੇ ਹਨ, ਜੋ ਸੰਬੰਧਤ ਭਾਸ਼ਾ ਦੀ ਵਿਲੱਖਣ ਤੇ ਨਿਵੇਕਲੀ ਪਛਾਣ ਨੂੰ ਸਥਾਪਤ ਕਰਦੇ ਹਨ।ਇਨ੍ਹਾਂ ਦੇ ਖੁਰਨ ਨਾਲ ਭਾਸ਼ਾ ਦੀ ਵਿਲੱਖਣ ਪਛਾਣ ਵੀ ਖੁਰਨ ਲੱਗਦੀ ਹੈ ।ਭਾਸ਼ਾ ਦੇ ਲੋਪ/ਖੁਰਨ ਜਾਂ ਪ੍ਰਫੁੱਲਤ ਹੋਣ ਪਿੱਛੇ ਵੀ ਭਾਸ਼ਾ ਦੇ ਸਮਾਜਕ ਪਹਿਲੂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ ।ਅੱਜ ਅਸੀਂ ਪੰਜਾਬੀ ਭਾਸ਼ਾ ਦੇ ਕੁੱਝ ਉਨ੍ਹਾਂ ਵਿਲੱਖਣ ਭਾਸ਼ਾ ਵਿਗਿਆਨਕ ਪਹਿਲੂਆਂ ਬਾਰੇ ਹੀ ਚਰਚਾ ਕਰਾਂਗੇ, ਜੋ ਪੰਜਾਬੀ ਭਾਸ਼ਾ ਦੀ ਵਿਲੱਖਣ ਪਛਾਣ ਦੇ ਸਥਾਪਕ/ਨਿਰਣਾਇਕ ਹਨ, ਪਰ ਅੱਜ ਹੌਲੀ-ਹੌਲੀ ਖੁਰਨ ਲੱਗ ਪਏ ਹਨ ।

ਪੰਜਾਬੀ ਭਾਰਤੀ ਆਰੀਆਈ ਪਰਵਾਰ ਦੀ ਇਕੋ-ਇਕ ਭਾਸ਼ਾ ਹੈ, ਜਿਸ ਵਿਚ ਸੁਰ ਦੀ ਵਰਤੋਂ ਕੀਤੀ ਜਾਂਦੀ ਹੈ ।ਭਾਰਤ ਦੀ ਕਿਸੇ ਦੂਸਰੀ ਭਾਰਤੀ ਆਰੀਆਈ ਭਾਸ਼ਾ ਜਿਵੇਂ ਹਿੰਦੀ, ਆਸਾਮੀ, ਗੁਜਰਾਤੀ, ਮਰਾਠੀ, ਬੰਗਾਲੀ, ਉੜੀਆ, ਕੌਂਕਣੀ, ਬਿਹਾਰੀ, ਭੋਜਪੁਰੀ ਜਾਂ ਕਿਸੇ ਹੋਰ ਖੇਤਰੀ ਭਾਸ਼ਾ ਵਿਚ ਸੁਰ ਦੀ ਵਰਤੋਂ ਨਹੀਂ ਕੀਤੀ ਜਾਂਦੀ ।ਪੰਜਾਬੀ ਭਾਸ਼ਾ ਦੀਆਂ ਪੱਛਮੀ ਉਪ ਭਾਸ਼ਾਵਾਂ ਜਿਵੇਂ ਪੋਠੋਹਾਰੀ, ਮੁਲਤਾਨੀ, ਸਿਰਾਇਕੀ ਵਿਚ ਵੀ ਸੁਰ ਦੀ ਵਰਤੋਂ ਨਹੀਂ ਕੀਤੀ ਜਾਂਦੀ ।ਪੰਜਾਬੀ ਭਾਸ਼ਾ ਨੂੰ ਛੱਡ ਕੇ ਬਾਕੀ ਸਾਰੀਆਂ ਭਾਰਤੀ ਆਰੀਆਈ ਭਾਸ਼ਾਵਾਂ ਵੈਦਿਕ-ਸੰਸਕ੍ਰਿਤ-ਪਾਲੀ-ਪ੍ਰਾਕਿਰਤਾਂ (ਮਾਗਧੀ, ਅਰਧ-ਮਾਗਧੀ, ਮਹਾਂਰਾਸ਼ਟਰੀ, ਸੌਰਸ਼ੈਨੀ, ਪੈਸ਼ਾਚੀ) ਅਤੇ ਅਪਭ੍ਰੰਸ਼ਾਂ (ਮਾਗਧੀ, ਅਰਧ-ਮਾਗਧੀ, ਮਹਾਂਰਾਸ਼ਟਰੀ, ਸੌਰਸ਼ੈਨੀ, ਪੈਸ਼ਾਚੀ) ਦੇ ਪੜਾਵਾਂ 'ਚੋਂ ਗੁਜ਼ਰਦੀਆਂ ਆਪਣਾ ਆਧੁਨਿਕ ਮੁਹਾਂਦਰਾ ਗ੍ਰਹਿਣ ਕਰਦੀਆਂ ਹਨ ।

ਪੰਜਾਬੀ ਦਾ ਵਿਕਾਸ ਕ੍ਰਮ ਇਨ੍ਹਾਂ ਭਾਸ਼ਾਵਾਂ ਨਾਲੋਂ ਵੱਖਰਾ ਹੈ ।ਪੰਜਾਬੀ ਵੈਦਿਕ-ਸੰਸਕ੍ਰਿਤ-ਪਾਲੀ-ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਦੇ ਵਿਕਾਸ ਪੜਾਵਾਂ ਵਿਚੋਂ ਨਾ ਵਿਚਰਦੀ ਹੋਈ ਇਨ੍ਹਾਂ ਦੇ ਸਮਾਨੰਤਰ ਵਿਕਾਸ ਪੜਾਅ ਉਲੀਕਦੀ ਹੈ, ਜੋ ਵੈਦਿਕ ਤੋਂ ਗੌਣ ਪ੍ਰਾਕਿਰਤਾਂ/ਅਪਭ੍ਰੰਸ਼ਾਂ (ਕੈਕਈ, ਟੱਕੀ, ਮਦਰ, ਆਦਿ) ਰਾਹੀਂ ਆਧੁਨਿਕ ਪੜਾਅ ਤੱਕ ਪਹੁੰਚਦੀ ਹੈ ।ਇਹੀ ਕਾਰਨ ਹੈ ਕਿ ਵੈਦਿਕ ਭਾਸ਼ਾ ਦਾ ਸਰਾਘਾਤ (Tone System) ਪੰਜਾਬੀ ਵਿਚ ਤਾਂ ਪ੍ਰਵੇਸ਼ ਕਰਦਾ ਹੈ, ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਵਿਚ ਨਹੀਂ ।

ਭਾਰਤ ਵਿਚ ਆਰੀਆਈ ਲੋਕਾਂ ਦਾ ਪ੍ਰਵੇਸ਼ ਕੋਈ ਦੋ ਹਜ਼ਾਰ ਸਾਲ ਪੂਰਵ ਈਸਵੀ ਦੇ ਆਸਪਾਸ ਹੁੰਦਾ ਹੈ ।ਇਸ ਤੋਂ ਪਹਿਲਾਂ ਭਾਰਤ ਵਿਚ ਦਰਾਵੜ ਲੋਕ ਰਹਿੰਦੇ ਸਨ ।ਬਹੁਤੇ ਇਤਿਹਾਸਕਾਰ, ਸਮਾਜ-ਸ਼ਾਸਤਰੀ, ਮਾਨਵ ਵਿਗਿਆਨੀ, ਵਿਗਿਆਨੀ ਅਤੇ ਭਾਸ਼ਾ ਵਿਗਿਆਨੀ ਦਰਾਵੜ ਲੋਕਾਂ ਨੂੰ ਹੀ ਭਾਰਤ ਦੇ ਮੂਲ ਬਸ਼ਿੰਦੇ ਮੰਨਦੇ ਹਨ ।ਸਿੰਧ ਘਾਟੀ ਦੀ ਸੱਭਿਅਤਾ ਨੂੰ ਵੀ ਇਨ੍ਹਾਂ ਲੋਕਾਂ ਨਾਲ ਜੋੜਿਆ ਜਾਂਦਾ ਹੈ ।ਹੁਣ ਵਿਗਿਆਨਕ ਖੋਜਾਂ ਵੀ ਇਹੀ ਸਿੱਧ ਕਰਦੀਆਂ ਹਨ ਕਿ ਸਿੰਧ ਘਾਟੀ ਦੇ ਲੋਕਾਂ ਦਾ ਸੰਬੰਧ ਦਰਾਵੜ ਨਸਲ ਦੇ ਲੋਕਾਂ ਨਾਲ ਹੀ ਹੈ ।ਪ੍ਰੋ. ਅਰਵਿੰਦ ਨੇ ਆਪਣੇ ਲੇਖ ਭਾਰਤੀ ਲੋਕ ਕੌਣ ਹਨ (ਪੰਜਾਬੀ ਟ੍ਰਿਬਿਊਨ, 24 ਨਵੰਬਰ 2019) ਵਿਚ ਵੀ ਇਹੀ ਸਿੱਧ ਕਰਨ ਦਾ ਯਤਨ ਕੀਤਾ ਹੈ । ਉਨ੍ਹਾਂ ਲਿਖਿਆ ਹੈ ਕਿ ਰਾਖੀਗੜ੍ਹੀ (ਹਿਸਾਰ, ਹਰਿਆਣਾ) ਵਿੱਚੋਂ ਮਿਲੇ ਸਿੰਧ ਘਾਟੀ ਦੇ ਅਵਸ਼ੇਸ਼ਾਂ ਤੇ ਮਨੁੱਖੀ ਪਿੰਜਰਾਂ ਦਾ ਡੀ.ਐੱਨ.ਏ. ਵਿਸ਼ਲੇਸ਼ਣ ਦੱਸਦਾ ਹੈ ਕਿ ਸਿੰਧ ਘਾਟੀ ਦੇ ਲੋਕਾਂ ਦਾ ਆਰੀਆਈ ਲੋਕਾਂ ਨਾਲ ਕੋਈ ਸੰਬੰਧ ਨਹੀਂ ਹੈ, ਸਗੋਂ ਇਨ੍ਹਾਂ ਦਾ ਸੰਬੰਧ ਈਰਾਨ ਵਿਚ ਵੱਸਦੇ ਲੋਕਾਂ ਅਤੇ ਦਰਾਵੜਾਂ ਨਾਲ ਹੈ ।ਮੂਲ ਨਿਵਾਸੀ ਹੋਣ ਕਰਕੇ ਦਰਾਵੜ ਲੋਕਾਂ ਦੀ ਸੱਭਿਅਤਾ ਦਾ ਪ੍ਰਭਾਵ ਆਰੀਆਈ ਸੱਭਿਆਚਾਰ ਅਤੇ ਭਾਸ਼ਾਵਾਂ 'ਤੇ ਸਾਫ਼ ਦਿਖਾਈ ਦਿੰਦਾ ਹੈ।ਸੱਪ ਪੂਜਾ, ਲਿੰਗ ਪੂਜਾ, ਪਿੱਪਲ ਦੀ ਪੂਜਾ ਦਰਾਵੜ/ਸਿੰਧ ਘਾਟੀ ਦੇ ਲੋਕਾਂ ਦੇ ਪੂਜਾ ਵਿਧਾਨ ਹਨ, ਜਿਨ੍ਹਾਂ ਨੂੰ ਆਰੀਆਈ-ਵੈਦਿਕ ਲੋਕਾਂ ਨੇ ਅਪਣਾਇਆ ਹੈ । ਇਹ ਪੂਜਾ ਵਿਧਾਨ ਅਤੇ ਵਿਧੀਆਂ ਅੱਜ ਵੀ ਆਰੀਆਈ ਲੋਕਾਂ ਵਿਚ ਪ੍ਰਚਲਤ ਹਨ । ਲਿੰਗ ਪੂਜਾ ਜਿਸ ਪ੍ਰਕਾਰ ਦਰਾਵੜ ਲੋਕਾਂ ਦੇ ਸੱਭਿਆਚਾਰ ਅਤੇ ਭਾਸ਼ਾ ਦਾ ਅੰਗ ਬਣੀ ਹੈ, ਆਰੀਆਈ ਲੋਕਾਂ ਦਾ ਨਹੀਂ। ਦਰਾਵੜ ਭਾਸ਼ਾਵਾਂ ਵਿਚ ਲਿੰਗ ਰਾਜਾ, ਲਿੰਗਈਆ, ਲਿੰਗੇਸ਼ਵਰ, ਮਹਾਂ ਲਿੰਗਮ ਨਾਂਅ ਆਮ ਮਿਲ ਜਾਂਦੇ ਹਨ, ਆਰੀਆਈ ਭਾਸ਼ਾਵਾਂ ਵਿਚ ਨਹੀਂ ।

ਪੰਜਾਬੀ ਭਾਸ਼ਾ ਦਰਾਵੜ, ਵੈਦਿਕ ਅਤੇ ਪ੍ਰਾਕਿਰਤਾਂ ਦੇ ਮੂਲ ਭਾਸ਼ਾਈ ਲੱਛਣਾਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ ।ਪੰਜਾਬੀ ਨੇ ਦਰਾਵੜ ਤੋਂ ਉਲਟਜੀਭੀ ਧੁਨੀਆਂ, ਵੈਦਿਕ ਤੋਂ ਸੁਰ 'ਤੇ ਉਲਟਜੀਭੀ ਧੁਨੀਆਂ ਅਤੇ ਪ੍ਰਾਕਿਰਤਾਂ ਤੋਂ ਦੁੱਤ ਉਚਾਰਨ ਉਧਾਰ ਲਿਆ ਹੈ ।ਇਹੀ ਕਾਰਨ ਹੈ ਕਿ ਪੰਜਾਬੀ ਦੀ ਭਾਰਤੀ ਆਰੀਆਈ ਪਰਵਾਰ ਦੀਆਂ ਭਾਸ਼ਾਵਾਂ ਵਿਚ ਇਕ ਵੱਖਰੀ ਤੇ ਵਿਲੱਖਣ ਭਾਸ਼ਾ ਵਿਗਿਆਨਕ ਪਛਾਣ ਹੈ ।ਬਦਕਿਸਮਤੀ ਨਾਲ ਪੰਜਾਬੀ ਭਾਸ਼ਾ ਦੀ ਇਹ ਵਿਲੱਖਣ ਪਛਾਣ ਹੌਲੀ-ਹੌਲੀ ਗੁਆਚਦੀ ਜਾ ਰਹੀ ਹੈ ।ਪੰਜਾਬੀ ਭਾਸ਼ਾ ਵਿੱਚੋਂ ਸੁਰ ਅਤੇ ਉਲਟਜੀਭੀ ਧੁਨੀਆਂ ਦਾ ਉਚਾਰਨ ਗਾਇਬ ਹੋ ਰਿਹਾ ਹੈ।

ਪੰਜਾਬੀ ਵਿਚ ਦੋ ਪ੍ਰਕਾਰ ਦੀਆਂ ਉਪ ਭਾਸ਼ਾਵਾਂ ਹਨ; ਸੁਰੀ ਉਪ ਭਾਸ਼ਾਵਾਂ ਅਤੇ ਸੁਰ-ਰਹਿਤ ਉਪ ਭਾਸ਼ਾਵਾਂ ।ਪੰਜਾਬੀ ਦੀਆਂ ਸੁਰੀ ਉਪ ਭਾਸ਼ਾਵਾਂ ਪੂਰਬੀ ਪੰਜਾਬ (ਭਾਰਤ) ਵਿਚ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਮਾਝੀ, ਦੁਆਬੀ, ਮਲਵਈ ਅਤੇ ਪੁਆਧੀ ਆਉਂਦੀਆਂ ਹਨ।ਸੁਰ-ਰਹਿਤ ਉਪ ਭਾਸ਼ਾਵਾਂ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਪੋਠੋਹਾਰੀ, ਮੁਲਤਾਨੀ ਜਾਂ ਲਹਿੰਦੀ ਪੰਜਾਬੀ ਨੂੰ ਰੱਖਿਆ ਜਾਂਦਾ ਹੈ ।ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਪੰਜਾਬੀ ਵਿਚ ਦੋ ਪ੍ਰਕਾਰ ਦੀਆਂ ਉਪ ਭਾਸ਼ਾਵਾਂ ; ਸੁਰੀ ਉਪ ਭਾਸ਼ਾਵਾਂ ਅਤੇ ਸੁਰ-ਰਹਿਤ ਉਪ ਭਾਸ਼ਾਵਾਂ ਕਿਵੇਂ ਵਿਕਸਤ/ਪੈਦਾ ਹੋ ਗਈਆਂ ? ਇਸ ਬਾਰੇ ਪੰਜਾਬੀ ਵਿਚ ਕੋਈ ਪ੍ਰਮਾਣਿਕ ਖੋਜ ਉਪਲੱਬਧ ਨਹੀਂ ਹੈ ।ਗ੍ਰੀਅਰਸਨ ਨੇ ਪੂਰਬੀ ਪੰਜਾਬੀ ਨੂੰ ਸ਼ੌਰਸੈਨੀ ਵਿੱਚੋਂ ਅਤੇ ਪੱਛਮੀ ਪੰਜਾਬੀ ਨੂੰ ਪੈਸ਼ਾਚੀ ਵਿੱਚੋਂ ਵਿਕਸਤ ਹੋਈ ਦੱਸਿਆ ਹੈ ।ਇਸੇ ਤਰ੍ਹਾਂ ਹੀ ਗ੍ਰੀਅਰਸਨ ਨੇ ਪੂਰਬੀ ਪੰਜਾਬੀ ਨੂੰ ਅੰਦਰਲੇ ਚੱਕਰ ਦੀ ਅਤੇ ਪੱਛਮੀ ਪੰਜਾਬੀ ਨੂੰ ਬਾਹਰਲੇ ਚੱਕਰ ਦੀ ਉਪ ਭਾਸ਼ਾ ਦੱਸਿਆ ਹੈ ।ਗ੍ਰੀਅਰਸਨ ਦੀ ਅੰਦਰਲੇ ਚੱਕਰ ਅਤੇ ਬਾਹਰਲੇ ਚੱਕਰ ਦੀਆਂ ਭਾਸ਼ਾਵਾਂ ਸੰਬੰਧੀ ਕੀਤੀ ਪਰਿਕਲਪਨਾ ਨੂੰ ਆਮ ਕਰਕੇ ਅਣਗੌਲਿਆਂ ਹੀ ਕੀਤਾ ਜਾਂਦਾ ਰਿਹਾ ਹੈ ।

ਵੈਦਿਕ ਭਾਸ਼ਾ ਪੰਜਾਬੀ ਦੀ ਜਣਨ-ਸਰੋਤ ਭਾਸ਼ਾ ਹੈ ਤੇ ਵੇਦਾਂ ਦਾ ਰਚਨ-ਸਥਾਨ ਪੰਜਾਬ ਹੈ। ਪੰਜਾਬੀ ਦਾ ਵਿਕਾਸ ਕ੍ਰਮ ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਨਾਲੋਂ ਵੱਖਰਾ ਹੈ ।ਪੰਜਾਬੀ ਵੈਦਿਕ-ਸੰਸਕ੍ਰਿਤ-ਪਾਲੀ-ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਦੇ ਵਿਕਾਸ ਪੜਾਵਾਂ ਵਿਚੋਂ ਨਾ ਵਿਚਰਦੀ ਹੋਈ ਇਨ੍ਹਾਂ ਦੇ ਸਮਾਨੰਤਰ ਵਿਕਾਸ ਪੜਾਅ ਉਲੀਕਦੀ ਹੈ ਜੋ ਵੈਦਿਕ ਤੋਂ ਗੌਣ ਪ੍ਰਾਕਿਰਤਾਂ/ਅਪਭ੍ਰੰਸ਼ਾਂ (ਕੈਕਈ, ਟੱਕੀ, ਮਦਰ, ਆਦਿ) ਰਾਹੀਂ ਆਧੁਨਿਕ ਪੜਾਅ ਤੱਕ ਪਹੁੰਚਦਾ ਹੈ ।ਇਹੀ ਕਾਰਨ ਹੈ ਕਿ ਵੈਦਿਕ ਭਾਸ਼ਾ ਦਾ ਸਰਾਘਾਤ (Tone System) ਪੰਜਾਬੀ ਵਿਚ ਤਾਂ ਪ੍ਰਵੇਸ਼ ਕਰਦਾ ਹੈ, ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਵਿਚ ਨਹੀਂ ।ਦੂਜਾ ਪ੍ਰਸ਼ਨ ਪੰਜਾਬੀ ਦੀਆਂ ਪੱਛਮੀ ਉਪ ਭਾਸ਼ਾਵਾਂ ਵਿਚ ਸੁਰ ਦਾ ਵਿਕਸਤ ਨਾ ਹੋਣਾ ਹੈ, ਪੂਰਬੀ ਪੰਜਾਬੀ ਅੰਦਰਲੇ ਗੁੱਟ ਦੀ ਭਾਸ਼ਾ ਹੈ, ਜੋ ਵੈਦਿਕ ਤੋਂ ਗੌਣ ਪ੍ਰਾਕਿਰਤਾਂ/ਅਪਭ੍ਰੰਸ਼ਾਂ ਰਾਹੀਂ ਵਿਕਸਤ ਹੁੰਦੀ ਹੈ। ਪੱਛਮੀ ਪੰਜਾਬੀ ਬਾਹਰਲੇ ਗੁੱਟ ਦੀ ਭਾਸ਼ਾ ਹੈ, ਜੋ ਪੈਸ਼ਾਚੀ ਪ੍ਰਾਕਿਰਤ/ਅਪਭ੍ਰੰਸ਼ ਤੋਂ ਵਿਕਸਤ ਹੁੰਦੀ ਹੈ। ਹੋ ਸਕਦਾ ਹੈ ਕਿ ਪੱਛਮੀ ਪੰਜਾਬੀ ਵਿਚ ਸੁਰ ਦਾ ਵਿਕਸਤ ਨਾ ਹੋਣਾ ਇਸ ਦੇ ਵਿਕਾਸ ਕ੍ਰਮ ਦੀ ਅਲਾਮਤ ਹੋਵੇ।

ਪੂਰਬੀ ਪੰਜਾਬੀ ਦੀ ਕੇਂਦਰੀ/ਟਕਸਾਲੀ ਉਪਭਾਸ਼ਾ ਮਾਝੀ ਹੈ, ਜੋ ਵੇਦਾਂ ਦੇ ਰਚਨ-ਸਥਾਨ ਦੇ ਸਭ ਤੋਂ ਵੱਧ ਨਜ਼ਦੀਕ ਹੈ ।ਪੰਜਾਬੀ ਵਿਚ ਸੁਰ ਦੀ ਵਰਤੋਂ ਵੀ ਸਭ ਤੋਂ ਵੱਧ ਮਾਝੀ ਉਪਭਾਸ਼ਾ ਵਿਚ ਹੀ ਹੁੰਦੀ ਹੈ ।ਪੰਜਾਬੀ ਦੀਆਂ ਸਘੋਸ਼ ਮਹਾਂਪ੍ਰਾਣ ਧੁਨੀਆਂ/ ਘ, ਝ, ਢ, ਧ, ਭ/ ਅਤੇ ਸੁਰਯੰਤਰੀ ਧੁਨੀ/ਹ/ਮਾਝੀ ਉਪਭਾਸ਼ਾ ਵਿਚ ਪੂਰੀ ਤਰ੍ਹਾਂ ਸੁਰ ਵਿਚ ਤਬਦੀਲ ਹੋ ਗਈਆਂ ਹਨ।ਮਾਝੀ ਦੇ ਮੁਕਾਬਲੇ ਦੁਆਬੀ, ਮਲਵਈ ਵਿਚ ਸੁਰ ਦੀ ਵਰਤੋਂ ਦੀ ਮਾਤਰਾ ਘੱਟ ਹੈ ਤੇ ਪੁਆਧੀ ਵਿਚ ਸਭ ਤੋਂ ਘੱਟ।

ਸੁਰ ਪੂਰਬੀ ਪੰਜਾਬੀ ਦਾ ਪਰਿਭਾਸ਼ਕ ਅਤੇ ਪਛਾਣ ਲੱਛਣ ਹੈ।ਅੱਜ ਸੁਰ ਪੂਰਬੀ ਪੰਜਾਬੀ ਵਿੱਚੋਂ ਵੀ ਲੋਪ ਹੋ ਰਹੀ ਹੈ।ਇਸ ਦਾ ਮੁੱਖ ਕਾਰਨ ਭਾਸ਼ਾਈ ਸੰਪਰਕ ਸਥਿਤੀ ਅਤੇ ਵਿਸ਼ਵੀਕਰਨ ਦੀ ਨਵ-ਉਦਾਰਵਾਦੀ ਅਰਥ ਵਿਵਸਥਾ ਹੈ, ਜਿਸ ਵਿਚ ਪੰਜਾਬੀ ਆਪਣਾ ਬਣਦਾ ਸਮਾਜਕ, ਵਿੱਦਿਅਕ, ਆਰਥਿਕ ਤੇ ਮਨੋਵਿਗਿਆਨਕ ਯੋਗਦਾਨ ਪਾਉਣ ਤੋਂ ਖੁੰਜ ਗਈ ਹੈ। ਭਾਵੇਂ ਪੰਜਾਬ ਵਿਚ ਬੁਲਾਰਿਆਂ ਦੀ ਗਿਣਤੀ ਪੱਖੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਂਦੀਆਂ ਹਨ, ਪਰ ਪਰਵਾਰ, ਰੁਜ਼ਗਾਰ ਅਤੇ ਪ੍ਰਤਿਸ਼ਠਾ ਦੇ ਮਾਪਦੰਡਾਂ ਦੇ ਆਧਾਰ 'ਤੇ ਇਹ ਕ੍ਰਮ ਉਲਟਾ ਹੋ ਜਾਂਦਾ ਹੈ ।ਇਹ ਸਥਿਤੀ ਜਿੰਨੀ ਮਾਰੂ ਤੇ ਭਿਆਨਕ ਸਥਾਨਕ ਪੱਧਰ 'ਤੇ ਹੈ, ਵਿਦੇਸ਼ਾਂ ਵਿਚ ਇਹ ਵਧੇਰੇ ਚਿੰਤਾਜਨਕ ਹੈ, ਕਿਉਂਕਿ ਉੱਥੇ ਸਥਿਤੀ ਦੀ ਗੰਭੀਰਤਾ ਨੂੰ ਭਾਂਪਣ ਅਤੇ ਪਰਖਣ ਪ੍ਰਤੀ ਅਸੀਂ ਨਾ ਤਾਂ ਅਜੇ ਸੁਚੇਤ ਹੋਏ ਹਾਂ ਅਤੇ ਨਾ ਹੀ ਇਸ ਦੇ ਬਚਾਅ ਦੇ ਕੋਈ ਮਾਪਦੰਡ ਨਿਰਧਾਰਿਤ ਕੀਤੇ ਹਨ।

ਬਹੁਤੇ ਸ਼ਹਿਰੀ ਅਤੇ ਪਰਵਾਸੀ ਪੰਜਾਬੀ ਬੱਚੇ ਬੇ-ਸੁਰੀ ਪੰਜਾਬੀ ਬੋਲਦੇ ਹਨ ।ਉਨ੍ਹਾਂ ਦੇ ਉਚਾਰਨ ਵਿੱਚੋਂ /ਘ, ਝ, ਢ, ਧ, ਭ/ ਅਤੇ /ੜ, ਲ਼/ ਧੁਨੀਆਂ ਦਾ ਉਚਾਰਨ ਗਾਇਬ ਹੈ ।ਇਸ ਦਾ ਮੁੱਖ ਕਾਰਨ ਅੰਗਰੇਜ਼ੀ, ਤੇ ਕੁੱਝ ਹਾਲਤ ਵਿਚ ਹਿੰਦੀ ਭਾਸ਼ਾ ਸੰਪਰਕ ਸਥਿਤੀ ਹੈ ।ਅੰਗਰੇਜ਼ੀ ਭਾਸ਼ਾ ਵਿਚ ਨਾ ਤਾਂ ਸੁਰ ਦੀ ਵਰਤੋਂ ਹੁੰਦੀ ਹੈ ਅਤੇ ਨਾ ਹੀ ਉਲਟਜੀਭੀ ਦੁਨੀਆਂ /ੜ ਅਤੇ ਲ਼/ ਦੀ ।ਜਦੋਂ ਦੋ ਭਾਸ਼ਾਵਾਂ ਇਕ-ਦੂਜੇ ਦੇ ਸੰਪਰਕ ਵਿਚ ਆਉਂਦੀਆਂ ਹਨ ਤਾਂ ਇਨ੍ਹਾਂ ਵਿਚ ਤਬਦੀਲੀ ਭੌਤਿਕ ਵਸਤਾਂ ਵਾਂਗ ਨਹੀਂ ਸਗੋਂ ਰਸਾਇਣਕ ਵਸਤਾਂ ਵਾਂਗ ਵਾਪਰਦੀ ਹੈ ।ਤਾਕਤਵਰ ਭਾਸ਼ਾ ਕਮਜ਼ੋਰ ਭਾਸ਼ਾ ਨੂੰ ਪ੍ਰਭਾਵਿਤ ਕਰਦੀ ਹੈ। ਪਰਿਵਰਤਨ ਦੀ ਦਿਸ਼ਾ ਤਾਕਤਵਰ ਭਾਸ਼ਾ ਤੋਂ ਕਮਜ਼ੋਰ ਭਾਸ਼ਾ ਵੱਲ ਹੁੰਦੀ ਹੈ ।ਅਜਿਹੀ ਸਥਿਤੀ ਵਿਚ ਕਮਜ਼ੋਰ ਭਾਸ਼ਾ ਆਪਣੇ ਟਕਸਾਲੀ ਉਚਾਰਨ/ ਮੁਹਾਂਦਰੇ ਨੂੰ ਬਚਾ ਸਕਦੀ ਹੈ ਕਿ ਨਹੀਂ ? ਇਹ ਉਸ ਭਾਸ਼ਾ ਦੇ ਬੁਲਾਰਿਆਂ ਦੀ ਸਮਾਜਕ, ਧਾਰਮਿਕ ਅਤੇ ਮਨੋਵਿਗਿਆਨਕ ਸ਼ਕਤੀ 'ਤੇ ਨਿਰਭਰ ਕਰਦਾ ਹੈ ।ਪੰਜਾਬੀ ਭਾਸ਼ਾ ਨੂੰ ਬੇ-ਸੁਰੀ ਹੋਣ ਤੋਂ ਬਚਾਉਣਾ ਅੱਜ ਸਾਡੀ ਪਹਿਲੀ ਚਿੰਤਾ ਤੇ ਪ੍ਰਾਥਮਿਕਤਾ ਬਣਦੀ ਹੈ । ਜੇ ਪੰਜਾਬੀ ਭਾਸ਼ਾ ਬੇ-ਸੁਰੀ ਹੋ ਜਾਂਦੀ ਹੈ ਤਾਂ ਪੰਜਾਬੀ ਬਾਰੇ ਉਚਾਰਿਆ ਜਾਂਦਾ ਇਹ ਫਿਕਰਾ ਸਮੇਂ ਦੀ ਗਰਦਿਸ਼ ਵਿਚ ਗੁਆਚ ਜਾਵੇਗਾ ਕਿ ਪੰਜਾਬੀ ਹੀ ਭਾਰਤੀ ਆਰੀਆਈ ਪਰਵਾਰ ਦੀ ਇੱਕੋ-ਇਕ ਭਾਸ਼ਾ ਹੈ, ਜਿਸ ਵਿਚ ਸੁਰ ਦੀ ਵਰਤੋਂ ਕੀਤੀ ਜਾਂਦੀ ਹੈ/ਸੀ ।

***ਸੰਪਰਕ : 94171-05225***

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹਾਸ਼ੀਏ 'ਤੇ ਪਏ ਇਤਿਹਾਸਕ ਤੱਥਾਂ ਦਾ ਬਿਰਤਾਂਤ

## ਮਨੁ ਪੰਖੀ ਭਇਓ

(ਨਾਵਲ)
ਮਨਮੋਹਨ
ਸਫੇ : 319, ਮੁੱਲ : 375 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ






ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਅਨੁਰਾਗ ਸ਼ਰਮਾ

ਡਾਕਟਰ ਮਨਮੋਹਨ ਪੰਜਾਬੀ ਸਾਹਿਤਕ ਜਗਤ ਵਿੱਚ ਇੱਕ ਮੰਨਿਆ-ਪ੍ਰਮੰਨਿਆ ਨਾਂਅ ਹੈ। ਪੰਜਾਬੀ ਨਾਵਲ ਜਗਤ ਨੂੰ ਉਸ ਨੇ ਅਜੇ ਤੱਕ ਤਿੰਨ ਨਾਵਲ 'ਨਿਰਵਾਨ', (ਸਾਹਿਤ ਅਕੈਡਮੀ ਪੁਰਸਕਾਰ) 'ਸਹਿਜ ਗੁਫਾ ਮੇ ਆਸਣ' ਅਤੇ ਹੱਥਲਾ ਨਾਵਲ 'ਮਨੁ ਪੰਖੀ ਭਇਓ' ਇਹ ਨਾਵਲ ਵੀਹਵੀਂ ਸਦੀ ਦੇ ਮੁਢਲੇ ਦੋ-ਤਿੰਨ ਦਹਾਕੇ ਅਤੇ ਇਸ ਤੋਂ ਬਾਅਦ ਵਾਪਰੀ ਦੋ ਦੇਸ਼ਾਂ ਦੀ ਵੰਡ ਤੋਂ ਸ਼ੁਰੂ ਹੋ ਕੇ ਕਰਤਾਰਪੁਰ ਲਾਂਘੇ ਨੂੰ ਦੋਹਾਂ ਦੇਸ਼ਾਂ ਵੱਲੋਂ ਸਵੀਕ੍ਰਿਤ ਕਰਨ ਅਤੇ ਗੁਰਦੁਆਰਾ ਸਾਹਿਬ ਦੇ ਨਿਰਵਿਘਨ ਦਰਸ਼ਨਾਂ ਦੇ ਸਮੇਂ ਤੱਕ ਨੂੰ ਸਮੇਟਦਾ ਹੈ। ਪੰਜਾਬੀ ਸਾਹਿਤ ਵਿੱਚ ਵੰਡ ਨਾਲ ਸੰਬੰਧਤ ਤਕਰੀਬਨ 30-40 ਨਾਵਲ ਲਿਖੇ ਜਾ ਚੁੱਕੇ ਹਨ। ਇਸ ਦੀ ਸ਼ੁਰੂਆਤ ਨਾਨਕ ਸਿੰਘ ਰਚਿਤ ਨਾਵਲ 'ਅੱਗ ਦੇ ਸੋਹਲੇ' ਤੋਂ ਕਹੀ ਜਾ ਸਕਦੀ ਹੈ।ਤਕਰੀਬਨ 20 ਕੁ ਪੰਜਾਬੀ ਨਾਵਲਕਾਰ ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਸੁਰਿੰਦਰ ਸਿੰਘ ਨਰੂਲਾ, ਸੋਹਣ ਸਿੰਘ ਸੀਤਲ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਸੁਖਬੀਰ, ਦਵਿੰਦਰ, ਡਾ. ਨਿਰੰਜਨ ਤਸਨੀਮ, ਮੋਹਨ ਕਾਹਲੋਂ, ਡਾ. ਧਰਮਪਾਲ ਸਾਹਿਲ ਅਤੇ ਬਲਬੀਰ ਪਰਵਾਨਾ ਆਦਿ ਨੇ ਦੇਸ਼ ਦੀ ਰਾਜਨੀਤਕ ਵੰਡ ਅਤੇ ਉਸ ਵਿੱਚੋਂ ਨਿਕਲੇ ਸਮਾਜਿਕ ਦੁਖਾਂਤ ਨੂੰ ਵਿਸ਼ੇ-ਵਸਤੂ ਵਜੋਂ ਲਿਆ ਹੈ।ਇਹਨਾਂ ਨਾਵਲਾਂ ਦੇ ਅਧਿਐਨ ਵਿੱਚੋਂ ਦੋ ਗੱਲਾਂ ਉੱਭਰਦੀਆਂ ਹਨ।ਇਹ ਨਾਵਲ ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੀਆਂ ਰਾਜਨੀਤਕ ਤੇ ਸਮਾਜਿਕ ਪ੍ਰਸਥਿਤੀਆਂ ਅਤੇ ਵੰਡ ਤੋਂ ਪੈਦਾ ਰਾਜਨੀਤਕ ਤੇ ਸਮਾਜਿਕ ਦੁਖਾਂਤ ਦੋਵਾਂ ਵਿਸ਼ਿਆਂ ਨੂੰ ਸਮੇਟਦੇ ਹਨ।ਰਾਜਨੀਤਕ ਤੌਰ 'ਤੇ ਅਜੇ ਤੱਕ ਅਸੀਂ ਇਤਿਹਾਸ ਦੀਆਂ ਪੁਸਤਕਾਂ ਵੱਲੋਂ ਪ੍ਰਸਤੁਤ ਤੱਥਾਂ ਨੂੰ ਹੀ ਬਹੁਤਾ ਕਰਕੇ ਲਿਆ ਹੈ, ਜਦਕਿ ਵਿਭਾਜਨ ਦੀ ਅਸਲੀ ਕਹਾਣੀ ਸੱਤਾ ਅਤੇ ਵਿਸ਼ਵਾਸਘਾਤਾਂ ਦਾ ਉਹ ਆਖਿਆਨ ਹੈ, ਜਿਹੜਾ ਇਹ ਦੱਸਦਾ ਹੈ ਕਿ ਭਾਰਤ ਦੀ ਵੰਡ ਵੇਲੇ ਅੰਗਰੇਜ਼ਾਂ ਦੇ ਅਸਲੀ ਉਦੇਸ਼ ਕੀ ਸਨ ਅਤੇ ਕਿਸ ਤਰ੍ਹਾਂ ਨਾਲ ਭਾਰਤੀ ਰਾਜਨੀਤਕ ਨੇਤਰਤਵ ਉਹਨਾਂ ਤੋਂ ਮਾਤ ਖਾ ਗਿਆ। (ਡਾਕਟਰ ਨਰਿੰਦਰ ਸਿੰਘ ਸਰੀਲਾ, ਵਿਭਾਜਨ ਕੀ ਅਸਲੀ ਕਹਾਣੀ, ਅੰਤਲਾ ਸਫਾ) ਬਹੁਤੇ ਨਾਵਲਕਾਰਾਂ ਨੇ ਤੱਥਾਂ ਨੂੰ ਘਟਨਾਤਮਕ ਰੂਪ ਦੇ ਕੇ ਇਤਿਹਾਸਕ ਤੇ ਅਰਧ ਇਤਿਹਾਸਕ ਪਾਤਰਾਂ ਰਾਹੀਂ ਸਿਰਫ ਇਤਿਹਾਸਕ ਸੱਚ ਨੂੰ ਪੇਸ਼ ਕਰਨ ਨੂੰ ਹੀ ਇਤਿਹਾਸਕ ਗਲਪ ਸਮਝ ਲਿਆ ਹੈ। ਸਮਾਜਿਕ ਪੱਖ ਨਾਲ ਸੰਬੰਧਤ ਨਾਵਲਾਂ ਦਾ ਕਥਾ ਜਗਤ ਵੀ ਦੋ ਤਰ੍ਹਾਂ ਦਾ ਹੈ।ਇੱਕ ਉਸ ਦਾ ਅਮਾਨਵੀ ਪੱਖ, ਜਿਸ ਵਿੱਚ ਮਜ਼ਹਬੀ ਦੰਗੇ, ਉਧਾਲੇ, ਬਲਾਤਕਾਰ, ਕਤਲ, ਸਮੂਹਿਕ ਕਤਲ, ਧਰਮ ਸਥਾਨਾਂ ਦੀ ਬੇਹੁਰਮਤੀ, ਔਰਤਾਂ, ਬੱਚਿਆਂ ਦੇ ਜ਼ੁਲਮ ਅਤੇ ਸਮੂਹਿਕ ਖੁਦਕੁਸ਼ੀਆਂ ਦਾ ਵਰਣਨ ਹੈ, ਜਿਸ ਨੂੰ ਅਤਿ-ਭਾਵੁਕ ਅਤੇ ਅਤਿ ਕਥਨੀ ਵਿਧੀ ਰਾਹੀਂ ਬਿਆਨਿਆ ਗਿਆ ਹੈ। ਦੂਸਰਾ ਹੈ ਵੰਡ ਦਾ ਮਾਨਵੀ ਪੱਖ, ਜਿਵੇਂ ਮਿਲਣ-ਵਿਛੜਣ, ਸਾਂਝ, ਭਾਈਚਾਰਾ, ਇੱਕ-ਦੂਸਰੇ ਦੀ ਮਦਦ, ਇੱਕ-ਦੂਸਰੇ ਨੂੰ ਬਚਾਉਣਾ, ਧੀਆਂ-ਭੈਣਾਂ ਦੀ ਰਾਖੀ, ਆਪਸੀ ਵਿਸ਼ਵਾਸ 'ਤੇ ਅਧਾਰਤ ਕਥਾਵਾਂ ਮਿਲਦੀਆਂ ਹਨ। ਹੱਥਲੀ ਰਚਨਾ ਵੀ ਇਸੇ ਤਰ੍ਹਾਂ ਦੀ ਹੀ ਮਾਨਸਿਕਤਾ ਨੂੰ ਸਾਡੇ ਸਾਹਮਣੇ ਲਿਆਉਂਦੀ ਹੈ।

ਇਹ 'ਮਨੁ ਪੰਖੀ ਭਇਓ' ਰਚਨਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਵਿੱਚ ਵੱਸਦੇ ਬੁਣਕਰ ਪਰਵਾਰ ਦੇ ਇੱਕ ਪਾਤਰ ਬੋਧੇ ਤੋਂ ਬੋਧ ਸਿੰਘ ਭਾਵ ਸਨਾਤਨੀ ਜਾਤੀ ਅਤੇ ਬਿਰਤੀ ਨੂੰ ਤਿਆਗ ਕੇ ਸਰਬਸਾਂਝੀਵਾਲੀ ਗੁਰਬਾਣੀ ਦੀ ਵਿਚਾਰਧਾਰਾ ਨੂੰ ਅਪਨਾਉਣ ਵਾਲੇ ਇੱਕ ਪਾਤਰ ਦੇ ਆਲੇ-ਦੁਆਲੇ ਘੁੰਮਦੀ ਹੈ। ਇਹ ਪਾਤਰ, ਨਿਮਾਣਾ, ਬੇ-ਆਸਰਾ ਅਤੇ ਗਿਆਨਹੀਣ ਹੁੰਦੇ ਹੋਇਆਂ ਵੀ ਜਗਿਆਸੂ ਹੈ, ਜਿਹੜਾ ਹੌਲੀ-ਹੌਲੀ ਗਿਆਨੀ ਕਰਮ ਸਿੰਘ ਜ਼ਖਮੀ ਅਤੇ ਰਾਗੀ ਪ੍ਰੇਮ ਸਿੰਘ ਪਾਰਸ ਵਰਗੇ ਚੇਤੰਨ, ਗੁਰਬਾਣੀ ਦੇ ਵਿਦਵਾਨ ਤੇ ਕੀਰਤਨ ਦੇ ਧਨੀ ਪੁਰਖਾਂ ਦੇ ਸੰਪਰਕ ਵਿੱਚ ਆਉਣ ਨਾਲ ਕੀਰਤਨ ਤੇ ਗੁਰਬਾਣੀ ਵਿੱਚ ਮੁਹਾਰਤ ਹਾਸਲ ਕਰਨ ਲੱਗ ਜਾਂਦਾ ਹੈ। ਕੁਝ ਚਿਰ ਬਾਅਦ ਇਹ ਭਾਈ ਸਾਹਿਬ ਦੀ ਸਹਾਇਤਾ ਨਾਲ ਸਾਂਦਲਬਾਰ ਦੇ ਇਲਾਕੇ ਵਿੱਚ ਜਿਹੜਾ ਕਿ ਅੱਜਕੱਲ੍ਹ ਪੱਛਮੀ ਪਾਕਿਸਤਾਨ ਵਿੱਚ ਹੈ, ਉੱਥੇ ਗ੍ਰੰਥੀ ਸਿੰਘ ਦਾ ਫਰਜ਼ ਨਿਭਾਉਂਦਾ ਹੈ ਤੇ ਹੌਲੀ-ਹੌਲੀ ਹੈੱਡਮਾਸਟਰ ਅਹਿਮਦ ਅਦੀਨ ਦੀ ਮੁਹੱਬਤ ਕਾਰਨ ਸਰਕਾਰੀ ਸਕੂਲ ਵਿੱਚ ਬੱਚਿਆਂ ਨੂੰ ਪੰਜਾਬੀ ਵੀ ਪੜ੍ਹਾਉਣ ਲੱਗ ਜਾਂਦਾ ਹੈ। ਛੁੱਟੀਆਂ ਵਿੱਚ ਪਿੰਡ ਪਰਤ ਕੇ ਗ੍ਰਹਿਸਥੀ ਜੀਵਨ ਅਪਣਾ ਕੇ ਇਹ ਆਪਣੀ ਪਤਨੀ ਕੰਮੋ ਨੂੰ ਨਾਲ ਲੈ ਕੇ ਮੁੜ ਸਾਂਦਲਬਾਰ ਚਲਿਆ ਜਾਂਦਾ ਹੈ। ਉਸ ਦੇ ਘਰ ਦੋ ਬੱਚੇ ਗੋਪੀ ਤੇ ਗੁਰੀ ਜਨਮ ਲੈਂਦੇ ਹਨ।ਸਾਂਦਲਬਾਰ ਰਹਿੰਦਿਆਂ ਹੀ ਇਸ ਨੂੰ ਪਤਾ ਲੱਗਦਾ ਹੈ ਕਿ ਇਸ ਦੇ ਸਾਲੇ ਹੀਰਾ ਸਿੰਘ ਦਾ ਕਤਲ ਹੋ ਗਿਆ ਹੈ ਤੇ ਉਸ ਦੇ ਕਤਲ ਦਾ ਕਾਰਨ ਉਸ ਦਾ ਮੁਸਲਮਾਨਾਂ ਦੀ ਕੁੜੀ ਜੰਨਤੇ ਨੂੰ ਉਧਾਲ ਕੇ ਲੈ ਜਾਣਾ ਹੈ।ਉਸ ਨੂੰ ਆਪਣੇ ਤਾਏ ਬਿਸ਼ਨ ਸਿੰਘ ਕੋਲੋਂ ਇਹ ਵੀ ਪਤਾ ਚੱਲਦਾ ਹੈ ਕਿ ਜੰਨਤੇ ਹੁਣ ਸਾਂਦਲਬਾਰ ਦੇ ਇਲਾਕੇ ਵਿੱਚ ਕਿਸੇ ਦੁਹਾਜੂ ਮੁਸਲਮਾਨ ਨਾਲ ਵਿਆਹੀ ਗਈ ਹੈ। ਤਾਇਆ ਬਿਸ਼ਨਾ ਤੇ ਬੋਧਾ ਸਿੰਘ ਹੌਲੀ-ਹੌਲੀ ਉਸ ਦਾ ਪਤਾ ਲਾ ਲੈਂਦੇ ਹਨ ਤੇ ਉਸ ਦੇ ਨਾਲ ਮੇਲ-ਜੋਲ ਵਧਾਉਂਦੇ ਹਨ।ਇਸੇ ਸਮੇਂ ਦੌਰਾਨ ਹੀ ਦੇਸ਼ ਦੀ ਵੰਡ ਦਾ ਰੌਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਹੌਲੀ-ਹੌਲੀ ਮੁਸਲਿਮ ਲੀਗ ਤੇ ਕਾਂਗਰਸ ਵਿਚਲੀ ਰਾਜਨੀਤਕ ਪ੍ਰਤੀ -ਦਵੰਦਤਾ ਰਾਜਸੀ ਤਾਕਤ ਨੂੰ ਹਾਸਲ ਕਰਨਾ ਅਤੇ ਅੰਗਰੇਜ਼ਾਂ ਦੀਆਂ ਸਾਜ਼ਿਸ਼ਾਂ ਕਾਰਨ ਇਸ ਖਿੱਤੇ ਦਾ ਮਾਹੌਲ ਦੰਗਿਆਂ ਵਿੱਚ ਤਬਦੀਲ ਹੁੰਦਾ ਹੈ। ਦੇਸ਼ ਦੀ ਵੰਡ ਦੀ ਸੂਚਨਾ ਮਿਲਦਿਆਂ ਹੀ ਦੰਗੇ ਭਿਆਨਕ ਰੂਪ ਧਾਰਨ ਕਰ ਲੈਂਦੇ ਹਨ। ਇਹਨਾਂ ਦੰਗਿਆਂ ਦਾ ਸ਼ਿਕਾਰ ਬੋਧਾ ਸਿੰਘ ਤੇ ਉਸ ਦਾ ਪਰਵਾਰ ਹੋ ਜਾਂਦਾ ਹੈ। ਬੋਧੇ ਦੀ ਪਤਨੀ ਕੰਮੋ ਦਾ ਜਬਰ-ਜ਼ਨਾਹ ਤੋਂ ਬਾਅਦ 'ਚ ਕਤਲ ਹੋ ਜਾਂਦਾ ਹੈ।ਬੋਧਾ ਸਿੰਘ ਕੱਟੜਪੰਥੀ ਲੋਕਾਂ ਵੱਲੋਂ ਮੁਸਲਮਾਨ ਬਣਾ ਦਿੱਤਾ ਜਾਂਦਾ ਹੈ। ਉਸ ਦਾ ਇੱਕ ਬੱਚਾ ਜੰਨਤੇ ਕੋਲ ਰਹਿ ਜਾਂਦਾ ਹੈ ਤੇ ਦੂਸਰਾ ਬੱਚਾ ਭਾਈ ਹਰੀ ਸਿੰਘ ਜੀ ਦੇ ਨਾਲ ਹਿੰਦੁਸਤਾਨ ਆ ਜਾਂਦਾ ਹੈ। ਬੋਧਾ ਸਿੰਘ ਬਿਨਾਂ ਪਰਵਾਰ ਦੇ ਆਪਣੇ ਦੋਸਤ ਰਸ਼ੀਦੇ ਦੀ ਮਦਦ ਨਾਲ ਇਕੱਲਾ ਹੀ ਵਾਪਸ ਹਿੰਦੁਸਤਾਨ ਪਰਤ ਆਉਂਦਾ ਹੈ, ਪਰ ਇੱਥੇ ਆ ਕੇ ਬੋਧਾ ਸਿੰਘ ਦਾ ਕਤਲ ਉਸ ਦੇ ਆਪਣੇ ਹੀ ਫਿਰਕੇ ਦੇ ਲੋਕਾਂ ਦੁਆਰਾ ਹੋ ਜਾਂਦਾ ਹੈ। ਉਸ ਦਾ ਇਕ ਬੱਚਾ ਗੋਪਾਲ ਸਿੰਘ ਉਰਫ ਗੋਪੀ ਯਤੀਮੀ ਦੀ ਹਾਲਤ ਵਿੱਚ ਪਲਦਾ ਹੈ।ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਅੰਮ੍ਰਿਤਸਰ ਵਿਖੇ ਨੌਕਰੀ 'ਤੇ ਲੱਗ ਜਾਂਦਾ ਹੈ। ਇਸ ਤੋਂ ਬਾਅਦ ਕਹਾਣੀ ਵਿਚ ਅਗਲਾ ਮੋੜ ਪੂਰਬ ਵਰਤੀ ਅਧਿਆਇ ਵਿਚ ਮੌਜੂਦ ਹੈ। ਜਿਸ ਵਿੱਚ ਕਰਤਾਰਪੁਰ ਲਾਂਘੇ ਦੇ ਖੁੱਲ੍ਹ ਜਾਣ 'ਤੇ ਅਤੇ ਸੋਸ਼ਲ ਮੀਡੀਆ ਦੀ ਮਦਦ ਨਾਲ ਦੋਹਾਂ ਭਰਾਵਾਂ ਦੇ ਭਾਵ ਗੁਰਪ੍ਰੀਤ ਤੇ ਗੁਲਾਮ ਅਬਾਸ ਦੇ ਗੁਰਦੁਆਰਾ ਸਾਹਿਬ ਵਿੱਚ ਮਿਲਣ ਦੀ ਕਹਾਣੀ ਹੈ। ਬਾਅਦ 'ਚ ਗੋਪਾਲ ਸਿੰਘ ਉਰਫ ਗੋਪੀ ਤੇ ਗੁਲਾਮ ਅਬਾਸ ਉਰਫ ਗੁਰੀ ਬੜੀ ਦੇਰ ਤੱਕ ਜੱਫੀ ਪਾ ਕੇ ਰੋਂਦੇ ਰਹੇ। ਦੋਹਾਂ ਨੇ ਇੱਕ-ਦੂਜੇ ਦੇ ਚਿਹਰੇ ਵਾਰ-ਵਾਰ ਨਿਹਾਰੇ, ਮੱਥੇ ਚੁੰਮੇ, ਬੜੀਆਂ ਲੰਮੀਆਂ ਗੱਲਾਂ ਕੀਤੀਆਂ।(ਸਫਾ 317) ਇਸ ਰਚਨਾ ਦਾ ਅੰਤ ਵੀ ਸੁੱਖ ਤੋਂ ਬਾਅਦ ਦੁੱਖ ਤੇ ਵਿਛੜਨ ਤੋਂ ਬਾਅਦ ਮਿਲਣ ਦੀ ਵਿਧੀ ਵਰਤਦਿਆਂ ਆਮ ਭਾਰਤੀ ਫਿਲਮਾਂ ਵਾਂਗ ਹੈ।

ਇਸ ਇੱਕ ਲਕੀਰੀ ਕਹਾਣੀ ਦੇ ਪਿਛੋਕੜ ਵਿੱਚ ਲੇਖਕ ਜ਼ਿਆਦਾਤਰ ਪਿਛਲੇ ਸੌ ਸਾਲ ਤੋਂ ਚੱਲੀਆਂ ਆ ਰਹੀਆਂ ਧਾਰਮਿਕ, ਰਾਜਸੀ ਅਤੇ ਸਮਾਜਿਕ ਲਹਿਰਾਂ ਦੇ ਇਤਿਹਾਸ ਨੂੰ ਤਥਾਤਮਕ ਤੇ ਸੂਚਨਾਤਮਕ ਵਿਧੀ ਰਾਹੀਂ ਪੇਸ਼ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਜੁਲਾਹਾ ਜਾਤੀ ਦਾ ਇਤਿਹਾਸ, ਪਿੰਡਾਂ ਤੇ ਸ਼ਹਿਰਾਂ ਦਾ ਇਤਿਹਾਸ, ਜਲ੍ਹਿਆਂਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਅਫਗਾਨਿਸਤਾਨ ਤੇ ਅੰਗਰੇਜ਼ਾਂ ਦਾ ਇਤਿਹਾਸ, ਭਗਤ ਸਿੰਘ ਦੀ ਸ਼ਹਾਦਤ, ਯੂਨੀਅਨਿਸਟ ਪਾਰਟੀ ਦਾ ਇਤਿਹਾਸ, ਕਾਂਗਰਸ ਤੇ ਮੁਸਲਿਮ ਲੀਗ ਵੱਲੋਂ ਚਲਾਈਆਂ ਲਹਿਰਾਂ, ਬਾਬਾ ਸਾਹਿਬ ਅੰਬੇਡਕਰ ਦਾ ਵਰਣਨ ਅਤੇ ਦੇਸ਼ ਦੀ ਵੰਡ ਬਾਰੇ ਸੁਣੀਆਂ-ਸੁਣਾਈਆਂ ਤੇ ਕਿਤਾਬੀ ਗੱਲਾਂ ਹਨ। ਜਿਵੇਂ-ਇੱਕ ਦਿਨ ਸਕੂਲੇ ਹੈੱਡ ਮਾਸਟਰ ਅਹਿਮਦਦੀਨ ਦੱਸ ਰਹੇ ਸਨ ਆਪਣਾ ਸਰਦਾਰ ਆਪਣੀ ਤਹਿਸੀਲ 'ਚ ਯੂਨੀਅਨਸ ਪਾਰਟੀ ਦਾ ਪ੍ਰਧਾਨ ਹੈ।(ਸਫਾ 147) ਵੰਡ ਦੇ ਵਿਚਾਰ ਬਾਰੇ ਚਰਚਾ ਕਰਦਿਆਂ ਇੱਕ ਰੋਜ਼ ਉਹਨਾਂ ਨੂੰ ਦੱਸਿਆ ਕਿ ਵੰਡ ਦਾ ਤਸਵਰ ਸਿਰਫ ਚੌਧਰੀ ਰਹਿਮਤ ਅਲੀ ਨੇ ਹੀ ਨਹੀਂ ਸੀ ਦਿੱਤਾ, ਬਲਕਿ ਇਸ ਦੀ ਗੱਲ ਸੰਨ 24 ਵਿੱਚ ਲਾਲਾ ਲਾਜਪਤ ਰਾਏ ਨੇ ਵੀ .... (ਸਫਾ 159) ਇਹ ਸਾਰੇ ਅਜਿਹੇ ਗਤੀਹੀਣ ਮੋਟਿਫ ਹਨ, ਜਿਹੜੇ ਬਹੁਤ ਵਾਰ ਕਥਾ ਰਸ ਕਹਾਣੀ ਦੀ ਚਾਲ ਵਿੱਚ ਰੁਕਾਵਟ ਪਾਉਂਦੇ ਹਨ।

ਜੇਕਰ ਧਿਆਨ ਨਾਲ ਦੇਖਿਆ ਜਾਏ ਤਾਂ ਇਸ ਨਾਵਲ ਦਾ ਕੇਂਦਰੀ ਧੁਰਾ ਜਾਂ ਥੀਮ ਵੰਡ ਹੈ। ਪਹਿਲੀ ਵੰਡ ਤਾਂ ਪਰਵਾਰਕ ਹੈ, ਜਿਹੜੀ ਮੁੱਖ ਪਾਤਰ ਦੇ ਆਪਣੇ ਘਰ ਵਿੱਚ ਹੀ ਹੈ।ਇਹਨਾਂ ਵੰਡੀਆਂ ਕਾਰਨ ਹੀ ਉਹ ਘਰ ਤੋਂ ਪ੍ਰਵਾਸ ਕਰਦਾ ਹੈ। ਇਸ ਤੋਂ ਬਾਅਦ ਇਹ ਵੰਡ ਹੋਰ ਕਈ ਕਿਸਮ ਦੀ ਜਿਵੇਂ ਰਾਜਨੀਤਕ, ਆਰਥਿਕ, ਸਮਾਜਿਕ ਹੈ, ਜਿਹੜੀ ਕਿ ਭਾਰਤੀ ਲੋਕਾਂ ਦੇ ਜ਼ਿਹਨ ਵਿੱਚ ਬੜੇ ਹੀ ਸੁਸ਼ੱਕਤ ਰੂਪ ਵਿੱਚ ਮੌਜੂਦ ਹੈ। ਭਾਵੇਂ ਸਨਾਤਨੀ ਜਾਤੀ ਵੰਡ ਤੋਂ ਅਨੇਕਾਂ ਚੇਤੰਨ ਪੁਰਖਾਂ ਨੇ ਬਗਾਵਤ ਕੀਤੀ ਪਰ ਮਸਲਾ ਉਥੇ ਦਾ ਉਥੇ ਹੀ ਖੜਾ ਹੈ। ਜਿਵੇਂ ਬੋਧਾ ਭਗਤ ਦਾਸ ਜੀ ਦੇ ਨਾਲ ਮਨ ਫਰੋਲਦਿਆਂ ਹੋਇਆਂ ਕਹਿੰਦਾ ਹੈ, ਦਾਸ ਜੀ ਇਸ ਮੁਲਕ ਤੇ ਸਮਾਜ ਨੂੰ ਜਾਤ ਦੇ ਕੋਹੜ ਤੋਂ ਕਿਵੇਂ ਮੁਕਤੀ ਮਿਲੂ (ਸਫਾ 39) ਅਨੇਕਾਂ ਸਮਾਜ ਸੁਧਾਰਕ ਲਹਿਰਾਂ ਤੇ ਪੰਥਾਂ ਦੇ ਹੋਂਦ ਵਿੱਚ ਆਉਣ ਦੇ ਬਾਵਜੂਦ ਸਵਾਲ ਉਥੇ ਦਾ ਉਥੇ ਹੀ ਖੜਾ ਹੈ। ਜੇ ਇਸਲਾਮ ਆਇਆ, ਜਿਹੜਾ ਕਿ ਮਨੁੱਖਤਾ ਦੀ ਬਰਾਬਰਤਾ ਦੀ ਗੱਲ ਕਰਦਾ ਹੈ, ਉਹ ਵੀ ਆ ਕੇ ਅਨੇਕਾਂ ਜਾਤਾਂ ਵਿੱਚ ਵੰਡਿਆ ਗਿਆ, ਜਿਸ ਦਾ ਜ਼ਿਕਰ ਲੇਖਕ ਮਨ ਬਚਨੀਆਂ ਅਤੇ ਬਾਹਰਲੇ ਹਵਾਲਿਆਂ ਰਾਹੀਂ (ਸਫਾ 155, 189) ਕਰਦਾ ਹੈ। ਲੇਖਕ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਸ ਨੇ ਰਾਜਨੀਤਕ ਵੰਡ ਨੂੰ ਜਾਤੀਗਤ ਵੰਡ ਨਾਲ ਜੋੜਦਿਆਂ ਵੰਡ ਪ੍ਰਤੀ ਇੱਕ ਵੱਖਰੀ ਸੋਚ ਨੂੰ ਉਭਾਰਨ ਦਾ ਯਤਨ ਕੀਤਾ ਹੈ। ਉਹ ਭਾਰਤੀ ਵਰਣ ਵਿਵਸਥਾ ਤੇ ਭਾਰਤੀ ਉਪ ਮਹਾਂਦੀਪ ਦੀ ਸਰਹੱਦੀ ਵੰਡ ਨੂੰ ਇੱਕੋ ਨੁਕਤਾ-ਨਿਗ੍ਹਾ ਨਾਲ ਵੇਖਦਾ ਹੈ। ਦੋ ਮੁੱਖ ਫ਼ਿਰਕੇ ਹਿੰਦੂ ਤੇ ਮੁਸਲਮਾਨ ਇਹਨਾਂ ਵਿੱਚ ਅੱਗਿਓਂ ਅਨੇਕਾਂ ਹੀ ਫਿਰਕੇ ਤੇ ਜਾਤੀਆਂ ਦਾ ਜ਼ਿਕਰ ਕਰਕੇ ਉਹ ਇਸ ਵੰਡ ਦੇ ਹਾਈਪਰ ਸਾਈਨ ਨੂੰ ਹੋਰ ਡੂੰਘਿਆਂ ਕਰਦਾ ਹੈ। ਸਿੱਖ ਸਿਆਸਤ ਨੂੰ ਵੀ ਉਹ ਇਸੇ ਹੀ ਨੁਕਤੇ ਨਿਗਾਹ ਨਾਲ ਪੇਸ਼ ਕਰਦਾ ਹੈ, ਜਦੋਂ ਉਹ ਕਹਿੰਦਾ ਹੈ, ਸਿਖਸਤਾਨ ਸੁਆਹ ਮਿਲਣਾ ਸਿੱਖਾਂ ਨੂੰ, ਸਿੱਖਾਂ ਵਿੱਚ ਤਾਂ ਧੜੇਬਾਜ਼ੀ ਬਹੁਤ ਹੈ।ਕਰਤਾਰ ਸਿੰਘ ਜੱਟ ਤੇ ਤਾਰਾ ਸਿੰਘ ਭਾਪਾ (ਸਫਾ 262) ਵੰਡ ਦਾ ਇਹ ਹਾਈਪਰ ਸਾਈਨ ਲੇਖਕ ਦੇ ਵੀ ਮਨ ਵਿੱਚ ਡੂੰਘਾ ਕਿਤੇ ਬਿਰਾਜਮਾਨ ਹੈ। ਖਾਸ ਕਰਕੇ ਉਸ ਦੀਆਂ ਮਨ ਬਚਣੀਆਂ ਰਾਹੀਂ ਉਸ ਵੇਲੇ ਦ੍ਰਿਸ਼ਟਮਾਨ ਹੁੰਦਾ ਹੈ, ਜਦੋਂ ਉਹ ਭਾਰਤੀ ਸਨਾਤਨ ਪਰੰਪਰਾ ਅਤੇ ਇਸ ਵਿੱਚੋਂ ਨਿਕਲੇ ਹੋਰ ਮੱਤ, ਮਤਾਂਤਰਾਂ ਦੇ ਮੁਕਾਬਲੇ ਤੇ ਇਸ ਨੂੰ ਨਿਮਨ ਕੋਟੀ ਦਾ ਦਰਸਾਉਣਾ ਚਾਹੁੰਦਾ ਹੈ।ਉਸ ਅਨੁਸਾਰ ਹਿੰਦੂ ਧਰਮ ਦੇ ਬਹੁ ਈਸ਼ਰਵਾਦ ਨੇ ਬੜਾ ਰੌਲਾ ਪੈਦਾ ਕੀਤਾ ਹੈ। ਹਰ ਵਾਰ ਤ੍ਰਿਕੁਟੀ ਦੀ ਕਲਪਨਾ ਕਰਦਿਆਂ ਹੋਇਆਂ ਇਹ ਮੁੱਢ ਤੋਂ ਇੰਨਾ ਵੰਡ ਦਿੰਦਾ ਤੇ ਅੰਤ ਵਿੱਚ ਜੋੜ ਦਿੰਦਾ, ਜਿਸ ਨਾਲ ਆਮ ਬੰਦਾ ਤਾਂ ਹੋਰ ਵੀ ਭੰਬਲ-ਭੂਸਿਆਂ ਦਾ ਸ਼ਿਕਾਰ ਹੋ ਜਾਂਦੈ।(ਸਫਾ, 208)

ਇਸ ਪਾਤਰ ਪ੍ਰਧਾਨ ਰਚਨਾ ਰਾਹੀਂ ਰਚਨਾਕਾਰ ਵੰਡ ਦੇ ਆਮ ਸਧਾਰਨ ਲੋਕਾਂ ਉੱਪਰ ਪਏ ਪ੍ਰਭਾਵ ਨੂੰ ਵੀ ਪਰੰਪਰਾਗਤ ਤਰੀਕੇ ਰਾਹੀਂ ਪੇਸ਼ ਕਰਦਾ ਹੈ।ਵੰਡ ਕੱਟੜਤਾ ਤੋਂ ਪ੍ਰੇਰਿਤ ਮਾਨਤਾਵਾਂ ਵਿੱਚੋਂ ਨਿਕਲਦੀ ਹੈ। ਇਹ ਕੁਝ ਉਹਨਾਂ ਲੋਕਾਂ ਦੀ ਵਿਚਾਰਧਾਰਾ ਹੁੰਦੀ ਹੈ, ਜਿਨ੍ਹਾਂ ਦੇ ਪਿੱਛੇ ਕਈ ਤਰ੍ਹਾਂ ਦੇ ਸਵਾਰਥ ਭਰਪੂਰ ਪ੍ਰੇਰਕ ਤੱਤ ਕੰਮ ਕਰ ਰਹੇ ਹੁੰਦੇ ਹਨ। ਸਧਾਰਨ ਲੋਕ ਆਮ ਜ਼ਿੰਦਗੀ ਜੀ ਰਹੇ ਹਨ।ਉਹਨਾਂ ਦਾ ਆਪਸੀ ਪਿਆਰ, ਮੁਹੱਬਤ ਅਤੇ ਸਾਂਝ ਕਾਇਮ ਹੈ। ਇਕ-ਦੂਸਰੇ ਦੇ ਉਹ ਕੰਮ ਆਉਂਦੇ ਹਨ ਜਿਵੇਂ ਇਸ ਰਚਨਾ ਵਿੱਚ ਮਾਸਟਰ ਅਹਿਮਦਦੀਨ ਤੇ ਰਸ਼ੀਦ ਮਰਦੇ ਦਮ ਤੱਕ ਵੀ ਭਾਈ ਬੋਧ ਸਿੰਘ ਨਾਲ ਦੋਸਤੀ ਨਿਭਾਉਂਦੇ ਹਨ।ਜੰਨਤੇ ਤੇ ਬੋਧ ਸਿੰਘ ਦੀ ਵਹੁਟੀ ਕੰਮੋ ਦਾ ਪਿਆਰ ਵੀ ਇਸੇ ਹੀ ਸਿਲਸਿਲੇ ਦੀ ਕੜੀ ਹੈ। ਇਹਨਾਂ ਆਮ ਲੋਕਾਂ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਭਾਈ ਬੋਧੇ ਵਰਗੇ ਅਨਭੋਲ, ਮਾਨਵ ਪੱਖੀ ਲੋਕ, ਜਿਨ੍ਹਾਂ ਨੇ ਰੋਜ਼-ਮਰ੍ਹਾ ਜ਼ਿੰਦਗੀ ਜਿਉਣੀ ਹੈ, ਉਹੀ ਕੱਟੜਤਾ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ।ਕੱਟੜਤਾ ਧਰਮ ਦਾ ਬਹੁਰੰਗ ਰੂਪ ਹੁੰਦੀ ਹੈ। ਇਸ ਨੂੰ ਲੋਕ ਅੰਤਿਮ ਸੱਚ ਪ੍ਰਵਾਨ ਕਰ ਲੈਂਦੇ ਹਨ। ਭਾਈ ਬੋਧਾ ਸਿੰਘ ਦਾ ਕਤਲ ਵੀ ਇਹੀ ਦਰਸਾਉਂਦਾ ਹੈ। ਬੋਧੇ ਦੇ ਬਿਆਨਾਂ 'ਤੇ ਕਿਸੇ ਨੇ ਰਤਾ ਵੀ ਯਕੀਨ ਨਾ ਕੀਤਾ। ਭੀੜ 'ਚੋਂ ਇੱਕ ਆਵਾਜ਼ ਉੱਠੀ, ਇਸ ਦੀ ਸਲਵਾਰ ਲਾਹ ਕੇ ਦੇਖੋ ਪਤਾ ਲੱਗ ਜੂ ਇਹ ਕੌਣ ਹੈ। ਭੀੜ ਦੇ ਮੋਹਰੀ ਨੌਜਵਾਨ ਨੇ ਕਿਰਪਾਨ ਨਾਲ ਉਸ ਦੀ ਸਲਵਾਰ ਦਾ ਨਾਲਾ ਕੱਟ ਦਿੱਤਾ। ਬਹੁਤੇ ਦਾ ਨੰਗਾ ਸੱਚ ਵੇਖ ਨੌਜਵਾਨ ਨੇ ਨਾ ਆ ਦੇਖਿਆ ਨਾ ਤਾ ਇਕੋ ਝਟਕੇ ਨਾਲ ਬੋਧੇ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। (ਸਫਾ 305) ਕੱਟੜਤਾ ਵਿੱਚੋਂ ਉਪਜੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਾਰੀ ਤੇ ਨਿਮਨ ਵਰਗ ਦੇ ਦੁਖਾਂਤ ਦੀ ਪੇਸ਼ਕਾਰੀ

## ਜ਼ੁਮੈਟੋ ਗਰਲ

(ਕਹਾਣੀ ਸੰਗ੍ਰਹਿ)
ਅੰਮ੍ਰਿਤਪਾਲ ਕਲੇਰ
ਪੰਨੇ-86, ਕੀਮਤ-190 ਰੁਪਏ
ਕੈਲੀਬਰ ਪਬਲੀਕੇਸ਼ਨ, ਪਟਿਆਲਾ

ਸਾਹਿਤ ਚਿੰਤਨ

ਡਾ. ਬਲਵੀਰ ਕੌਰ ਰੀਹਲ

'ਜ਼ੁਮੈਟੋ ਗਰਲ' ਕਹਾਣੀ ਸੰਗ੍ਰਹਿ ਅੰਮ੍ਰਿਤਪਾਲ ਕਲੇਰ ਦਾ ਪਹਿਲਾ ਕਦਮ ਹੈ। ਇਸ ਸੰਗ੍ਰਹਿ ਵਿਚ ਕੁੱਲ ਸੋਲਾਂ ਕਹਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ। 'ਲਾਂਗਾ, ਪੱਥਰ, ਗੇਲਾ' ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ। ਲੇਖਿਕਾ ਇਸ ਕਹਾਣੀ ਵਿਚ ਦੱਸਦੀ ਹੈ ਕਿ ਕਾਮੇ ਲੋਕਾਂ ਭਾਵ ਨਿਮਨ ਵਰਗ ਦੇ ਲੋਕਾਂ ਨਾਲ ਤਾਕਤਵਰ ਧਿਰ ਕਿਵੇਂ ਧੱਕਾ ਕਰਦੀ ਹੈ। ਕਹਾਣੀ ਦਾ ਪਾਤਰ ਗਿੰਦਰ ਨਿਮਨ ਜਾਤੀ ਨਾਲ ਸੰਬੰਧਤ ਹੈ। ਜਗਸੀਰ ਉੱਚ ਜਾਤੀ ਦਾ ਪਾਤਰ ਚਾਹੁੰਦਾ ਹੈ ਕਿ ਗਿੰਦਰ ਉਸ ਦੇ ਖੇਤਾਂ ਵਿਚ ਕੰਮ ਕਰਨ ਆਵੇ। ਪਿੱਛਲਝਾਤ ਵਿਧੀ ਰਾਹੀਂ ਲੇਖਿਕਾ ਦੱਸਦੀ ਹੈ ਕਿ ਜੈਬ ਨੇ ਕਿਵੇਂ ਗਲਤ ਅੰਗੂਠਾ ਲੁਆ ਕੇ ਗੇਲੇ ਛੜੇ ਦੀ ਜ਼ਮੀਨ ਹੜੱਪ ਕਰ ਲਈ। ਇਸੇ ਸਦਮੇ ਵਿਚ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ। ਗੇਲਾ ਜੈਬ ਤੋਂ ਪੈਸੇ ਮੰਗਦਾ ਹੈ ਤੇ ਜੈਬ ਦੇ ਕਬਜ਼ੇ ਵਿਚ ਜਦੋਂ ਜ਼ਮੀਨ ਆ ਜਾਂਦੀ ਹੈ ਤਾਂ ਉਹ ਆਖਦਾ ਹੈ, 'ਕਿਹੜੇ ਰੁਪਈਏ ਉਏ....? ਭਾ'ਜਾ ਇੱਥੋਂ ..ਸਾਲਾ ਰੁਪਈਆ ਦਾ।'

ਉੱਚ ਜਾਤੀ ਦੇ ਜੈਬ ਵੱਲੋਂ ਨਿਮਨ ਵਰਗ ਦੇ ਗੇਲੇ ਨਾਲ ਹੁੰਦੀ ਧੱਕੇਸ਼ਾਹੀ ਨੂੰ ਇਸ ਕਹਾਣੀ ਵਿਚ ਵਰਣਿਤ ਕੀਤਾ ਗਿਆ ਹੈ।

'ਰੂਹ ਦਾ ਸਾਕ' ਕਹਾਣੀ ਵਿਚ ਰਿਸ਼ਤਿਆਂ ਦੀ ਮਹਿਕ ਬਾਰੇ ਲੇਖਿਕਾ ਨੇ ਦੱਸਿਆ ਹੈ ਕਿ ਭਾਵੇਂ ਸੀਬੋ ਵਰਗੀ ਪਤਨੀ ਅਣਜੋੜ ਪਤੀ ਤਾਰੇ ਨੂੰ ਛੱਡ ਕੇ ਚਲੀ ਜਾਵੇ, ਪਰ ਤਾਰਾ ਉਸ ਨੂੰ ਦਿਲੋਂ ਕਦੇ ਵੀ ਭੁਲਾ ਨਹੀਂ ਸਕਿਆ। ਲੇਖਿਕਾ ਕਹਾਣੀ ਵਿਚ ਇਸ਼ਾਰਾ ਕਰਦੀ ਹੈ ਕਿ ਜੱਟਾਂ ਦੇ ਮੁੰਡੇ ਨਿਮਨ ਜਾਤੀ ਦੀਆਂ ਔਰਤਾਂ ਦਾ ਖੇਤਾਂ ਵਿਚ ਸਰੀਰਕ ਸ਼ੋਸ਼ਣ ਕਰਦੇ ਹਨ, "ਸਾਲੀ ਝੜੰਮ....ਕਿਵੇਂ ਮੱਛਰੀ ਜਾਂਦੀ ਆ, ਉਦੋਂ ਪੁੱਛੂੰ, ਜਦੋਂ ਜ਼ਿਮੀਦਾਰਾਂ ਦੇ ਸਰਦਾਰੇ ਕੀ ਮੋਟਰ ਤੋਂ ..ਸਾਲੀ।"

'ਲੀਵ ਆਊਟ' ਕਹਾਣੀ ਵਿਚ ਬਘੇਲ ਸਿੰਘ ਦੇ ਕਿਰਦਾਰ ਰਾਹੀਂ ਕਥਾਕਾਰ ਦੱਸਦੀ ਹੈ ਕਿ ਉਹ ਨੀਵੀਂ ਜਾਤੀ ਦੇ ਲੋਕਾਂ ਨਾਲ ਵਿਤਕਰਾ ਕਰਦਾ ਹੈ। ਉਸ ਦੇ ਘਰ ਵਿਚ ਰੱਖਿਆ ਸੀਰੀ ਬਸਾਖਾ ਠੰਢ ਦੇ ਦਿਨਾਂ ਵਿਚ ਚੁੱਲ੍ਹੇ ਦੀ ਅੱਗ ਉੱਤੇ ਹੱਥ ਸੇਕਣ ਲਈ ਵਰਾਂਡੇ ਤੋਂ ਅਗਾਂਹ ਲੰਘਣ ਲੱਗਾ ਤਾਂ ਬਘੇਲ ਸਿੰਘ ਨੇ ਉਸ ਨੂੰ ਉੱਥੇ ਹੀ ਰੋਕ ਦਿੱਤਾ, "ਅੱਗੇ ਕਿੱਧਰ ਮੂੰਹ ਚੁੱਕੀ ਆਉਨਾ ਓਏ ਢੇਡਾ?" ਬਘੇਲ ਸਿੰਘ ਦਾ ਕਾਮਿਆਂ ਪ੍ਰਤੀ ਸੁਭਾਅ ਅੜਬ ਹੈ, ਜਦੋਂ ਉਸ ਦੀ ਬੇਟੀ ਨਿਮਨ ਜਾਤੀ ਦੇ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਉਹ ਇਸ ਸਦਮੇ ਨੂੰ ਬਰਦਾਸ਼ਤ ਨਹੀਂ ਕਰ ਸਕਿਆ ਤੇ ਉਸ ਦੀ ਮੌਤ ਹੋ ਜਾਂਦੀ ਹੈ।




'ਤੂੰ ਬਦਲ ਗਈ ਮਾਸੀ' ਕਹਾਣੀ ਵਿਚ ਲੇਖਿਕਾ 'ਮੈਂ' ਪਾਤਰ ਰਾਹੀਂ ਦੱਸਦੀ ਹੈ ਕਿ ਉਸ ਦਾ ਪਿਓ ਬਹੁਤ ਅੜਬ ਸੁਭਾਅ ਦਾ ਮਾਲਕ ਸੀ, ਪਰ ਉਹ ਆਪਣੀ ਸਾਲੀ ਨੂੰ ਦਿਲੋਂ ਪਿਆਰ ਕਰਦਾ ਸੀ। ਜੀਵਨ ਦੇ ਅਖੀਰੀ ਪਲਾਂ ਵਿਚ ਉਹ ਇਹ ਸਦਮਾ ਬਰਦਾਸ਼ਤ ਨਾ ਕਰ ਸਕਿਆ ਕਿ ਉਸ ਦੀ ਸਾਲੀ ਉਸ ਨੂੰ ਵੇਖਣ ਨਹੀਂ ਆਈ। ਉਹ ਇਸੇ ਸਦਮੇ ਵਿਚ ਜਾਨ ਦੇ ਦਿੰਦਾ ਹੈ। 'ਧੁਰੋਂ ਪਾਰ ਗਏ' ਕਹਾਣੀ ਨਾ ਹੋ ਕੇ ਵਾਰਤਕ ਵੱਧ ਲੱਗਦੀ ਹੈ। ਲੇਖਿਕਾ ਮਨੁੱਖ ਦਾ ਵਹਿਮ ਦੂਰ ਕਰਨਾ ਚਾਹੁੰਦੀ ਹੈ ਕਿ ਮਨੁੱਖ ਇਕ ਕਿਣਕੇ ਤੋਂ ਵੀ ਛੋਟਾ ਹੈ।

'ਸਿਵੇ ਦਾ ਧੂੰਆਂ' ਕਹਾਣੀ ਵਿਚ ਲੇਖਿਕਾ ਨੇ ਦੱਸਿਆ ਹੈ ਕਿ ਸ਼ਿੰਦੋ ਵਰਗੀਆਂ ਨਿਮਨ ਵਰਗ ਦੀਆਂ ਕੁੜੀਆਂ ਦਾ ਇਕ ਪੱਠਿਆਂ ਦੀ ਪੰਡ ਦੇ ਬਦਲੇ ਜੱਟਾਂ ਦੇ ਮੁੰਡੇ ਸਰੀਰਕ ਸ਼ੋਸ਼ਣ ਕਰਦੇ ਹਨ। 'ਮੈਂ ਤੇਰੇ ਕੁਰਬਾਨ' ਨਾਂਅ ਦੇ ਟਾਈਟਲ ਵਾਲੀ ਕਹਾਣੀ ਵਿਚ ਪਿੰਡਾਂ ਵਿਚ ਸਰਪੰਚ ਬਣੀਆਂ ਔਰਤਾਂ ਦੀ ਅਸਲੀਅਤ ਤੋਂ ਪਰਦਾ ਚੁੱਕਿਆ ਗਿਆ ਹੈ ਕਿ ਅਸਲੀਅਤ ਵਿਚ ਤਾਂ ਸਰਪੰਚ ਬਣੀਆਂ ਔਰਤਾਂ ਦੇ ਪਤੀ ਹੀ ਸਰਪੰਚੀ ਕਰਦੇ ਹਨ। ਲੇਖਿਕਾ ਨੇ ਪੰਜਾਬੀਆਂ ਵੱਲੋਂ ਬਾਹਰ ਭੇਜੇ ਗਏ ਬੱਚਿਆਂ ਦੇ ਮਾਪਿਆਂ ਦੀ ਸਥਿਤੀ ਨੂੰ ਇਸ ਕਾਥਾ ਸੰਗ੍ਰਹਿ ਵਿਚ ਪੇਸ਼ ਕੀਤਾ ਹੈ। 'ਜ਼ੁਮੈਟੋ ਗਰਲ' ਇਸ ਕਹਾਣੀ ਸੰਗ੍ਰਹਿ ਦਾ ਸਿਰਲੇਖ ਹੈ, ਇਸ ਕਹਾਣੀ ਦੀ ਪਾਤਰ ਸੁਖਜੀਤ ਉਰਫ਼ ਸਕਿੰਟੀ ਉੱਚ ਜਾਤੀ ਦੇ ਮੁੰਡੇ ਹਰਮਨ ਨਾਲ ਪਿਆਰ ਕਰਦੀ ਸੀ। ਉੱਚ ਜਾਤੀ ਦੇ ਮੁੰਡੇ ਨਿਮਨ ਜਾਤੀ ਦੀਆਂ ਕੁੜੀਆਂ ਨਾਲ ਪਿਆਰ ਤਾਂ ਕਰ ਸਕਦੇ ਹਨ, ਪਰ ਪਿਆਰ ਵਿਆਹ ਨਹੀਂ ਕਰਵਾਉਂਦੇ। ਸਕਿੰਟੀ ਦੋ ਬੱਚਿਆਂ ਦੀ ਇਕੱਲੀ (ਪਤੀ ਤੋਂ ਅਲੱਗ ਰਹਿ ਰਹੀ) ਮਾਂ ਹੈ ਤੇ ਉਹ ਮਿਹਨਤ ਕਰਕੇ ਆਪਣੇ ਬੱਚੇ ਪਾਲ ਰਹੀ ਹੈ।

ਇਸ ਕਹਾਣੀ ਵਿਚ ਨਿਮਨ ਵਰਗ ਅਤੇ ਔਰਤ ਜਾਤੀ ਨਾਲ ਹੋ ਰਹੇ ਵਿਤਕਰੇ ਨੂੰ ਪੇਸ਼ ਕੀਤਾ ਹੈ।


'ਜ਼ੁਮੈਟੋ ਗਰਲ' ਕਥਾ ਸੰਗ੍ਰਹਿ ਦੀਆਂ ਕਥਾਵਾਂ ਦਾ ਰਚਨਾ ਕਾਲ ਇਕ ਸਦੀ ਤੋਂ ਵੀ ਵੱਧ ਦਾ ਬਣਦਾ ਹੈ। ਲੇਖਕਾ ਨੇ ਬਹੁਤੀਆਂ ਕਹਾਣੀਆਂ ਕਿਸੇ ਹੋਰ ਪਾਤਰ ਤੋਂ ਸੁਣੀਆਂ ਲੱਗਦੀਆਂ ਹਨ। ਇਹਨਾਂ ਕਹਾਣੀਆਂ ਨੂੰ ਨਾ ਤਾਂ ਮਿੰਨੀ ਕਹਾਣੀ ਦੀ ਵਿਧਾ ਵਿਚ ਰੱਖਿਆ ਜਾ ਸਕਦਾ ਹੈ ਤੇ ਨਾ ਹੀ ਨਿੱਕੀ ਕਹਾਣੀ ਆਖਿਆ ਜਾ ਸਕਦਾ ਹੈ। ਕੁੱਝ ਕਹਾਣੀਆਂ ਤਕਨੀਕੀ ਭਾਵ ਕਲਾ ਪੱਖੋਂ ਕਹਾਣੀਆਂ ਨਾ ਜਾਪ ਕੇ ਲੇਖਿਕਾ ਦੀ ਵਿਚਾਰਧਾਰਾ ਦਾ ਫੈਲਾਅ ਲੱਗਦੀਆਂ ਹਨ। ਲੇਖਿਕਾ ਨੇ ਸਮਾਜ ਦੇ ਯਥਾਰਥ ਨੂੰ ਇਨ੍ਹਾਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਲੇਖਿਕਾ ਆਪਣੀਆਂ ਕਹਾਣੀਆਂ ਵਿਚ ਨਿਮਨ ਵਰਗ ਅਤੇ ਔਰਤ ਜਾਤੀ ਨਾਲ ਹੋ ਰਹੇ ਵਿਤਕਰਿਆਂ ਨੂੰ ਪੇਸ਼ ਕਰਨ ਲਈ ਪ੍ਰਤੀਬੱਧ ਹੈ ਤੇ ਉਹ ਇਸ ਯਤਨ ਵਿਚ ਸਫ਼ਲ ਵੀ ਹੋਈ ਹੈ।

# ਅਨੁਵਾਦ ਸਾਹਿਤ

## ਅਮੀਰ ਖ਼ੁਸਰੋ ਅਤੇ ਉਸਦੀਆਂ ਪਹੇਲੀਆਂ

(ਜੀਵਨ ਅਤੇ ਬੁਝਾਰਤਾਂ)
ਸੰਗ੍ਰਹਿ ਕਰਤਾ : ਰਾਮ ਸਰੂਪ ਸ਼ਰਮਾ
ਪ੍ਰਕਾਸ਼ਕ : ਈਵਾਨ ਪਬਲੀਕੇਸ਼ਨ, ਬਰਨਾਲਾ
ਮੁੱਲ : 200 ਰੁਪਏ, ਪੰਨੇ : 168




ਤੂਤੀ ਏ ਹਿੰਦ ਵਜੋਂ ਜਾਣੇ ਜਾਂਦੇ ਨਿਜ਼ਾਮੁਦੀਨ ਔਲੀਆ ਦੇ ਸ਼ਗਿਰਦ ਅਮੀਰ ਖ਼ੁਸਰੋ ਫ਼ਾਰਸੀ, ਅਰਬੀ, ਤੁਰਕੀ, ਖੜੀ ਬੋਲੀ, ਹਿੰਦੀ, ਉਰਦੂ ਦੇ ਵਿਦਵਾਨ ਮੰਨੇ ਗਏ ਹਨ। ਖ਼ੁਸਰੋ ਬਾਦਸ਼ਾਹਾਂ ਦੇ ਦਰਬਾਰ ਵਿੱਚ ਰਹਿੰਦਾ ਸੀ ਉਸ ਨੇ ਉੱਥੇ ਬਾਦਸ਼ਾਹਾਂ ਦੇ ਕਸੀਦੇ ਵੀ ਪੜ੍ਹੇ, ਦੋਹੇ, ਪਹੇਲੀਆਂ, ਮੁਰਕੀਆਂ, ਢਕੋਸਲੇ, ਨਿਸਬਤੇਂ, ਗੀਤ ਆਦਿ ਦੀ ਰਚਨਾ ਵੀ ਕੀਤੀ। ਜੋ ਕਿ ਲੋਕ ਸਾਹਿਤ ਬਣ ਗਿਆ। ਢੇਰਾ ਦੇ ਢੇਰ ਉਨ੍ਹਾਂ ਦੀਆਂ ਰਚਨਾਵਾਂ ਮਿਲ ਜਾਂਦੀਆਂ ਹਨ। ਉਸ ਦੀਆਂ ਰਚਨਾਵਾਂ ਵਿੱਚ ਚੌਦਵੀਂ ਸਦੀ ਦੇ ਦਰਸ਼ਨ ਹੋ ਜਾਂਦੇ ਨੇ। ਕਿਤਾਬ ਦੇ ਰਚਨਾਕਾਰ ਰਾਮ ਸਰੂਪ ਸ਼ਰਮਾ ਨੇ ਅਮੀਰ ਖ਼ੁਸਰੋ ਦੇ ਜੀਵਨ, ਕਾਰਜ ਤੇ ਰਚਨਾ ਦੇ ਕਈ ਪਹਿਲੂਆਂ ਤੇ ਝਾਤ ਪਾਈ ਹੈ। ਮੁੱਢਲੇ ਚੈਪਟਰ ਵਿੱਚ ਖ਼ੁਸਰੋ ਦੇ ਜੀਵਨ 'ਤੇ ਵਿਸਥਾਰ ਨਾਲ ਝਾਤ ਪਾਈ ਗਈ ਹੈ। ਉਹ ਮੁਗਲਾ-ਤੁਗਲਕਾ ਦਾ ਦਰਬਾਰੀ ਸ਼ਾਇਰ ਬਣ ਕੇ ਕਸੀਦੇ ਪੜ੍ਹਨ ਲੱਗਾ ਪਿਆ। ਜਦੋਂ ਇਕ ਵਾਰ ਖ਼ੁਸਰੋ ਨਿਜ਼ਾਮੁਦੀਨ ਦੀ ਸ਼ਾਨ 'ਚ ਕਸੀਦਾ ਲਿਖਦਾ ਹੈ ਤਾਂ ਗੁਰੂ ਖ਼ੁਸ਼ ਹੋ ਜਾਂਦਾ ਹੈ। ਗੁਰੂ ਖ਼ੁਸ਼ ਹੋ ਕੇ ਉਹਦੇ ਕਲਾਮ ਵਿੱਚ ਮਧੁਰਤਾ ਤੇ ਕਸਕ ਪੈਦਾ ਕਰਨ ਲਈ ਉਹਨੂੰ ਸ਼ੱਕਰ ਦਿੰਦਾ ਹੈ। ਕਿਤਾਬ ਵਿੱਚ ਗੁਰੂ ਤੇ ਖ਼ੁਸਰੋ ਦੇ ਅਨੇਕਾਂ ਕਿੱਸੇ ਲਿਖੇ ਹੋਏ ਮਿਲਦੇ ਹਨ। ਭਾਵੇਂ ਖ਼ੁਸਰੋ ਦਰਬਾਰਾਂ ਵਿੱਚ ਕਸੀਦੇ ਪੜ੍ਹਦਾ ਸੀ ਪਰ ਉਹਦੀ ਕੋਸ਼ਿਸ਼ ਰਹਿੰਦੀ ਸੀ ਕਿ ਆਪਣੇ ਗੁਰੂ ਬਾਰੇ ਕੁਝ ਕਿਹਾ ਜਾਵੇ। ਖ਼ੁਸਰੋ ਇਕ ਮਹਾਨ ਸੰਗੀਤਕਾਰ ਵੀ ਸੀ। ਖ਼ੁਸਰੋ ਨੂੰ 'ਤਰਾਨਾ' ਤੇ 'ਕਵਾਲੀ' ਦਾ ਖੋਜੀ ਮੰਨਿਆ ਗਿਆ ਹੈ। ਉਸ ਨੇ ਇਰਾਨੀ ਤੇ ਭਾਰਤੀ ਸੰਗੀਤ ਨੂੰ ਮਿਲਾ ਕੇ ਅਨੇਕ ਰਾਗ-ਰਾਗਨੀਆਂ ਤਿਆਰ ਕੀਤੀਆਂ ਜਿਨ੍ਹਾਂ ਨੇ ਭਾਰਤੀ ਸੰਗੀਤ ਨੂੰ ਅਮੀਰ ਕੀਤਾ। ਅੱਗੇ ਖ਼ੁਸਰੋ ਨੇ ਸੰਗੀਤ ਯੰਤਰਾਂ ਦੀ ਖੋਜ ਵੀ ਕੀਤੀ। ਵੀਣਾ ਤੇ ਅਧਾਰਤ ਉਸ ਨੇ ਏਸੇ ਯੰਤਰ ਤੇ ਅਧਾਰਤ ਤਿੰਨ ਤਾਰਾ ਦਾ ਸੇਹਤਾਰ ਬਣਾਇਆ। ਢੋਲਕ ਤੇ ਤਪਲੇ ਨੂੰ ਖ਼ੁਸਰੋ ਦੀ ਖੋਜ ਮੰਨਿਆਂ ਜਾਂਦਾ ਹੈ। ਕਿਤਾਬ ਵਿੱਚ ਪਹੇਲੀਆਂ, ਕਹਿ ਮੁਕਰੀਆਂ, ਨਿਸਬਤੇਂ, ਦੋ ਸੁਖ਼ਨੇ, ਢਕੋਸਲੇ-ਅਨਮੇਲੀਆਂ, ਕਵਾਲੀ, ਗ਼ਜ਼ਲਾਂ ਜਿਨ੍ਹਾਂ ਦੀ ਰਚਨਾ ਖ਼ੁਸਰੋ ਨੇ ਕੀਤੀ ਦਾ ਵਿਸ਼ਲੇਸ਼ਣ ਸੰਖੇਪ ਵਿੱਚ ਕੀਤਾ ਹੈ। ਕਿਤਾਬ ਵਿੱਚ ਖ਼ੁਸਰੋ ਦੇ ਪੰਜ ਦੀਵਾਨਾਂ ਦਾ ਜ਼ਿਕਰ ਵੀ ਮਿਲਦਾ ਹੈ। ਕਿਤਾਬ ਵਿੱਚ ਖ਼ੁਸਰੋ ਦੀਆਂ 604 ਬੁਝਰਾਤਾਂ ਦਿੱਤੀਆਂ ਗਈਆਂ ਹਨ ਜੋ ਕਵਿ ਰੂਪ ਵਿੱਚ ਹਨ। ਅੰਤ ਵਿੱਚ ਉਨ੍ਹਾਂ ਦੇ ਉੱਤਰ ਦਿੱਤੇ ਗਏ ਹਨ। ਅੱਗੇ ਅਮੀਰ ਖ਼ੁਸਰੋ ਦੀਆਂ ਮੁਕਰੀਆਂ, ਸੂਫ਼ੀ ਦੋਹੇ ਵੀ ਦਿੱਤੇ ਗਏ ਹਨ। ਇਨ੍ਹਾਂ ਲਿਖਤਾਂ ਵਿੱਚ ਖ਼ੁਸਰੋ ਕਾਵਿ ਉਡਾਰੀ, ਖਿਆਲ ਤੇ ਭਾਸ਼ਾ ਦੀ ਅਮੀਰੀ ਵੇਖੀ ਜਾ ਸਕਦੀ ਹੈ। ਕਿਤਾਬ ਅਮੀਰ ਖ਼ੁਸਰੋ ਦੇ ਜੀਵਨ ਤੇ ਰਚਨਾ ਦੀ ਝਲਕ ਮਾਤਰ ਹੈ। ਪਰ ਪਾਠਕ ਉਸ ਦੀ ਵਿਦਵਤਾ ਦੀ ਝਲਕ ਪਾ ਸਕਦੇ ਹਨ।

## ਅਣ-ਬਣ

ਲੇਖਕ : ਅਚਾਰਿਆ ਚਤੁਰਸੇਨ
ਅਨੁਵਾਦ : ਕਮਲਜੀਤ ਕੌਰ
ਮੁੱਲ : 150 ਰੁਪਏ, ਪੰਨੇ : 72
ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

ਅਚਾਰਿਆ ਚਤੁਰਸੇਨ ਦੀ ਇਹ ਕਿਤਾਬ ਪਤੀ-ਪਤਨੀ ਦੇ ਸੰਬੰਧਾਂ ਨੂੰ ਲੈ ਕੇ ਉਸਰਦੇ ਤਣਾਓ, ਵਖਰੇਵੇ, ਉਪਰਾਮਤਾ ਅਤੇ ਦੂਰੀਆਂ ਦੇ ਕਾਰਨਾਂ ਦੀ ਵਿਗਿਆਨਿਕ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦੀ ਹੈ। ਸਾਰੀ ਕਿਤਾਬ ਚਿੱਠੀਆਂ ਦੀ ਸ਼ੈਲੀ ਵਿੱਚ ਉਸਰਦੀ ਹੈ। ਪਤੀ-ਪਤਨੀ, ਬੰਦਾ-ਔਰਤ ਜਾਂ ਮੁੰਡਾ-ਕੁੜੀ ਆਪਣੇ ਸੰਬੰਧਾਂ ਨੂੰ ਲੈ ਕੇ ਆਚਾਰਿਆ ਨੂੰ ਚਿੱਠੀਆਂ ਲਿਖਦੇ ਹਨ। ਫਿਰ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਦਾ ਹੈ। ਉਨ੍ਹਾਂ ਦੇ ਹੱਲ ਤਿਆਰ ਕਰਦਾ ਹੈ ਦੋਵਾਂ ਨੂੰ ਵੱਖ-ਵੱਖ ਕਰਕੇ ਸਮਝਾਉਂਦਾ ਤੇ ਕੁਝ ਸਮੇਂ ਦੋਹਾਂ ਪਤੀ-ਪਤਨੀ ਨੂੰ ਸਮਝ ਆ ਜਾਂਦੀ ਹੈ। ਉਨ੍ਹਾਂ ਦਾ ਜੀਵਨ ਖੁਸ਼ਹਾਲ ਹੋ ਜਾਂਦਾ ਹੈ। ਕਿਤਾਬ ਵਿੱਚ ਵਿਗਿਆਨਿਕ ਤਰੀਕੇ ਨਾਲ ਮਨੁੱਖ ਦੀਆਂ ਦੈਹਿਕ ਲੋੜਾਂ ਦੇ ਵਾਧੇ-ਘਾਟ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਵਿਆਹੁਤਾ ਜੀਵਨ ਦੀਆਂ ਸਮੱਸਿਆਵਾਂ ਦਾ ਕਿਤਾਬ ਤਰਕ ਨਾਲ ਹੱਲ ਕਰਦੀ ਹੈ। ਇਕ ਸਮੇਂ ਵਿੱਚ ਪਤੀ ਪਤਨੀ ਦੇ ਸੰਬੰਧਾਂ ਵਿੱਚ ਖਟਾਸ ਪੈਦਾ ਹੋ ਜਾਂਦੀ ਹੈ। ਉਨ੍ਹਾਂ ਦੇ ਮਨਾਂ ਵਿੱਚ ਸੰਬੰਧਾਂ ਨੂੰ ਲੈ ਕੇ ਕਈ ਤਰ੍ਹਾਂ ਦੇ ਸ਼ੰਕੇ ਉੱਠ ਖੜਦੇ ਹਨ। ਅਚਾਰਿਆ ਉਨ੍ਹਾਂ ਦੇ ਹੱਲ ਮਨੋਵਿਗਿਆਨਕ ਤਰੀਕੇ ਨਾਲ ਤਿਆਰ ਕਰਦਾ ਹੈ ਤੇ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵਿੱਚ ਖੁਸ਼ਹਾਲੀ ਆ ਜਾਂਦੀ ਹੈ। ਅਜਿਹੇ ਬਿਰਤਾਂਤ ਹਰ ਚਿੱਠੀ ਵਿੱਚ ਆਉਂਦਾ ਹੈ। ਪੰਜਾਹ ਸਾਲ ਦੀ ਉਮਰ ਤੋਂ ਬਾਅਦ ਪਤੀ ਪਤਨੀ ਦੇ ਰਿਸ਼ਤੇ ਉਹੋ ਜਿਹੇ ਨਹੀਂ ਰਹਿੰਦੇ। ਮੁੰਡੇ ਕੁੜੀਆਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਤਾਬ ਵਿੱਚ ਵੱਖ-ਵੱਖ ਸਮੱਸਿਆਵਾਂ ਨੂੰ ਉਭਾਰਨ ਵਾਲੀਆਂ 12 ਚਿੱਠੀਆਂ ਦੇ ਰੂਪ ਵਿੱਚ ਲੇਖ ਹਨ। ਲੇਖਕ ਪਹਿਲਾਂ ਚਿੱਠੀ ਦਿੰਦਾ ਹੈ। ਫਿਰ ਜਵਾਬ ਲਿਖਦਾ ਹੈ। ਫਿਰ ਉਨ੍ਹਾਂ ਨੂੰ ਮਿਲਣ ਦਾ ਬਿਰਤਾਂਤ ਦਿੰਦਾ ਹੈ ਅੰਤ ਵਿੱਚ ਹਰ ਸਮੱਸਿਆ ਦਾ ਹੱਲ ਸੁਖਾਂਤ ਵਿੱਚ ਕਰਦਾ ਹੈ। ਕਿਤਾਬ ਦਿਲਚਸਪ ਹੈ।




- ਭਗਵੰਤ ਰਸੂਲਪੁਰੀ
(94170-64350)

# ਪੁਸਤਕ ਰੀਵਿਊ

## ਸ.ਫਲ ਜੀਵਨ ਦਾ ਰਹੱਸ

(ਵਾਰਤਕ)
ਭੁਪਿੰਦਰ ਸਿੰਘ ਚੌਕੀਮਾਨ
ਸਫ਼ੇ-180, ਮੁੱਲ-300 ਰੁਪਏ
ਹਾਊਸ ਆਫ਼ ਲਿਟਰੇਚਰ, ਲੁਧਿਆਣਾ




ਭੁਪਿੰਦਰ ਸਿੰਘ ਚੌਕੀਮਾਨ ਜੋ ਬੀ.ਐੱਸ.ਐੱਫ਼. ਵਿੱਚੋਂ ਅਧਿਕਾਰੀ ਵਜੋਂ ਸੇਵਾ-ਮੁਕਤ ਹੋਏ ਹਨ। ਪਿਛਲੇ ਦਸ ਕੁ ਵਰ੍ਹਿਆਂ ਤੋਂ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਵਧੀਆ ਕਲਮ ਚਲਾ ਰਹੇ ਹਨ। ਉਹਨਾਂ ਦੀਆਂ ਸਮਾਜਿਕ ਜੀਵਨ-ਜਾਚ ਦੱਸਦੀਆਂ ਸੱਤ ਵਾਰਤਕ ਪੁਸਤਕਾਂ ਪਹਿਲਾਂ ਆ ਚੁੱਕੀਆਂ ਹਨ। 'ਸਫ਼ਲ ਜੀਵਨ ਦਾ ਰਹੱਸ' ਉਹਨਾਂ ਦੀ ਇਸ ਵਿਸ਼ੇ 'ਤੇ ਅੱਠਵੀਂ ਰਚਨਾ ਹੈ। ਉਹਨਾਂ ਨੇ 'ਇੱਕ ਫ਼ੌਜੀ ਦੀ ਆਤਮ ਕਥਾ' ਸਵੈ-ਜੀਵਨੀ ਵੀ ਲਿਖੀ ਹੈ। ਤਿੰਨ ਪੁਸਤਕਾਂ ਆਪਣੇ ਸੇਵਾ ਅਨੁਭਵਾਂ ਦੇ ਆਧਾਰ 'ਤੇ 'ਕਸ਼ਮੀਰ', 'ਦਹਿਸ਼ਤਗਰਦੀ' ਅਤੇ 'ਅਫ਼ਗਾਨਿਸਤਾਨ' ਬਾਰੇ ਪ੍ਰਕਾਸ਼ਿਤ ਕੀਤੀਆਂ ਹਨ। ਇੱਕ ਵਾਰਤਕ ਪੁਸਤਕ 'ਬਦਲਦੇ ਰੂਪਾਂ ਦਾ ਅਹਿਸਾਸ' ਲਾਹੌਰ ਵਿੱਚ ਸ਼ਾਹਮੁਖੀ ਵਿੱਚ ਵੀ ਛਪ ਚੁੱਕੀ ਹੈ।

ਹਥਲੀ ਪੁਸਤਕ 'ਸਫ਼ਲ ਜੀਵਨ ਦਾ ਰਹੱਸ' ਜਿਸ ਨੂੰ 'ਬੁਲੰਦੀਆਂ ਦਾ ਰਸਤਾ' ਵੀ ਕਿਹਾ ਹੈ, ਵਿੱਚ ਉਹਨਾਂ ਦੇ ਤੇਰਾਂ ਲੰਮੇ ਨਿਬੰਧ ਹਨ। ਇੱਕ ਨਿਬੰਧ 'ਕੁਦਰਤ ਦੇ ਭੇਦ ਤੇ ਆਦਮੀ ਦੀ ਸੋਚ' ਦੋ ਸਫ਼ੇ ਦਾ ਹੈ।

ਪਹਿਲੇ ਨਿਬੰਧ ਵਿੱਚ 'ਆਮ ਜਾਣਕਾਰੀ' ਸਿਰਲੇਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਆਧਾਰ 'ਤੇ ਮਨੁੱਖ ਜਾਤੀ ਦੀ ਸ੍ਰੇਸ਼ਟਤਾ ਪ੍ਰਗਟਾਈ ਹੈ। ਗ਼ਾਲਿਬ ਦੇ ਸ਼ੇਅਰ ਰਾਹੀਂ ਸਵੈ ਨੂੰ ਦ੍ਰਿੜ੍ਹ ਕਰਨ 'ਤੇ ਰੱਬ ਸਹਾਇਕ ਬਣਦਾ ਹੈ, ਦਰਸਾਇਆ ਹੈ। ਚੰਗਾ ਉਦੇਸ਼ ਮਿੱਥ ਕੇ ਅੱਗੇ ਸਫ਼ਲ ਹੋਣ ਬਾਰੇ ਕਿਹਾ ਹੈ। ਦੂਸਰਾ ਨਿਬੰਧ ਮਨੁੱਖ ਦੇ ਜ਼ਿਹਨ ਦਾ ਵਿਸ਼ਲੇਸ਼ਣ ਕਰਦਾ ਲੰਮੇਰਾ ਲੇਖ ਹੈ। ਤੀਸਰਾ 'ਗਿਆਨ ਅਤੇ ਸਮਝ' ਹੈ। ਸਾਇੰਸ, ਇਤਿਹਾਸ ਤੇ ਕਲਾ ਸਮਝ ਦੇ ਸੋਮੇ ਮੰਨ ਕੇ ਇਸ 'ਤੇ ਆਧਾਰਤ ਮਨੁੱਖੀ ਜਾਗ੍ਰਿਤੀ, ਅਗਿਆਨਤਾ, ਭਰਮ ਅਤੇ ਬੇਯਕੀਨੀ, ਬੁੱਧੀ, ਭਰੋਸਾ, ਵਿਸ਼ਵਾਸ, ਭਵਿੱਖ ਦਾ ਵਿਵਰਣ ਹੈ। ਅਗਲੇ ਅਧਿਆਇ ਵਿੱਚ 'ਆਪਣਾ ਸੰਕਲਪ ਕੀ ਹੈ?' ਇਸ ਦਾ ਜ਼ਿਕਰ ਸਾਧਾਰਨ ਤੇ ਅਸਾਧਾਰਨ ਸੰਕਲਪ ਦੋ ਰੂਪਾਂ ਵਿੱਚ ਕੀਤਾ ਹੈ। ਅੱਗੇ ਆਪਣਾ ਅੰਦਰਲਾ ਤੇ ਬਾਹਰਲਾ ਸੰਕਲਪ ਸਮਝਾਇਆ ਹੈ। ਅਗਲਾ ਅਧਿਆਇ 'ਬੁਲੰਦੀਆਂ ਦੀ ਪ੍ਰਾਪਤੀ ਲਈ ਸੰਕਲਪ ਨੂੰ ਬਦਲੀ ਕਰਨਾ' ਹੈ। ਆਪਣੀ ਸੋਚ ਨੂੰ ਉਸਾਰੂ ਢੰਗ ਨਾਲ਼ ਗਹਿਰਾ ਸੋਚ ਕੇ ਸੁੰਦਰ ਰੂਪ ਦੀ ਚੋਣ ਕਰਨੀ ਚਾਹੀਦੀ ਹੈ। ਆਪਣੇ ਸਵੈ ਵਿਸ਼ਵਾਸ ਨੂੰ ਸਦਾ ਉੱਚਾ ਰੱਖੋ ਤੇ ਸਾਹਸੀ ਬਣਨ ਲਈ 'ਮਨ ਮੰਥਨ' ਕਰੋ। ਇਸ ਸਭ ਕਾਰਜ ਹਿੱਤ 'ਕਲਪਨਾ' ਦਾ ਬਹੁਤ ਮਹੱਤਵ ਹੈ ਅਤੇ ਇਸ ਦਾ ਪ੍ਰਯੋਗ ਜ਼ਰੂਰ ਕਰੋ। ਉੱਤਮ ਤੇ ਉਸਾਰੂ ਕਲਪਨਾ ਜੀਵਨ ਨੂੰ ਬੁਲੰਦੀਆਂ ਪ੍ਰਦਾਨ ਕਰਦੀ ਹੈ। ਆਪਣੇ ਅੰਦਰਲੇ ਗੁਣਾਂ ਦੀ ਪਹਿਚਾਣ ਕਰਨੀ ਵੀ ਜ਼ਰੂਰੀ ਹੈ। ਇਸ ਵਰਤਾਰੇ ਵਿੱਚ ਮਨ ਅਤੇ ਧਿਆਨ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਅਗਲਾ ਅਧਿਆਇ 'ਅੰਦਰੂਨੀ ਇੱਛਾ ਸ਼ਕਤੀ ਦਾ ਸੋਮਾ' ਇਸ ਨੂੰ ਅੱਗੇ ਤੋਰਦਾ ਹੈ। ਅੱਗੇ 'ਆਤਮ ਸੰਤੁਸ਼ਟੀ, ਉਮੀਦ ਅਤੇ ਆਸ' ਆਸ਼ਾਵਾਦੀ ਸੋਚ ਬਣਾ ਕੇ ਹੋਰਾਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦਾ ਹੈ। 'ਉਮੀਦਾਂ ਦਾ ਕਾਤਲ ਜੋਖਮ, ਭਾਵਨਾਵਾਂ ਕੀ ਹਨ, ਸਾਕਾਰਾਤਮਕ ਸੋਚਣ ਵਾਲ਼ੇ ਕਿਵੇਂ ਬਣੀਏ' ਅਗਲੇ ਅਧਿਆਏ ਹਨ। 'ਜ਼ਿੰਦਗੀ ਜਿਉਣਾ ਇੱਕ ਕਲਾ ਹੈ' ਪੁਸਤਕ ਦਾ ਆਖ਼ਰੀ ਅਧਿਆਇ ਸਮੁੱਚੇ ਰੂਪ ਵਿੱਚ ਪੁਸਤਕ ਦਾ ਸਾਰ ਤੱਤ ਹੈ।


ਇਉਂ ਇਹ ਪੁਸਤਕ 'ਸਫ਼ਲ ਜੀਵਨ ਦਾ ਰਹੱਸ' ਚੰਗੇਰੀ ਜੀਵਨ-ਜਾਚ ਦੀ ਕੁੰਜੀ ਹੈ। ਹਰ ਵਿਅਕਤੀ ਨੂੰ ਭੁਪਿੰਦਰ ਸਿੰਘ ਚੌਕੀਮਾਨ ਦੇ ਜ਼ਿੰਦਗੀ ਦੇ ਅਨੁਭਵਾਂ ਵਿੱਚੋਂ ਨਿਕਲੇ ਇਹ ਸਿੱਟੇ ਪੜ੍ਹ ਕੇ ਆਪਣੇ ਜੀਵਨ ਵਿੱਚ ਇਹਨਾਂ ਨੂੰ ਅਪਣਾ ਕੇ ਸਫ਼ਲ ਹੋਣਾ ਚਾਹੀਦਾ ਹੈ। ਸੁੰਦਰ, ਪ੍ਰਸੰਨ ਤੇ ਮਹਾਨ ਜੀਵਨ ਜਿਉਣ ਲਈ ਅਜਿਹੇ ਵਿਚਾਰ ਸਮਾਜ ਲਈ ਪ੍ਰੇਰਿਕ ਹੁੰਦੇ ਹਨ। ਪੁਸਤਕ ਹਰ ਇੱਕ ਲਈ ਵਾਚਣ ਵਾਲ਼ੀ ਹੈ।

— ਤੇਜਾ ਸਿੰਘ ਤਿਲਕ

## ਅਧੂਰਾ ਸ.ਫਰ

ਜਸਵੰਤ ਸਿੰਘ ਰਾਹੀ
ਸਫ਼ੇ :152, ਮੁੱਲ : 299 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

'ਅਧੂਰਾ ਸਫ਼ਰ' ਨਾਵਲ ਜਸਵੰਤ ਸਿੰਘਰਾਹੀ ਦੀ ਰਚਨਾ ਹੈ। ਉਹਨਾਂ ਦੀ ਕਲਮ ਤੋਂ ਤਿੰਨ ਹੋਰ ਨਾਵਲਾਂ, ਕਈ ਕਹਾਣੀਆਂ, ਕਵਿਤਾਵਾਂ ਆਦਿ ਦੀ ਸਿਰਜਣਾ ਹੋਈ ਹੈ। ਹੱਥਲੇ ਨਾਵਲ ਰਾਹੀਂ ਨਾਵਲਕਾਰ ਨੇ ਸ਼ੋਸ਼ਲਿਸਟ ਪਾਰਟੀ ਵਰਕਰ ਦੀ ਭੁੱਖ ਮਰੀ, ਕੰਗਾਲੀ ਅਤੇ ਆਰਥਿਕ ਸਾਧਨਾਂ ਦੀ ਅਪਹੁੰਚ ਦੇ ਬਾਵਜੂਦ ਪਾਰਟੀ ਲਈ ਇਮਾਨਦਾਰੀ ਅਤੇ ਦੇਸ਼ ਭਗਤੀ ਨਿਭਾਉਣ ਨੂੰ ਬਿਰਤਾਂਤ ਦਾ ਹਿੱਸਾ ਬਣਾ ਕੇ ਇਕ ਨਿਵੇਕਲੇ ਅਤੇ ਅਣਗੌਲੇ ਵਿਸ਼ੇ ਨੂੰ ਪਾਠਕਾਂ ਦੀ ਦ੍ਰਿਸ਼ਟੀ ਅਧੀਨ ਲਿਆਂਦਾ ਹੈ।




ਨਾਵਲ ਦੀ ਕਹਾਣੀਮੁੱਖ ਪਾਤਰ ਕਾਮਰੇਡ ਸ਼ਾਮਲਾਲ ਦੇ ਜੀਵਨ ਦੁਆਲੇ ਕੇਂਦਰਿਤ ਹੈ ਜੋ ਵਿਧਵਾ ਮਾਂ ਪਤਨੀ ਤੇ ਬੱਚਿਆਂ ਸਮੇਤ ਆਰਥਿਕ ਤੰਗੀਆਂ ਤੇ ਭੁੱਖ ਮਰੀ ਵਿੱਚੋ ਗੁਜਰਦਿਆਂ ਹੋਇਆ ਪਾਰਟੀ ਦੀ ਅਣਥੱਕ ਸੇਵਾ ਕਰਦਾ ਹੈ। ਸ਼ਾਮ ਲਾਲ ਆਪਣੀਆਂ ਸਾਰੀਆਂ ਪਰਿਵਾਰਿਕ ਕਬੀਲਦਾਰੀਆਂ ਤੇ ਸਮਾਜਿਕ ਲੋੜਾਂ ਨੂੰ ਪਾਰਟੀ ਨੂੰ ਸਫਲ ਬਣਾਉਣ ਲਈ ਕੁਰਬਾਨ ਕਰ ਦਿੰਦਾ ਹੈ। ਪਰ ਉਸਦੀ ਇਸ ਨਿਸ਼ਕਾਮ ਸੇਵਾ ਸਾਹਮਣੇ ਕਦੀ ਅਲੱਗਵਾਦ ਪਹਾੜ ਬਣ ਕੇ ਖੜਾ ਹੋ ਜਾਂਦਾ ਤੇ ਕਦੇ ਪਾਰਟੀ ਨੂੰ ਚਲਾਉਣ ਵਾਲੇ ਆਗੂਆਂ ਦੀ ਈਰਖਾ। ਸ਼ਾਮ ਲਾਲ ਪੰਜ ਸੱਤ ਜਮਾਤਾਂ ਪੜ੍ਹਿਆ ਹੋਣ ਕਾਰਨ ਕਮਿਊਨਿਸਟ ਸਿਧਾਂਤਾਂ ਤੋਂ ਜਾਣੂ ਨਹੀਂ ਹੁੰਦਾ। ਇਸ ਲਈ ਕਈ ਵਾਰ ਪਾਰਟੀ ਦੇ ਆਗੂਆਂ ਦੇ ਫਰੇਬ ਵਿੱਚ ਫਸਦਾ ਰਹਿੰਦਾ ਹੈ। ਪਾਰਟੀ ਆਗੂ ਉਸਦੀ ਮਿਹਨਤ ਨੂੰ ਹਮੇਸ਼ਾ ਆਪਣੇ ਲਈ ਵਰਤਦੇ ਰਹਿੰਦੇ ਹਨ।ਪਾਰਟੀ ਦੇ ਵੱਡੇ ਅਹੁਦੇ ਵੱਡੇ ਜੱਟ ਜ਼ਿਮੀਂਦਾਰਾਂ ਨੂੰ ਦਿੱਤੇ ਜਾਂਦੇ ਹਨ ਅਤੇ ਸ਼ਾਮ ਲਾਲ ਨੂੰ ਇੱਕ ਤਰਖਾਣ ਹੋਣ ਦਾ ਮਿਹਣਾ ਮਾਰ ਕੇ ਕਿਸਾਨੀ ਧਿਰ ਵੱਲੋਂ ਦੁਰਕਾਰਿਆ ਜਾਂਦਾ ਹੈ ਅਤੇ ਇਹਨਾਂ ਵੱਡੇ ਅਹੁਦਿਆਂ ਤੋਂ ਦੂਰ ਰੱਖਿਆ ਜਾਂਦਾ ਹੈ। ਅਸਲ ਵਿੱਚ ਇਹ ਨਾਵਲ ਕਮਿਊਨਿਸਟ ਪਾਰਟੀ ਉੱਪਰ ਜੱਟ ਕਾਮਰੇਡਾਂ ਦੇ ਦਬਦਬੇ ਨੂੰ ਬਿਆਨ ਕਰਦਾ ਹੈ। ਜੋ ਸਿਰਫ ਕਿਸਾਨਾਂ ਦੇ ਹੱਕਾਂ ਦੀ ਹੀ ਗੱਲ ਕਰਦੇ ਰਹੇ ਤੇ ਮਜ਼ਦੂਰ ਧਿਰ ਨੂੰ ਆਪਣੇ ਤੋਂ ਦੂਰ ਰੱਖ ਕੇ ਅਣਗੌਲਿਆਂ ਕਰਦੇ ਰਹੇ। ਕਿਉਂਕਿ ਮਜ਼ਦੂਰ ਜਮਾਤ ਵਿਚ ਬਹੁਤਾਤ ਦਲਿਤ ਸਮਾਜ ਦੀ ਹੁੰਦੀ ਹੈ। ਜੋ ਇਸ ਪਾਰਟੀ ਉੱਪਰ ਦਲਿਤ ਸਮਾਜ ਨੂੰ ਅਣਗੌਲਿਆਂ ਕਰਨ ਦਾ ਦੋਸ਼ ਵੀ ਲਗਾਉਂਦੀ ਹੈ। ਸੋ ਸ਼ਾਮ ਲਾਲ ਪਾਰਟੀ ਦੇ ਥੋਥੇ ਵਿਖਾਵਿਆਂ ਵੱਡੀਆਂ ਤੇਸਵਾਰਥੀ ਨੀਤੀਆਂ ਕਾਰਨ ਪਾਰਟੀ ਦੇ ਆਗੂਆਂ ਤੋਂ ਦੁਖੀ ਹੋ ਜਾਂਦਾ ਹੈ। ਕਿਉਂਕਿ ਉਹਨਾਂ ਵੱਲੋਂ ਸ਼ਾਮ ਲਾਲ ਦਾ ਘਰ ਤੋਰਨ ਲਈ ਕੋਈ ਸਹਾਇਤਾ ਨਹੀਂ ਕੀਤੀ ਜਾਂਦੀ, ਇਥੋਂ ਤਕ ਕਿ ਸਾਇਕਲ ਨੂੰ ਪੰਕਚਰ ਲਵਾਉਣ ਲਈ ਅੱਠ ਆਨਿਆਂ ਤਕ ਦੀ ਮਦਦ ਵੀ ਨਹੀਂ ਕੀਤੀ ਜਾਂਦੀ।ਉਹ ਪਾਰਟੀ ਤੋਂ ਨਿਰਾਸ਼ ਹੋ ਜਾਂਦਾ ਹੈ। ਉਹ ਵਾਪਸ ਘਰ ਜਾਣ ਜੋਗਾ ਵੀ ਨਹੀਂ ਕਿਉਂਕਿ ਉਹ ਦੁਨੀਆ ਸਾਹਮਣੇ ਪਾਰਟੀ ਆਗੂ ਹੈ ਜਿਸ ਨੇ ਮਜ਼ਦੂਰਾਂ ਨੂੰ ਅਮੀਰ ਹੋਣ ਦੇ ਸੁਪਨੇ ਵਿਖਾਏ ਤੇ ਸਰਕਾਰੀ ਅਦਾਰਿਆਂ ਨੂੰ ਭੰਡਿਆ ਸੀ ਪਰ ਹੁਣ ਉਹ ਇਹਨਾਂ ਨੂੰ ਵੀ ਆਪਣੀ ਆਰਥਿਕਤਾ ਦਾ ਵਸੀਲਾ ਬਣਾ ਸਕਣ ਦੇ ਨਾਕਾਬਿਲ ਹੋ ਜਾਂਦਾ ਹੈ ਕਾਰਨ ਜ਼ਿੰਦਗੀ ਦੇ ਸੰਕਟਾਂ ਵਿੱਚੋਂ ਮੌਤ ਨੂੰ ਹੱਲ ਵਜੋਂ ਚੁਣਦਾ ਹੈ।

ਨਾਵਲ ਦਾ ਵਾਤਾਵਰਨ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਅੰਤ ਤੋਂ ਲੈ ਕੇ ਪੰਜਵੇਂ ਦਹਾਕੇ ਤੱਕ ਦਾ ਹੈ, ਜਦੋਂ 1939 ਤੋਂ ਲੈ ਕੇ ਚੀਨੀ ਹਮਲੇ ਸਮੇਂ ਅਤੇ ਭਾਰਤ-ਪਾਕਿਸਤਾਨ ਵੰਡ ਵੇਲੇ ਦੇ ਵੇਰਵੇ ਬਿਆਨ ਕਰਦਾ ਹੈ। ਬਹੁਤੇ ਨਾਵਾਂ ਤੇ ਥਾਵਾਂ ਦਾ ਵੇਰਵਾ ਪੱਛਮੀ ਪੰਜਾਬ ਦਾ ਹੈ। ਜਿਵੇਂ ਲਾਹੌਰ ਵਿਚ ਠੇਕੇਦਾਰੀ ਦਾ ਕੰਮ ਕਰਨਾ, ਗੁੱਜਰਾਂਵਾਲਾ ਜੇਲ੍ਹ ਵਿਚ ਕੈਦ ਕੱਟਣੀ ਆਦਿ। ਨਾਵਲਕਾਰ ਜਸਵੰਤ ਸਿੰਘ ਰਾਹੀ ਖ਼ੁਦ ਕਮਿਊਨਿਸਟ ਰਹੇ ਹੋਣ ਕਾਰਨ ਨਾਵਲ ਦਾ ਕਥਾਨਕ ਸੱਚੀਆਂ ਤੇ ਲੇਖਕ ਦੀਆਂ ਹੱਡ-ਬੀਤੀਆਂ ਨਾਲ ਪਰੋਇਆ ਹੋਇਆ ਹੈ। ਇਹ ਇਕ ਪਾਸੇ ਮਾਰਕਸੀ ਪਾਰਟੀ ਦੇ ਏਜੰਡੇ ਤੇ ਇਸਦੀਆਂ ਨੀਤੀਆਂ ਨੂੰ ਆਮ ਜਨਤਾ ਤੋਂ ਜਾਣੂ ਕਰਵਾਉਣ ਵਾਲੇ ਈਮਾਨਦਾਰ ਵਰਕਰਾਂ ਦੀ ਜ਼ਿੰਦਗੀ ਨੂੰ ਬਿਆਨ ਕਰਦਾ ਹੈ। ਦੂਜੇ ਪਾਸੇ ਇਸੇ ਪਾਰਟੀ ਦੇ ਲੀਡਰਾਂ ਤੇ ਆਹੁਦੇਦਾਰਾਂ ਦੁਆਰਾ ਸੱਤਾ ਸ਼ਕਤੀ ਹਾਸਲ ਕਰਨ ਲਈ ਇਕ-ਦੂਜੇ ਨੂੰ ਨੀਵਾਂ ਦਿਖਾਉਣ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਆਪਣੇ ਹਿੱਤਾਂ ਲਈ ਤੋੜ-ਮਰੋੜ ਕੇ ਵਰਤਣ ਦੀਆਂ ਸਾਜਿਸ਼ਾਂ ਦਾ ਪਰਦਾਫ਼ਾਸ਼ ਕਰਦਾ ਹੈ।ਨਾਵਲ ਵਿਚ ਸਾਰੀ ਕਹਾਣੀ ਪਿੱਛਲ-ਝਾਤ ਜੁਗਤ ਰਾਹੀਂ ਪੇਸ਼ ਕੀਤੀ ਗਈ ਹੈ। ਕਹਾਣੀ ਅੰਕਾਂ ਵਿਚ ਵੰਡ ਕੇ ਪੇਸ਼ ਕੀਤੀ ਗਈ ਹੈ।ਨਾਵਲ ਦਾ ਮੁੱਖ ਪਾਤਰ ਸ਼ਾਮ ਲਾਲ ਆਪਣੀ ਮਾਰਕਸਵਾਦੀ ਪਾਰਟੀ ਲਈ ਇਕ ਸੁਹਿਰਦ ਵਰਕਰ ਤੇ ਆਗੂ ਹੈ। ਉਸ ਲਈ ਪਾਰਟੀ ਅਤੇ ਉਸਦੇ ਸਿਧਾਂਤਾਂ ਤੋਂ ਉੱਪਰ ਕੁਝ ਵੀ ਨਹੀਂ ਹੁੰਦਾ। ਉਹ ਸਿਆਸਤ ਦੀਆਂ ਚਾਲਾਂ ਨਾਲ ਪਾਰਟੀ ਨੂੰ ਢਾਹ ਲਾਉਣ ਵਾਲੇ ਹਾਕਮਾਂ ਤੋਂ ਨਿਰਾਸ਼ ਹੋ ਕੇ ਵਾਪਸ ਤਰਖਾਣ ਜਾਂ ਠੇਕੇਦਾਰੀ ਦਾ ਕੰਮ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ ਅਤੇ ਪਾਰਟੀ ਦੀ ਬਦਨਾਮੀ ਅਤੇ ਲੋਕਾਂ ਸਾਹਮਣੇ ਬਣੀ ਆਪਣੀ ਪਾਰਟੀ ਆਗੂ ਵਾਲੀ ਹਸਤੀ ਨੂੰ ਬਚਾਉਣ ਲਈ ਮੌਤ ਨੂੰ ਇਕ ਨਿਰਣਾਇਕ ਫ਼ੈਸਲੇ ਵਜੋਂ ਕਬੂਲਦਾ ਹੈ। ਸੋ ਇਸ ਪ੍ਰਕਾਰ ਇਹ ਨਾਵਲ ਦੇਸ਼ ਭਗਤੀ ਦੇ ਜਜ਼ਬਿਆਂ ਨੂੰ ਹਲੂਣਾ ਦੇ ਕੇ ਅਜੋਕੇ ਨੌਜਵਾਨ ਪਾਠਕਾਂ ਦੀ ਬੌਧਿਕਤਾ ਨੂੰ ਟੁੰਬ ਸਕਦਾ ਹੈ। ਸੱਚਮੁੱਚ ਹੀ ਨਾਵਲਕਾਰ ਇਸ ਨਿਵੇਕਲੇ ਵਿਸ਼ੇ ਨੂੰ ਬਿਰਤਾਂਤ ਦਾ ਅਧਾਰ ਬਣਾਉਣ ਲਈ ਵਧਾਈ ਦਾ ਹੱਕਦਾਰ ਹੈ।

- ਡਾ. ਸੰਦੀਪ ਕੌਰ ਨੂਰਦੀ

## ਜ਼ਿੰਦਗੀ ਦੇ ਪਰਛਾਵੇਂ

(ਕਾਵਿ-ਸੰਗ੍ਰਹਿ)
ਸ਼ਾਇਰ-ਜਸਵੰਤ ਗਿੱਲ
ਪੰਨੇ-128, ਮੁੱਲ-250 ਰੁਪਏ
ਪ੍ਰੀਤ ਪਬਲੀਕੇਸ਼ਨਜ਼ ਨਾਭਾ

ਸਮਕਾਲ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਦਾ ਮੁਹਾਂਦਰਾ ਬਹੁ-ਦਿਸ਼ਾਵੀ ਅਤੇ ਬਹੁ-ਪਸਾਰੀ ਹੈ। ਇਸ ਵੇਲੇ ਕਵਿਤਾ ਦੇ ਵਿਸ਼ਾਲ ਕੈਨਵਸ ਉੱਤੇ ਕਿਸੇ ਇੱਕ ਵਾਦ ਦੀ ਪ੍ਰਤੀਨਿਧਤਾ ਨਹੀਂ ਕੀਤੀ ਜਾ ਸਕਦੀ ਜਾਂ ਦੂਜੇ ਸ਼ਬਦਾਂ ਵਿੱਚ ਕਹਿ ਲਈਏ ਕਿ ਇਸ ਦੌਰ ਦੀ ਕਵਿਤਾ ਦੇ ਵਿੱਚ ਹਰ ਇੱਕ ਵਾਦ ਹੀ ਆਪਣੇ ਅੰਸ਼ਿਕ ਰੂਪ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਮੌਜੂਦ ਹੈ। ਜਸਵੰਤ ਦੀ ਕਵਿਤਾ ਇਸ ਪੁਸਤਕ ਦੇ ਅੰਤ ਤੱਕ ਆਪਣਾ ਇਹ ਅਹਿਦ ਨਿਭਾਉਂਦੀ ਹੈ। ਜਸਵੰਤ ਦੀ ਕਵਿਤਾ ਥਾਂ-ਥਾਂ 'ਤੇ ਵਿਦਰੋਹ ਸਿਰਜਦੀ ਹੈ। ਉਹ ਸਮਾਜੀ ਸਥਿਤੀਆਂ ਦੇ ਨਾਲ ਕਿਸੇ ਸਮਝੌਤੇ ਵਿੱਚ ਨਹੀਂ ਪੈਂਦਾ, ਸਗੋਂ ਉਹ ਉਹਨਾਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਹੀ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ। ਸਮੁੱਚੇ ਰੂਪ ਵਿੱਚ ਅਸੀਂ ਆਖ ਸਕਦੇ ਹਾਂ ਕਿ ਜਸਵੰਤ ਗਿੱਲ ਪੰਜਾਬੀ ਸ਼ਾਇਰੀ ਵਿੱਚ ਇੱਕ ਅਜਿਹੀ ਨਿਵੇਕਲੀ ਸੁਰ ਲੈ ਕੇ ਹਾਜ਼ਰ ਹੁੰਦਾ ਹੈ, ਜਿਸ ਦੀ ਧੁਨੀ ਬੜੇ ਚਿਰ ਤੋਂ ਪੰਜਾਬੀ ਕਵਿਤਾ ਵਿੱਚੋਂ ਅਲੋਪ ਹੋ ਰਹੀ ਸੀ। ਉਹ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਬਹੁਤ ਹੀ ਸਿੱਧੀ-ਸਾਦੀ ਅਤੇ ਬਹੁਤ ਹੀ ਚੈਲੰਜ ਭਰਪੂਰ ਭਾਸ਼ਾ ਰਾਹੀਂ ਆਪਣੀ ਕਵਿਤਾ ਵਿੱਚ ਬਿਆਨ ਕਰਦਾ ਹੈ।

— ਡਾ. ਅਮਰਜੀਤ ਕੌਂਕੇ

# ਨਾਵਲ 'ਰੌਲਿਆਂ ਵੇਲੇ' 'ਤੇ ਵਿਚਾਰ-ਚਰਚਾ ਤੇ ਸਨਮਾਨ ਸਮਾਰੋਹ

**ਫਾਜ਼ਿਲਕਾ** : ਸਾਹਿਤ ਸਿਰਜਣਾ ਮੰਚ ਅਬੋਹਰ ਦੇ ਸਹਿਯੋਗ ਨਾਲ 'ਪਾਠਕ-ਮੰਚ : ਸ਼ਬਦ-ਸੰਗਤ' ਵੱਲੋਂ ਚੌਥੇ ਸਮਾਗਮ ਤਹਿਤ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਉੱਤੇ ਵਿਚਾਰ ਚਰਚਾ ਅਤੇ ਸਾਬਕਾ ਜ਼ਿਲ੍ਹਾ ਭਾਸ਼ਾ ਅਫਸਰ ਸ੍ਰੀ ਭੁਪਿੰਦਰ ਉਤਰੇਜਾ ਦੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਪਹਿਲੇ ਹਿੱਸੇ ਵਿਚ ਨਾਵਲ ਚਰਚਾ ਦੌਰਾਨ ਐਡਵੋਕੇਟ ਰਵਿੰਦਰ ਗਿੱਲ ਨੇ ਕਾਨੂੰਨੀ ਨੁਕਤਿਆਂ ਤੋਂ ਪੰਜਾਬ ਵੰਡ ਨੂੰ ਆਧਾਰ ਬਣਾ ਕੇ ਵਿਚਾਰ ਪੇਸ਼ ਕੀਤੇ। ਸ. ਵਤਨ ਸਿੰਘ ਨੇ ਸਿਰਲੇਖ ਅਤੇ ਸਰਵਰਕ ਨੂੰ ਜੋੜ ਕੇ ਦਰਦ ਦੀ ਬਾਤ ਪਾਈ। ਪ੍ਰੋ: ਕਸ਼ਮੀਰ ਲੂਣਾ ਅਤੇ ਪ੍ਰੋ: ਗੌਰਵ ਸ਼ਰਮਾ ਨੇ ਪਰਵਾਰਕ ਹਵਾਲਿਆਂ ਨਾਲ ਉਜਾੜੇ ਦੇ ਸੰਤਾਪ ਨੂੰ ਸੰਵੇਦਨਾਤਮਕ ਲਹਿਜੇ ਨਾਲ ਬਿਆਨਿਆ। ਸ. ਸੁਰਿੰਦਰ ਸੰਧੂ ਨੇ ਜੜ੍ਹਾਂ ਦੀ ਤਲਾਸ਼ ਨਾਲ ਜੁੜੇ ਵੇਰਵੇ ਪੇਸ਼ ਕੀਤੇ। ਪ੍ਰੋ: ਸਿਮਰਜੀਤ ਕੌਰ ਬਰਾੜ 'ਸਿੰਮੀ' ਅਤੇ ਪ੍ਰੋ: ਓਂਕਾਰ ਚਹਿਲ ਨੇ ਨਾਵਲ ਦੇ ਤਕਨੀਕੀ ਪੱਖ ਅਧੀਨ ਪੰਜਾਬ ਵੰਡ ਦੇ ਧਾਰਮਿਕ, ਰਾਜਨੀਤਕ ਪੱਖ ਫਰੋਲੇ। ਸੂਤਰਧਾਰ ਦੀ ਭੂਮਿਕਾ ਨਿਭਾਉਂਦੇ ਹੋਏ ਡਾ. ਚੰਦਰ ਪ੍ਰਕਾਸ਼ ਨੇ ਟਿੱਪਣੀ ਕੀਤੀ ਕਿ ਇਹ ਨਾਵਲ ਸਿਆਸਤ ਨੂੰ ਬਹੁਕੋਣ ਤੋਂ ਪਛਾਣਦੇ ਹੋਏ ਤਕਨੀਕੀ ਔਜ਼ਾਰਾਂ ਰਾਹੀਂ ਵੰਡ ਦੇ ਅਣਪਛਾਤੇ ਸੂਤਰ ਤਲਾਸ਼ਦਾ ਹੋਇਆ ਕਈ ਸਵਾਲ ਵੀ ਛੇੜਦਾ ਹੈ। ਮੰਚ ਸੰਚਾਲਨ ਅਤੇ ਕਨਵੀਨਰ ਵਿਜੇਅੰਤ ਜੁਨੇਜਾ ਨੇ ਕਿਹਾ ਕਿ ਵੰਡ ਬਾਰੇ ਮਣਾਂ-ਮੂੰਹੀਂ ਲਿਖਿਆ ਗਿਆ ਹੈ ਅਤੇ ਹੋਰ ਲਿਖਿਆ ਜਾਵੇਗਾ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਡਾ. ਗੁਰਰਾਜ ਸਿੰਘ ਚਹਿਲ ਨੇ ਕਿਹਾ ਕਿ ਨਾਵਲ ਮੌਖਿਕ ਇਤਿਹਾਸ ਨੂੰ ਵੀ ਤਰਜੀਹ ਦਿੰਦਾ ਹੈ। ਪ੍ਰਧਾਨਗੀ ਸੰਬੋਧਨ ਵਿਚ ਡਾ. ਇਕਬਾਲ ਸਿੰਘ ਗੋਦਾਰਾ ਨੇ ਨਾਵਲ ਨੂੰ ਰਿਸਰਚ ਪ੍ਰੋਜੈਕਟ ਅਧੀਨ ਸਿਰਜਿਆ ਮਹੱਤਵਪੂਰਨ ਗਲਪ ਦਸਤਾਵੇਜ਼ ਕਿਹਾ। ਉਨ੍ਹਾਂ ਸਾਰੇ ਪ੍ਰਵਕਤਾ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਵੱਧ ਤੋਂ ਵੱਧ ਕਿਤਾਬਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।



ਦੂਜੇ ਸੈਸ਼ਨ ਵਿੱਚ ਭੁਪਿੰਦਰ ਉਤਰੇਜਾ ਦੀ ਸ਼ਖਸੀਅਤ ਨਾਲ ਜੁੜੇ ਵਿਭਿੰਨ ਪਹਿਲੂਆਂ ਹੇਠ ਉਨ੍ਹਾਂ ਦੀਆਂ ਸਾਹਿਤਕ, ਸੱਭਿਆਚਾਰਕ, ਨਾਟ, ਕਲਾ, ਭਾਸ਼ਾ ਵਿਭਾਗ ਨੂੰ ਸਮਰਪਿਤ ਗਤੀਵਿਧੀਆਂ, ਉਪਲੱਬਧੀਆਂ ਨੂੰ ਵਿਚਾਰਿਆ ਗਿਆ। ਉਨ੍ਹਾਂ ਦੇ ਨਜ਼ਦੀਕੀ ਅਦਾਕਾਰ ਸਾਥੀ ਸੰਜੀਵ ਗੋਰਾ, ਕਸ਼ਮੀਰ ਲੂਣਾ ਨੇ ਉਨ੍ਹਾਂ ਦੀ ਅਗਵਾਈ ਨੂੰ ਜੀਵਨ ਦਾ ਮਹੱਤਵਪੂਰਨ ਹਿੱਸਾ ਦੱਸਿਆ। ਟੀਚਰਜ਼ ਕਲੱਬ ਅਬੋਹਰ ਦੇ ਪ੍ਰਧਾਨ ਸ੍ਰੀ ਸੰਜੀਵ ਕੁਮਾਰ, ਸ੍ਰੀ ਰਾਕੇਸ਼ ਰਹੇਜਾ, ਸ. ਨਵਤੇਜ ਸਿੰਘ, ਸ. ਵਿਜੇਅੰਤ ਜੁਨੇਜਾ ਨੇ ਵੀ ਭੁਪਿੰਦਰ ਉਤਰੇਜਾ ਦੀ ਸ਼ਖਸੀਅਤ ਬਾਰੇ ਕਈ ਪੱਖ ਉਜਾਗਰ ਕੀਤੇ। ਡਾ. ਗੁਰਰਾਜ ਸਿੰਘ ਚਹਿਲ ਨੇ ਉਨ੍ਹਾਂ ਦੁਆਰਾ ਸੰਚਾਲਿਤ ਸਮਾਗਮਾਂ ਨੂੰ ਸੰਖੇਪ ਵਿਚ ਬਿਆਨਿਆ ਗਿਆ। ਡਾ. ਚੰਦਰ ਪ੍ਰਕਾਸ਼ ਨੇ ਉਨ੍ਹਾਂ ਵੱਲੋਂ ਪ੍ਰਤਿਭਾਵਾਂ ਨੂੰ ਪਛਾਨਣ ਅਤੇ ਪ੍ਰੇਰਿਤ ਕਰਨ ਦੇ ਪ੍ਰਸੰਗ ਵਿਚ ਤਾਰੀਫ ਕੀਤੀ ਗਈ। ਭੁਪਿੰਦਰ ਉਤਰੇਜਾ ਨੇ ਖੁਦ ਆਪਣੇ ਅਨੁਭਵ ਸਾਂਝੇ ਕਰਦੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਭਾਸ਼ਾ ਵਿਭਾਗ ਪੰਜਾਬ ਦੇ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਤਿੰਨ ਸੌ ਦੇ ਕਰੀਬ ਸਮਾਗਮ ਕੀਤੇ ਗਏ। ਇਸ ਸਮਾਗਮ ਵਿੱਚ ਸਤਨਾਮ ਸਿੰਘ ਅਬੋਹਰ, ਸ੍ਰੀਮਤੀ ਹਰਮੀਤ ਕੌਰ ਮੀਤ, ਹਰਜੀਤ ਸਿੰਘ ਵੀ ਹਾਜ਼ਰ ਸਨ।

-ਨਿਸ਼ਾ ਸ਼ਰਮਾ

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਾਲ 2023-2024 ਦੇ ਪੁਰਸਕਾਰਾਂ ਦਾ ਐਲਾਨ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੁਰਸਕਾਰਾਂ ਦਾ ਐਲਾਨ ਕਰਦੇ ਹੋਏ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਮੌਕੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਅਕਾਡਮੀ ਦਾ ਸਰਵਉੱਚ ਸਨਮਾਨ 'ਫ਼ੈਲੋਸ਼ਿਪ' ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੂੰ ਦਿੱਤਾ ਜਾਵੇਗਾ। ਪੁਰਸਕਾਰਾਂ ਦਾ ਐਲਾਨ ਕਰਦਿਆਂ ਅਕਾਡਮੀ ਦੇ ਜਨਰਲ ਸਕੱਤਰ ਨੇ ਕਿਹਾ ਕਿ 'ਕਾਮਰੇਡ ਜਗਜੀਤ ਸਿੰਘ ਆਨੰਦ ਵਾਰਤਕ ਪੁਰਸਕਾਰ ਸ੍ਰੀ ਜਤਿੰਦਰ ਪਨੂੰ ਨੂੰ, 'ਜਗਜੀਤ ਸਿੰਘ ਲਾਇਲਪੁਰੀ ਯਾਦਗਾਰੀ ਪੁਰਸਕਾਰ' (50 ਸਾਲ ਤੋਂ ਘੱਟ ਉਮਰ) ਨੀਤੂ ਅਰੋੜਾ ਨੂੰ, 'ਮੱਲ ਸਿੰਘ ਰਾਮਪੁਰੀ ਯਾਦਗਾਰੀ ਪੁਰਸਕਾਰ ਸ. ਹਰਭਜਨ ਸਿੰਘ ਬਾਜਵਾ ਨੂੰ, 'ਸ. ਕਰਤਾਰ ਸਿੰਘ ਸ਼ਮਸ਼ੇਰ ਯਾਦਗਾਰੀ ਪੁਰਸਕਾਰ' ਡਾ. ਧਰਮ ਸਿੰਘ ਨੂੰ, ਡਾ. ਰਵਿੰਦਰ ਰਵੀ ਯਾਦਗਾਰੀ ਪੁਰਸਕਾਰ' ਡਾ. ਸਾਧੂ ਸਿੰਘ ਨੂੰ, 'ਪ੍ਰੋ. ਨਿਰਪਜੀਤ ਕੌਰ ਗਿੱਲ ਯਾਦਗਾਰੀ ਪੁਰਸਕਾਰ' ਡਾ. ਕੰਵਲਜੀਤ ਢਿੱਲੋਂ ਨੂੰ, 'ਭਾਅ ਜੀ ਗੁਰਸ਼ਰਨ ਸਿੰਘ ਯਾਦਗਾਰੀ ਪੁਰਸਕਾਰ' ਡਾ. ਆਤਮਜੀਤ ਅਤੇ ਡਾ. ਸਾਹਿਬ ਸਿੰਘ ਨੂੰ, 'ਡਾ. ਮੋਹਨਜੀਤ ਯਾਦਗਾਰੀ ਪੁਰਸਕਾਰ' (45 ਸਾਲ ਤੋਂ ਘੱਟ ਉਮਰ) ਸ੍ਰੀ ਮੀਤ ਅਨਮੋਲ ਨੂੰ ਦਿੱਤਾ ਜਾਵੇਗਾ।ਸਨਮਾਨ ਸ਼ਖ਼ਸੀਅਤਾਂ ਨੂੰ ਇੱਕੀ-ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਦੋਸ਼ਾਲੇ ਭੇਟਾ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ 'ਅਮੋਲ ਪਰਤਾਪ ਯਾਦਗਾਰੀ ਪੁਰਸਕਾਰ' ਸ੍ਰੀ ਜਸਵੀਰ ਮੰਡ ਨੂੰ, 'ਅੰਮ੍ਰਿਤਾ ਇਮਰੋਜ਼ ਪੁਰਸਕਾਰ' ਸ੍ਰੀ ਸਿਧਾਰਥ ਨੂੰ ਦਿੱਤਾ ਜਾਵੇਗਾ।ਜਿਸ ਵਿੱਚ ਇਕਵੰਜਾ-ਇਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਦੋਸ਼ਾਲੇ ਦੋਵੇਂ ਸਨਮਾਨਤ ਸ਼ਖ਼ਸੀਅਤਾਂ ਨੂੰ ਭੇਟਾ ਕੀਤੇ ਜਾਣਗੇ। ਪਹਿਲੇ ਹੀ ਐਲਾਨ ਕੀਤਾ ਗਿਆ 2015 ਦਾ ਪ੍ਰੋ. ਕੁਲਵੰਤ ਜਗਰਾਉਂ ਯਾਦਗਾਰੀ ਪੁਰਸਕਾਰ ਸ੍ਰੀ ਰਮਨ ਸੰਧੂ ਅਤੇ 2018 ਲਈ ਸ੍ਰੀ ਦੇਵ ਰਾਜ ਦਾਦਰ ਨੂੰ ਉਪਰੋਕਤ ਪੁਰਸਕਾਰਾਂ ਦੇ ਨਾਲ ਹੀ ਭੇਟ ਕੀਤਾ ਜਾਵੇਗਾ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਪੁਰਸਕਾਰ ਕਮੇਟੀ ਦੀ ਮੀਟਿੰਗ ਵਿਚ ਉਪਰੋਕਤ ਪੁਰਸਕਾਰਾਂ ਦਾ ਸਰਬਸੰਮਤੀ ਨਾਲ ਐਲਾਨ ਕੀਤਾ ਗਿਆ।ਮੀਟਿੰਗ ਮੌਕੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸਾਬਕਾ ਪ੍ਰਧਾਨ ਡਾ. ਸੁਖਦੇਵ ਸਿਮਘ, ਸਾਬਕਾ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾ. ਸੁਰਜੀਤ ਸਿੰਘ, ਸੁਰਿੰਦਰ ਕੈਲੇ, ਡਾ. ਹਰੀ ਸਿੰਘ ਜਾਚਕ, ਵਾਹਿਦ (ਸਤਿਨਾਮ ਸਿੰਘ) ਸ਼ਾਮਲ ਹੋਏ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਬੰਧਕੀ ਬੋਰਡ ਦੀ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਅਕਾਡਮੀ ਵੱਲੋਂ ਦਿੱਤੇ ਜਾਂਦੇ ਉਪਰੋਕਤ ਸਾਰੇ ਸਨਮਾਨ ਦੋ ਸਾਲ ਬਾਅਦ ਇਕੋ ਵਾਰੀ ਸਨਮਾਨ ਸਮਾਗਮ ਮੌਕੇ ਭੇਟ ਕੀਤੇ ਜਾਇਆ ਕਰਨਗੇ।

# ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਦੇ ਜਸਪਾਲ ਸਿੰਘ ਰੰਧਾਵਾ ਪ੍ਰਧਾਨ ਤੇ ਭਗਵੰਤ ਰਸੂਲਪੁਰੀ ਜਨਰਲ ਸਕੱਤਰ ਚੁਣੇ ਗਏ



**ਜਲੰਧਰ**-ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਦੀ ਚੋਣ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪ੍ਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਬ-ਸੰਮਤੀ ਨਾਲ ਪ੍ਰਲੇਸ (ਜਲੰਧਰ ਇਕਾਈ) ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿਚ ਸੰਸਥਾ ਦੇ ਸਰਪ੍ਰਸਤ ਕੁਲਦੀਪ ਸਿੰਘ ਬੇਦੀ, ਬਲਬੀਰ ਪਰਵਾਨਾ, ਡਾ. ਬਲਦੇਵ ਸਿੰਘ ਬੱਦਨ, ਕੁਲਵੰਤ ਸੰਧੂ, ਕਾ. ਗੁਰਮੀਤ ਨੂੰ ਬਣਾਇਆ ਗਿਆ। ਉਪਰੰਤ ਪ੍ਰਧਾਨ ਪ੍ਰਿੰ. ਜਸਪਾਲ ਸਿੰਘ ਰੰਧਾਵਾ, ਸੀਨੀਅਰ ਮੀਤ ਪ੍ਰਧਾਨ ਮੱਖਣ ਮਾਨ, ਮੀਤ ਪ੍ਰਧਾਨ ਜੁਗਿੰਦਰ ਸਿੰਘ ਸੰਧੂ, ਸਰੋਜ ਨੂੰ ਬਣਾਇਆ ਗਿਆ। ਉਪਰੰਤ ਜਨਰਲ ਸਕੱਤਰ ਭਗਵੰਤ ਰਸੂਲਪੁਰੀ, ਸਕੱਤਰ ਵਜੋਂ ਦਵਿੰਦਰ ਮੰਡ, ਰਕੇਸ਼ ਆਨੰਦ, ਜਗੀਰ ਜੋਸ਼ਨ, ਡਾ. ਜਗਜੀਤ ਸਿੰਘ ਚੀਮਾ, ਡਾ. ਸ਼ੈਲੇਸ, ਕੇਸਰ ਸਿੰਘ ਆਦਿ ਦੀ ਚੋਣ ਕੀਤੀ ਗਈ। ਸਾਰੇ ਅਹੁਦੇਦਾਰਾਂ ਨੇ ਨਵੀਂ ਕਾਰਜਕਾਰਨੀ ਦੀ ਚੋਣ ਕੀਤੀ, ਜਿਸ ਵਿਚ ਅਮਰਜੀਤ ਚਾਹਲ, ਮੋਹਨ ਲਾਲ ਫਿਲੌਰੀਆ, ਪ੍ਰਕਾਸ਼ ਕੌਰ ਸੰਧੂ, ਅਰੁਣਦੀਪ, ਅਜੈ ਕੁਮਾਰ ਯਾਦਵ, ਸਵਿੰਦਰ ਸੰਧੂ, ਬਿੰਦਰ ਬਸਰਾ, ਜਤਿੰਦਰ ਪੰਮੀ, ਕਮਲਜੀਤ ਥਾਬਲਕੇ ਤੇ ਜਗਦੀਸ਼ ਰਾਣਾ ਆਦਿ ਨੂੰ ਨਵੀਂ ਕਾਰਜਕਰਨੀ ਲਈ ਚੁਣਿਆ ਗਿਆ। ਆਰੰਭ ਵਿੱਚ ਨਵਾਂ ਜ਼ਮਾਨਾ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ, ਅਖਬਾਰ ਦੇ ਪ੍ਰਿੰਟਰ ਤੇ ਪਬਲਿਸ਼ਰ ਉੱਘੇ ਕਾਮਰੇਡ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਉਨ੍ਹਾਂ ਦੇ ਦਿਹਾਂਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਸਭ ਨੇ ਮੌਨ ਦੇ ਰੂਪ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਉਪਰੰਤ ਸੰਘ ਦਾ ਮੈਗਜ਼ੀਨ 'ਚਰਚਾ ਕੌਮਾਂਤਰੀ' ਦਾ ਪਲੇਠਾ ਅੰਕ ਹਾਜ਼ਰ ਮੈਂਬਰਾਂ ਨੇ ਰਿਲੀਜ਼ ਕੀਤਾ।

# ਸੰਜੀਵਨ ਦੀ ਵਾਰਤਕ ਕਿਤਾਬ 'ਚੂੰਢੀਆਂ' 'ਤੇ ਚਰਚਾ

**ਚੰਡੀਗੜ੍ਹ** : ਸਵਪਨ ਫਾਊਂਡੇਸ਼ਨ, ਪਟਿਆਲਾ ਅਤੇ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵੱਲੋਂ ਸੰਜੀਵਨ ਸਿੰਘ ਦੀ ਨਵ-ਪ੍ਰਕਾਸ਼ਿਤ 'ਚੂੰਢੀਆਂ' ਬਾਰੇ ਨਾਮਵਰ ਲੇਖਕਾਂ, ਵਿਦਵਾਨਾਂ, ਚਿੰਤਕਾਂ, ਰੰਗਮੰਚ ਅਤੇ ਫਿਲਮ ਅਦਾਕਾਰਾਂ ਦੀ ਭਰਵੀਂ ਹਾਜ਼ਰੀ ਵਿੱਚ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਆਯੋਜਿਤ ਚਰਚਾ ਦੌਰਾਨ ਮੁੱਖ ਮਹਿਮਾਨ ਵਜੋਂ ਉੱਘੇ ਨਾਟਕਕਾਰ ਤੇ ਚਿੰਤਕ ਡਾ. ਸਤੀਸ਼ ਕੁਮਾਰ ਵਰਮਾ ਨੇ ਸ਼ਿਰਕਤ ਕੀਤੀ। ਮੁੱਖ ਵਕਤਾ ਪ੍ਰੋ. ਹਰਵਿੰਦਰ ਸਿੰਘ ਨੇ ਕਿਹਾ ਕਿ ਇਹ ਕਿਤਾਬ ਵਿਅੰਗ ਨਾਲੋਂ ਸ਼ਿਕਵਿਆਂ ਦੇ ਵੱਧ ਨੇੜੇ ਹੈ। ਇਸ ਕਿਤਾਬ ਵਿਚ ਰਾਜਨੀਤਕ ਚੂੰਢੀਆਂ ਬਾਰੇ ਤਾਂ ਗੱਲ ਕੀਤੀ ਹੈ, ਪਰ ਧਾਰਮਿਕ ਚੂੰਢੀਆਂ ਵੱਢਣ ਤੋਂ ਗੁਰੇਜ਼ ਕੀਤਾ ਹੈ। ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਸੰਜੀਵਨ ਹੁਰਾਂ ਨੇ ਸਰੀਰਕ ਚੂੰਢੀਆਂ ਨਹੀਂ, ਮਾਨਸਿਕ ਚੂੰਢੀਆਂ ਵੱਢੀਆਂ ਨੇ, ਜੋ ਚੀਕਾਂ ਤਾਂ ਨਹੀਂ ਕਢਾਉਂਦੀਆਂ, ਪਰ ਜਗਾ ਜ਼ਰੂਰ ਦਿੰਦੀਆਂ ਨੇ।ਸੁਖਰਾਜ ਸਿੰਘ (ਸਾਬਕਾ. ਆਈ. ਪੀ. ਐੱਸ.) ਨੇ 'ਚੂੰਢੀਆਂ' ਕਾਰਜ ਬਾਰੇ ਹੀ ਮਹੱਤਵਪੂਰਨ ਗੱਲਾਂ ਕੀਤੀਆਂ ਤੇ ਪਰੰਪਰਾ ਵਿਚ ਪਏ ਵਿਅੰਗ ਨਾਲ ਤੁਲਨਾ ਕੀਤੀ; ਡਾ. ਯੋਗਰਾਜ ਨੇ ਸਥਾਪਤ ਕੀਤਾ ਕਿ ਚੂੰਢੀਆਂ ਸ਼ਬਦ ਆਪਣੇ-ਆਪ ਵਿੱਚ ਥੋੜ੍ਹਾ ਅਢੁਕਵਾਂ ਹੈ। ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਕਿਹਾ ਕਿ ਇਹ ਲੇਖ ਲੰਮੇ ਅਰਸੇ ਵਿਚ ਫੈਲੇ ਹੋਏ ਨੇ ਤੇ ਹੁਣ ਇਹ ਸਭ ਸਮੇਂ ਦਾ ਪ੍ਰਸੰਗ ਹੁੰਦੇ ਨੇ, ਕਈ ਵਾਰ ਚੂੰਢੀ ਵੱਢੀ ਦਾ ਪਤਾ ਨਹੀਂ ਲੱਗਦਾ ਕਿ ਕਿਸ ਦੇ ਵੱਢੀ ਹੈ। ਸਵਰਨਜੀਤ ਸਵੀ ਨੇ ਕਿਤਾਬ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਜੀਵਨ ਦਾ ਕਹਿਣ ਦਾ ਆਪਣਾ ਤਰੀਕਾ ਹੈ, ਇਹ ਜੋ ਵਾਪਰ ਰਿਹਾ ਹੈ, ਉਹ ਕਹਿੰਦਾ। ਉਹਨਾਂ ਪਰੂਫ ਦੀਆਂ ਗ਼ਲਤੀਆਂ ਵੱਲ ਵੀ ਧਿਆਨ ਦਿਵਾਇਆ।ਡਾ. ਲਾਭ ਸਿੰਘ ਖੀਵਾ ਨੇ ਕਿਹਾ, ਖਾਸ ਗੱਲ ਹੈ ਕਿ ਸੰਜੀਵਨ ਨੇ ਆਪਣੀ ਕਿਤਾਬ 'ਚੂੰਢੀਆਂ' ਉਨ੍ਹਾਂ ਤਮਾਮ ਸ਼ਖਸਾਂ ਨੂੰ ਸਮਰਪਿਤ ਕੀਤੀ ਹੈ। ਡਾ. ਸਤੀਸ਼ ਕੁਮਾਰ ਵਰਮਾ ਨੇ ਵਿਅੰਗ ਵਿਧੀ 'ਤੇ ਸੁਆਲ ਉਠਾਉਂਦਿਆਂ ਕਿਹਾ, ਪਰ ਰਚਨਾਵਾਂ ਚੰਗੀਆਂ ਨੇ। ਪ੍ਰਧਾਨਗੀ ਸੰਬੋਧਨ ਵਿਚ ਜਸਵੰਤ ਸਿੰਘ ਜ਼ਫ਼ਰ ਹੁਰਾਂ ਕਿਹਾ ਕਿ ਸਾਰਾ ਸਮਾਗਮ ਬਹੁਤ ਹੀ ਸਾਰਥਿਕ ਰਿਹਾ। ਲੇਖਕ ਤੇ ਪੱਤਰਕਾਰ ਪ੍ਰੀਤਮ ਰੁਪਾਲ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਸਮਾਗਮ ਦਾ ਸੰਚਾਲਨ ਸ਼ਾਇਰ ਤੇ ਵਾਰਤਕਕਾਰ ਜਗਦੀਪ ਸਿੱਧੂ ਨੇ ਬਾਖ਼ੂਬੀ ਕੀਤਾ। ਸਮਾਗਮ 'ਚ ਸੁਰਜੀਤ ਸੁਮਨ, ਜੰਗ ਬਹਾਦਰ ਗੋਇਲ ਅਤੇ ਹੋਰਨਾਂ ਨੇ ਹਿੱਸਾ ਲਿਆ।



# ਪੰਜਾਬੀ ਲੇਖਕ ਸਭਾ ਨੇ ਲਗਾਈਆਂ ਰੌਣਕਾਂ

**ਚੰਡੀਗੜ੍ਹ**-ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਵਿਖੇ ਕਵੀਆਂ ਦੀ ਇਕੱਤਰਤਾ ਹੋਈ, ਜਿਸ ਵਿੱਚ ਪੰਜਾਬੀ, ਹਿੰਦੀ ਅਤੇ ਉਰਦੂ ਦੇ ਸ਼ਾਇਰਾਂ ਨੇ ਖ਼ੂਬਸੂਰਤ ਮਾਹੌਲ ਸਿਰਜਿਆ।ਸਾਬਕਾ ਸੈਸ਼ਨ ਜੱਜ ਜੇ.ਐੱਸ. ਖੁਸ਼ਦਿਲ ਇਸ ਮੌਕੇ ਮੁੱਖ ਮਹਿਮਾਨ ਸਨ। ਉਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਕਵਿੱਤਰੀਆਂ ਸੁਰਜੀਤ ਕੌਰ ਬੈਂਸ, ਡਾ. ਗੁਰਦੀਪ ਗੁਲ ਅਤੇ ਪ੍ਰਗਿਆ ਸ਼ਾਰਦਾ ਨੇ ਸ਼ਮੂਲੀਅਤ ਕੀਤੀ। ਸੁਖਵਿੰਦਰ ਸਿੰਘ ਸਿੱਧੂ, ਭੁਪਿੰਦਰ ਸਿੰਘ ਮਲਿਕ, ਦੀਪਕ ਸ਼ਰਮਾ, ਜੇ ਐੱਸ ਖੁਸ਼ਦਿਲ ਨੇ ਕਵਿਤਾ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ।

ਸਿਮਰਜੀਤ ਗਰੇਵਾਲ, ਸੁਰਜੀਤ ਕੌਰ ਬੈਂਸ, ਗੁਰਦੀਪ ਗੁਲ, ਪ੍ਰਗਿਆ ਸ਼ਾਰਦਾ, ਦੀਪਕ ਸ਼ਰਮਾ ਚਨਾਰਥਲ ਅਤੇ ਭੁਪਿੰਦਰ ਸਿੰਘ ਮਲਿਕ, ਹਰਮਿੰਦਰ ਕਾਲੜਾ, ਲਾਭ ਸਿੰਘ ਲੈਹਲੀ, ਕ੍ਰਿਸ਼ਮਾ ਵਰਮਾ, ਸ਼ਵੇਤਾ, ਮੇਵਾ ਸਿੰਘ, ਕੰਵਲਦੀਪ ਸਿੰਘ, ਸੰਜੀਵ ਸਿੰਘ ਸੈਣੀ, ਰੋਬਿਨ ਬਤਰਾ, ਮਿੱਕੀ ਪਾਸੀ, ਕੇ.ਕੇ ਸ਼ਾਰਦਾ, ਪ੍ਰੇਮ ਵਿਜ, ਅਮਰਜੀਤ ਕੌਰ, ਜਗਦੀਸ਼, ਅਨੁ ਭਾਰਦਵਾਜ, ਕੁਲਵਿੰਦਰ ਸਿੰਘ ਕੰਗ, ਅਸ਼ੋਕ ਭੰਡਾਰੀ ਨਾਦਿਰ, ਸੁਰਿੰਦਰ ਕੁਮਾਰ, ਸੁਰਜੀਤ ਸਿੰਘ ਧੀਰ, ਸ਼ਾਇਰ ਭੱਟੀ, ਪਿਆਰਾ ਸਿੰਘ ਰਾਹੀ, ਗੁਰਨਾਮ ਕੰਵਰ, ਗੁਰਜੀਤ ਕੌਰ, ਜਲੌਰ ਸਿੰਘ ਖੀਵਾ, ਬਲਵਿੰਦਰ ਸਿੰਘ ਢਿੱਲੋਂ, ਹਰਭਜਨ ਕੌਰ ਢਿੱਲੋਂ, ਡਾ. ਸੁਰਿੰਦਰ ਗਿੱਲ, ਨੀਲਮ ਨਾਰੰਗ, ਨਰਿੰਦਰ ਕੌਰ ਲੌਂਗੀਆ, ਨਰਿੰਦਰ ਨਸਰੀਨ, ਪ੍ਰਲਾਦ ਸਿੰਘ, ਸਰਬਜੀਤ ਸਿੰਘ, ਰਤਨ ਬਾਬਕਵਾਲਾ, ਅਤਰ ਸਿੰਘ ਖੁਰਾਣਾ, ਸ਼ੀਨੂ ਵਾਲੀਆ, ਪਵਨਦੀਪ ਚੌਹਾਨ, ਮਨਜੀਤ ਕੌਰ ਮੁਹਾਲੀ, ਜੋਗਿੰਦਰ ਸਿੰਘ ਜੱਗਾ, ਤਲਵਿੰਦਰ ਸਿੰਘ, ਮੰਦਰ ਗਿੱਲ, ਦਰਸ਼ਨ ਤਿਉਣਾ, ਪਰਮਜੀਤ ਪਰਮ, ਬਾਬੂ ਰਾਮ ਦੀਵਾਨਾ, ਹਰਜਾਪ ਸਿੰਘ ਔਜਲਾ, ਡਾ. ਰਵੀ ਕੁਮਾਰ, ਪ੍ਰਵੇਸ਼ ਚੌਹਾਨ, ਗੁਰਮੀਤ ਸਿੰਘਲ, ਗੁਰਨੀਤ ਕੌਰ, ਹਰਜੀਤ ਸਿੰਘ, ਅਸ਼ਵਨੀ ਕੁਮਾਰ, ਮਹਿੰਦਰਜੀਤ ਬਹਾਵਾਲੀਆ, ਕੇਵਲਜੀਤ ਸਿੰਘ, ਚਰਨਜੀਤ ਕੌਰ ਬਾਠ, ਡਾ. ਮਨਜੀਤ ਸਿੰਘ ਬੱਲ, ਸੰਗੀਤਾ ਸ਼ਰਮਾ ਕੁੰਦਰਾ, ਗੁਰਜੋਧ ਕੌਰ, ਪੱਲਵੀ ਰਾਮਪਾਲ, ਮਹਿੰਦਰ ਸਿੰਘ ਗੋਸਲਾ, ਜਸਵੰਤ ਸਿੰਘ, ਆਰ.ਐੱਸ. ਮਲਹੋਤਰਾ, ਸੀਮਾ, ਮਨਜੀਤ, ਗੁਰਜੀਤ ਕੌਰ, ਗੁਰਮੀਤ ਕੌਰ, ਸੰਤੋਸ਼ ਗਰਗ ਅਤੇ ਆਰ.ਐੱਨ ਸ਼ਰਮਾ ਦੇ ਨਾਂਅ ਵਰਣਨਯੋਗ ਹਨ। ਧੰਨਵਾਦੀ ਸ਼ਬਦ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਪਾਲ ਅਜਨਬੀ ਨੇ ਆਪਣੀਆਂ ਰਚਨਾਵਾਂ ਰਾਹੀਂ ਮਹਿਫਿਲ 'ਚ ਰੌਣਕਾਂ ਲਾ ਦਿੱਤੀਆਂ।




# 'ਗੁਰਮੁਖ ਸਿੰਘ ਸਹਿਗਲ ਨਾਵਲ ਪੁਰਸਕਾਰ' ਬਲਵਿੰਦਰ ਸਿੰਘ ਗਰੇਵਾਲ ਨੂੰ

**ਪਟਿਆਲਾ**-ਪੰਜਾਬੀ ਦੇ ਉੱਘੇ ਤੇ ਵਿਲੱਖਣ ਨਾਵਲਕਾਰ ਗੁਰਮੁਖ ਸਿੰਘ ਸਹਿਗਲ ਦੀ ਯਾਦ ਵਿਚ ਬਣਾਏ 'ਗੁਰਮੁਖ ਸਿੰਘ ਸਹਿਗਲ ਯਾਦਗਾਰੀ ਮੰਚ' ਵੱਲੋਂ 2023 ਵਿਚ ਸ਼ੁਰੂ ਕੀਤੇ ਗਏ 'ਗੁਰਮੁਖ ਸਿੰਘ ਸਹਿਗਲ ਨਾਵਲ ਪੁਰਸਕਾਰ' ਲਈ ਇਸ ਵਾਰ ਨਾਵਲਕਾਰ ਬਲਵਿੰਦਰ ਸਿੰਘ ਗਰੇਵਾਲ ਦੇ ਨਾਵਲ 'ਟਾਕੀਆਂ ਵਾਲਾ ਪਜਾਮਾ' ਨੂੰ ਚੁਣਿਆ ਗਿਆ ਹੈ। ਪੁਰਸਕਾਰ ਵਿਚ ਸਨਮਾਨ ਚਿੰਨ੍ਹ, ਲੋਈ ਤੇ 11000 ਰੁਪਏ ਦੀ ਸਨਮਾਨ ਰਾਸ਼ੀ ਭੇਟ ਕੀਤੀ ਜਾਵੇਗੀ। 'ਮੰਚ' ਦੇ ਕਾਰਜ-ਕਰਤਿਆਂ ਸਤਪਾਲ ਭੀਖੀ ਤੇ ਜਸਪ੍ਰੀਤ ਸਿੰਘ ਜਗਰਾਓਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੁਰਸਕਾਰ ਲਈ 'ਮੰਚ' ਨੂੰ ਦਰਜਨ ਤੋਂ ਵੱਧ ਨਾਵਲ ਪ੍ਰਾਪਤ ਹੋਏ ਤੇ ਕੁਝ ਨਾਵਲ 'ਮੰਚ' ਨੇ ਪੰਜਾਬੀ ਦੇ ਵਿਦਵਾਨਾਂ ਤੇ ਪਾਠਕਾਂ ਤੋਂ ਰਾਇ ਲੈ ਕੇ ਖ਼ੁਦ ਮੰਗਵਾ ਕੇ ਪੜ੍ਹੇ। ਇਸ ਤਰ੍ਹਾਂ ਡੇਢ ਦਰਜਨ ਦੇ ਕਰੀਬ ਨਾਵਲ ਇਕੱਠੇ ਹੋ ਗਏ। ਫਿਰ ਨਾਵਲਾਂ ਦੀ ਪੜ੍ਹਤ ਅਤੇ ਪੰਜਾਬੀ ਦੇ ਵਿਦਵਾਨ ਲੇਖਕਾਂ, ਆਲੋਚਕਾਂ ਤੇ ਪਾਠਕਾਂ ਦੀ ਸਾਂਝੀ ਰਾਇ ਦੇ ਆਧਾਰ 'ਤੇ ਅੰਤਿਮ ਚੋਣ ਕਮੇਟੀ ਵੱਲੋਂ 'ਟਾਕੀਆਂ ਵਾਲਾ ਪਜਾਮਾ' ਨਾਵਲ ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ। ਪੁਰਸਕਾਰ ਅਗਲੇ ਦਿਨੀਂ ਪਟਿਆਲਾ ਵਿਖੇ ਇਕ ਸਾਦਾ ਸਾਹਿਤਕ ਸਮਾਗਮ ਕਰਕੇ ਅਦਾ ਕੀਤਾ ਜਾਵੇਗਾ।



# ਹਰਫੂਲ ਭੁੱਲਰ ਦੀ ਪੁਸਤਕ 'ਆਪੇ ਦੇ ਰੂਬਰੂ' ਲੋਕ ਅਰਪਣ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਬਹੁਪੱਖੀ ਕਲਮਕਾਰ ਹਰਫੂਲ ਭੁੱਲਰ ਰਚਿਤ ਵਾਰਤਕ ਪੁਸਤਕ 'ਆਪੇ ਦੇ ਰੂਬਰੂ' ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਤੋਂ ਇਲਾਵਾ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਸਾਹਿਤਕਾਰ ਓਮ ਪ੍ਰਕਾਸ਼ ਗਾਸੋ ਸ਼ਾਮਲ ਹੋਏ, ਜਦੋਂ ਕਿ ਪ੍ਰਧਾਨਗੀ ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਢਿੱਲੋਂ ਨੇ ਕੀਤੀ। ਡਾ. ਰਾਕੇਸ਼ ਤਿਲਕ ਰਾਜ (ਅੰਮ੍ਰਿਤਸਰ) ਅਤੇ ਪ੍ਰਿੰ. ਚਰਨਜੀਤ ਕੌਰ ਨੇ ਸ਼ਿਰਕਤ ਕੀਤੀ, ਜਦੋਂ ਕਿ ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਬਲਬੀਰ ਸਿੰਘ ਦਿਲਦਾਰ ਅਤੇ ਨਵਦੀਪ ਸਿੰਘ ਮੁੰਡੀ ਨੇ ਸਮੁੱਚੀ ਕਾਰਵਾਈ ਨੂੰ ਨੇਪਰੇ ਚਾੜ੍ਹਨ ਵਿਚ ਆਪਣੀਆਂ ਰਚਨਾਵਾਂ ਦੇ ਨਾਲ-ਨਾਲ ਸਹਿਯੋਗੀ ਭੂਮਿਕਾ ਨਿਭਾਈ। ਸਮਾਗਮ ਦੇ ਆਰੰਭ ਵਿਚ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਹਰਫੂਲ ਭੁੱਲਰ ਵਰਗੇ ਨਵੀਂ ਪੀੜ੍ਹੀ ਦੇ ਕਲਮਕਾਰਾਂ ਕੋਲ ਸਮਾਜਿਕ ਨਜ਼ਰੀਏ ਨੂੰ ਦਲੀਲ ਨਾਲ ਦੇਖਣ ਦੀ ਜੁਗਤ ਹੈ। ਓਮ ਪ੍ਰਕਾਸ਼ ਗਾਸੋ ਦਾ ਮੱਤ ਸੀ ਕਿ ਵਿਸ਼ਵ ਵਿਚ ਕਿਰਤ ਦਾ ਮਹੱਤਵ ਦਰਸਾਉਣ ਵਾਲੇ ਸਾਹਿਤ ਦਾ ਮਹੱਤਵ ਸਦੀਵੀ ਰਹਿੰਦਾ ਹੈ। ਡਾ. ਦਵਿੰਦਰ ਖੁਸ਼ ਧਾਲੀਵਾਲ ਨੇ ਕਿਤਾਬ 'ਤੇ ਪੇਪਰ ਪੜ੍ਹਿਆ। ਪ੍ਰਧਾਨਗੀ ਮੰਡਲ 'ਚ ਬੈਠੇ ਲੇਖਕਾਂ ਨੇ ਕਿਤਾਬ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਹਾਜ਼ਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਦੌਰਾਨ ਸਭਾ ਵੱਲੋਂ ਪੁੱਜੇ ਮਹਿਮਾਨ ਲੇਖਕਾਂ ਤੇ ਪਰਚਾ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ। ਮੰਚ ਸੰਚਾਲਨ ਦਵਿੰਦਰ ਪਟਿਆਲਵੀ ਅਤੇ ਨਵਦੀਪ ਸਿੰਘ ਮੁੰਡੀ ਨੇ ਬਾਖ਼ੂਬੀ ਨਿਭਾਇਆ। ਅੰਤ ਵਿਚ ਸਭਾ ਦੇ ਸਰਪ੍ਰਸਤ ਬਾਬੂ ਸਿੰਘ ਰੈਹਲ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।




# ਬਿੱਕਰ ਸਿੰਘ ਭਲੂਰ ਨਾਲ ਰੂਬਰੂ

**ਬਾਘਾਪੁਰਾਣਾ**-ਸਾਹਿਤ ਸਭਾ ਰਜਿ. ਬਾਘਾਪੁਰਾਣਾ ਵੱਲੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਕਾਰਜ ਦੇ ਮਹਾਨ ਖੋਜਾਰਥੀ ਅਤੇ ਸਮਾਜ ਸੇਵੀ ਮਾਸਟਰ ਬਿੱਕਰ ਸਿੰਘ ਭਲੂਰ (ਹਾਂਗਕਾਂਗ) ਨਾਲ ਰੂਬਰੂ ਅਤੇ ਸਨਮਾਨ ਸਮਾਰੋਹ ਸਕੂਲ ਆਫ ਐਮੀਨੈਂਸ ਬਾਘਾ ਪੁਰਾਣਾ ਵਿਖੇ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਡਾ. ਗੁਰਚਰਨ ਸਿੰਘ ਨੂਰਪੁਰ, ਸਨਮਾਨਿਤ ਸ਼ਖ਼ਸੀਅਤ ਮਾ. ਬਿੱਕਰ ਸਿੰਘ ਭਲੂਰ, ਡਾ. ਸੁਰਜੀਤ ਬਰਾੜ ਅਤੇ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਸੁਸ਼ੋਭਿਤ ਸਨ। ਸਭਾ ਦੇ ਸੀਨੀਅਰ ਮੈਂਬਰਾਂ ਐੱਸ ਇੰਦਰ ਰਾਜੇਆਣਾ, ਜਸਵੰਤ ਸਿੰਘ ਜੱਸੀ ਵੱਲੋਂ ਪ੍ਰਧਾਨਗੀ ਮੰਡਲ ਦਾ ਨਿੱਘਾ ਸਵਾਗਤ ਕੀਤਾ ਗਿਆ। ਕੰਵਲਜੀਤ ਭੋਲਾ ਲੰਡੇ ਵੱਲੋਂ ਮਾ. ਬਿੱਕਰ ਸਿੰਘ ਬਾਰੇ ਸਨਮਾਨ ਪੱਤਰ ਪੜ੍ਹਿਆ ਗਿਆ। ਉਪਰੰਤ ਮਾ. ਬਿੱਕਰ ਸਿੰਘ ਵੱਲੋਂ ਆਪਣੇ ਸਾਹਿਤਕ ਸਫਰ ਅਤੇ 86 ਸਾਲਾ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਗਿਆ ਕਿ ਪੰਜਾਬੀ ਗੁਰਮੁਖੀ ਲਿਪੀ ਪੈਂਤੀ ਸੌ ਸਾਲ ਪੁਰਾਣੀ ਹੈ, ਇਹਦੇ ਵਿੱਚੋਂ ਪੰਜਾਬੀ ਦੀਆਂ ਸਾਰੀਆਂ ਲਿੱਪੀਆਂ ਨਿਕਲ ਕੇ ਆਈਆਂ ਹਨ। ਉਪਰੰਤ ਹੋਏ ਕਵੀ ਦਰਬਾਰ ਦੌਰਾਨ ਜਸਵਿੰਦਰ ਜਲੰਧਰੀ, ਸਮਿੰਦਰ ਸਿੰਘ ਜੀਵਨ ਵਾਲਾ, ਅਮਰਜੀਤ ਸਿੰਘ ਰਣੀਆਂ, ਜਸਵੀਰ ਸ਼ਰਮਾ ਦੱਦਾਹੂਰ ਤੇ ਹੋਰਨਾਂ ਨੇ ਕਵਿਤਾਵਾਂ ਪੜ੍ਹੀਆਂ। ਅਖੀਰ ਵਿੱਚ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਵੱਲੋਂ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੀਆਂ ਸਮੂਹ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਸਾਗਰ ਸਫਰੀ ਵੱਲੋਂ ਬਾਖ਼ੂਬੀ ਨਾਲ ਨਿਭਾਇਆ ਗਿਆ।



# ਪਾਠਕਾਂ ਦੇ ਝਰੋਖੇ 'ਚੋਂ

## ਇੰਦੂਮਣੀ

8 ਜੂਨ ਦੇ ਨਵਾਂ ਜ਼ਮਾਨਾ ਵਿੱਚ ਪੁਸਤਕ ਪੰਨੇ 'ਤੇ ਕਹਾਣੀਕਾਰ ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ ਇੰਦੂਮਣੀ ਦਾ ਡਾ. ਕੁਲਵਿੰਦਰ ਸਿੰਘ ਨੇ ਗਹਿਰਾ ਵਿਸ਼ਲੇਸ਼ਣ ਕੀਤਾ ਹੈ।ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਔਰਤ ਮਰਦ ਰਿਸ਼ਤੇ ਦੀਆਂ ਕਈ ਪਰਤਾਂ ਦੀ ਤਸਵੀਰ ਹੈ। ਕਹਾਣੀਆਂ 'ਚ ਔਰਤ ਮਾਨਸਿਕਤਾ ਦੀਆ ਝਲਕਾਂ ਪਾਤਰਾਂ ਦੇ ਚਿਤਰਣ ਵਿਚ ਹਨ।ਨਜ਼ਾਇਜ਼ ਰਿਸ਼ਤਿਆਂ ਦੀ ਗੱਲ ਅਕਸਰ ਪੰਜਾਬੀ ਕਹਾਣੀ ਵਿੱਚ ਹੁੰਦੀ ਰਹੀ ਹੈ।ਇਸ ਦਾ ਆਰੰਭ ਕਰਤਾਰ ਸਿੰਘ ਦੁਗਲ ਦੀ ਕਹਾਣੀ ਨਾਲ ਹੁੰਦਾ।ਫੇਰ ਔਰਤ ਮਰਦ ਦੇ ਨਜ਼ਾਇਜ਼ ਰਿਸ਼ਤਿਆਂ ਨੂੰ ਰਾਮ ਸਰੂਪ ਅਣਖੀ ਨੇ ਕਹਾਣੀ ਵਿੱਚ ਲਿਆ ਹੈ ਇਸੇ ਕੜੀ ਵਿਚ ਭਗਵੰਤ ਰਸੂਲਪੁਰੀ ਇਹ ਪੁਸਤਕ ਲਈ ਜਾ ਸਕਦੀ ਹੈ। ਇਸੇ ਪੰਨੇ 'ਤੇ ਡਾ. ਸੰਦੀਪ ਰਾਣਾ ਨੇ ਕਿਤਾਬ ਧੋਬੀ ਪਟਕਾ ਦਾ ਰੀਵਿਊ ਬਹੁਤ ਭਾਵਪੂਰਤ ਸ਼ਬਦਾਂ 'ਚ ਕੀਤਾ।ਸਰਗਰਮੀਆ 'ਚ ਡਾ .ਰਜਵੰਤ ਕੌਰ ਪੰਜਾਬੀ ਨੂੰ ਪੰਜਾਬੀ ਵਰਸਿਟੀ ਦੇ ਪੰਜਾਬੀ ਵਿਭਾਗ ਮੁਖ਼ੀ ਬਨਣ ਦੀ ਖੁਸ਼ੀ ਹੈ।ਡਾ. ਰਜਵੰਤ ਕੌਰ ਨੇ ਸਿਰਜਨਾ ਦੇ ਖੇਤਰ ਵਿੱਚ ਅਹਿਮ ਯੋਗਦਾਨ ਦਿੱਤਾ ਹੈ।ਸੁਰ ਸੰਗੀਤ ਦੇ ਹੀਰੇ ਦੀ ਅੱਜ ਦੀ ਆਖਰੀ ਕਿਸ਼ਤ ਵਿੱਚ ਜੈਪੁਰੀ ਸੰਗੀਤ ਘਰਾਣੇ ਦੀ ਪ੍ਰਸਿੱਧ ਕਲਾਕਾਰ ਮੁਗੋ ਬਾਈ ਦਾ ਜੀਵਨ ਸੰਘਰਸ਼ ਜਾਣਿਆ।ਬਾਲ ਕੋਨੇ ਵਿੱਚ ਕਹਾਣੀ 'ਦੁਸ਼ਟ ਕਾਂ' ਸਿੱਖਿਆ ਦਾਇਕ ਰਚਨਾ ਹੈ।ਪਰਗਟ ਸਿੰਘ ਜੰਬਰ ਨੇ ਰਾਜਸਥਾਨ ਦੇ ਜੈਸਲਮੇਰ ਦੇ ਪਿੰਡ ਦੀ ਯਾਤਰਾ ਦਾ ਬਿਰਤਾਂਤ ਦਿਲਚਸਪ ਸ਼ੈਲੀ ਵਿੱਚ ਲਿਖਿਆ ਹੈ।ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆ ਚੰਗੀਆਂ ਰਨਾਵਾਂ ਹਨ।ਕਹਾਣੀਕਾਰ ਦਵਿੰਦਰ ਮੰਡ ਨੇ ਕਾਮਰੇਡ ਲਛੂ ਰਾਮ ਦੀ ਸਧਾਰਨ ਜ਼ਿੰਦਗੀ ਦਾ ਦਿਲਚਸਪ ਜ਼ਿਕਰ ਕੀਤਾ ਹੈ।ਲਛੂ ਰਾਮ ਮਿਹਨਤੀ ਕਿਰਤੀ ਕਾਮਾ ਹੈ।ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦਾ ਕਾਲਮ ਬਹੁਤ ਯਾਦ ਆਇਆ। ਗੁਰਮੀਤ ਸਿੰਘ ਸ਼ੁਗਲੀ ਦਾ ਇਸ ਸਮੇਂ ਤੁਰ ਜਾਣ ਦਾ ਨਵਾਂ ਜ਼ਮਾਨਾ ਦੇ ਪਾਠਕਾਂ ਨੂੰ ਬ ਹੁਤ ਵੱਡਾ ਘਾਟਾ ਹੈ। ਸੁਰਜੀਤ ਸੁਮਨ ਨੇ ਸੰਧੂਰੀ ਅੰਬੀਆ ਦਾ ਜ਼ਿਕਰ ਕਰਕੇ ਪ੍ਰਕਾਸ਼ ਕੌਰ ਦਾ ਗੀਤ ਯਾਦ ਕਰਾ ਦਿੱਤਾ।ਦ੍ਰਿਸ਼ਟੀਕੋਣ ਨੇ ਸੰਸਾਰ ਅਮਨ ਦੀ ਲੋੜ 'ਤੇ ਜ਼ੋਰ ਦਿੱਤਾ, ਜਿੰਨਾ ਚਿਰ ਸੰਸਾਰ ਵਿੱਚੋਂ ਅਮੀਰੀ ਗਰੀਬੀ ਦਾ ਅੰਤਰ, ਜਾਤੀਵਾਦੀ ਮਸਲੇ ਧਰਮ ਦੇ ਨਾਮ 'ਤੇ ਅੰਡਬਰ ਖਤਮ ਨਹੀ ਹੁੰਦੇ ਉਨ੍ਹਾ ਚਿਰ ਸਥਾਈ ਅਮਨ ਨਹੀਂ ਹੋ ਸਕਦਾ।

- ਗੁਰਮੀਤ ਸਿੰਘ ਫਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਡਾ. ਜੀ ਅਧਿਕਾਰੀ : ਅਨਿਲ ਰਾਜੀਮਵਾਲੇ

ਵੱਡੀ ਮਰਦਮਸ਼ੁਮਾਰੀ : ਮਾਰਕ ਜਰਗਨਜ਼ਾਮਾਇਰ

'ਅੱਖਾਂ ਲੱਭਦੇ ਸੁਪਨੇ' : ਡਾ. ਬਲਦੇਵ ਸਿੰਘ ਬੱਦਨ (ਫੋਕਸ) ਡਾ. ਮਨਦੀਪ ਕੌਰ

ਦਰਸ਼ਨ ਸਿੰਘ ਖਟਕੜ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ


## ਚਰਚਾ ਕੌਮਾਂਤਰੀ : ਸਾਹਿਤ ਤੇ ਸਮਾਜ ਦੇ ਗੰਭੀਰ ਮੁੱਦਿਆ 'ਤੇ ਚਰਚਾ

'ਚਰਚਾ ਕੌਮਾਂਤਰੀ' ਮਈ-ਅਗਸਤ,2025 ਨਵੀਂ ਦਿੱਖ, ਨਵੀਂ ਟੀਮ ਦੇ ਹੱਥਾਂ ਵਿੱਚ ਆਇਆ ਪਲੇਠਾ ਅੰਕ ਹੈ। ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਵੱਲੋਂ ਪ੍ਰਕਾਸ਼ਤ ਹੋਇਆ 'ਚਰਚਾ' ਦਾ ਪਲੇਠਾ ਅੰਕ ਹੈ। ਪ੍ਰਲੇਸ ਦਾ ਪੰਜਾਬ ਯੂਨਿਟ ਆਪਣੀ ਨਿੱਗਰ ਪੈਂਠ ਬਣਾ ਚੁੱਕਾ ਏ। ਉਸ ਵੱਲੋਂ ਪੰਜਾਬੀ ਵਿੱਚ ਸਾਹਿਤਕ ਰਸਾਲਾ ਪ੍ਰਕਾਸ਼ਤ ਕਰਨ ਸ਼ੁੱਭ ਸ਼ਗਨ ਹੈ। ਸੰਪਾਦਕੀ ਤੋਂ ਪਹਿਲਾਂ ਦਰਸ਼ਨ ਸਿੰਘ ਢਿੱਲੋਂ ਦਾ ਇਕ ਵਸੀਅਤਨਾਮਾ ਛਪਿਆ ਏ, "ਹੁਣ 'ਚਰਚਾ' ਕਿਸੇ ਇਕ ਵਿਅਕਤੀ ਦੇ ਹੱਥਾਂ ਵਿੱਚ ਨਹੀਂ ਬਲਕਿ 90 ਸਾਲਾਂ ਤੋਂ ਸ਼ਬਦਾਂ ਦੀ ਵਿਰਾਸਤ ਨੂੰ ਸਾਂਭਦੀ ਅਤੇ ਲੋਕ ਸਰੋਕਾਰਾਂ ਨਾਲ ਜੁੜੀ ਸੰਸਥਾ ਪ੍ਰਗਤੀਸ਼ੀਲ ਲੇਖਕ ਸੰਘ ਦੇ ਹੱਥਾਂ ਵਿੱਚ ਹੋਵੇਗਾ।" ਸੰਪਾਦਕੀ 'ਚ 'ਚਰਚਾ' ਬਾਰੇ ਲਿਖਿਆ ਏ, "ਬਾਕੀ ਮੈਗਜ਼ੀਨਾਂ ਦੇ ਸਮਾਨਾਂਤਰ ਤੁਰਦਿਆਂ ਇਸ ਮੈਗਜ਼ੀਨ ਨੇ ਆਪਣੀ ਜੋ ਜ਼ਮੀਨ ਤਲਾਸ਼ੀ ਹੈ, ਉਹ ਹੈ ਚਿੰਤਨ ਅਤੇ ਸੰਵਾਦ ਦੀ ਜਮੀਨ। ਇਹ ਮੈਗਜ਼ੀਨ ਅਦਬ ਦੇ ਹਵਾਲੇ ਨਾਲ ਵਿਸ਼ਵ ਪੱਧਰ ਦੇ ਚਿੰਤਨੀ ਸਰੋਕਾਰਾਂ ਨੂੰ ਮੁਖ਼ਾਤਿਬ ਹੋਏਗਾ। ਇਸ ਲਈ ਮੈਗਜ਼ੀਨ ਦਾ ਵਧੇਰੇ ਫੋਕਸ ਚਿੰਤਨੀ ਸਰੋਕਾਰਾਂ 'ਤੇ ਹੋਵੇਗਾ। ਨਾਲ ਨਾਲ ਸਿਰਜਣਾਤਮਕ ਵੰਨਗੀਆਂ ਵਿਚੋਂ ਵੀ ਲੋਕਪੱਖੀ ਸੁਰ ਵਾਲੀਆਂ ਚੋਣਵੀਆਂ ਵੰਨਗੀਆਂ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਰਹੇਗੀ।" ਚਿੰਤਨੀ ਸੁਰ ਨੂੰ ਉਭਾਰਨ ਵਾਲਾ ਡਾ. ਸਵਰਾਜਬੀਰ ਦਾ ਲੰਮਾ ਲੇਖ 'ਵੰਡ ਦੀ ਅਕੱਥ ਕਥਾ : ਪੰਜਾਬੀ ਸਭਿਅਤਾ ਦੀ ਅਰਧ ਮੌਤ' ਵੰਡ ਦੀ ਇਤਿਹਾਸਕ ਗਤੀ ਨੂੰ ਉਨ੍ਹਾਂ ਨਿੱਗਰ ਹਵਾਲਿਆਂ ਨਾਲ ਸਮਝਣ ਦਾ ਸਫ਼ਲ ਯਤਨ ਕੀਤਾ ਹੈ। ਡਾ. ਸੁਖਦੇਵ ਸਿੰਘ ਸਿਰਸਾ ਦਾ ਲਿਖਿਆ ਲੇਖ 'ਭਾਰਤੀ ਲੋਕਤੰਤਰ, ਸਮਾਜਿਕ ਨਿਆਂ ਅਤੇ ਸਾਹਿਤ' ਵਿੱਚ ਭਾਰਤੀ ਤੇ ਕੌਮੀ ਸੰਦਰਭ ਵਿੱਚ ਅਹਿਮ ਨੁਕਤਿਆਂ 'ਤੇ ਸੰਵਾਦ ਰਚਾਇਆ ਹੈ। ਅਗਲੇ ਪੰਨੇ ਉਤੇ ਡਾ. ਰਵਿੰਦਰ ਸਿੰਘ ਦੀ ਲਿਖਤ 'ਜਾਗਦੇ ਸਿਰ ਵਾਲਾ ਵਰਵਰੀਕ-ਮੋਹਨਜੀਤ' 'ਚ ਉਸਦੀਆਂ ਰੌਚਕ ਗੱਲਾਂ ਹਨ। ਅਮਰਜੀਤ ਚੰਦਨ ਵੱਲੋਂ ਮੁਲਕ ਰਾਜ ਆਨੰਦ ਨਾਲ ਕੀਤੀ ਮੁਲਾਕਾਤ, ਅਤੀਤ ਦੀ ਰੌਸ਼ਨੀ ਵਿੱਚ ਭਵਿੱਖ ਨਾਲ ਨਜਿੱਠਣ ਲਈ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਨ ਵਾਲੀ ਹੈ। ਹੱਥਲੇ ਅੰਕ ਵਿੱਚ ਜ਼ੁਬੈਰ ਅਹਿਮਦ (ਇੱਕ ਪੁਰਾਣੇ ਡਰ ਦੀ ਯਾਦ), ਕਿਰਪਾਲ ਕਜ਼ਾਕ (ਮਿੱਥਕ), ਗੰਗਾ ਰਾਮ ਰਾਜੀ (ਕਬੂਤਰ), ਗੁਰਮੀਤ ਕੜਿਆਲਵੀ (ਪਤਝੜ) ਦੀਆਂ ਕਈ ਪਹਿਲੂਆਂ ਤੋਂ ਮਹੱਤਵਪੂਰਨ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਹਰਮੀਤ ਵਿਦਿਆਰਥੀ ਦੀ ਲਿਖਤ ਤਜੱਮਲ ਕਲੀਮ ਬਾਰੇ ਹੈ। ਡਾ. ਪਾਲ ਕੌਰ ਦੀ ਕਵਿਤਾ ਬਾਰੇ ਡਾ. ਕੁਲਦੀਪ ਸਿੰਘ ਦੀਪ ਦੀ ਲਿਖਤ ਹੈ। ਸੰਘ ਨਾਲ ਲੰਮੇ ਸਮੇਂ ਤੋਂ ਜੁੜੇ ਆ ਰਹੇ ਚੌਥੀ ਰਾਮ ਯਾਦਵ ਦੀ ਸਾਧਨਾ ਸਰੋਜ ਵੱਲੋਂ ਕੀਤੀ ਮੁਲਾਕਾਤਾ ਛਪੀ ਹੈ। ਹਰੀਸ਼ ਜੈਨ ਵੱਲੋਂ ਭਗਤ ਸਿੰਘ 'ਤੇ ਲਿਖੇ ਨਾਟਕ 'ਗੁਨਾਹਗਾਰ' ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਹੈ ਡਾ. ਸਰਬਜੀਤ ਸਿੰਘ ਨੇ ਆਪਣੇ ਲੇਖ 'ਗੁਨਾਹਗਾਰ-ਵਿਚਾਰਧਾਰਾਵਾਂ ਦੇ ਭੇੜ ਦਾ ਬਿਰਤਾਂਤ'। ਨੀਤੂ ਅਰੋੜਾ ਵੱਲੋਂ ਲਿਖਿਆ ਲੇਖ 'ਪੰਜਾਬੀ ਸਮਾਜ ਵਿਚ ਨਾਰੀਵਾਦੀ ਹੋਣ ਦੇ ਅਰਥ ਸੰਸੇ, ਸ਼ੰਕੇ ਅਤੇ ਸੁਆਲ' 'ਨਾਰੀਵਾਦੀ' ਦ੍ਰਿਸ਼ਟੀ ਤੋਂ ਲਿਖਿਆ ਗੰਭੀਰ ਕਿਸਮ ਦਾ ਲੇਖ ਹੈ। ਡਾ. ਅੰਜੂ ਬਾਲਾ ਦੀ ਲਿਖਤ 'ਪੰਜਾਬ ਦਾ ਕਲਾ ਵਿਦਿਆਲਾ ਲਾਹੌਰ ਤੋਂ ਚੰਡੀਗੜ੍ਹ ਤੱਕ ਦਾ ਸਫ਼ਰ' ਕਲਾਤਮਕ ਸਰਗਰਮੀਆਂ ਦੇ ਪ੍ਰਸੰਗ ਵਿੱਚ ਲਿਖੀ ਹੈ। ਗੁਰਪ੍ਰੀਤ ਪਸ਼ੌਰੀਆ ਨੇ ਵੀ 'ਕੂੰਜਾਂ ਦੀ ਨਗਰੀ-ਖੀਂਚਣ' ਸਿਰਲੇਖ ਵਿੱਚ ਯਾਤਰਾ ਪ੍ਰਸੰਗ ਸਾਂਝੇ ਕੀਤੇ ਹਨ। ਫ਼ਾਤਿਮਾ ਹਸੌਨਾ ਦੀ ਜਾਣ ਪਛਾਣ ਨਾਲ ਫੋਟੋਗ੍ਰਾਫੀ ਅਰਥ ਭਰਪੂਰ ਹੈ। ਮੁਹਾਫਿਜ਼ ਫਿਲਮ ਤੇ ਤਬਸਰਾ ਤਰਸੇਮ ਬਸ਼ਰ ਨੇ ਕੀਤਾ ਹੈ। ਸਾਂਵਲ ਧਾਮੀ ਨੇ 'ਸੰਤਾਲੀ ਵਾਲੀ ਛਬੀਲ' ਰਾਹੀਂ ਸੰਤਾਲੀ ਦੀ ਵੰਡ ਬਾਰੇ ਯਾਦਾਂ ਸਾਂਝੀਆਂ ਕੀਤੀਆਂ ਹਨ। ਸੁਰਜੀਤ ਜੱਜ ਨੇ ਅਣਗੌਲੇ ਰਤਨ 'ਵਰਿਆਮ ਅਸਰ' ਦੇ ਪ੍ਰਸੰਗ ਲਿਖੇ ਹਨ। ਅਜਾਇਬ ਸਿੰਘ ਟਿਵਾਣਾ ਨੇ ਆਪਣੇ ਲੇਖ 'ਮੌਜੂਦਾ ਕਿਸਾਨੀ ਸੰਘਰਸ਼ ਅਤੀਤ, ਵਰਤਮਾਨ ਅਤੇ ਚੁਣੌਤੀਆਂ' ਵਿੱਚ ਕਿਸਾਨੀ ਸੰਕਟ ਤੇ ਗੰਭੀਰ ਮੁੱਦੇ ਉਭਾਰੇ ਹਨ। ਪਰਚੇ ਵਿੱਚ ਰਜਿੰਦਰ ਸਿੰਘ ਚੀਮਾ, ਅਰਤਿੰਦਰ ਸੰਧੂ, ਅਜ਼ੀਮ ਸੇਖਰ, ਮੱਖਣ ਮਾਨ, ਰਜਿੰਦਰਜੀਤ, ਜਗਵਿੰਦਰ ਜੋਧਾ, ਗੁਰਸੇਵਕ ਲੰਬੀ, ਸੁਖਜਿੰਦਰ, ਰਾਜਵਿੰਦਰ ਜਟਾਣਾ, ਵਾਹਿਦ, ਦੀਪਕ ਧਲੇਵਾਂ, ਸੰਦੀਪ ਜਸਵਾਲ, ਰਿਸ਼ੀ ਹਿਰਦੇਪਾਲ, ਰਣਧੀਰ, ਕੁਲਜੀਤ ਕੌਰ ਮੰਡ, ਅਨੀ ਕਾਠਗੜ੍ਹ ਚਰਨਜੀਤ ਸਮਾਲਸਰ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਛਪੀਆਂ ਹਨ। ਡਾ. ਸੰਤੋਖ ਸੁੱਖੀ ਨੇ ਸੰਭਾਵਨਾ ਭਰਪੂਰ ਕਲਮ ਤਲਵਿੰਦਰ ਸ਼ੇਰਗਿੱਲ ਨੂੰ ਉਹਦੀਆਂ ਗ਼ਜ਼ਲਾਂ ਸਮੇਤ ਪੇਸ਼ ਕੀਤਾ ਹੈ। 'ਗੈਸ ਚੈਂਬਰਾਂ ਦੀ ਦਾਸਤਾਨ-ਤਾਦਿਅਸ ਬੋਰੋਵਸਕੀ' ਨੂੰ ਪਰਮਜੀਤ ਢੀਂਗਰਾ ਹੁਰਾਂ ਲਿਖਿਆ ਹੈ ਜੋ ਨਾਜ਼ੀਆ ਦੇ ਜ਼ੁਲਮਾ ਦੀ ਗੱਲ ਤਸੀਹੇ ਕੈਂਪਾਂ ਦੇ ਪ੍ਰਸੰਗ ਵਿੱਚ ਕਰਦੀ ਹੈ। ਸਲਮਾਨ ਰਸ਼ਦੀ ਦੇ ਨਾਵਲ 'ਨਾਇਫ਼' ਬਾਰੇ ਸੈਮ ਗੁਰਵਿੰਦਰ ਨੇ ਲਿਖਆ ਹੈ। ਡੰਗਰੀ ਬੋਲੀ (ਮਲਕੀਤ ਜੁਗਲਟ),ਚੁਰਾਸੀ ਲੱਖ ਯਾਦਾਂ (ਗੁਰਨੈਬ ਮਘਾਣੀਆਂ) ਇਹ ਘਰ ਈਬੂ ਦਾ ਹੈ (ਡਾ. ਸਿਮਰਨਜੀਤ ਸਿੰਘ) ਕਿਤਾਬਾਂ ਬਾਰੇ ਤਬਸਰਾ ਹੈ। ਅੰਤ ਵਿੱਚ ਚੂੰਡੀਨਾਮਾ ਦਿਲਚਸਪ ਕਾਲਮ ਏ।




ਪਰਚੇ ਦੇ ਸਫ਼ੇ: 318, ਮੁੱਲ: 250 ਰੁਪਏ ਹੈ। ਸੰਪਰਕ ਪਤਾ ਹੈ: ਚਰਚਾ ਕੌਮਾਂਤਰੀ, 2891, ਫੇਜ਼-2, ਅਰਬਨ ਅਸਟੇਟ, ਪਟਿਆਲਾ, ਸੰਪਰਕ ਨੰ. 98768-20600, 98156-36565, ਮੁੱਖ ਸੰਪਾਦਕ: ਦਰਸ਼ਨ ਸਿੰਘ ਢਿੱਲੋਂ, ਸੰਪਾਦਕ: ਡਾ. ਸੁਖਦੇਵ ਸਿੰਘ ਸਿਰਸਾ, ਡਾ. ਕੁਲਦੀਪ ਸਿੰਘ ਦੀਪ, ਸਹਿ-ਸੰਪਾਦਕ : ਡਾ. ਸੰਤੋਖ ਸੁੱਖੀ

## ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ : ਦਲਿਤ ਇਤਿਹਾਸ ਦੇ ਅਣਫੋਲੇ ਵਰਕੇ




ਬਲਬੀਰ ਮਾਧੋਪੁਰੀ ਪ੍ਰਸਿੱਧ ਕਵੀ, ਨਾਵਲਕਾਰ, ਅਨੁਵਾਦਕ ਤੇ ਖੋਜੀ ਇਤਿਹਾਸਕਾਰ ਹੈ। ਹੱਥਲੀ ਪੁਸਤਕ 'ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ' ਵਿੱਚ ਬਲਬੀਰ ਨੇ ਦਲਿਤ ਇਤਿਹਾਸ ਦੇ ਅਜਿਹੇ ਅਣਫੋਲੇ ਵਰਕਿਆਂ ਦੀ ਤਲਾਸ਼ ਕੀਤਾ ਹੈ ਜਿਹਦੇ ਵੱਲ ਕਿਸੇ ਇਤਿਹਾਸਕਾਰ ਦੀ ਦ੍ਰਿਸ਼ਟੀ ਨਹੀਂ ਪਈ। ਆਦਿ ਧਰਮ ਲਹਿਰ ਦੇ ਬਾਨੀ ਮੰਗੂ ਰਾਮ ਨੇ ਪੰਜਾਬ ਦੇ ਦਲਿਤਾਂ ਵਿੱਚ ਸਮਾਜਿਕ, ਧਾਰਮਿਕ ਤੇ ਰਾਜਸੀ ਚੇਤਨਾ ਲਿਆਉਣ ਵਿੱਚ ਕਈ ਦਹਾਕੇ ਕਾਰਜ ਹੀ ਨਹੀਂ ਕੀਤੀ ਬਲਕਿ ਉਨ੍ਹਾਂ ਗ਼ਦਰ ਲਹਿਰ ਵਿੱਚ ਵੀ ਆਪਣਾ ਬਹੁਮੁੱਲਾ ਯੋਗਦਾਨ ਪਾਇਆ। ਇਹ ਕਿਤਾਬ ਲਿਖਣ ਲਈ ਬਲਬੀਰ ਮਾਧੋਪੁਰੀ ਨੇ ਪੰਜਾਬ ਆ ਕੇ ਬਹੁਤ ਸਾਰੇ ਤੱਥ, ਅੰਕੜੇ ਤੇ ਸਰੋਤਾਂ ਨੂੰ ਇਕੱਠਿਆ ਕੀਤਾ। ਹਾਲਾਂ ਕਿ ਬਹੁਤ ਸਾਰੇ ਸਰੋਤ ਜਿਵੇਂ ਆਦਿ ਡੰਕਾ ਅਖ਼ਬਾਰ ਦੇ ਅੰਕ ਤੇ ਕੁਝ ਕਿਤਾਬਾਂ ਨਸ਼ਟ ਹੋ ਗਏ ਤੇ ਮਿਲੀਆਂ ਨਹੀਂ। ਫਿਰ ਵੀ ਉਨ੍ਹਾਂ ਨੇ ਲੱਭੇ ਸਰੋਤਾਂ ਦੇ ਅਧਾਰ ਤੇ ਆਪਣੀਆਂ ਮੁੱਲਵਾਨ ਧਾਰਨਾਵਾਂ ਸਥਾਪਤ ਕੀਤੀਆਂ। ਜਿਹੜੀਆਂ ਅਗਾਂਹ ਖੋਜ ਦੇ ਕੰਮ ਲਈ ਬੜੀਆਂ ਮੁੱਲਵਾਨ ਸਾਬਤ ਹੋਣਗੀਆਂ।

ਇਸ ਕਿਤਾਬ ਨੂੰ 2010 ਵਿੱਚ ਐੱਸ ਬਲਵੰਤ ਨੇ ਛਾਪਿਆ ਸੀ। ਹੁਣ ਇਸ ਕਿਤਾਬ ਵਿੱਚ ਵਾਧਾ ਅਤੇ ਸੋਧਾਂ ਕਰਕੇ ਮੁੜ ਲਿਖਿਆ ਤੇ ਕੁਝ ਹੋਰ ਤੱਥ ਦੇ ਅਧਾਰ ਤੇ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਹੱਥਲੀ ਕਿਤਾਬ ਵਿੱਚ ਤੁਸੀਂ ਪੜ੍ਹ ਸਕੋਗੇ-ਬਾਬੂ ਮੰਗੂ ਰਾਮ ਮੁੱਗੋਵਾਲ ਦਾ ਜੀਵਨ, ਪਿਛੋਕੜ, ਗ਼ਦਰ ਲਹਿਰ ਵਿੱਚ ਸਰਗਰਮੀ, 1920ਵਿਆਂ ਵਿੱਚ ਅਛੂਤਾਂ ਦੀ ਸਮਾਜਿਕ ਸਥਿਤੀ, ਆਦਿ ਧਰਮ ਦੀ ਸਥਾਪਨਾ, ਰਾਇਲ ਕਮਿਸ਼ਨ ਤੇ ਆਦਿ ਧਰਮ, ਲੋਥੀਅਨ ਕਮੇਟੀ ਤੇ ਆਦਿ ਧਰਮ ਮੰਡਲ, ਕਮਿਊਨਲ ਐਵਾਰਡ, ਪੂਨਾ ਪੈਕਟ ਤੇ ਆਦਿ ਧਰਮ, ਆਦਿ ਧਰਮ ਸਡਿਊਲਡ ਫੈਡਰੇਸ਼ਨ ਦੀ ਸਥਾਪਨਾ, ਮੰਗੂ ਰਾਮ ਜਸਪਾਲ ਤੇ ਆਦਿ ਧਰਮ, ਬਾਬੂ ਮੰਗੂ ਰਾਮ ਦਾ ਅੰਤਮ ਸੰਦੇਸ਼, ਆਦਿ ਧਰਮ ਦੀ ਕਵਿਤਾ, ਆਦਿ ਧਰਮ ਮੰਡਲ ਰਿਪੋਰਟ-1926-1931 ਆਦਿ ਪੱਖਾਂ ਤੇ ਸਰੋਤਾਂ ਨਾਲ ਇਹ ਪੁਸਤਕ ਤਿਆਰ ਕੀਤੀ ਗਈ ਹੈ।

ਕਿਤਾਬ ਦੇ ਸਫ਼ੇ : 288 ਤੇ ਮੁੱਲ : 350 ਰੁਪਏ ਹੈ। ਕਿਤਾਬ ਨੂੰ ਆੱਟਮ ਆਰਟ, ਪਟਿਆਲਾ (91158-72450,73802-73803) ਨੇ ਛਾਪਿਆ ਹੈ।

- ਭਗਵੰਤ ਰਸੂਲਪੁਰੀ

# ਸੁਖਮਿੰਦਰ ਸੇਖੋਂ ਦੀਆਂ ਕਵਿਤਾਵਾਂ

(1)

ਅੱਗ ਬਾਲ ਕੇ ਰੱਖਾਂਗੇ
ਧੂਣੀ ਮਘਾ ਕੇ ਰੱਖਾਂਗੇ
ਜਦ ਥੀਂ ਨੇਰ ਨ੍ਹੀਂ ਜਾਂਦਾ
ਸੀਨੇ ਬਾਲ ਕੇ ਰੱਖਾਂਗੇ

ਲਹੂ ਪੀ ਕੇ ਲੋਕਾਂ ਦਾ
ਉਹ ਕਿੰਨੇ ਖੁਸ਼ ਰਹਿੰਦੇ ਨੇ
ਦੀਵੇ ਬਾਲ ਕੇ ਦਿਖਾਵਾ ਕਰਦੇ ਨੇ
ਚਾਨਣਾਂ ਨੂੰ ਮਖੌਲਾਂ ਕਰਦੇ ਨੇ

ਹਮੇਸ਼ਾ ਉਹ ਚੇਤਿਆਂ ਵਿੱਚ ਵੱਸਦੇ
ਜੋ ਮਾਨਵਤਾ ਲਈ ਕੁਰਬਾਨ ਹੋ ਜਾਵਣ
ਖੁਦਗਰਜ਼ੀ ਤੋਂ ਪਾਰ ਖ਼ਾਲਸ ਧਰਤ ਹੋ ਐਸੀ
ਜਿੱਥੇ ਪਾਣੀ ਮਿਲੇ ਸ਼ਰਬਤ
ਕਿ ਰੂਹਾਂ ਸ਼ਰਸ਼ਾਰ ਹੋ ਜਾਵਣ
ਕਿਰਤ ਦਾ ਮੁੱਲ ਪਵੇ ਜਿੱਥੇ
ਬੰਦੇ ਰੋਜ਼ਗਾਰ ਹੋ ਜਾਵਣ

ਅੱਖਾਂ ਵਿੱਚ ਮਸ਼ਾਲ ਬਲੇ
ਸਾਹਾਂ ਵਿੱਚ ਤੂਫਾਨ ਮੇਰੇ
ਜਿੱਧਰ ਅਸੀਂ ਕਦਮ ਧਰੇ
ਓਧਰ ਹੀ ਫਕੀਰ ਸਿਆਂ
ਬਣ ਜਾਵਣ ਰਾਹ ਮੇਰੇ

(2)

ਬਾਜ਼ਾਰ ਚੌਵੀ ਘੰਟੇ ਖੁੱਲ੍ਹਾ ਹੈ
ਤੁਹਾਡੇ ਸਿਰ 'ਤੇ ਸਵਾਰ
ਖ਼ਰੀਦਦਾਰ ਹੋ!
ਕੀ-ਕੀ ਖਰੀਦੋਗੇ
ਤਨ-ਮਨ ਤਾਂ ਹੈ
ਪਹਿਲਾਂ ਹੀ ਗਿਰਵੀ!
ਜ਼ਮੀਰ ਕਿੱਥੇ ਗਵਾਚੀ!
ਈਮਾਨ ਕਿੱਥੋਂ ਲੱਭੋਗੇ?
ਦਿਲ ਦੇ ਮਕਾਨ ਦੀ
ਆਖ਼ਰੀ ਕਿਸ਼ਤ ਦੀ ਅਦਾਇਗੀ ਜੇਕਰ
ਅਜੇ ਹੈ ਬਾਕੀ
ਤਾਂ ਸਾਰੇ ਮਾਲਕਾਨਾ
ਹੱਕ ਜ਼ਬਤ!
ਕਾਰਪੋਰੇਟ ਦੇ ਜਬਾੜ੍ਹਿਆਂ ਤੋਂ
ਆਖ਼ਰ ਕਦੋਂ ਤੱਕ ਬਚੋਗੇ?

(3)

ਸੀਨੇ ਵਿੱਚ ਉਗੇ ਸਵਾਲ
ਇੱਕ ਪਹਾੜ ਸਰ ਕਰਨਾ ਅਜੇ ਬਾਕੀ ਹੈ
ਆਪਣੀ ਮੁਹੱਬਤ ਦਾ ਇਮਤਹਾਂ ਅਜੇ ਬਾਕੀ ਹੈ
ਆਪਣਾ ਖਿਆਲ ਰੱਖ ਅਜੇ ਤਾਂ ਬੇਹਤਰ
ਆਪਣਾ ਹਾਲ ਪੁੱਛਣਾ ਅਜੇ ਬਾਕੀ ਹੈ
ਆਪਣੇ ਦਿਲ ਦੇ ਮਕਾਂ ਵਿੱਚ ਨਿੱਤ ਫੁੱਲ ਲਗਾਵਾਂ ਮੈਂ
ਐਸਾ ਕੋਈ ਮੌਸਮ ਨਹੀਂ ਕਿ ਬਦਲ ਜਾਵਾਂ ਮੈਂ
ਤੈਨੂੰ ਬਦਲਾਂ ਜਾਂ ਖੁਦ ਬਦਲਾਂ ਮੈਂ
ਤੇਰੇ ਹੀ ਪਰਛਾਵੇਂ ਦਾ ਪਰਛਾਵਾਂ ਤਾਂ ਹਾਂ ਮੈਂ

ਆਪਣੇ ਅੰਦਰ ਇੱਕ ਚਿਹਰਾ ਦੇਖਦਾ ਹਾਂ
ਆਪਣੇ ਜ਼ਖ਼ਮਾਂ ਦਾ ਹਿਸਾਬ ਦੇਖਦਾ ਹਾਂ
ਫੁੱਲਾਂ ਦੀ ਇੱਕ ਫਸਲ ਦੇਖਦਾ ਹਾਂ
ਮੁਹੱਬਤ ਦਾ ਇੱਕ ਦਰਿਆ ਦੇਖਦਾ ਹਾਂ
ਰਸਮਾਂ ਦਾ ਕੀ ਹੈ, ਰਿਵਾਜਾਂ ਦਾ ਕੀ ਹੈ
ਜ਼ਮੀਨਾਂ ਦਾ ਕੀ ਹੈ, ਦਲਾਲਾਂ ਦਾ ਕੀ ਹੈ
ਮਿੱਟੀ ਵਿੱਚ ਰੁਲਦੇ ਬਾਲਾਂ ਦਾ ਕੀ ਹੈ
ਸੀਨੇ ਵਿੱਚ ਉਗੇ ਸਵਾਲਾਂ ਦਾ ਕੀ ਹੈ

(4)

ਮਾਂ ਤੇ ਮੋਮਬੱਤੀ
ਮੋਮਬੱਤੀ ਪਿਘਲਦੀ ਹੈ
ਮਾਂ ਵੀ ਪਿਘਲਦੀ ਹੈ
ਪਰ ਦੋਹਾਂ ਵਿਚ ਵੱਡਾ ਅੰਤਰ
ਮਾਂ ਪਿਘਲ ਕੇ ਵੀ
ਸਾਬਤ-ਸਬੂਤੀ ਰਹਿੰਦੀ
ਜਦੋਂ ਕਿ ਮੋਮਬੱਤੀ
ਪਿਘਲ ਕੇ ਢਲ ਜਾਂਦੀ
ਜ਼ਰ੍ਹਾ ਮਾਤਰ ਰਹਿ ਜਾਂਦੀ ਉਸ ਦੀ ਹੋਂਦ
ਲੇਕਿਨ ਮਾਂ...
ਢਲਦੀ ਉਮਰ 'ਚ ਵੀ ਨਾ ਢਲੇ
ਚੂੰਕਿ ਉਹ ਕਦੇ ਨਾ ਖੁਰਦੀ
ਮਾਂ ਕਦੇ ਨਾ ਮਰਦੀ....
ਮਾਂ ਹਮੇਸ਼ਾ ਚੇਤਿਆਂ ਵਿਚ ਤਾਜ਼ਾ ਰਹਿੰਦੀ
ਮਾਂ ਤੇ ਮੋਮਬੱਤੀ ਵਿਚ ਬੱਸ ਇਹੋ ਫਰਕ
ਪਹਿਲੀ ਬਾਹਰ ਨੂੰ ਚਾਨਣ ਵੰਡਦੀ
ਦੂਸਰੀ ਅੰਦਰ ਨੂੰ ਰੱਖੇ ਰੋਸ਼ਨ...।

—ਸੰਪਰਕ 98145-07693



# ਤੇਜਿੰਦਰ ਚੰਡਿਹੋਕ ਦੀਆਂ ਗ਼ਜ਼ਲਾਂ

(1)

ਫ਼ਿਜ਼ਾ ਵਿਚ ਜ਼ਹਿਰ ਜੋ ਘੋਲ ਰਿਹਾ ਹੈ।
ਮੌਤ ਲਈ ਉਹ ਦਰ ਖੋਲ੍ਹ ਰਿਹਾ ਹੈ।

ਭਰਦਾ ਰਿਹਾ ਸਦਾ ਸੱਚ ਦੀ ਹਾਮੀ,
ਫ਼ਿਰ ਕਿਉਂ ਮਨ ਓਹਦਾ ਡੋਲ ਰਿਹਾ ਹੈ।

ਕਰਦਾ ਹੈ ਹਮੇਸ਼ਾ ਵਾਅਦੇ ਇੰਝ,
ਜਾਪੇ ਜਿਉਂ ਝੂਠ ਬੋਲ ਰਿਹਾ ਹੈ।

ਕੌਣ ਹੈ ਉਸ ਦਾ, ਇਸ ਦੁਨੀਆ ਵਿਚ?
ਜਿਸ ਲਈ ਹਰਦਮ 'ਪਰ' ਤੋਲ ਰਿਹਾ ਹੈ।

ਉਤੋਂ ਤਾਂ ਸਭ ਨੂੰ ਖ਼ੁਸ਼ ਲਗਦਾ ਹੈ,
ਬੰਦਾ ਪਰ ਅੰਦਰੋਂ ਦੁੱਖ ਫ਼ੋਲ ਰਿਹਾ ਹੈ।

ਰਿੰਦ ਵੀ ਪੀ ਪਿਆਲਾ ਸਾਕੀ ਤੋਂ,
ਗੱਲ ਯਾਰਾਂ ਵਿਚ ਕਰ ਗੋਲ ਰਿਹਾ ਹੈ।

ਦੇਖ ਜ਼ਮਾਨੇ ਦੀ ਅੱਜ ਫਿਤਰਤ ਨੂੰ,
'ਚੰਡਿਹੋਕ' ਕਰ ਪੜਚੋਲ ਰਿਹਾ ਹੈ।

(2)

ਰਾਤ ਬੜਾ ਹੀ ਕਹਿਰ ਹੋਇਆ।
ਸੋਮਰਸ ਵੀ ਜ਼ਹਿਰ ਹੋਇਆ।

ਯਾਦ ਤਿਰੀ ਜਦ ਭਾਰੂ ਹੋਈ,
ਖ਼ਿਆਲ ਵੀ ਫ਼ਿਰ ਬਹਿਰ ਹੋਇਆ।

ਪਰਬਤਾਂ ਉਪਰ ਰਿਹਾ ਢੂੰਢਦਾ,
ਮਿਲਣਾ ਓਹਦਾ ਸ਼ਹਿਰ ਹੋਇਆ।

ਬਰਫ਼ ਦੇ ਪਰਬਤ ਪਿਘਲੇ ਜਦੋਂ,
ਢਲਕੇ ਉਹ ਹੀ ਨਹਿਰ ਹੋਇਆ।

ਲਟ-ਲਟ ਬਲਦਾ ਰਿਹਾ ਰਾਤ ਭਰ,
ਦੀਵਾ ਸੀ ਜੋ ਗਹਿਰ ਹੋਇਆ।

ਚਾਨਣ ਹੋਇਆ ਸੂਰਜ ਚੜ੍ਹੇ,
ਪਰ ਨਾ ਸਿਖ਼ਰ ਦੁਪਹਿਰ ਹੋਇਆ।

ਆਇਆ ਕਦੇ ਜੇ ਦਰ ਮੇਰੇ,
ਪਰ ਓਸ ਤੋਂ ਨਾ ਠਹਿਰ ਹੋਇਆ।

(3)

ਚੰਨ ਅਤੇ ਤਾਰਿਆਂ ਦੀ ਗੱਲ ਰਹਿਣ ਦੇ।
ਮਹਿਲਾਂ, ਚੁਬਾਰਿਆਂ ਦੀ ਗੱਲ ਰਹਿਣ ਦੇ।

ਬਹੁਤ ਹੋ ਚੁੱਕੀ ਹੁਣ, ਦਿਲ ਲਗੀ ਦੀ ਗੱਲ,
ਹੁਣ ਗੱਲ ਲੁਕਾਈ ਦੀ ਵੀ, ਕੁਝ ਕਹਿਣ ਦੇ।

ਬੰਦੇ ਨੂੰ ਘੇਰਿਆ ਲੱਖਾਂ ਮੁਸੀਬਤਾਂ,
ਮੁਸੀਬਤਾਂ ਸੰਗ, ਬੰਦੇ ਨੂੰ ਖਹਿਣ ਦੇ।

ਨਾ ਕਰ ਗੰਗਾ ਮੈਲੀ, ਕੁਝ ਹੋਸ਼ ਕਰ,
ਪਵਿੱਤਰ ਨਦੀ ਹੈ, ਪਵਿੱਤਰ ਵਹਿਣ ਦੇ।

ਬੜਾ ਚਿਰ ਰਹੇ ਮੈਖ਼ਾਨੇ 'ਚ ਭਟਕਦੇ,
ਖ਼ੁਦਾ ਦੀ ਇਬਾਦਤ 'ਚ, ਤੂੰ ਰਿੰਦ ਨੂੰ ਬਹਿਣ ਦੇ।

ਮਨੁੱਖਤਾ 'ਚ ਆਪਸੀ ਪਿਆਰ ਵਧਾਏ,
ਹੌਸਲਾ 'ਚੰਡਿਹੋਕ' ਦਾ ਨਾ ਢਹਿਣ ਦੇ।

(4)

ਮੈਂ ਤਾਂ ਦਿਲ ਦੇ ਕੈਨਵਸ ਉਪਰ, ਉਸ ਨੂੰ ਰੱਖਿਆ ਹੈ।
ਉਸ ਨੇ ਪਰ ਪਿਆਰ ਮੇਰੇ ਨੂੰ, ਹਰਪਲ ਪਰਖਿਆ ਹੈ।

ਪਤਾ ਉਸ ਨੂੰ ਵੀ ਸ਼ਮਾਂ ਨੇ, ਰਾਖ ਹੈ ਕਰ ਦੇਣਾ,
ਫਿਰ ਵੀ ਪ੍ਰਵਾਨੇ ਨੇ, ਮਜ਼ਾ ਇਸ਼ਕ ਦਾ ਚੱਖਿਆ ਹੈ।

ਛੇੜੀ ਜਦ ਵੀ ਗੱਲ ਕਿਸੇ ਨੇ ਇਸ਼ਕ ਮੁਹੱਬਤ ਦੀ,
ਮਹਿਫ਼ਲ ਵਿਚ ਯਾਰਾਂ ਦੀ ਤਦੋਂ ਹੀ ਮਸਲਾ ਭਖਿਆ ਹੈ।

ਚਾਹਵੇ ਪਾਉਣਾ ਹਰ ਕੋਈ, ਫ਼ੁੱਲ ਗੁਲਾਬਾਂ ਨੂੰ,
ਫੁੱਲਾਂ ਦੀ ਤਾਂ ਹਰਦਮ ਕਰਦਾ ਖ਼ਾਰ ਸੁਰੱਖਿਆ ਹੈ।

ਆਪਾ ਬਾਲ 'ਚੰਡਿਹੋਕ' ਨੇ, ਜੋ ਕੀਤਾ ਹੈ ਚਾਨਣ,
ਪਤਾ ਨਹੀਂ ਫ਼ਿਰ ਕਿਉਂ, ਉਹ ਚਾਨਣ ਤੋਂ ਹਰਖਿਆ ਹੈ।

(5)

ਜਿਸ ਦਾ ਹੈ ਹਮਸਾਇਆ ਦਿਲ।
ਉਸ ਦੇ ਰਾਸ ਨਾ ਆਇਆ ਦਿਲ।

ਜਿਸ 'ਤੇ ਮੇਰਾ ਆਇਆ ਦਿਲ,
ਉਹਨੇ ਬੜਾ ਰੁਲਾਇਆ ਦਿਲ।

ਵੈਰ-ਵਿਰੋਧ ਕਰਦਾ ਬੰਦਾ,
ਪਿਆਰ ਦਾ ਤ੍ਰਿਹਾਇਆ ਦਿਲ।

ਜਿਸ ਨਹੀਂ ਕੀਤੀ ਕਦਰ ਕਦੇ,
ਉਹਦੇ ਪਿੱਛੇ ਲਾਇਆ ਦਿਲ।

ਐਵੇਂ ਉਹਦੇ ਚਰਚੇ ਰਹੇ,
ਮੈਂ ਤਾਂ ਸੱਖਣਾ ਪਾਇਆ ਦਿਲ।

ਕਿਸਮਤ ਦਾ ਬਲੀ ਉਹ ਬੰਦਾ,
ਜਿਸ ਦੇ ਹਿੱਸੇ ਆਇਆ ਦਿਲ।

ਮਹਿਫ਼ਲ 'ਚੋਂ ਉੱਠ ਚਲੇ ਗਏ,
ਜਦ ਮੈਂ ਖੋਲ੍ਹ ਦਿਖਾਇਆ ਦਿਲ।

(6)

ਮੌਸਮ ਜਦ ਤੋਂ ਸੁਹਾਨਾ ਹੋ ਗਿਆ।
ਦਿਲ ਉਦੋਂ ਤੋਂ ਬੇਗਾਨਾ ਹੋ ਗਿਆ।

ਜੋ ਨਾ ਮਿਲਿਆ ਕਦੇ, ਅਸਾਨੂੰ ਫ਼ਿਰ,
ਉਸ ਨਾਲ ਕਿਉਂ, ਯਰਾਨਾ ਹੋ ਗਿਆ?

ਚਲਾ ਗਿਆ ਜਾਦੂ, ਕਦੋਂ 'ਤੇ ਕਿਵੇਂ,
ਉਸ ਦਾ ਮਿਲਣਾ, ਤਰਾਨਾ ਹੋ ਗਿਆ।

ਦਰਦ-ਏ-ਦਿਲ ਹੁੰਦਾ ਸੀ ਜੋ ਇਸ਼ਕ,
ਅੱਜ ਉਹ ਵੀ ਬੇ-ਮਾਅਨਾ ਹੋ ਗਿਆ।

ਵਫ਼ਾ ਤਾਂ ਉੱਡ ਗਈ ਕਫ਼ੂਰ ਵਾਂਗ,
ਬੇ-ਵਫ਼ਾਈ ਤਾਂ ਬਹਾਨਾ ਹੋ ਗਿਆ।

ਓਹਨਾਂ ਦਾ ਨਾ ਮਿਲਣਾ 'ਚੰਡਿਹੋਕ',
ਮੁਹੱਬਤ ਦਾ ਅਫ਼ਸਾਨਾ ਹੋ ਗਿਆ।

(7)

ਜਾਣ, ਜਾਣਗੇ ਲੋਕ ਸਾਨੂੰ, ਸਾਡੇ ਤੁਰ ਜਾਣ ਤੋਂ ਮਗਰੋਂ।
ਹੱਥ ਨਹੀਂ ਆਉਣਗੇ ਪਲ, ਸਾਡੇ ਤੁਰ ਜਾਣ ਤੋਂ ਮਗਰੋਂ।

ਨਹੀਂ ਸਮਝੇ ਜਿਹੜੇ ਅਜੇ ਤੀਕਰ, ਵਕਤ ਦੀਆਂ ਚਾਲਾਂ ਨੂੰ,
ਧੋਖਾ ਖਾਣਗੇ ਓਹ ਕਦੇ ਵੀ, ਸਾਡੇ ਤੁਰ ਜਾਣ ਤੋਂ ਮਗਰੋਂ।

ਦਿਲਾਂ ਨੂੰ ਛੱਡ ਮੰਦਰਾਂ ਵਿਚੋਂ, ਸਦਾ ਭਗਵਾਨ ਨੇ ਲਭਦੇ,
ਦਿਲਾਂ 'ਚੋਂ ਭਾਲਣਗੇ ਭਗਵਾਨ, ਸਾਡੇ ਤੁਰ ਜਾਣ ਤੋਂ ਮਗਰੋਂ।

ਬਗ਼ਾਵਤ ਕਰਕੇ ਲੁਕ ਬੈਠੇ ਨੇ, ਆਪਣੇ ਘਰਾਂ ਅੰਦਰ,
ਬੜਾ ਪਛਤਾਉਣਗੇ ਸਾਰੇ, ਸਾਡੇ ਤੁਰ ਜਾਣ ਤੋਂ ਮਗਰੋਂ।

ਮੁੱਢ ਤੋਂ ਜ਼ਾਲਮ ਨੇ ਸ਼ਾਸਕ, ਸਿਤਮ ਢਾਹ ਰਹੇ ਖ਼ਲਕਤ 'ਤੇ,
ਜਾਗਣਗੇ ਲੋਕ ਵੀ ਫਿਰ ਕਦੋਂ, ਸਾਡੇ ਤੁਰ ਜਾਣ ਤੋਂ ਮਗਰੋਂ?

ਮਨਾਂ ਅੰਦਰ ਭਰ ਕੇ ਨਫ਼ਰਤਾਂ, ਬਣਨ ਚੰਗੇ ਜੋ ਉਪਰੋਂ,
ਸੋਹਲੇ ਗਾਉਣਗੇ ਉਹ ਵੀ, ਸਾਡੇ ਤੁਰ ਜਾਣ ਤੋਂ ਮਗਰੋਂ।

ਛੱਡ ਪਰਾਂ ਰਹਿਣ ਦੇ 'ਚੰਡਿਹੋਕ', ਲੋਕਾਂ ਦੀ ਫ਼ਿਤਰਤ ਇਹੀ,
ਲੋਕ ਚੰਗਾ ਕਹਿਣਗੇ ਤੈਨੂੰ, ਸਾਡੇ ਤੁਰ ਜਾਣ ਤੋਂ ਮਗਰੋਂ।

—ਸੰਪਰਕ 95010-00224

ਸਫ਼ਾ 1 ਦੀ ਬਾਕੀ

## ਜ਼ਿੰਦਗੀ ਦੇ ਜ਼ਸ਼ਨ ਦਾ ਸਹੀ ਹੱਕਦਾਰ...

ਰਿਹਾਇਸ਼ ਦਾ ਵੀ ਪ੍ਰਬੰਧ ਹੋਵੇਗਾ। ਖਾਣ-ਪੀਣ ਦਾ ਵੀ। ਅਸੀਂ ਇਹ ਕੈਂਪ ਆਪਣੇ ਦੇਸ਼ ਭਗਤ ਵੀਰਾਂ ਨੂੰ ਵੀ ਸਮਰਪਿਤ ਕਰਾਂਗੇ। ਅਸੀਂ ਮੰਨ ਗਏ। 10 ਦਿਨਾਂ ਕੈਂਪ ਵਿੱਚ ਰੋਜ਼ ਆਏ ਹੋਏ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਅਤੇ ਨਿੱਤ ਕੋਈ ਨਵਾਂ ਨੁਕਤਾ ਸਾਂਝਾ ਕਰਦੇ। ਵਿਦਿਆਰਥੀਆਂ ਲਈ ਵੀ ਤੇ ਸਾਡੇ ਲਈ ਵੀ ਇਹ ਸੱਚਮੁੱਚ ਨਵਾਂ ਤਜਰਬਾ ਸੀ।

ਸ਼ੁਗਲੀ ਸਾਹਿਬ ਨੇ ਆਪਣੀਆਂ ਸ਼ਰਤਾਂ 'ਤੇ ਸ਼ਾਨ ਨਾਲ, ਮੜ੍ਹਕ ਨਾਲ ਤੇ ਸ਼ੁਗਲ-ਸ਼ੁਗਲ ਵਿੱਚ ਹੀ ਜ਼ਿੰਦਗੀ ਦਾ ਸਫ਼ਰ ਪੂਰਾ ਕੀਤਾ ਹੈ। ਉਹਨਾ ਦੇ ਚਲੇ ਜਾਣ ਨਾਲ ਪੈਦਾ ਹੋਏ ਖਲਾਅ ਨੂੰ ਭਰਨਾ ਨਾਮੁਮਕਿਨ ਹੈ। ਉਸ ਦੀ ਜ਼ਿੰਦਗੀ ਦਾ ਜਸ਼ਨ ਮਨਾਉਣ ਰਾਹੀਂ ਸ਼ਰਧਾਂਜਲੀ ਦੇਣ ਤੋਂ ਬਿਹਤਰ ਹੋਰ ਕੋਈ ਤਰੀਕਾ ਹੋ ਹੀ ਨਹੀਂ ਸੀ ਸਕਦਾ।ਮੈਂ ਮੇਹਰਚੰਦ ਪੋਲੀਟੈਕਨਿਕ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਆਪਣੇ ਕਾਲਜ ਦੇ ਇਸ ਪੁਰਾਣੇ ਵਿਦਿਆਰਥੀ ਐਡਵੋਕੇਟ ਸ਼ੁਗਲੀ ਨੂੰ ਉਹਨਾ ਦੀ ਸੰਪੂਰਨ ਜ਼ਿੰਦਗੀ ਦੇ ਜਸ਼ਨ ਮੌਕੇ ਖੁਸ਼ੀਆਂ ਭਰੀ ਲਾਲ ਸਲਾਮ ਆਖਦਾ ਹਾਂ।

ਆਓ, ਸਾਰੇ ਨੱਚਦੇ-ਟੱਪਦੇ ਮੰਡ ਪਰਵਾਰ ਨਾਲ ਐਡਵੋਕੇਟ ਗੁਰਮੀਤ ਸ਼ੁਗਲੀ ਦੀ ਜ਼ਿੰਦਗੀ ਦਾ ਹਿੱਸਾ ਬਣੀਏ।

*ਪ੍ਰਿੰਸੀਪਲ ਮੇਹਰਚੰਦ ਪੋਲੀਟੈਕਨਿਕ ਕਾਲਜ, ਜਲੰਧਰ*
*ਫੋਨ : 98786-15600*

ਸਫ਼ਾ 1 ਦੀ ਬਾਕੀ

## ਗੁਰਮੀਤ ਸਿੰਘ ਸ਼ੁਗਲੀ : ਇੱਕ ਅੰਦਾਜ਼ ਸੀ...

ਤੱਕ ਵੀ ਗਿਆ, ਤਾਂ ਕਿ ਸ਼ਬਦਾਂ ਦਾ ਜੰਜਾਲ ਉਨ੍ਹਾਂ ਨੂੰ ਭੰਬਲਭੂਸੇ ਵਿੱਚ ਨਾ ਪਾ ਸਕੇ । ਉਹਨੇ ਅਫਸਰਾਂ ਦੇ ਅਹੁਦੇ ਅਤੇ ਸ਼ਕਤੀਆਂ ਸਮਝਾਈਆਂ।

ਗੁਰਮੀਤ ਸਿੰਘ ਸ਼ੁਗਲੀ 'ਨਵਾਂ ਜ਼ਮਾਨਾ' ਟਰੱਸਟ ਦਾ ਸਕੱਤਰ ਸੀ। ਉਹਨੇ 'ਨਵਾਂ ਜ਼ਮਾਨਾ' ਦੇ ਸਫਿਆਂ ਨੂੰ ਆਪਣੀਆਂ ਲਿਖਤਾਂ ਨਾਲ ਲਗਾਤਾਰ ਸ਼ਿੰਗਾਰਿਆ । ਫਿਰ ਇਕੱਠੀਆਂ ਕਰਕੇ ਕਿਤਾਬਾਂ ਛਪਵਾਉਂਦਾ ਗਿਆ। ਸ਼ੁਗਲੀ ਦੀਆਂ ਰਾਜਨੀਤਕ ਟਿੱਪਣੀਆਂ ਉਹਦੀ ਰਾਜਨੀਤਕ ਸਮਝ ਨੂੰ ਨਿਖਾਰਦੀਆਂ ਹਨ । ਉਹਨੇ ਆਪਣੀ ਪੜਚੋਲੀਆ ਪਹੁੰਚ ਨੂੰ ਸਹਿਜ ਰੂਪ ਵਿੱਚ ਪੇਸ਼ ਕੀਤਾ । ਉਹ ਪੱਕਾ-ਪੀਡਾ ਕਮਿਊਨਿਸਟ ਕਾਰਕੁਨ ਸੀ । ਕਮਿਊਨਿਸਟ ਲਹਿਰ ਅਤੇ ਕਮਿਊਨਿਸਟ ਲੀਡਰਾਂ ਬਾਰੇ ਕੋਈ ਸਖ਼ਤ ਟਿੱਪਣੀ ਕਰਨ ਤੋਂ ਗੁਰੇਜ਼ ਕਰਦਾ ਸੀ । ਦਲੀਲ ਨਾਲ ਗੱਲ ਕਹਿੰਦਾ ਸੀ । ਔਰਤਾਂ ਦੇ ਸੰਘਰਸ਼ ਅਤੇ ਅਧਿਕਾਰ ਦਾ ਅਲੰਬਰਦਾਰ ਸੀ । ਸ਼ੁਗਲੀ ਦਾ ਇਹ ਪੱਖ ਉਹਦੇ ਅੰਦਰੋਂ ਉਸ ਸਮੇਂ ਉੱਛਲਿਆ, ਜਦੋਂ ਉਹਨੇ ਆਪਣੀ ਇੱਕ ਪੁਸਤਕ ਵਿੱਚ ਫੋਟੋਆਂ ਸਮੇਤ ਪਿੰਡ ਦੀਆਂ ਧੀਆਂ ਦੀਆਂ ਪ੍ਰਾਪਤੀਆਂ ਦਰਜ ਕੀਤੀਆਂ ।

ਸ਼ੁਗਲੀ ਦੁਖੀ ਸੀ ਕਿ ਉਹਦਾ ਪਿੰਡ 'ਸਵਰਗ' ਦੀ ਭਾਲ ਵਿੱਚ ਐੱਨ ਆਰ ਆਈ ਹੋ ਗਿਆ ਹੈ, ਪਰ ਪ੍ਰਵਾਸੀ 'ਸਵਰਗ' ਦੀ ਭਾਲ ਵਿੱਚ ਉਹਦੇ ਪਿੰਡ ਆ ਗਏ ਹਨ, ਐੱਨ ਆਰ ਆਈਜ਼ ਦੇ ਬਜ਼ੁਰਗਾਂ ਦੀ ਸਾਂਭ-ਸੰਭਾਲ ਕਰਦੇ ਹਨ। ਸ਼ੁਗਲੀ ਦੁਖੀ ਹੈ ਕਿ ਉਹਦੇ ਪਿੰਡ ਦੀ ਜੱਦੀ ਵਸੋਂ ਦੇ ਬੱਚੇ ਬੱਸਾਂ ਵਿੱਚ ਬੈਠ ਕੇ ਸ਼ਹਿਰ ਪੜ੍ਹਨ ਜਾਂਦੇ ਹਨ, ਪਰ ਉਹ ਖ਼ੁਸ਼ ਹੈ ਕਿ ਪ੍ਰਵਾਸੀਆਂ ਦੇ ਬੱਚੇ ਪਿੰਡ ਦੇ ਸਕੂਲ ਵਿੱਚ ਪੰਜਾਬੀ ਪੜ੍ਹਦੇ ਹਨ, ਜੂੜੇ ਰੱਖ ਲਏ ਹਨ, ਪੱਗਾਂ ਬੰਨ੍ਹਦੇ ਹਨ ।

ਬੇਸ਼ੁਮਾਰ ਹੈ, ਜੋ ਗੁਰਮੀਤ ਸਿੰਘ ਸ਼ੁਗਲੀ ਬਾਰੇ ਕਿਹਾ ਜਾ ਸਕਦਾ ਹੈ, ਪਰ ਉਹਦੀ ਇੱਕ ਗੱਲ ਵਧੇਰੇ ਧਿਆਨਯੋਗ ਹੈ ਕਿ ਹਰ ਬੰਦਾ ਦੂਜੇ ਬੰਦੇ ਤੋਂ ਸਿੱਖਦਾ ਹੈ।

ਮੋਬਾ. 94172-70411

ਸਫ਼ਾ 1 ਦੀ ਬਾਕੀ

## ਗੁਰਮੀਤ ਸਿੰਘ ਸ਼ੁਗਲੀ ਜੀ ਦਾ ਜੀਵਨ ਅਧਿਆਇ...

ਮੈਡੀਕਲ ਤੇ ਕਰਾਇਆ ਨਹੀਂ। ਜੱਜ ਕਹਿੰਦਾ, ਸ਼ੁਗਲੀ ਜੀ ਇਹ ਤਾਂ ਤੁਹਾਡੀ ਗੱਲ ਠੀਕ ਹੈ। ਜੱਜ ਨੇ ਦੋਸ਼ੀ ਨੂੰ ਬਰੀ ਕਰ ਦਿੱਤਾ। ਸ਼ੁਗਲੀ ਜੱਜ ਨੂੰ ਕਹਿੰਦਾ, ਉਂਝ ਮੈਂ ਗੈਰ-ਕਾਨੂੰਨੀ ਦਾਰੂ ਕੱਢਣ ਦੇ ਹੱਕ ਵਿੱਚ ਨਹੀਂ ਹਾਂ।'

ਗੁਰਮੀਤ ਸਿੰਘ ਸ਼ੁਗਲੀ ਦੀ ਜ਼ੁਬਾਨੀ ਇੱਕ ਵਾਰ ਕਿਸੇ ਵਕੀਲ ਨੇ ਜੱਜ ਨੂੰ ਜਾਤੀ ਸੂਚਕ ਸ਼ਬਦ ਬੋਲ ਦਿੱਤਾ। ਜੱਜ ਨੇ ਉਸ ਵਕੀਲ ਦੀਆਂ ਸੇਵਾਵਾਂ ਬੰਦ ਕਰ ਦਿੱਤੀਆਂ। ਵਕੀਲਾਂ ਨੇ ਹੜਤਾਲ ਕਰ ਦਿੱਤੀ। ਵਕੀਲ, ਉੱਚ ਪਾਏ ਦੇ ਵਕੀਲ ਦਰਬਾਰਾ ਸਿੰਘ ਢਿੱਲੋਂ ਜੋ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਰਹੇ ਸਨ, ਉਨ੍ਹਾਂ ਦੀ ਅਗਵਾਈ ਹੇਠ ਜੱਜ ਨੂੰ ਮਿਲਣ ਗਏ, ਪਰ ਜੱਜ ਟੱਸ ਤੋਂ ਮੱਸ ਨਾ ਹੋਵੇ। ਜੱਜ ਤੋਂ ਬੋਲਣ ਦੀ ਇਜਾਜ਼ਤ ਲੈ ਕੇ ਗੁਰਮੀਤ ਸ਼ੁਗਲੀ ਬੋਲਿਆ, 'ਮੈਂ ਛੋਟੀ ਜ਼ਾਤ ਨਾਲ ਸੰਬੰਧ ਰੱਖਦਾ ਹਾਂ। ਜੱਜ ਆਖਦਾ ਠੀਕ ਹੈ। ਮੈਂ ਕਿਹਾ ਜੱਜ ਸਾਹਿਬ ਜੇ ਮੈਂ ਤੁਹਾਨੂੰ ਛੋਟੀ ਜਾਤ ਦਾ ਵਿਅਕਤੀ ਆਖ ਦਿਆਂ ਤੇ ਫਿਰ ਤੁਹਾਡੀ ਜ਼ਾਤ ਬਦਲ ਜਾਵੇਗੀ। ਮੈਂ ਆਪਣੇ ਆਪ ਨੂੰ ਛੋਟੀ ਜ਼ਾਤ ਦਾ ਕਿਹਾ ਕੀ ਮੇਰੀ ਜ਼ਾਤ ਬਦਲ ਗਈ ਹੈ। ਜੱਜ ਆਖਦਾ ਨਹੀਂ। ਇਸ ਲਈ ਜੱਜ ਸਾਹਿਬ ਬੇਨਤੀ ਹੈ ਕਿ ਕਿਸੇ ਦੀ ਜ਼ਾਤ ਨੌਲਣਾ ਗ਼ਲਤ ਹੈ, ਪਰ ਇਸ ਨਾਲ ਜ਼ਾਤ ਨਹੀਂ ਬਦਲਦੀ। ਜੇ ਜ਼ਾਤ ਨਹੀਂ ਬਦਲਦੀ, ਫਿਰ ਝਗੜਾ ਕਾਹਦਾ ਹੈ। ਜੱਜ ਸਮਝ ਗਿਆ ਤੇ ਉਸ ਨੇ ਵਕੀਲ ਨੂੰ ਮੁਆਫ਼ ਕਰ ਦਿੱਤਾ ਅਤੇ ਹੜਤਾਲ ਖਤਮ ਹੋ ਗਈ।'

ਗੁਰਮੀਤ ਸਿੰਘ ਸ਼ੁਗਲੀ ਦਾ ਵਿਆਹ 1968 ਵਿੱਚ ਮਹਿੰਦਰ ਕੌਰ ਵਸਨੀਕ ਪਿੰਡ ਦੌਲਤਪੁਰ ਨੇੜੇ ਕਿਸ਼ਨਗੜ੍ਹ ਨਾਲ ਹੋਇਆ ਸੀ। ਮਹਿੰਦਰ ਕੌਰ ਮਹਾਨ ਸੁਤੰਤਰਤਾ ਸੰਗਰਾਮੀ ਬੱਬਰ ਸੁਰੈਣ ਸਿੰਘ ਦੀ ਧੀ ਹੈ। ਸੁਰੈਣ ਸਿੰਘ ਨੂੰ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੌਰਾਨ ਉਮਰ ਕੈਦ ਤੇ ਜਾਇਦਾਦ ਜ਼ਬਤ ਦੀ ਸਖ਼ਤ ਸਜ਼ਾ ਹੋਈ ਸੀ। ਗੁਰਮੀਤ ਸ਼ੁਗਲੀ ਦੇ ਦੋ ਪੁੱਤਰ ਰਜਿੰਦਰ ਮੰਡ ਐਡਵੋਕੇਟ ਅਤੇ ਰਮਨਜੀਤ ਮੰਡ ਐਡਵੋਕੇਟ ਹਨ। ਰਮਨਜੀਤ ਅਮਰੀਕਾ ਵਿੱਚ ਵੱਸਿਆ ਹੋਇਆ ਹੈ। ਉਸ ਦੇ ਕੋਲ ਹੀ ਗੁਰਮੀਤ ਸ਼ੁਗਲੀ ਗਏ ਹੋਏ ਸਨ ਤੇ ਉਥੇ ਹਾਰਟ ਅਟੈਕ ਨਾਲ ਉਨ੍ਹਾਂ ਦੀ ਮੌਤ ਹੋ ਗਈ। ਰਜਿੰਦਰ ਮੰਡ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਵੀ ਮੈਂਬਰ ਹਨ।

ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਅਖਬਾਰ ਵਿੱਚ ਲੋਕਾਂ ਨੂੰ ਕਾਨੂੰਨ ਦੀ ਜਾਣਕਾਰੀ ਦੇਣ ਲਈ 76 ਦੇ ਕਰੀਬ ਆਰਟੀਕਲ ਲਿਖੇ ਹਨ। ਨਵਾਂ ਜ਼ਮਾਨਾ 'ਐਤਵਾਰਤਾ' ਵਿੱਚ ਵੀ ਉਨ੍ਹਾਂ ਦੀਆਂ 125 ਦੇ ਕਰੀਬ ਲਿਖਤਾਂ ਆਈਆਂ ਹਨ। ਸ਼ੁਗਲੀ ਨੇ ਪੁਸਤਕਾਂ ਵੀ ਆਪਣੇ ਪਾਠਕਾਂ ਦੀ ਝੋਲੀ ਪਾਈਆਂ ਹਨ। ਉਨ੍ਹਾਂ ਦਾ ਲਿਖਣ ਦਾ ਕੰਮ ਚੱਲ ਰਿਹਾ ਸੀ, ਪਰ ਮੌਤ ਨੇ ਕਲਮ ਰੋਕ ਦਿੱਤੀ।

ਗੁਰਮੀਤ ਸ਼ੁਗਲੀ ਦੇ ਪਰਵਾਰ ਦਾ ਘਰ ਕਮਿਊਨਿਸਟਾਂ ਦਾ ਅੱਡਾ ਸੀ। ਇਸ ਘਰ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ, ਆਈ ਕੇ ਗੁਜਰਾਲ ਪ੍ਰਧਾਨ ਮੰਤਰੀ, ਜਗਜੀਤ ਸਿੰਘ ਆਨੰਦ, ਅਵਤਾਰ ਸਿੰਘ ਮਲਹੋਤਰਾ, ਕਾਮਰੇਡ ਕੁਲਵੰਤ ਸਿੰਘ ਐੱਮ ਐੱਲ ਏ ਅਤੇ ਚੈਨ ਸਿੰਘ ਚੈਨ ਸੀ ਪੀ ਆਈ ਦੇ ਮੈਂਬਰਾਂ ਤੇ ਹਮਦਰਦਾਂ ਦੀ ਮਾਰਕਸਵਾਦ, ਇਤਿਹਾਸ ਅਤੇ ਮਨੁੱਖ ਦਾ ਭਵਿੱਖ ਖੁਸ਼ਹਾਲ ਬਣਾਉਣ ਲਈ ਕਲਾਸਾਂ ਲਾਉਂਦੇ ਰਹੇ ਸਨ। ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਜੋ ਗਿਆਨ ਦਾ ਧਨੀ ਸਨ, ਉਨ੍ਹਾਂ ਦੀ 5 ਜੂਨ 2025 ਨੂੰ ਵੀਰਵਾਰ ਸਵੇਰੇ ਨਿਊਯਾਰਕ ਵਿੱਚ ਮੌਤ ਹੋ ਗਈ। ਉਨ੍ਹਾਂ ਨੂੰ ਹਾਰਦਿਕ ਸ਼ਰਧਾਂਜਲੀ ਅਰਪਿਤ ਕੀਤੀ ਜਾਂਦੀ ਹੈ।

ਫੋਨ-98760-78731

ਸਫ਼ਾ 1 ਦੀ ਬਾਕੀ

## ਭਰਾ, ਦੋਸਤ, ਅਧਿਆਪਕ, ਚਾਚਾ...

ਬਣ ਚੁੱਕੇ ਸਨ। ਹੈੱਡਮਾਸਟਰ ਸੋਹਣ ਸਿੰਘ ਅਤੇ ਕਾਮਰੇਡ ਰਤਨ ਸਿੰਘ ਦੌਲੀਕੇ ਤੋਂ ਚਾਚਾ ਜੀ ਨੂੰ ਕਮਿਊਨਿਸਟ ਵਿਚਾਰਧਾਰਾ ਦਾ ਲੱਗਾ ਜਾਗ ਹੁਣ ਤੱਕ ਗਾੜ੍ਹੇ ਦਹੀਂ ਵਿਚ ਵਟ ਚੁੱਕਾ ਸੀ। ਆਪਣੇ ਇਲਾਕੇ ਵਿਚ ਸ਼ੁਗਲੀ ਦਾ ਸ਼ੁਮਾਰ ਪਾਰਟੀ ਦੇ ਉੱਘੇ ਲੀਡਰਾਂ ਵਿਚ ਹੋਣ ਲੱਗਾ ਸੀ। ਉਨ੍ਹਾਂ ਦੇ ਦੋਵੇਂ ਪੁੱਤਰ ਰਾਜਿੰਦਰ ਮੰਡ ਤੇ ਰਮਨਜੀਤ ਮੰਡ ਵਕੀਲ ਬਣ ਚੁੱਕੇ ਸਨ, ਕਮਿਊਨਿਸਟ ਪਾਰਟੀ ਵਿਚ ਆਪੋ ਆਪਣਾ ਕੱਦ ਬਣਾ ਚੁੱਕੇ ਸਨ। ਸੰਨ 1999 ਵਿਚ ਜਦੋਂ ਮੈਂ ਅਮਰੀਕਾ ਤੋਂ ਮੁੜਿਆ, ਤਾਂ ਚਾਚਾ ਜੀ ਦਾ ਘਰ ਮੇਰੀ ਰਿਹਾਇਸ਼ ਦਾ ਟਿਕਾਣਾ ਬਣਿਆ। ਚਾਚਾ ਜੀ ਨਾਲ ਰਲ ਕੇ ਅਸੀਂ ਚੌਵੀ ਘੰਟੇ ਦੀ ਬਿਜਲੀ ਸਪਲਾਈ ਲਈ ਪਿੰਡ ਵਿਚੋਂ ਪੈਸੇ ਇਕੱਠੇ ਕਰਕੇ ਅਦਾ ਕੀਤੇ, ਦਲਿਤਾਂ ਦੀ ਸ਼ਮਸ਼ਾਨ ਦੀ ਸਫਾਈ ਕਰਵਾ ਕੇ ਸ਼ੈੱਡ ਬਣਵਾਈ, ਬੈਂਚ ਬਣਵਾਏ, ਬੈਡਮਿੰਟਨ ਦੀ ਗਰਾਊਂਡ ਬਣਵਾਈ, ਫੁੱਲ ਬੂਟੇ ਲਗਵਾਏ। ਪਿੰਡ ਦੇ ਨੌਜਵਾਨਾਂ ਨੂੰ ਨਾਲ ਲੈ ਕੇ ਅਸੀਂ 17-18 ਜਣੇ ਇਕੱਠੇ ਹੋ ਕੇ ਸਵੇਰ ਦੀ ਸੈਰ ਨੂੰ ਜਾਂਦੇ ਅਤੇ ਉਸਾਰੂ ਸੋਚ ਦੀਆਂ ਗੱਲਾਂ-ਬਾਤਾਂ ਕਰਦੇ। ਉਨ੍ਹਾਂ ਦੇ ਨਾਲ ਮੈਂ ਕਚਹਿਰੀਆਂ ਵਿਚ ਜਾਂਦਾ, ਤਾਂ ਉਹ ਵੱਡੇ-ਵੱਡੇ ਵਕੀਲਾਂ ਨਾਲ ਮੇਰੀ ਮੁਲਾਕਾਤ ਹੁੱਬ-ਹੁੱਬ ਕੇ ਕਰਵਾਂਦੇ। ਅਸੀਂ ਦੋਵੇਂ ਨਵਾਂ ਜ਼ਮਾਨਾ ਦੇ ਵੀ ਟਰੱਸਟੀ ਸਾਂ ਅਤੇ ਰਤਨ ਸਿੰਘ ਦੌਲੀਕੇ ਟਰੱਸਟ ਦੇ ਵੀ। ਦੋਵੀਂ ਥਾਈਂ ਅਸਾਂ ਮੋਢੇ ਨਾਲ ਮੋਢਾ ਡਾਹ ਕੇ ਕੰਮ ਕੀਤਾ। ਜਦੋਂ ਮੈਂ ਨਵਾਂ ਜ਼ਮਾਨਾ ਦੇ ਪ੍ਰਬੰਧਕੀ ਇੰਚਾਰਜ ਵਜੋਂ ਕੰਮ ਕਰਨ ਲੱਗਾ ਤਾਂ ਬਤੌਰ ਟਰੱਸਟੀ ਉਨ੍ਹਾਂ ਨੇ ਨਵਾਂ ਜ਼ਮਾਨਾ ਦੀ ਬਿਹਤਰੀ ਲਈ ਵਧ-ਚੜ੍ਹ ਕੇ ਯੋਗਦਾਨ ਪਾਇਆ। ਜਦੋਂ ਉਹ ਟਰੱਸਟ ਦੇ ਸੈਕਟਰੀ ਬਣ ਗਏ, ਤਾਂ ਪ੍ਰਬੰਧਕੀ ਮਾਮਲਿਆਂ ਦਾ ਬਹੁਤਾ ਭਾਰ ਉਨ੍ਹਾਂ ਦੇ ਮੋਢਿਆਂ ਉੱਤੇ ਹੀ ਆ ਪਿਆ, ਜਿਸ ਨੂੰ ਉਹ ਆਪਣੇ ਆਖਰੀ ਸੁਆਸਾਂ ਤੱਕ ਬਾਕਾਇਦਾ ਨਿਭਾਉਂਦੇ ਰਹੇ।

ਇਸੇ ਦੌਰਾਨ ਚਾਚਾ ਜੀ ਨੇ ਉਹ ਕਾਰਜ ਆਰੰਭਿਆ, ਜਿਹੜਾ ਮੇਰੀ ਜਾਚੇ ਸਭ ਤੋਂ ਵੱਧ ਮਹੱਤਵਪੂਰਨ ਹੈ, ਤੇ ਉਹ ਹੈ ਉਨ੍ਹਾਂ ਦੀਆਂ ਲਿਖਤਾਂ। ਪਹਿਲਾਂ ਕਾਨੂੰਨੀ ਨੁਕਤਿਆਂ ਬਾਰੇ ਨਿੱਕੇ-ਨਿੱਕੇ ਲੇਖ ਲਿਖੇ, ਤੇ ਫੇਰ ਚਲੰਤ ਮਾਮਲਿਆਂ ਬਾਰੇ ਸਥਾਈ ਕਾਲਮ। ਆਪਣੇ ਪਿੰਡ ਬਾਰੇ ਵੀ ਕਿਤਾਬ ਲਿਖੀ ਤੇ ਸਵਰਗ-ਨਰਕ ਦੇ ਸੰਕਲਪ ਬਾਰੇ ਵੀ ਪੂਰੀ ਕਿਤਾਬ। ਪਿਛਲੇ ਕੁਝ ਸਾਲਾਂ ਤੋਂ ਸਿਵਾਏ ਲਿਖਣ ਦੇ ਉਨ੍ਹਾ ਨੂੰ ਹੋਰ ਕੁਝ ਸੁਝਦਾ ਹੀ ਨਹੀਂ ਸੀ। ਸੱਚਾਈ ਤਾਂ ਇਹ ਹੈ ਕਿ ਜਦੋਂ ਵੀ ਚਾਚਾ ਜੀ ਕੁਝ ਕਰਨ ਦੀ ਧਾਰ ਲੈਂਦੇ, ਤਾਂ ਉਸ ਨੂੰ ਨੇਪਰੇ ਚੜ੍ਹਾਉਣ ਲਈ ਹਰ ਹੀਲਾ ਜੁਟਾ ਲੈਂਦੇ। ਤੇ ਇਸ ਸਭ ਕਾਸੇ ਵਿਚ ਚੱਟਾਨ ਵਾਂਗ ਉਨ੍ਹਾਂ ਦੇ ਨਾਲ ਖੜ੍ਹੀ ਰਹਿੰਦੀ ਸਾਡੀ ਚਾਚੀ ਮਹਿੰਦਰ ਕੌਰ, ਬੱਬਰ ਸੁਰੈਣ ਸਿੰਘ ਦੀ ਉਹ ਧੀ, ਜਿਸ ਨੂੰ ਆਪਣੇ ਬਚਪਨ ਤੋਂ ਹੀ ਮੈਂ ਭੈਣ ਸੱਦਦਾ ਸਾਂ। ਚਾਚੇ ਨਾਲ ਵਿਆਹ ਤੋਂ ਬਾਅਦ ਕਈ ਸਾਲ ਲੱਗੇ ਭੈਣ ਤੋਂ ਚਾਚੀ-ਭੈਣ ਤੇ ਫਿਰ ਚਾਚੀ ਬਣਨ ਨੂੰ! ਉਹ ਚਾਚੀ, ਜਿਸ ਨੂੰ ਸਰਪੰਚ ਬਣਾਉਣ ਦੀ ਚਾਚਾ ਜੀ ਨੇ ਧਾਰ ਲਈ, ਤਾਂ ਬਣਾ ਕੇ ਹੀ ਹਟੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਕੁਝ ਕੁ ਵਰ੍ਹਿਆਂ ਦੌਰਾਨ ਪੂਰੇ ਪੰਜਾਬੀ ਪਾਠਕ ਵਰਗ ਵਿਚ ਸ਼ੁਗਲੀ ਸਾਹਿਬ ਨੇ ਆਪਣੀ ਇਕ ਵੱਖਰੀ ਪਛਾਣ ਬਣਾ ਲਈ ਸੀ। ਸ਼ੁਗਲੀ ਦੇ ਉਪਾਸ਼ਕਾਂ ਨੂੰ ਢੇਰ ਸਾਰੀਆਂ ਹੋਰ, ਨਵੀਆਂ ਨਕੋਰ ਲਿਖਤਾਂ ਦੀ ਉਡੀਕ ਸੀ, ਪਰ ਅਫਸੋਸ ਕਿ ਇਹ ਸਿਲਸਿਲਾ ਤੜੱਕ ਕਰਕੇ ਟੁੱਟ ਗਿਆ! ਘੁੱਟ ਕੇ ਫੜੀ ਡੋਰ ਉਨ੍ਹਾਂ ਦੀ ਮੁੱਠੀ ਵਿਚ ਹੀ ਘੁੱਟੀ ਰਹਿ ਗਈ ਤੇ ਪਤੰਗ ਬੋਅ-ਕਾਟੋ ਹੋ ਕੇ, ਔਹ ਗਿਆ ਕਿ ਔਹ ਗਿਆ!

ਲਘੂ ਕਹਾਣੀ

# ਸਰਪ੍ਰਾਈਜ਼

ਹਰੀ ਕ੍ਰਿਸ਼ਨ ਮਾਇਰ

ਭੱਠੀ ਉੱਪਰ ਉੱਠਦਾ ਧੂੰਆਂ ਅੱਖਾਂ 'ਚ ਚੁੱਭ ਰਿਹਾ ਸੀ।ਰਾਖ਼ ਦੇ ਕਣ ਹਵਾ ਵਿਚ ਉੱਡਦੇ, ਨੇੜੇ ਉੱਡਦੀ ਬਦਲੋਟੀ ਵਿੱਚ ਸਮਾਈ ਜਾਂਦੇ।

ਜੈਅ ਖਾਣਾ ਧੂੰਆਂ ਪਿੰਡੇ 'ਤੇ ਖੁਰਕ ਪਾਉਂਦਾ ਅਤੇ ਨੱਕ 'ਚ ਤੇਜ਼ਾਬ ਵਾਂਗੂੰ ਲੜਦਾ।ਸਾਹ ਮਰੋੜੀ ਜਾਂਦਾ। ਪਿੰਕੀ ਦੀ ਮਾਂ ਬੋਲੀ।

ਪਾਪਾ ਕਦੋਂ ਆਉਣਗੇ? ਪਿੰਕੀ ਨੇ ਪੁੱਛਿਆ।

ਰਾਹ ਵਿੱਚ ਹੀ ਹੋਣਾ। ਮਾਂ ਨੇ ਕਿਹਾ।

ਟਾਂਵਾਂ-ਟਾਂਵਾਂ ਬੰਦਾ ਗਲੀ ਵਿੱਚ ਤੁਰਦਾ-ਫਿਰਦਾ ਦੀਂਹਦਾ ਸੀ।ਉਦੋਂ ਹੀ ਪਿੰਕੀ ਦੇ ਪਾਪਾ ਦਾ ਸਾਈਕਲ ਘਰ ਦੀ ਦਹਿਲੀਜ਼ ਅੰਦਰ ਦਾਖ਼ਲ ਹੋਇਆ।ਉਸ ਨੇ ਮੂੰਹ ਸਿਰ ਕੱਪੜੇ ਨਾਲ ਲਪੇਟਿਆ ਹੋਇਆ ਸੀ।ਬਰਾਂਡੇ ਵਿੱਚ ਕੱਪੜੇ ਉਤਾਰ ਕੇ ਉਹ ਗੁਸਲਖਾਨੇ 'ਚ ਜਾ ਵੜਿਆ।ਪਿੰਕੀ ਪਾਪਾ ਨੂੰ ਉਡੀਕ ਰਹੀ ਸੀ।ਮੂੰਹ ਹੱਥ ਧੋ ਕੇ ਗ਼ੁਸਲਖ਼ਾਨਿਓਂ ਬਾਹਰ ਆਉਂਦੇ ਸਾਰ ਪਿੰਕੀ ਉਸ ਨੂੰ ਬੋਲੀ, ਧੂੰਏਂ 'ਚ ਕੰਮ ਕਰਦਿਆਂ ਥੋੜਾ ਦਮ ਨਹੀਂ ਘੁਟਦਾ, ਪਾਪਾ?

ਘੁਟਦਾ ਹੈ ਪੁੱਤ। ਕੰਮ ਵਿੱਚੋਂ ਹੀ ਰੋਟੀ ਮਿਲਦੀ ਆ ਪੁੱਤ ?

ਧੂੰਆਂ ਘਰਾਂ ਬੈਠੇ ਸਾਡੀਆਂ ਅੱਖਾਂ ਨੂੰ ਖਾਂਦਾ।ਸਾਹ ਨੂੰ ਨਪੀੜਦਾ।ਤੁਸੀਂ ਧੂੰਏਂ ਵਿੱਚ ਦਿਨ ਭਰ ਕੰਮ ਕਰਦੇ ਹੋ।ਸਰੀਰ ਅੰਦਰ ਵੜ ਕੇ ਧੂੰਆਂ ਕਿਤੇ ਭਲੀ ਗੁਜ਼ਾਰਦਾ ਹੋਊ ?

ਜਿੱਥੇ ਮੈਂ ਕੰਮ ਕਰਦਾਂ, ਉੱਥੇ ਇਲੈਕਟ੍ਰਾਨਿਕ ਕਚਰੇ ਦੀਆਂ ਵਰਕਸ਼ਾਪਾਂ ਵਿੱਚ ਭੱਠੀਆਂ ਮਘਦੀਆਂ ਰਹਿੰਦੀਆਂ ਹਨ ।ਬੇਰੋਕ ਕੂੜਾ ਬਲਦਾ ਹੈ। ਜ਼ਹਿਰੀ ਕਣ, ਰਸਾਇਣ, ਮਾਰੂ ਗੈਸਾਂ ਹਵਾ ਵਿਚ ਜਾ ਰਲਦੀਆਂ ਹਨ।ਜ਼ਹਿਰਾਂ ਨੇ ਸਾਡੇ ਪੂਰੇ ਸ਼ਹਿਰ ਨੂੰ ਧੁੰਦ ਨਾਲ ਢਕਿਆ ਹੋਇਆ ਹੈ।ਘਰ-ਘਰ ਰੋਗੀਆਂ ਮੰਜੇ ਮੱਲੇ ਹੋਏ ਨੇ। ਬਾਪੂ ਬੋਲਣ ਦੌਰਾਨ ਖੰਘਦਾ ਹੈ।ਉਸ ਨੂੰ ਹੁੱਥੂ ਆ ਜਾਂਦਾ ਹੈ।ਪਿੰਕੀ ਜਲਦੀ ਨਾਲ ਪਾਣੀ ਦਾ ਗਲਾਸ ਉਸ ਦੇ ਮੂੰਹ ਨੂੰ ਲਾਉਂਦੀ ਹੈ, ਪਰ ਖੰਗ ਨੇ ਉਸ ਦਾ ਚਿਹਰਾ ਸੂਹਾ ਲਾਲ ਕਰ ਦਿੱਤਾ ਹੈ।ਗਲੇ ਦੀਆਂ ਨਸਾਂ ਖਿੱਚੀਆਂ ਜਾਂਦੀਆਂ ਹਨ।ਪਿੰਕੀ ਦੀ ਮਾਂ ਉਸ ਦੇ ਸਿਰ੍ਹਾਣੇ ਆ ਖੜਦੀ ਹੈ।ਡਰ ਉਸ ਦੇ ਚਿਹਰੇ ਤੋਂ ਸਾਫ਼ ਦਿਖਾਈ ਦੇ ਰਿਹਾ ਹੈ।

ਜੈ ਖਾਣੀ ਵਰਕਸ਼ਾਪ ਤੋਂ ਰੋਟੀ ਦੇ ਨਾਲ-ਨਾਲ ਤੈਨੂੰ ਕੋਈ ਰੋਗ ਨਾ ਚਿੰਬੜ ਜਾਵੇ? ਮੈਨੂੰ ਤਾਂ ਤੂੰ ਦਿਨੋ-ਦਿਨ ਘਟੀ ਜਾਂਦਾ ਲੱਗਦੈਂ।

ਪਿੰਕੀ ਗਹੁ ਨਾਲ ਮਾਂ ਦਾ ਚਿੰਤਾ 'ਚ ਉਤਰਿਆ ਚਿਹਰਾ ਦੇਖ ਰਹੀ ਹੈ।

ਟੈਲੀਵਿਜ਼ਨ ਤੋਂ ਖਬਰਾਂ ਆ ਰਹੀਆਂ ਹਨ :

-ਲੋਕ ਘਰਾਂ ਤੋਂ ਬਾਹਰ ਨਾ ਨਿਕਲਣ।

-ਐਮਰਜੈਂਸੀ ਲਈ ਘਰਾਂ ਵਿੱਚ ਆਕਸੀਜਨ ਦੇ ਸਿਲੰਡਰ ਅਤੇ ਤਾਜ਼ੀ ਹਵਾ ਦੇ ਕੈਨ ਜ਼ਰੂਰ ਰੱਖ ਲਓ।

-ਪਾਣੀ ਹਫ਼ਤੇ ਜੋਗਾ ਜਮ੍ਹਾਂ ਕਰ ਲਓ।

-ਜ਼ਹਿਰੀ ਧੁੰਦ ਹਰ ਘਰ ਦੇ ਦੁਆਲੇ ਤਾਂਡਵ ਕਰ ਰਹੀ ਹੈ।

ਤਾਜ਼ੀ ਹਵਾ ਦਾ ਕੇਨ ਕੀ ਹੁੰਦਾ? ਪਿੰਕੀ ਨੇ ਮਾਂ ਨੂੰ ਪੁੱਛਿਆ।

'ਕੈਨਾਂ ਵਿਚ ਤਾਜ਼ੀ ਹਵਾ ਭਰੀ ਹੁੰਦੀ ਹੈ।ਰੋਗੀਆਂ ਨੂੰ ਸਾਹ ਲੈਣਾ ਇਸ ਨਾਲ ਸੌਖਾ ਹੋ ਜਾਂਦਾ ਹੋਊ। ਮਾਂ ਨੇ ਪਿੰਕੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।ਹੌਲੀ-ਹੌਲੀ ਮੌਸਮ ਕੁਝ ਸਾਜ਼ਗਾਰ ਹੋਇਆ ਤਾਂ ਘਰ ਦੇ ਸੌਦੇ ਲੈਣ ਲਈ ਪਿੰਕੀ ਤੇ ਉਸ ਦੀ ਮਾਂ ਗਰੌਸਰੀ ਸਟੋਰ 'ਤੇ ਆਈਆਂ ਸਨ।ਕੋਲਡ ਡਰਿੰਕ ਦੇ ਨਾਲ ਪਏ ਕੈਨਾਂ 'ਤੇ ਜਾ ਕੇ ਪਿੰਕੀ ਦੀ ਨਿਗ੍ਹਾ ਅਟਕ ਗਈ ।ਇਨ੍ਹਾ ਕੈਨਾਂ 'ਤੇ 'ਫਰੈੱਸ਼ ਏਅਰ' ਲਿਖਿਆ ਹੋਇਆ ਸੀ।ਉਸ ਨੇ ਖਾਨੇ 'ਚੋਂ ਇੱਕ ਕੈਨ ਬਾਹਰ ਕੱਢ ਕੇ ਧਿਆਨ ਨਾਲ ਪੜ੍ਹਿਆ। ਕੈਨੇਡਾ ਦੀਆਂ ਵਾਦੀਆਂ ਤੋਂ ਤਾਜ਼ੀ ਹਵਾ ਦੇ ਭਰੇ ਕੈਨ ਸਨ ਇਹ। ਉੱਪਰ ਨਾਈਟ੍ਰੋਜਨ, ਆਕਸੀਜਨ ਦੀ ਮਾਤਰਾ ਵੀ ਲਿਖੀ ਹੋਈ ਸੀ।ਹਵਾ ਭਰਨ ਦੀ ਮਿਤੀ ਤੇ ਵਰਤੋਂ ਦੀ ਆਖਰੀ ਮਿਤੀ ਵੀ ਲਿਖੀ ਹੋਈ ਸੀ।ਉਸ ਨੇ ਨੇੜੇ ਹੀ ਖੜੀ ਮੰਮੀ ਨੂੰ ਆਵਾਜ਼ ਮਾਰੀ, ਮੰਮੀ ਆਹ ਪਏ ਨੇ ਤਾਜ਼ਾ ਹਵਾ ਦੇ ਕੈਨ। ਮਾਂ ਅਣਗੌਲਿਆ ਜਿਹਾ ਕਰਕੇ ਕਹਿੰਦੀ ਹੈ, ਪਿੰਕੀ ਆਪਾਂ ਕੀ ਕਰਨੇ ਨੇ ਇਹ ਕੈਨ।

ਪਾਪਾ ਨੂੰ ਜਦ ਖੰਘਦੇ ਹੁੱਥੂ ਆ ਜਾਂਦਾ, ਉਦੋਂ ਦੇ ਦਿਆ ਕਰਾਂਗੇ।

ਬਥੇਰੀ ਤਾਜ਼ੀ ਹਵਾ ਵਗਦੀ ਪਈ ਆ। ਪੈਸੇ ਸੁੱਟਣ ਦਾ ਕੀ ਫਾਇਦਾ?

ਮਾਂ ਹਵਾ ਸਾਡੀ ਸਕੀ ਨਹੀਂ।ਜ਼ਹਿਰਾਂ ਨਾਲ ਭਰੀ ਪਈ ਹੈ।ਤਾਜ਼ੀ ਨਹੀਂ। ਪਿੰਕੀ ਬੋਲੀ। ਮੇਰੀ ਸਹੇਲੀ ਦੇ ਪਾਪਾ ਇਹੀ ਕੈਨ, ਉਸ ਦੀ ਦਾਦੀ ਲਈ ਲੈ ਕੇ ਆਏ ਸਨ। ਮਾਂ ਕੋਲ ਪਿੰਕੀ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ। ਉਸ ਨੇ ਸਰਸਰੀ ਕਿਹਾ, 'ਚੱਲ ਇੱਕ ਕੇਨ ਲੈ ਲੈਂਦੇ ਹਾਂ।' ਉਨ੍ਹਾਂ ਤਾਜ਼ੀ ਹਵਾ ਦਾ ਕੈਨ ਵੀ ਹੋਰ ਸਾਮਾਨ ਨਾਲ ਰੱਖ ਲਿਆ ਸੀ।

ਅੱਜ ਸਰਪ੍ਰਾਈਜ਼ ਦਿਆਂਗੇ ਪਾਪਾ ਨੂੰ। ਪਿੰਕੀ ਨੇ ਮਾਂ ਨੂੰ ਕਿਹਾ।

ਮਾਂ ਪਿੰਕੀ ਵੱਲ ਦੇਖ ਕੇ ਮੁਸਕਰਾਈ।ਗਰੌਸਰੀ ਲੈ ਕੇ ਉਹ ਘਰ ਆ ਗਈਆਂ ਸਨ।

ਬਾਪੂ ਅੱਜ ਕੰਮ 'ਤੇ ਨਹੀਂ ਗਿਆ ਸੀ।ਮੰਜੇ 'ਤੇ ਸੁੱਤਾ ਪਿਆ ਸੀ।ਖੰਘਦਾ ਵੀ ਨਹੀਂ ਸੀ।

ਪਿੰਕੀ ਉਠਾ ਆਪਣੇ ਬਾਪੂ ਨੂੰ ।ਆਖ ਚਾਹ ਪੀ ਲੈਣ। ਮਾਂ ਨੇ ਆਵਾਜ਼ ਮਾਰੀ।ਪਿੰਕੀ ਬਾਪੂ ਨੂੰ ਬਾਹੋਂ ਫੜ ਕੇ ਹਲੂਣਦੀ ਹੈ, ਪਰ ਬਾਪੂ ਬੋਲਦਾ ਨਹੀਂ।ਉੱਠਦਾ ਹੀ ਨਹੀਂ।

ਪਿੰਕੀ ਤਾਜ਼ੀ ਹਵਾ ਦਾ ਕੈਨ ਲਈ ਉਸ ਦੇ ਸਿਰ੍ਹਾਣੇ ਖੜੀ ਰੋ ਰਹੀ ਹੈ।

ਬਾਪੂ ਉੱਠੇ ਤਾਂ ਉਹ ਉਸ ਨੂੰ ਸਰਪ੍ਰਾਈਜ਼ ਦੇਵੇ, ਪਰ ਬਾਪੂ ...।

ਮੋਬਾਈਲ- +91 97806-67686

ਆਖਰੀ ਸਫ਼ਾ ਦੀ ਬਾਕੀ

## ਤੱਤੀ ਤਵੀ ਅਤੇ ਗੋਲੀ ਦਾ ਅੰਤਰ-ਸੰਵਾਦ ...

ਨਿੱਤ ਦਿਨ ਮੈਂ ਲੰਗਰ ਬਣਾਉਂਦੀ ਹਾਂ, ਭੁੱਖਿਆਂ ਨੂੰ ਛਕਾਉਂਦੀ ਹਾਂ, ਗੁਨਾਹਾਂ ਦਾ ਭਾਰ ਘਟਾਉਂਦੀ ਹਾਂ ਅਤੇ ਰੱਬ ਦਾ ਸ਼ੁਕਰ ਮਨਾਉਂਦੀ ਹਾਂ ਕਿ ਮੈਨੂੰ ਇਹ ਸੇਵਾ ਮਿਲੀ ਹੈ। ਵਰਨਾ ਮੈਂ ਤਾਂ ਸਾਰੀ ਉਮਰ ਤਰਾਸਦੀ ਦੀ ਜੂਨ ਹੰਢਾਉਣੀ ਸੀ। ਜਦ ਮੇਰੇ ਉੱਪਰ ਪਕਾਏ ਫੁਲਕੇ ਦੀ ਬੁਰਕੀ ਕਿਸੇ ਭੁੱਖੇ ਦੀ ਅਸੀਸ ਦਾ ਰੂਪ ਧਾਰਦੀ ਹੈ ਤਾਂ ਮੈਂ ਬੀਤੇ ਪਲਾਂ ਨੂੰ ਚਿਤਾਰਦਿਆਂ ਵੀ ਵਰਤਮਾਨ ਵਿੱਚੋਂ ਸੁਖਨ ਦੀ ਪ੍ਰਾਪਤੀ ਕਰਦੀ ਹਾਂ। ਇਹ ਗੁਰੂਘਰਾਂ ਦੀ ਦਰਿਆਦਿਲੀ ਹੀ ਹੈ ਕਿ ਮੈਂ ਮੇਰੇ ਉੱਪਰ ਬੈਠ ਕੇ ਸ਼ਹਾਦਤ ਪ੍ਰਾਪਤ ਕਰਨ ਵਾਲੇ ਗੁਰੂ ਦੇ ਗੁਰਸਿੱਖਾਂ ਨੇ ਮੈਨੂੰ ਆਪਣੇ ਗਲ ਨਾਲ ਲਾਇਆ ਹੈ। ਮੈਂ ਆਪਣਾ ਹਰ ਪਲ ਅਤੇ ਸਾਹ ਗੁਰੂ ਜੀ ਨੂੰ ਅਰਪਿਤ ਕਰ ਖੁਦ ਨੂੰ ਧੰਨਭਾਗਾ ਸਮਝਦੀ ਹਾਂ। ਅਰਦਾਸ ਕਰਦੀ ਹਾਂ ਕਿ ਸਾਰੀ ਹਯਾਤੀ ਇੰਝ ਹੀ ਗੁਰੂ ਜੀ ਦੇ ਅਕੀਦੇ ਨੂੰ ਮਨ ਵਿਚ ਵਸਾਈ ਸ਼ੁਕਰਗੁਜ਼ਾਰੀ ਵਿੱਚੋਂ ਸਾਹਾਂ ਨੂੰ ਸੰਤੋਖਦੀ ਤੁਰ ਜਾਵਾਂ।

ਤੇ ਗੋਲੀ ਨੇ ਤੱਤੀ ਤਵੀ ਨੂੰ ਬੁੱਕਲ ਵਿਚ ਲੈ ਕੇ ਕਿਹਾ ਕਿ ਆ ਆਪਾਂ ਦੋਵੇਂ ਅਰਦਾਸ ਕਰੀਏ ਕਿ ਕਦੇ ਵੀ ਕਾਲੇ ਪਹਿਰਾਂ ਅਤੇ ਤੱਤੀਆਂ ਹਵਾਵਾਂ ਦੀ ਰੁੱਤ ਵਕਤ ਦੇ ਵਿਹੜੇ ਦਸਤਕ ਨਾ ਦੇਵੇ, ਸਗੋਂ ਇਸ ਦੇ ਚੌਗਿਰਦੇ ਵਿਚ ਮਹਿਕੀਲੀਆਂ ਰੁੱਤਾਂ ਅਤੇ ਠੰਢੜੀਆਂ ਪੌਣਾਂ ਦਾ ਸੁਰ-ਸੰਗੀਤ ਵੱਜਦਾ ਰਹੇ। ਗੁਰਬਾਣੀ ਦੀ ਨਿਰੰਤਰਤਾ ਮਨ-ਰੂਹਾਂ ਵਿਚ ਵਿਸਮਾਦ ਅਤੇ ਵਜਦ ਪੈਦਾ ਕਰਦੀ ਰਹੇ। ਲੋਹ-ਲੰਗਰ ਸਦਾ ਚੱਲਦਾ ਰਹੇ ਅਤੇ ਅਰਜੋਈਆਂ ਕਰਦੇ ਹਰ ਲੋੜਵੰਦ ਦੀਆਂ ਅਰਦਾਸਾਂ ਪੂਰੀਆਂ ਹੁੰਦੀਆਂ ਰਹਿਣ। ਜੀਣ ਦੀ ਆਰਜਾ ਰਹਿਬਰੀ ਨਿਆਮਤਾਂ ਸੰਗ ਭਰਪੂਰ ਹੋ, ਸਮੁੱਚੀ ਮਾਨਵਤਾ ਦੀ ਸਦੀਵਤਾ ਦੀ ਹਾਮੀ ਭਰਦੀ ਰਹੇ। ਮਨ ਵਿਚ ਕਦੇ ਵੀ ਨਫਰਤ, ਈਰਖਾ, ਦਵੈਤ ਜਾਂ ਖੌਫ ਦਾ ਧੁੰਦੂਕਾਰਾ ਨਾ ਹੋਵੇ। ਹਰ ਹੋਠ 'ਤੇ ਸ਼ੁਕਰਾਨੇ ਦਾ ਨਾਦ ਗੂੰਜਦਾ ਰਹੇ ਅਤੇ ਸਰਬੱਤ ਦੇ ਭਲੇ ਦੇ ਬੋਲਬਾਲੇ ਗੁਣਗੁਣਾਉਂਦੇ ਰਹਿਣ।

ਇਹ ਸੁਣਦਿਆਂ ਹੀ ਮੇਰੀ ਅੱਖ ਖੁੱਲ੍ਹ ਗਈ। ਮੈਂ ਸੋਚਣ ਲੱਗਾ ਕਿ ਕਾਸ਼! ਤੱਤੀ ਤਵੀ ਅਤੇ ਗੋਲੀ ਦੇ ਸਾਂਝੇ ਬੋਲ ਹਰ ਸਮੇਂ ਵਿਚ ਸੱਚੇ ਹੋ ਰਹਿਣ। ਮਨ ਵਿਚ ਬੀਤੇ ਦੀਆਂ ਪਰਤਾਂ ਫਰੋਲਦਿਆਂ ਹੀ ਸਵੇਰ ਦੀ ਲੋਅ ਨਿਕਲ ਆਈ।

ਸਫ਼ਾ 3 ਦੀ ਬਾਕੀ

## ਹਾਸ਼ੀਏ 'ਤੇ ਪਏ ਇਤਿਹਾਸਕ ਤੱਥਾਂ ਦਾ ਬਿਰਤਾਂਤ...

ਹਿੰਸਾ ਦਾ ਇੱਕ ਅਮਾਨਵੀ ਪੱਖ ਇਹ ਵੀ ਹੈ ਕਿ ਔਰਤ ਚਾਹੇ ਕਿਸੇ ਵੀ ਧਰਮ ਨਾਲ ਸੰਬੰਧਤ ਹੋਵੇ, ਉਹ ਬਲਾਤਕਾਰ ਤੇ ਉਧਾਲੇ ਵਰਗੀ ਜਿਸਮਾਨੀ ਹਿੰਸਾ ਦਾ ਸ਼ਿਕਾਰ ਹੁੰਦੀ ਹੈ।ਮਰਦ ਪ੍ਰਧਾਨ ਸਮਾਜ ਹੋਣ ਕਰਕੇ ਮੰਨਿਆ ਜਾਂਦਾ ਹੈ ਕਿ ਔਰਤ ਦਾ ਕੋਈ ਧਰਮ ਨਹੀਂ ਹੁੰਦਾ। ਔਰਤ ਉਸੇ ਦੀ ਜਿਸ ਦੇ ਨਾਲ ਉਸ ਦਾ ਜਿਸਮਾਨੀ ਸੰਬੰਧ ਹੋਵੇ। ਭਾਰਤੀ ਉਪ-ਮਹਾਂਦੀਪ ਮਰਦ ਪ੍ਰਧਾਨ ਸਮਾਜ ਹੈ। ਇਸ ਲਈ ਇਸ ਖਿੱਤੇ ਦੇ ਮਰਦਾਂ ਦੀ ਸੋਚ ਧਰਮਾਂ, ਜਾਤਾਂ ਦੇ ਵੱਖਰੇ ਹੋਣ ਦੇ ਬਾਵਜੂਦ ਇੱਕੋ ਹੀ ਹੈ। ਇਸੇ ਲਈ ਲੇਖਕ ਲਿਖਦਾ ਹੈ। ਬੋਧੇ ਨੂੰ ਇਸ ਵਾਰ ਕੋਈ ਹੈਰਾਨੀ ਨਾ ਹੋਈ ਜਦ ਉਸ ਨੂੰ ਕਿਸੇ ਵੀ ਨੌਜਵਾਨ ਕੁੜੀ ਦੀ ਕਿਤੇ ਕੋਈ ਲਾਸ਼ ਨਹੀਂ ਸੀ ਦਿਸੀ।(ਸਫਾ 303) ਇਹ ਸਤਰਾਂ ਉਪਰੋਕਤ ਗੱਲ ਦੀ ਗਵਾਹੀ ਭਰਦੀਆਂ ਹਨ।

ਡਾਕਟਰ ਯੋਗਰਾਜ ਮਨਮੋਹਨ ਦੇ ਨਾਵਲ, 'ਸਹਿਜ ਗੁਫਾ ਮੇਂ ਆਸਨ' ਬਾਰੇ ਟਿੱਪਣੀ ਕਰਦਾ ਕਹਿੰਦਾ ਹੈ, ਨਾਵਲ ਦੀ ਕਥਾ ਨੂੰ ਭਾਵੇਂ ਮਨਮੋਹਨ ਭਰਥਰੀ ਹਰੀ ਨਾਲ ਜੁੜੇ ਇਤਿਹਾਸਕ ਤੇ ਮਿਥਿਹਾਸ ਸਰੋਤਾਂ ਨੂੰ ਆਧਾਰ ਬਣਾ ਰਿਹਾ ਹੈ, ਪਰ ਇਹ ਸਰੋਤ ਉਸ ਲਈ ਜੀਵਨ ਦੇ ਬੁਨਿਆਦੀ ਪ੍ਰਸ਼ਨਾਂ ਨਾਲ ਦਸਤ ਪੰਜਾ ਲੈਣ ਵਾਲੇ ਦਾਰਸ਼ਨਿਕ ਪ੍ਰਵਚਨ ਹਨ। ਨਾਵਲ ਦੇ ਕਾਂਡਾਂ ਦੀਆਂ ਲੱਗਭੱਗ ਸਾਰੀਆਂ ਕਥਾਵਾਂ ਵਿੱਚ ਡੂੰਘਾ ਦਾਰਸ਼ਨਿਕ ਸੰਵਾਦ ਸ਼ਾਮਲ ਹੈ। ਇਸ ਪ੍ਰਕਾਰ ਇਸ ਨਾਵਲ ਦੀ ਪ੍ਰਮੁੱਖ ਗਲਪ ਵਿਧੀ ਸੰਵਾਦ ਦੀ ਬਣ ਜਾਂਦੀ ਹੈ। ਇਹ ਬਿਰਤਾਂਤਕ ਸੰਵਾਦ ਬਹੁਤ ਸਾਰੇ ਨਾਵਲਾਂ, ਬਿਰਤਾਂਤਾਂ ਵਿੱਚ ਕਾਵਿਕ ਹਨ। (ਸਫਾ 204, 'ਰਾਗ' ਸਤੰਬਰ 2024 ਤੋਂ ਅਪਰੈਲ 1925) ਹੱਥਲੇ ਨਾਵਲ ਵਿੱਚ ਵੀ ਇਹ ਉਕਤੀ ਪੂਰੀ ਤਰ੍ਹਾਂ ਢੁਕਦੀ ਹੈ ।ਬਸ ਫਰਕ ਸਿਰਫ ਇੰਨਾ ਹੈ ਕਿ ਰਚਨਾ ਵਿਚਲਾ ਨਾਇਕ ਬੋਧਾ ਹੈ ਤੇ ਇਸ ਰਚਨਾ ਵਿੱਚ ਇਹ ਦਾਰਸ਼ਨਿਕ ਸੰਵਾਦ ਗੁਰਬਾਣੀ, ਬੁੱਲ੍ਹੇਸ਼ਾਹ ਅਤੇ ਹੋਰ ਕਈ ਸੂਫੀ ਅਤੇ ਭਗਤ ਕਵੀਆਂ ਜਿਵੇਂ, ਕਬੀਰ ਅਤੇ ਹੋਰ ਅਨੇਕ ਸੰਤਾਂ ਤੇ ਮਹਾਂ-ਪੁਰਖਾਂ ਦੇ ਨਾਲ ਜੁੜੇ ਹੋਏ ਹਨ। ਨਾਵਲ ਦਾ ਹਰ ਕਾਂਡ ਕਿਸੇ ਨਾ ਕਿਸੇ ਸ਼ਾਇਰ ਦੇ ਸੁਖਨਾ ਰਾਹੀਂ ਖਤਮ ਕੀਤਾ ਗਿਆ ਹੈ।ਕਈ ਥਾਵਾਂ 'ਤੇ ਗੱਲ ਕਹਿਣ ਦੇ ਲਈ ਪੂਰੇ ਦੇ ਪੂਰੇ ਸ਼ਬਦ ਜਾਂ ਸ਼ਲੋਕ ਨੂੰ ਲੈ ਲਿਆ ਹੈ। ਇਹ ਵਿਧੀ ਉਸ ਦੇ ਤਿੰਨੇ ਨਾਵਲਾਂ ਵਿੱਚ ਵੇਖੀ ਜਾ ਸਕਦੀ ਹੈ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਕਾਵਿਕ ਸੰਵਾਦਾਂ, ਗਤੀਹੀਣ ਮੋਟਿਫਾਂ, ਬੇਲੋੜੇ ਵੇਰਵਿਆਂ, ਜਿਵੇਂ ਸੰਗੀਤ, ਮਿਥਿਹਾਸਕ ਤੇ ਲੋਕ ਕਥਾਵਾਂ ਆਦਿ ਦਾ ਲੋੜ ਤੋਂ ਵੱਧ ਵਰਣਨ ਰਾਹੀਂ ਅਸੀਂ ਇਤਿਹਾਸਕ ਤੱਥਾਂ ਨੂੰ ਇਤਿਹਾਸਕ ਗਲਪ ਵਿੱਚ ਢਾਲ ਸਕਦੇ ਹਾਂ।

ਜੇਮਜ ਗਰੂਟ ਕਹਿੰਦਾ ਹੈ, ਇਤਿਹਾਸਕ ਨਾਵਲ ਮੁਢਲੇ ਤੌਰ 'ਤੇ ਵਸਤੂ ਮੁਖਤਾਂ ਨੂੰ ਚੁਣੌਤੀ ਦਿੰਦਾ ਹੈ। ਬਹੁਪੱਖੀ ਸ਼ਨਾਖਤਾਂ ਅਤੇ ਇਤਿਹਾਸਕ ਕਹਾਣੀਆਂ ਨੂੰ ਪੇਸ਼ ਕਰਦਾ ਹੈ। ਇਹ ਇਤਿਹਾਸ ਦੀ ਜਿੱਦੀ ਤਰਤੀਬੀ ਰਚਨਾ ਜਿਹੜੀ ਕਿ ਸੰਭਾਵਨਾਵਾਂ, ਇਹ ਸਮਰੱਥ ਥਾਵਾਂ ਭਰਪੂਰ ਹੁੰਦੀ ਹੈ, ਤੋਂ ਬਹੁਤ ਪਰ੍ਹੇ ਹੁੰਦਾ ਹੈ।(ਸਫਾ 138, ਦੀ ਹਿਸਟੋਰੀਕਲ ਨਾਵਲ) ਜੇਕਰ ਇਸ ਗੱਲ ਨੂੰ ਜ਼ਿਆਦਾ ਘੋਖਿਆ ਜਾਏ ਤਾਂ ਸਪੱਸ਼ਟ ਹੁੰਦਾ ਹੈ ਕਿ ਨਾਵਲ ਇਤਿਹਾਸ ਤੋਂ ਅੱਗੇ ਜਾਣ ਦੀ ਸਮਰੱਥਾ ਰੱਖਦਾ ਹੈ ।ਇਤਿਹਾਸਕ ਗਲਪ ਇੱਕ ਅਜਿਹਾ ਵਿਘਟਨ ਕਾਰਕ ਯਾਨਰ ਜਾਂ ਦਖਲ ਅੰਦਾਜ਼ੀ ਹੈ, ਜਿਹੜਾ ਸੱਭਿਆਚਾਰਕ ਏਕਾ ਅਧਿਕਾਰ ਨੂੰ ਅਸਥਿਰਤਾ ਤੇ ਸਧਾਰਨਤਾਵਾਂ ਨੂੰ ਚੁਣੌਤੀ ਦੇਣ ਦੀ ਸਮਰੱਥਾ ਰੱਖਦਾ ਹੈ। ਇਤਿਹਾਸਕਾਰ ਦਾ ਕੰਮ ਤਾਂ ਭੂਤ ਦਾ ਦੂਸਰੇ ਭਾਵ ਅਦਰਜ ਨੂੰ ਵਿਆਖਿਆਉਣਾ ਹੈ, ਜਦਕਿ ਗਲਪਕਾਰ ਭੂਤ ਵਿੱਚ ਪਈ ਵੱਖਰਤਾ ਜਿਹੜੀ ਵੇਖਣ ਵਿੱਚ ਇੰਨੀ ਜ਼ਿਆਦਾ ਵੱਖਰੀ ਨਹੀਂ ਹੁੰਦੀ, ਨੂੰ ਖੋਜਦਾ ਹੈ। ਕੁਝ ਆਲੋਚਕ ਤਰਕ ਕਰਦੇ ਹਨ ਕਿ ਆਧੁਨਿਕ ਕਾਲ ਗੈਰ ਪਰੰਪਰਿਕ ਇਤਿਹਾਸਕ ਪਲਾਂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਹਾਸ਼ੀਆਗਤ ਲੋਕ ਬਰਾਬਰ ਦੇ ਇਤਿਹਾਸਕ ਵਿਸ਼ੇ ਅਤੇ ਬਿਰਤਾਂਤਕਾਰ ਦੇ ਰੂਪ ਵਿੱਚ ਉੱਭਰਦੇ ਹਨ।(ਥੋਮਸ ਅਤੇ ਰੋਬਟ ਹੋਲਡਨ, ਬੇਕਰ 2000, ਸਫਾ 123) ਇਤਿਹਾਸਕ ਗਲਪ ਦੀ ਖ਼ੂਬਸੂਰਤੀ ਪਾਠਕਾਂ ਨੂੰ ਦੁਬਾਰਾ ਉਸ ਸਮੇਂ ਵਿੱਚ ਲੈ ਜਾਣ ਦੀ ਹੁੰਦੀ ਹੈ। ਇਸੇ ਤਰ੍ਹਾਂ ਘਟੀਆਂ ਘਟਨਾਵਾਂ ਦੇ ਨਵੇਂ ਪਰਿਪੇਖ ਪਾਤਰਾਂ ਰਾਹੀਂ ਪਾਠਕਾਂ ਸਨਮੁੱਖ ਪੇਸ਼ ਕਰਨਾ ਵੀ ਇਤਿਹਾਸ ਗਲਪ ਦੇ ਹਿੱਸੇ ਆਇਆ ਹੈ। ਇਹਨਾਂ ਵਿਚਲੀ ਕਹਾਣੀ ਇਤਿਹਾਸਕ ਸੱਚਾਈਆਂ ਨੂੰ ਸੁਣਾਉਣ ਦੀ ਕਾਲਪਨਿਕ ਜੁਗਤ ਨਾਲ ਜੁੜੀ ਹੋਈ ਹੁੰਦੀ ਹੈ ।ਇਸ ਦੇ ਨਾਲ ਤੀਜੀ ਅੰਤਰ ਦ੍ਰਿਸ਼ਟੀ ਅਤੇ ਭੂਤ ਦੀ ਗਹਿਰੀ ਸਮਝ ਵੀ ਜ਼ਰੂਰੀ ਹੈ। ਇਤਿਹਾਸਕ ਰਚਨਾ ਵਿੱਚ ਇਤਿਹਾਸਕ ਤੱਥਾਂ ਨੇ ਗਲਪ ਵਿੱਚ ਉਸ ਵੇਲੇ ਢਲਣਾ ਹੁੰਦਾ ਹੈ, ਜਦੋਂ ਘਟਨਾਵਾਂ ਤਬਦੀਲੀ ਲਿਆਉਂਦੀਆਂ ਹਨ । ਇਤਿਹਾਸਕ ਨਾਇਕ ਜਾਂ ਨਾਇਕਾਂ ਵੱਲੋਂ ਕਿਸੇ ਉਦੇਸ਼ ਦੀ ਪ੍ਰਾਪਤੀ ਜਾਂ ਇੱਛਾ ਪੂਰਤੀ, ਕਾਰਜ ਤੇ ਤਣਾਓ ਤੇ ਫਿਰ ਸਿਖਰ। ਇਹ ਉਹ ਕੁਝ ਕੇਂਦਰੀ ਬਿੰਦੂ ਹਨ, ਜਿਨ੍ਹਾਂ ਨਾਲ ਕੋਈ ਤੱਥ ਗਲਪ ਵਿੱਚ ਢਲਦਾ ਹੈ।

ਅਸੀਂ ਉਪਰੋਕਤ ਜਰੀਬ ਦੇ ਨਾਲ ਇਸ ਰਚਨਾ ਦਾ ਅਧਿਐਨ ਕਰਦਿਆਂ ਇਸੇ ਨਤੀਜੇ 'ਤੇ ਪਹੁੰਚੇ ਹਾਂ ਕਿ ਇਹ ਰਚਨਾ ਭਾਰਤੀ ਉਪ ਮਹਾਂਦੀਪ ਦੀ ਵੰਡ ਦੇ ਪਰੰਪਰਕ ਮਾਡਲ ਨੂੰ ਅਪਣਾਉਂਦਿਆਂ ਇੱਕ ਲਕੀਰੀ ਸੂਚਨਾਤਮਕ ਇਤਿਹਾਸਕ ਗਲਪ ਹੈ ।ਮੇਰਾ ਕਥਨ ਕੋਈ ਅੰਤਿਮ ਸੱਚ ਨਹੀਂ ਹੈ ।ਜਿਉਂ-ਜਿਉਂ ਇਸ ਰਚਨਾ ਨੂੰ ਚੇਤਨ ਪਾਠਕ ਪੜ੍ਹੇਗਾ, ਤਿਉਂ-ਤਿਉਂ ਨਵੇਂ ਪਰਿਪੇਖ ਸਾਹਮਣੇ ਆਉਣਗੇ।

ਮੋਬਾ. 98552-63576




# ਟਰੇਡ ਯੂਨੀਅਨ ਅਤੇ ਕਮਿਊਨਿਸਟ ਲਹਿਰ ਦੇ ਨਿਰਮਾਤਾ

# ਐੱਸ ਐੱਸ ਮਿਰਾਜਕਰ

**ਅਨਿਲ ਰਾਜੀਮਵਾਲੇ**

**ਅਨੁਵਾਦ : ਐੱਮ ਐੱਸ ਭਾਟੀਆ**

ਬਹੁਤ ਹੀ ਨਿਮਰ ਪਿਛੋਕੜ ਤੋਂ ਆਉਣ ਵਾਲੇ, ਸ਼ਾਂਤਾਰਾਮ ਸਾਵਲਰਾਮ ਮਿਰਾਜਕਰ, ਭਾਰਤ ਵਿੱਚ ਮਜ਼ਦੂਰ ਅਤੇ ਕਮਿਊਨਿਸਟ ਲਹਿਰ ਦੇ ਸੰਸਥਾਪਕਾਂ ਵਿੱਚੋਂ ਇੱਕ ਬਣ ਗਏ। ਉਨ੍ਹਾਂ ਦਾ ਜਨਮ 8 ਫਰਵਰੀ 1899 ਨੂੰ ਪਿੰਡ ਖਰਾਵਲੀ, ਤਾਲੁਕਾ ਮਾਨਗਾਓਂ, ਜ਼ਿਲ੍ਹਾ ਰਾਏਗੜ੍ਹ (ਮਹਾਰਾਸ਼ਟਰ) ਵਿੱਚ ਹੋਇਆ ਸੀ। ਪਿਤਾ ਸਾਵਲਰਾਮ ਕੋਲ ਜ਼ਮੀਨ ਦਾ ਇੱਕ ਛੋਟਾ ਜਿਹਾ ਟੁਕੜਾ ਸੀ, ਜੋ ਪਰਵਾਰ ਦਾ ਗੁਜ਼ਾਰਾ ਚਲਾਉਣ ਲਈ ਕਾਫ਼ੀ ਨਹੀਂ ਸੀ। ਇਸ ਲਈ ਉਨ੍ਹਾਂ ਨੇ ਕਰਿਆਨੇ ਅਤੇ ਕੱਪੜੇ ਦੀ ਇੱਕ ਛੋਟੀ ਜਿਹੀ ਦੁਕਾਨ ਵੀ ਖੋਲ੍ਹੀ ਹੋਈ ਸੀ। ਮਿਰਾਜਕਰ ਨੇ ਆਪਣੀ ਮਿਡਲ ਸਕੂਲ ਦੀ ਪ੍ਰੀਖਿਆ ਉਰਾਨ ਤੋਂ ਪਾਸ ਕੀਤੀ, ਜਿੱਥੇ ਉਨ੍ਹਾਂ ਦਾ ਵੱਡਾ ਭਰਾ ਨੌਕਰੀ ਕਰਦਾ ਸੀ।

ਮਾਂ ਨੂੰ ਵੀ ਬੰਬਈ ਵਿੱਚ ਇੱਕ ਟੈਕਸਟਾਈਲ ਫੈਕਟਰੀ ਵਿੱਚ ਕੰਮ ਕਰਨਾ ਪਿਆ। ਮਿਰਾਜਕਰ ਖੁਦ 13 ਸਾਲ ਦੀ ਉਮਰ ਵਿੱਚ ਇੱਕ ਦਰਜ਼ੀ ਦਾ ਸ਼ਗਿਰਦ ਬਣ ਗਿਆ। ਉਸ ਨੇ 1914 ਵਿੱਚ ਮਰਾਠਾ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ।

**ਮਜ਼ਦੂਰ ਲਹਿਰ ਵਿੱਚ**

ਪਹਿਲੇ ਵਿਸ਼ਵ ਯੁੱਧ ਨੇ ਮਜ਼ਦੂਰ ਵਰਗ ਦੀਆਂ ਸਥਿਤੀਆਂ ਤੇਜ਼ੀ ਨਾਲ ਵਿਗਾੜ ਦਿੱਤੀਆਂ ਸਨ। 1917 ਵਿੱਚ ਟੈਕਸਟਾਈਲ ਕਾਮਿਆਂ ਅਤੇ ਡਾਕ ਕਰਮਚਾਰੀਆਂ ਨੇ ਇੱਕ ਹੜਤਾਲ ਕੀਤੀ। ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਮਿਰਾਜਕਰ ਮਜ਼ਦੂਰ ਅੰਦੋਲਨ ਵਿੱਚ ਸ਼ਾਮਲ ਹੋ ਗਏ। ਉਹਨਾਂ ਨੇ ਇੱਕ ਫਰਾਂਸੀਸੀ ਬੈਂਕ ਵਿੱਚ ਨੌਕਰੀ ਵੀ ਕੀਤੀ। ਉਹਨਾਂ ਨੇ 1920 ਵਿੱਚ ਏਟਕ ਦੇ ਸਥਾਪਨਾ ਸੰਮੇਲਨ ਦੇ ਮੌਕੇ 'ਤੇ ਮਜ਼ਦੂਰਾਂ ਦੇ ਇੱਕ ਜਲੂਸ ਦੀ ਅਗਵਾਈ ਕੀਤੀ, ਜਿਸ ਵਿੱਚ ਹੋਟਲ ਅਤੇ ਟੈਕਸਟਾਈਲ ਕਾਮੇ ਵੀ ਸ਼ਾਮਲ ਸਨ।

1920 ਵਿੱਚ ਅਸਹਿਯੋਗ ਅੰਦੋਲਨ ਵਿੱਚ ਸ਼ਾਮਲ ਹੋਣ ਤੋਂ ਬਾਅਦ, ਉਹਨਾਂ ਨੇ ਇੱਕ ਸ਼ਰਾਬ ਦੀ ਦੁਕਾਨ 'ਤੇ ਧਰਨਾ ਦਿੱਤਾ, ਜਿਸ ਕਰਕੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ।

**ਵਰਕਰਜ਼ ਐਂਡ ਪੀਜੈਂਟਸ ਪਾਰਟੀ ਦੀ ਸਥਾਪਨਾ**

ਵਰਕਰਜ਼ ਐਂਡ ਪੀਜੈਂਟਸ ਪਾਰਟੀ 1927 ਵਿੱਚ ਬੰਬਈ ਦੀ ਕਾਂਗਰਸ ਪਾਰਟੀ ਵਿਚ 'ਕਾਂਗਰਸ ਲੇਬਰ ਪਾਰਟੀ' ਦੇ ਬਦਲ ਵਜੋਂ ਬਣਾਈ ਗਈ ਅਤੇ ਢੂੰਡੀਰਾਜ ਠੇਂਗੜੀ ਇਸ ਦੇ ਪ੍ਰਧਾਨ ਅਤੇ ਐੱਸ ਐੱਸ ਮਿਰਾਜਕਰ ਸਕੱਤਰ ਬਣੇ। ਕੁਝ ਹੋਰ ਮਸ਼ਹੂਰ ਸ਼ਖਸੀਅਤਾਂ ਜਿਵੇਂ ਐੱਸ ਵੀ ਘਾਟੇ, ਨਿੰਬਕਰ, ਜੋਗਲੇਕਰ, ਝਾਬਵਾਲਾ ਆਦਿ ਇਸ ਵਿਚ ਸ਼ਾਮਲ ਸਨ।

**ਮਿਰਾਜਕਰ 1927 ਵਿੱਚ ਬੰਬਈ ਵਿੱਚ ਸਥਾਪਤ ਮਰਾਠੀ ਹਫਤਾਵਾਰੀ 'ਕ੍ਰਾਂਤੀ' ਦੇ ਪਹਿਲੇ ਸੰਪਾਦਕ ਬਣੇ।**

ਉਹ ਡਾਂਗੇ, ਜੋਗਲੇਕਰ, ਨਿੰਬਕਰ, ਵੀ ਵੀ ਗਿਰੀ ਅਤੇ ਹੋਰਾਂ ਦੇ ਨਾਲ, 1928 ਦੀ ਮਸ਼ਹੂਰ ਛੇ ਮਹੀਨੇ ਲੰਮੀ ਬੰਬਈ ਟੈਕਸਟਾਈਲ ਹੜਤਾਲ ਦੇ ਪ੍ਰਮੁੱਖ ਸੰਚਾਲਕਾਂ ਵਿਚੋਂ ਸਨ। ਇਸ ਦੌਰਾਨ ਮਸ਼ਹੂਰ 'ਗਿਰਨੀ ਕਾਮਗਾਰ ਯੂਨੀਅਨ', ਉੱਭਰੀ, ਜੋ ਪਹਿਲਾਂ ਦੇ ਗਿਰਨੀ ਕਾਮਗਾਰ ਮਹਾਂਮੰਡਲ ਦਾ ਇੱਕ ਵਧੇਰੇ ਸੰਗਠਿਤ ਰੂਪ ਸੀ। ਹੜਤਾਲ 'ਤੇ ਸਭ ਤੋਂ ਪਹਿਲਾਂ ਜਾਣ ਵਾਲੇ ਦਾਦਰ ਦੀ ਕਸਤੂਰ ਚੰਦ ਮਿੱਲ ਦੇ ਮਜ਼ਦੂਰ ਸਨ ਅਤੇ ਦਸ ਦਿਨਾਂ ਦੇ ਅੰਦਰ-ਅੰਦਰ ਪੂਰਾ ਮਜ਼ਦੂਰ ਵਰਗ ਇਸ ਵਿਚ ਆ ਗਿਆ। ਉਹਨਾਂ ਨੇ ਨਗਰ ਨਿਗਮ ਦੇ ਕਾਮਿਆਂ ਨੂੰ ਵੀ ਸੰਗਠਿਤ ਕੀਤਾ।

1927 ਵਿੱਚ ਬੰਬਈ ਵਿੱਚ ਚੌਪਾਟੀ 'ਤੇ ਇੱਕ ਜਨਤਕ ਮੀਟਿੰਗ ਰਾਹੀਂ 'ਲੈਨਿਨ ਦਿਵਸ' ਮਨਾਇਆ ਗਿਆ, ਜਿਸ ਵਿੱਚ ਮਿਰਾਜਕਰ ਨੇ ਸਰਗਰਮੀ ਨਾਲ ਹਿੱਸਾ ਲਿਆ। ਉਹਨਾਂ ਨੇ ਅਮਰੀਕਾ ਦੇ ਸੈਕੋ ਅਤੇ ਵੈਂਜ਼ੇਟੀ ਨੂੰ ਝੂਠੇ ਮਾਮਲਿਆਂ ਵਿੱਚ ਫਾਂਸੀ ਦਿੱਤੇ ਜਾਣ ਦੇ ਵਿਰੋਧ ਵਿੱਚ ਮੁਹਿੰਮ ਵਿੱਚ ਵੀ ਹਿੱਸਾ ਲਿਆ। ਉਹਨਾਂ ਨੇ ਇਸ 'ਤੇ ਪੈਂਫਲਿਟ ਵੀ ਵੰਡੇ। ਵਰਕਰਜ਼ ਐਂਡ ਪੀਜੈਂਟਸ ਪਾਰਟੀ ਨੇ 1927 ਵਿੱਚ ਪਹਿਲੇ ਮਈ ਦਿਵਸ ਦਾ ਵੱਡੇ ਪੱਧਰ 'ਤੇ ਆਯੋਜਨ ਕੀਤਾ।

ਮਿਰਾਜਕਰ 1928 ਵਿੱਚ ਬੰਬਈ ਵਿੱਚ ਸਾਈਮਨ ਕਮਿਸ਼ਨ ਦੇ ਬਾਈਕਾਟ ਦੇ ਅੰਦੋਲਨ ਵਿੱਚ ਇੱਕ ਸਰਗਰਮ ਜਥੇਬੰਦਕ ਸੀ, ਇਸੇ ਕਰਕੇ ਸਾਈਮਨ ਕਮਿਸ਼ਨ ਬੰਬਈ ਵਿੱਚ ਦਾਖਲ ਨਹੀਂ ਹੋ ਸਕਿਆ ਅਤੇ ਉਸ ਨੂੰ ਸਿੱਧਾ ਪੂਨੇ ਜਾਣਾ ਪਿਆ। 'ਸਾਈਮਨ ਕਮਿਸ਼ਨ ਸੈਵਨ' ਦੇ ਸੱਤ ਪੁਤਲੇ ਸਾੜੇ ਗਏ। ਵਰਕਰਜ਼ ਐਂਡ ਪੀਜੈਂਟਸ ਪਾਰਟੀ, ਕਮਿਊਨਿਸਟ ਪਾਰਟੀ ਅਤੇ ਯੂਥ ਕਾਨਫਰੰਸ ਨੇ ਸਾਈਮਨ ਕਮਿਸ਼ਨ ਦੇ ਖਿਲਾਫ 50,000 ਲੋਕਾਂ ਦਾ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ।

**ਮੇਰਠ ਸਾਜ਼ਿਸ਼ ਕੇਸ**

ਸੀ ਪੀ ਆਈ ਦੀ ਸਥਾਪਨਾ ਤੋਂ ਬਾਅਦ ਜਿਵੇਂ ਹੀ ਇਸ ਦਾ ਅਸਰ ਤੇਜ਼ੀ ਨਾਲ ਫੈਲਿਆ, ਬ੍ਰਿਟਿਸ਼ ਸਰਕਾਰ ਨੇ 1929 ਵਿੱਚ ਮੇਰਠ ਸਾਜ਼ਿਸ਼ ਕੇਸਾਂ ਦੇ ਰੂਪ ਵਿੱਚ ਇਹਨਾਂ ਨਾਲ ਭਾਰੀ ਸਖਤੀ ਕਰਨੀ ਸ਼ੁਰੂ ਕਰ ਦਿੱਤੀ। ਭਾਰਤ ਦੇ ਸਾਰੇ ਕੋਨਿਆਂ ਤੋਂ 32 ਚੋਟੀ ਦੇ ਕਮਿਊਨਿਸਟ ਅਤੇ ਟਰੇਡ ਯੂਨੀਅਨ ਨੇਤਾਵਾਂ ਨੂੰ ਗ੍ਰਿਫ਼ਤਾਰ ਕਰਕੇ ਮੇਰਠ ਵਿੱਚ ਰੱਖਿਆ ਗਿਆ, ਜਿਨ੍ਹਾਂ ਵਿੱਚ ਮਿਰਾਜਕਰ ਵੀ ਸ਼ਾਮਲ ਸੀ। ਉਨ੍ਹਾਂ ਦੇ ਬਿਆਨ ਨੇ ਸਪੱਸ਼ਟ ਕੀਤਾ ਕਿ ਵਰਕਰਜ਼ ਐਂਡ ਪੀਜੈਂਟਸ ਪਾਰਟੀ ਦਾ ਉਦੇਸ਼ ਇਨਕਲਾਬ ਰਾਹੀਂ ਭਾਰਤ ਦੀ ਆਜ਼ਾਦੀ ਪ੍ਰਾਪਤ ਕਰਨਾ ਸੀ। ਮਿਰਾਜਕਰ ਨੂੰ 10 ਸਾਲ ਦੀ ਸਜ਼ਾ ਸੁਣਾਈ ਗਈ, ਪਰ 1933 ਵਿੱਚ ਵਿਆਪਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਬਾਅ ਹੇਠ ਹੋਰਨਾਂ ਦੇ ਨਾਲ ਉਨ੍ਹਾਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ।

**ਪਾਰਟੀ ਦਾ ਪੁਨਰਗਠਨ**

ਬਾਹਰਲੇ ਹਾਲਾਤ ਦਾ ਵਰਣਨ ਕਰਦੇ ਹੋਏ, ਮਿਰਾਜਕਰ ਨੇ ਕਿਹਾ ਕਿ ਬੀ ਟੀ ਆਰ ਅਤੇ ਐੱਸ ਵੀ ਦੇਸ਼ਪਾਂਡੇ ਨੇ ਸੰਕੀਰਨਤਾ ਅਤੇ ਮਾਅਰਕੇਬਾਜ਼ੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਲਾਗੂ ਕੀਤਾ ਅਤੇ ਕਾਂਗਰਸ ਵਿਰੋਧੀ ਲਹਿਰ ਆਮ ਸੀ। ਦੇਸ਼ਪਾਂਡੇ ਨੇ ਆਪਣੀ 'ਬੋਲਸ਼ੇਵਿਕ ਪਾਰਟੀ' ਵੀ ਬਣਾਈ। ਮਿਰਾਜਕਰ ਨੇ ਕਿਹਾ ਕਿ ਬੀ ਟੀ ਆਰ ਵੱਲੋਂ 1929 ਵਿੱਚ ਅਚਾਨਕ ਮਜ਼ਦੂਰਾਂ ਦੀ ਆਮ ਹੜਤਾਲ ਦਾ ਸੱਦਾ ਦਿੱਤਾ ਗਿਆ, ਜਿਸ ਨੇ ਮਜ਼ਦੂਰਾਂ ਦੇ ਸੰਗਠਨ ਨੂੰ ਤਬਾਹ ਕਰ ਦਿੱਤਾ।

ਰਿਹਾਅ ਕੀਤੇ ਗਏ ਸਾਥੀਆਂ ਨੇ ਕਈ ਮੀਟਿੰਗਾਂ ਕੀਤੀਆਂ ਅਤੇ ਪਾਰਟੀ ਲੀਡਰਸ਼ਿਪ ਸਥਾਪਤ ਕੀਤੀ। ਪਹਿਲਾਂ ਡਾ. ਅਧਿਕਾਰੀ, ਫਿਰ ਐੱਸ.ਐੱਸ. ਮਿਰਾਜਕਰ ਅਤੇ ਫਿਰ ਸੋਮਨਾਥ ਲਹਿਰੀ ਨੂੰ ਥੋੜ੍ਹੇ-ਥੋੜ੍ਹੇ ਸਮੇਂ ਲਈ ਸੀ.ਪੀ.ਆਈ. ਦਾ ਜਨਰਲ ਸਕੱਤਰ ਬਣਾਇਆ ਗਿਆ। ਉਨ੍ਹਾਂ ਨੂੰ ਇੱਕ-ਇੱਕ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਅੰਤ ਵਿੱਚ ਪੀ.ਸੀ. ਜੋਸ਼ੀ ਨੇ ਜਨਰਲ ਸਕੱਤਰ ਦਾ ਅਹੁਦਾ ਸੰਭਾਲ ਲਿਆ।

**ਇਸ ਦੌਰਾਨ ਮਿਰਾਜਕਰ ਨੂੰ ਗ੍ਰਿਫ਼ਤਾਰ ਕਰਕੇ ਯਰਵਦਾ ਜੇਲ੍ਹ ਵਿੱਚ ਰੱਖਿਆ ਗਿਆ।**

1934 ਵਿੱਚ ਮਿਰਾਜਕਰ ਨੇ 'ਯੰਗ ਵਰਕਰਜ਼ ਲੀਗ' ਲਈ ਇੱਕ ਦਫ਼ਤਰ ਸਥਾਪਤ ਕੀਤਾ। ਸੰਯੁਕਤ ਕੌਮੀ ਮੋਰਚੇ ਦੇ ਗਠਨ ਦੀ ਪੜਚੋਲ ਕਰਨ ਲਈ ਮਿਰਾਜਕਰ ਨੇ ਕਈ ਕਾਂਗਰਸੀਆਂ ਅਤੇ ਸਮਾਜਵਾਦੀਆਂ ਨਾਲ ਜਿਨ੍ਹਾਂ ਵਿਚ ਜੈ ਪ੍ਰਕਾਸ਼ ਨਾਰਾਇਣ, ਮੀਨੂ ਮਸਾਨੀ, ਅਸ਼ੋਕ ਮਹਿਤਾ, ਯੂਸਫ਼ ਮੇਹਰਲੀ ਅਤੇ ਹੋਰ ਸ਼ਾਮਲ ਸਨ, ਨਾਲ ਮੁਲਾਕਾਤ ਕੀਤੀ।

**1935 ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਮਾਅਰਕੇਬਾਜ਼ੀ**

ਮਿਰਾਜਕਰ ਅਤੇ ਦੋ ਹੋਰਾਂ ਨੂੰ ਇੱਕ ਬ੍ਰਿਟਿਸ਼ ਕਮਿਊਨਿਸਟ ਕੈਂਪਬੈਲ ਦੁਆਰਾ 1935 ਦੀ 7ਵੀਂ ਕਮਿਊਨਿਸਟ ਇੰਟਰਨੈਸ਼ਨਲ ਕਾਂਗਰਸ ਲਈ ਸੱਦਾ ਦਿੱਤਾ ਗਿਆ ਸੀ। ਉਹ ਕੋਲੰਬੋ ਤੋਂ ਸਿੰਗਾਪੁਰ ਲਈ ਸਮੁੰਦਰੀ ਜਹਾਜ਼ ਵਿੱਚ ਰਵਾਨਾ ਹੋਏ, ਜਿਸ ਵਿਚ ਮਲਾਇਆ ਆਦਿ ਰਾਹੀਂ ਅੱਗੇ ਯਾਤਰਾ ਕਰਨ ਦੀ ਤਿਆਰੀ ਵਿੱਚ ਉਹ ਕਈ ਦਿਨ ਰਹੇ, ਪਰ ਇੱਕ ਖੁਫੀਆ ਵਿਅਕਤੀ ਨੇ ਉਨ੍ਹਾਂ ਨੂੰ ਪਛਾਣ ਲਿਆ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਵਾਪਸ ਭੇਜ ਦਿੱਤਾ ਗਿਆ। ਫਿਰ ਮਿਰਾਜਕਰ ਨੇ ਪੂਨਾ ਦੇ ਨੇੜੇ 'ਸਾਧੂ' ਵਜੋਂ ਕਈ ਮਹੀਨੇ ਗੁਪਤਵਾਸ ਵਿੱਚ ਬਿਤਾਏ!

**ਦਿਓਲੀ ਕੈਂਪ ਵਿੱਚ**

ਮਿਰਾਜਕਰ ਨੂੰ 1940 ਵਿੱਚ ਇੱਕ ਵਾਰ ਫਿਰ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਸ ਵਾਰ ਉਨ੍ਹਾਂ ਨੂੰ ਅਜਮੇਰ-ਮੇਰਵਾੜਾ (ਰਾਜਸਥਾਨ) ਦੇ ਮਾਰੂਥਲ ਵਿੱਚ ਸਥਿਤ ਦਿਓਲੀ ਨਜ਼ਰਬੰਦੀ ਕੈਂਪ ਵਿੱਚ ਭੇਜਿਆ ਗਿਆ। ਉਹ ਲੱਗਭੱਗ 200 ਕੈਦੀਆਂ ਦੇ



ਨਾਲ ਕੈਂਪ ਨੰਬਰ 2 ਵਿੱਚ ਸੀ, ਜਿਸ ਵਿੱਚ ਲੱਗਭੱਗ 160 ਕਮਿਊਨਿਸਟ ਅਤੇ 30 ਸਮਾਜਵਾਦੀ ਸ਼ਾਮਲ ਸਨ। ਜੈਪ੍ਰਕਾਸ਼ ਨਾਰਾਇਣ, ਡਾਂਗੇ, ਬੀ ਪੀ ਐੱਲ ਬੇਦੀ, ਰਜਨੀ ਪਟੇਲ, ਪਾਟਕਰ, ਬੀ ਟੀ ਆਰ, ਸੋਲੀ ਬਟਲੀਵਾਲਾ ਅਤੇ ਹੋਰ ਵੀ ਉੱਥੇ ਸਨ। ਕੁਝ ਨੂੰ ਦੂਜੇ ਕੈਂਪ ਵਿੱਚ ਤਬਦੀਲ ਕੀਤਾ ਜਾਣਾ ਸੀ, ਜਿਸ ਤੋਂ ਬਾਅਦ ਬੀ ਟੀ ਆਰ ਅਤੇ ਕੁਝ ਹੋਰਾਂ ਨੇ ਜੇਲ੍ਹ ਮੁਲਾਜ਼ਮਾਂ 'ਤੇ ਹਮਲਾ ਕਰਕੇ, ਉਨ੍ਹਾਂ ਦੀ ਕੁੱਟਮਾਰ ਕਰਕੇ ਅਤੇ ਪੱਥਰ ਮਾਰ ਕੇ, ਮਾਅਰਕੇਬਾਜ਼ੀ ਵਾਲਾ 'ਵਿਰੋਧ' ਕਰਨ ਦਾ ਸੁਝਾਅ ਦਿੱਤਾ; ਭਾਵੇਂ ਗੋਲੀਬਾਰੀ ਕਿਉਂ ਨਾ ਹੋ ਜਾਵੇ ਅਤੇ ਕੁਝ ਸਾਥੀ ਭਾਵੇਂ ਮਾਰੇ ਵੀ ਜਾਣ, ਫਿਰ ਵੀ ਸਾਨੂੰ ਇਹ ਕਰਨਾ ਚਾਹੀਦਾ ਹੈ।

ਮਿਰਾਜਕਰ ਨੇ ਫੈਸਲਾ ਵੋਟਿੰਗ ਦੁਆਰਾ ਕਰਨ ਦਾ ਸੁਝਾਅ ਦਿੱਤਾ। ਬੀ ਟੀ ਆਰ ਦੇ ਪ੍ਰਸਤਾਵ ਨੂੰ ਕਮੇਟੀ ਵਿੱਚ ਸਿਰਫ਼ ਦੋ ਵੋਟਾਂ ਮਿਲੀਆਂ ਅਤੇ ਵੱਡੇ ਸਮੂਹ ਵਿੱਚ ਮੁਸ਼ਕਿਲ ਨਾਲ ਇੱਕ ਦਰਜਨ ਵੋਟਾਂ ਮਿਲੀਆਂ।

ਮਿਰਾਜਕਰ ਨੇ ਕਿਹਾ ਕਿ ਉਹ 1942 ਦੀ ਲਾਈਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਸੀ, ਜੋ ਦਿਓਲੀ ਤੋਂ ਸ਼ੁਰੂ ਹੋਈ ਸੀ।

**ਭਾਰਤ ਆਜ਼ਾਦ ਹੋਇਆ**

ਸੀ.ਪੀ.ਆਈ. ਨੇ 15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਦਾ ਸਵਾਗਤ ਕੀਤਾ ਅਤੇ ਕਈ ਸਮਾਗਮਾਂ ਦਾ ਆਯੋਜਨ ਕੀਤਾ। ਬੰਬਈ ਵਿੱਚ ਸ਼ਿਵਾਜੀ ਪਾਰਕ ਵਿੱਚ ਇੱਕ ਵਿਸ਼ਾਲ ਸਰਬ-ਪਾਰਟੀ ਮੀਟਿੰਗ ਹੋਈ। ਐੱਸ.ਐੱਸ. ਮਿਰਾਜਕਰ ਸੀ.ਪੀ.ਆਈ. ਦੀ ਨੁਮਾਇੰਦਗੀ ਕਰਦੇ ਹੋਏ ਮੰਚ 'ਤੇ ਸਨ। ਐੱਸ.ਕੇ. ਪਾਟਿਲ ਅਤੇ ਕੁਝ ਹੋਰਾਂ ਨੇ ਸੰਬੋਧਨ ਕੀਤਾ। ਮਿਰਾਜਕਰ ਦੀ ਵਾਰੀ ਆਈ। ਜਿਸ ਪਲ ਉਸ ਨੇ ਵਧਦੀਆਂ ਕੀਮਤਾਂ, ਕਾਲਾ ਬਾਜ਼ਾਰ ਅਤੇ ਸਰਕਾਰ ਦੀ ਅਸਫਲਤਾ ਦਾ ਜ਼ਿਕਰ ਕੀਤਾ, ਮਾਈਕ ਬੰਦ ਕਰ ਦਿੱਤਾ ਗਿਆ। ਮਿਰਾਜਕਰ ਇੰਨੀ ਉੱਚੀ ਆਵਾਜ਼ ਵਿੱਚ ਬੋਲਿਆ ਕਿ ਲੱਗਭੱਗ 10 ਤੋਂ 15 ਹਜ਼ਾਰ ਲੋਕਾਂ ਤੱਕ ਉਸ ਦੀ ਆਵਾਜ਼ ਪਹੁੰਚ ਗਈ। ਅਗਲਾ ਬੁਲਾਰਾ ਆਉਂਦੇ ਹੀ ਮਾਈਕ ਚਾਲੂ ਕਰ ਦਿੱਤਾ ਗਿਆ! ਲੋਕ ਇਸ ਚਾਲ ਨੂੰ ਸਮਝ ਗਏ।

ਜਲਦੀ ਹੀ ਪਾਰਟੀ ਵਿੱਚ ਮਾਅਰਕੇਬਾਜ਼ੀ ਹਾਵੀ ਹੋ ਗਈ, ਕਿਉਂਕਿ 1948 ਵਿੱਚ ਬੀ ਟੀ ਆਰ ਨੇ ਪੀ ਸੀ ਜੋਸ਼ੀ ਦੀ ਥਾਂ ਜਨਰਲ ਸਕੱਤਰ ਵਜੋਂ ਲੈ ਲਈ ਸੀ। ਮਿਰਾਜਕਰ ਨੇ ਡੈਲੀਗੇਟ ਵਜੋਂ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਹਿੱਸਾ ਲਿਆ। ਬੰਬਈ ਵਾਪਸ ਆਉਂਦੇ ਹੀ ਉਸ ਨੂੰ ਪ੍ਰਸਿੱਧ ਵਕੀਲ ਕੇਟੀ ਸੁਲੇ ਅਤੇ ਏ ਐੱਸ ਕੇ ਆਇੰਗਰ ਦੇ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਆਰਥਰ ਰੋਡ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੇ ਹੇਬਸ ਕਾਰਪਸ ਕੇਸ ਦੀ ਸੁਣਵਾਈ ਜਸਟਿਸ ਐੱਮ ਸੀ ਚਾਗਲਾ ਅਤੇ ਗੰਜੇਂਦਰ ਗਡਕਰ ਦੁਆਰਾ ਕੀਤੀ ਜਾ ਰਹੀ ਸੀ। ਮਿਰਾਜਕਰ ਨੇ ਹਥਿਆਰ ਇਕੱਠੇ ਕਰਨ ਅਤੇ ਫੌਜ ਬਣਾਉਣ ਆਦਿ ਦੇ ਦੋਸ਼ਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਂਦੇ ਹੋਏ ਡੇਢ ਘੰਟੇ ਤੱਕ ਗੱਲ ਕੀਤੀ। ਮਿਰਾਜਕਰ ਨੇ ਕਿਹਾ ਕਿ ਉਸ ਕੋਲ ਚਾਕੂ ਵੀ ਨਹੀਂ ਸੀ! ਐੱਮ ਸੀ ਚਾਗਲਾ ਨੇ 1929 ਦੇ ਮੇਰਠ ਸਾਜ਼ਿਸ਼ ਕੇਸ ਵਿੱਚ ਉਸ ਦਾ ਅਤੇ ਹੋਰਾਂ ਦਾ ਬਚਾਅ ਕੀਤਾ ਸੀ। ਉਹ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਸੀ, ਫਿਰ ਵੀ ਉਸ ਨੇ ਕਿਹਾ ਕਿ ਉਹ ਨਜ਼ਰਬੰਦੀ ਸੰਬੰਧੀ ਕਾਨੂੰਨਾਂ ਦੇ ਸਾਹਮਣੇ ਬੇਵੱਸ ਸੀ! ਮਿਰਾਜਕਰ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ।

**ਸੰਯੁਕਤ ਮਹਾਰਾਸ਼ਟਰ ਦਾ ਅੰਦੋਲਨ**

ਮਿਰਾਜਕਰ 1950 ਦੇ ਦਹਾਕੇ ਵਿੱਚ ਸੰਯੁਕਤ ਮਹਾਰਾਸ਼ਟਰ ਸਮਿਤੀ ਦੁਆਰਾ ਚਲਾਈ ਜਾ ਰਹੀ ਲਹਿਰ ਵਿੱਚ ਮੋਹਰੀ ਸੀ, ਜੋ ਬੰਬਈ ਦੇ ਨਾਲ ਮਹਾਰਾਸ਼ਟਰ ਨੂੰ ਮਿਲਾ ਕੇ ਸੂਬਾ ਬਣਾਉਣ ਨਾਲ ਮਹਾਰਾਸ਼ਟਰ ਦੇ ਗਠਨ ਦੀ ਮੰਗ ਕਰ ਰਹੀ ਸੀ। 21 ਨਵੰਬਰ 1955 ਨੂੰ ਬੰਬਈ ਵਿੱਚ 4 ਤੋਂ 6 ਲੱਖ ਲੋਕਾਂ ਦਾ ਇੱਕ ਵਿਸ਼ਾਲ ਜਲੂਸ ਅਤੇ ਜਨਤਕ ਜਲਸਾ ਹੋਇਆ। ਸੈਂਕੜੇ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ, ਹਜ਼ਾਰਾਂ ਅਪਾਹਜ ਹੋ ਗਏ, ਹੜਤਾਲਾਂ, ਜਲੂਸ, ਮੀਟਿੰਗਾਂ ਅਗਲੇ ਕੁਝ ਸਾਲਾਂ ਲਈ ਆਮ ਰਹੀਆਂ। ਜੇਲ੍ਹਾਂ ਭਰ ਗਈਆਂ। ਮਿਰਾਜਕਰ ਹਰ ਜਗ੍ਹਾ ਸੀ। ਐੱਸ ਏ ਡਾਂਗੇ, ਸੈਨਾਪਤੀ ਬਾਪਟ, ਲਾਲਜੀ ਪੇਂਡਸੇ, ਆਚਾਰੀਆ ਅਤਰੇ ਅਤੇ ਹੋਰ ਬਹੁਤ ਸਾਰੇ ਆਗੂਆਂ ਵਜੋਂ ਉੱਭਰੇ।

ਚੋਣਾਂ ਵਿੱਚ ਸੰਯੁਕਤ ਮਹਾਰਾਸ਼ਟਰ ਸਮਿਤੀ ਸੱਤਾ ਦੇ ਬਹੁਤ ਨੇੜੇ ਆ ਗਈ

ਬੰਬਈ ਸਮੇਤ 'ਸੰਯੁਕਤ ਮਹਾਰਾਸ਼ਟਰ' 1 ਮਈ, 1960 ਨੂੰ ਸਥਾਪਤ ਕੀਤਾ ਗਿਆ ਸੀ। ਮਿਰਾਜਕਰ ਨੇ ਇਸ ਬਾਰੇ ਬਹੁਤ ਕੁਝ ਲਿਖਿਆ।

**ਗੋਆ ਮੁਕਤੀ ਸੰਘਰਸ਼**

ਗੋਆ ਮੁਕਤੀ ਸੰਘਰਸ਼ 1946 ਵਿੱਚ ਕਮਿਊਨਿਸਟ ਪਾਰਟੀ ਅਤੇ ਗੋਆ ਵਿਮੋਚਨ ਸਮਿਤੀ ਰਾਹੀਂ ਸ਼ੁਰੂ ਹੋਇਆ ਸੀ।ਮੁਕਤੀ ਸੈਨਾਵਾਂ ਨੇ ਨਗਰ ਹਵੇਲੀ ਨੂੰ 1954 ਵਿੱਚ ਆਜ਼ਾਦ ਕਰਵਾਇਆ ਸੀ ਅਤੇ ਦਾਦਰਾ ਨੂੰ 23 ਜੁਲਾਈ 1954 ਨੂੰ। ਪੁਰਤਗਾਲੀ ਗੋਲੀਬਾਰੀ ਦੇ ਬਾਵਜੂਦ ਤਿਰੰਗਾ ਲਹਿਰਾਇਆ ਗਿਆ ਅਤੇ 'ਆਜ਼ਾਦ ਸਰਕਾਰ' ਦਾ ਐਲਾਨ ਕੀਤਾ ਗਿਆ। ਨਰੋਲੀ ਅਤੇ ਹੋਰ ਪਿੰਡ 29 ਜੁਲਾਈ ਨੂੰ ਆਜ਼ਾਦ ਕਰਵਾਏ ਗਏ ਸਨ ਅਤੇ ਇਸ ਤੋਂ ਬਾਅਦ 1 ਅਗਸਤ ਨੂੰ ਸੇਲਵਾਸਾ ਨੂੰ ਗੋਆ ਪੀਪਲਜ਼ ਪਾਰਟੀ ਅਤੇ ਆਜ਼ਾਦ ਗੋਮੰਤਕ ਦਲ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ। ਕਮਿਊਨਿਸਟ ਇਸ ਦਾ ਹਿੱਸਾ ਸਨ। ਨਰੋਲੀ ਦੇ ਨੇੜੇ ਦੇ ਇਲਾਕਿਆਂ ਨੂੰ ਕਮਿਊਨਿਸਟ ਪਾਰਟੀ ਨੇ ਆਜ਼ਾਦ ਕਰਵਾਇਆ ਸੀ।

ਮਿਰਾਜਕਰ ਐੱਸ ਏ ਡਾਂਗੇ ਅਤੇ ਹੋਰਾਂ ਨਾਲ ਇਤਿਹਾਸਕ ਗੋਆ ਮੁਕਤੀ ਸੱਤਿਆਗ੍ਰਹਿ ਵਿੱਚ ਮੋਹਰੀ ਸੀ। ਸ਼ਹੀਦਾਂ ਦੀਆਂ ਲਾਸ਼ਾਂ ਵਾਪਸ ਲਿਆਉਣ ਲਈ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ ਸੀ, ਜਿਸ ਵਿਚ ਮਿਰਾਜਕਰ ਵੀ ਨਾਲ ਸੀ। ਗੋਆ ਨੂੰ ਆਖਰਕਾਰ ਦਸੰਬਰ 1961 ਵਿੱਚ ਭਾਰਤੀ ਫੌਜ ਨੇ ਆਜ਼ਾਦ ਕਰਵਾ ਲਿਆ।

**ਬੰਬਈ ਦੇ ਮੇਅਰ ਵਜੋਂ**

ਸੰਯੁਕਤ ਮਹਾਰਾਸ਼ਟਰ ਸਮਿਤੀ ਨੂੰ ਬੰਬਈ ਨਗਰ ਨਿਗਮ ਵਿੱਚ ਬਹੁਮਤ ਮਿਲਣ ਤੋਂ ਬਾਅਦ 1958 ਵਿੱਚ ਮਿਰਾਜਕਰ ਨੂੰ ਬੰਬਈ ਦਾ ਮੇਅਰ ਚੁਣਿਆ ਗਿਆ। ਉਹ ਕਈ ਵਾਰ ਨਿਗਮ ਲਈ ਚੁਣੇ ਗਏ ਸਨ। ਉਸ ਸਾਲ ਯਾਨੀ 1958 ਵਿੱਚ ਦਿੱਲੀ ਵਿੱਚ ਵੀ ਕਮਿਊਨਿਸਟ ਮੇਅਰ ਅਰੁਣਾ ਆਸਫ ਅਲੀ ਸਨ। ਮਿਰਾਜਕਰ ਨੇ ਮਜ਼ਦੂਰਾਂ ਲਈ ਰਾਹਤ ਦੇ ਕਈ ਉਪਾਅ ਕੀਤੇ, ਫਿਰ ਵੀ ਸਮਾਜਵਾਦੀਆਂ ਅਤੇ ਕੁਝ ਹੋਰਾਂ ਨੇ ਮਜ਼ਦੂਰਾਂ ਨੂੰ ਡੀ ਏ ਵਿੱਚ ਹੋਰ ਵਾਧੇ ਲਈ ਹੜਤਾਲ 'ਤੇ ਜਾਣ ਲਈ ਉਕਸਾਉਣ ਦੀ ਕੋਸ਼ਿਸ਼ ਕੀਤੀ। ਕਾਰਪੋਰੇਸ਼ਨ ਲਈ ਭੁਗਤਾਨ ਕਰਨਾ ਸੰਭਵ ਨਹੀਂ ਸੀ। ਡਾਂਗੇ ਅਤੇ ਐੱਸ ਐੱਮ ਜੋਸ਼ੀ ਦੇ ਦਖਲ ਨਾਲ ਮਿਰਾਜਕਰ ਸਫਲ ਹੋ ਗਏ।

ਇਸ ਸਮੇਂ ਉਹ ਏਟਕ ਦੇ ਪ੍ਰਧਾਨ ਵੀ ਸਨ।

**ਪਾਰਟੀ ਵਿੱਚ ਫੁੱਟ ਅਤੇ ਮਿਰਾਜਕਰ**

1964 ਵਿੱਚ ਜਦੋਂ ਸੀ ਪੀ ਆਈ ਵੰਡੀ ਗਈ ਤਾਂ ਮਿਰਾਜਕਰ ਦੁਚਿੱਤੀ ਵਿੱਚ ਸਨ, ਕਿਉਂਕਿ ਉਹ ਬਹੁਤ ਪਰੇਸ਼ਾਨ ਸਨ ਅਤੇ ਦੋਵਾਂ ਪਾਰਟੀਆਂ ਤੋਂ ਬਾਹਰ ਰਹੇ। ਉਹਨਾਂ ਨੇ ਚੀਨੀ ਹਮਲੇ ਦੀ ਨਿੰਦਾ ਕੀਤੀ ਸੀ ਅਤੇ ਕਈ ਵਾਰ ਵੱਖ-ਵੱਖ ਬਿੰਦੂਆਂ 'ਤੇ ਬੀ ਟੀ ਆਰ ਲਾਈਨ ਦੀ ਆਲੋਚਨਾ ਕੀਤੀ ਸੀ। ਉਹਨਾਂ ਨੂੰ ਸੀ ਪੀ ਆਈ-ਐੱਮ ਵਿੱਚ ਸ਼ਾਮਲ ਹੋਣ ਲਈ ਇਸ ਵਾਅਦੇ 'ਤੇ ਮਨਾ ਲਿਆ ਗਿਆ ਸੀ ਕਿ ਕੁਝ ਨੀਤੀਆਂ ਬਦਲ ਦਿੱਤੀਆਂ ਜਾਣਗੀਆਂ। ਇੱਕ ਵੱਖਰੀ ਟੀ ਯੂ ਦੀ ਯੋਜਨਾ ਬਣਾਈ ਜਾ ਰਹੀ ਸੀ। ਰੋਕਣ ਦੇ ਬਾਵਜੂਦ ਉਹ ਏ ਆਈ ਟੀ ਯੂ ਸੀ ਦੇ ਪ੍ਰਧਾਨ ਹੋਣ ਦੇ ਨਾਤੇ ਇਸ ਦੇ ਗੁੰਟੂਰ ਕਾਨਫਰੰਸ (1970) ਵਿੱਚ ਸ਼ਾਮਲ ਹੋਏ। ਮਿਰਾਜਕਰ ਨੇ ਆਦੇਸ਼ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਹਨਾਂ ਨੂੰ ਸੀ ਪੀ ਆਈ-ਐੱਮ ਤੋਂ ਕੱਢ ਦਿੱਤਾ ਗਿਆ। ਸੀ ਰਾਜੇਸ਼ਵਰ ਰਾਓ ਦੁਆਰਾ ਉਹਨਾਂ ਨੂੰ ਮਨਾ ਲਿਆ ਗਿਆ ਅਤੇ ਉਹ 1973 ਵਿੱਚ ਸੀ ਪੀ ਆਈ ਵਿੱਚ ਸ਼ਾਮਲ ਹੋ ਗਏ।ਉਹਨਾਂ ਨੇ ਏ ਆਈ ਟੀ ਯੂ ਸੀ ਲਈ ਕੰਮ ਕਰਨਾ ਜਾਰੀ ਰੱਖਿਆ।

ਐੱਸ ਐੱਸ ਮਿਰਾਜਕਰ ਦਾ 15 ਫਰਵਰੀ 1980 ਨੂੰ ਦੇਹਾਂਤ ਹੋ ਗਿਆ। ਇਸ ਬਹੁਤ ਹੀ ਸਤਿਕਾਰਯੋਗ ਵਰਕਰ ਅਤੇ ਕਮਿਊਨਿਸਟ ਨੇਤਾ ਲਈ ਵਿਆਪਕ ਤੌਰ 'ਤੇ ਸ਼ੋਕ ਪ੍ਰਗਟ ਕੀਤਾ ਗਿਆ।

# ਤੱਤੀ ਤਵੀ ਅਤੇ ਗੋਲੀ ਦਾ ਅੰਤਰ-ਸੰਵਾਦ

**ਡਾ. ਗੁਰਬਖਸ਼ ਸਿੰਘ ਭੰਡਾਲ**

ਗੂੜ੍ਹੀ ਨੀਂਦੇ ਸੁੱਤਿਆਂ ਸੁਪਨੇ ਵਿਚ ਤੱਤੀ ਤਵੀ ਅਤੇ ਗੋਲੀ ਦੀ ਘੁਸਰ-ਮੁਸਰ ਅਵਾਜਾਰ ਕਰਦੀ ਹੈ, ਜਿਸ ਨਾਲ ਮੇਰੀ ਰੂਹ ਝਰੀਟੀ ਜਾਂਦੀ ਹੈ।

ਤੱਤੀ ਤਵੀ ਕਹਿੰਦੀ ਹੈ ਕਿ ਮੈਨੂੰ ਉਹ ਪਲ ਅਜੇ ਤੀਕ ਨਹੀਂ ਭੁੱਲੇ ਜਦ ਮੇਰੇ ਤਪਦੇ ਪਿੰਡੇ 'ਤੇ ਨੂਰਾਨੀ ਜੋਤ ਨੇ ਚੌਂਕੜਾ ਮਾਰਿਆ ਸੀ। ਹੇਠਲੀ ਅੱਗ ਮੇਰਾ ਪਿੰਡਾ ਲੂਹੇ, ਵਰ੍ਹਦੀ ਅੱਗ ਮੇਰੇ ਮਾਲਕ 'ਤੇ ਕਹਿਰ ਢਾਹੇ ਅਤੇ ਰੂਹਾਨੀ ਜਾਮਾ ਸ਼ਾਂਤ-ਚਿੱਤ ਹੋ ਕੁਦਰਤ ਦੇ ਭਾਣੇ ਵਿਚ ਰੰਗਿਆ ਮੰਨ ਰਿਹਾ ਸੀ ਰੱਬ ਦੀ ਰਜਾ। ਭਲਾ ਮੈਂ ਕੀ ਕਰਦੀ? ਮੈਂ ਤਾਂ ਹਾਕਮਾਂ ਦੀ ਬਾਂਦੀ ਸਾਂ। ਮੇਰੇ ਅੰਦਰਲੀ ਚੀਸ ਨੇ ਮੈਨੂੰ ਬਹੁਤ ਤੜਫਾਇਆ। ਮੈਂ ਜ਼ਾਰ-ਜ਼ਾਰ ਰੋਈ, ਪਰ ਮੈਨੂੰ ਦੇਖ ਕੇ ਆਲੇ-ਦੁਆਲੇ ਬੈਠਿਆਂ ਦੀ ਅੱਖ ਨਾ ਗਿੱਲੀ ਹੋਈ। ਸਿਰਫ ਸਾਈਂ ਜੀ ਨੇ ਆਹ ਭਰੀ ਅਤੇ ਇਸ ਕਹਿਰੀ ਵਰਤਾਰੇ ਨੂੰ ਭਵਿੱਖੀ ਤਬਾਹੀ ਦਾ ਸੂਚਕ ਕਿਹਾ।

ਇਹ ਸੁਣ ਕੇ ਗੋਲੀ ਕਹਿਣ ਲੱਗੀ, ਮੈਂ ਵੀ ਕਿਹੜਾ ਚਾਹੁੰਦੀ ਸਾਂ ਕਿ ਆਪਣਿਆਂ ਦੀਆਂ ਲਾਸ਼ਾਂ ਵਿਛਾਵਾਂ। ਆਪਣਿਆਂ ਦੇ ਲਹੂ ਵਿਚ ਨਹਾਵਾਂ ਅਤੇ ਅੰਮ੍ਰਿਤ ਜਲ ਨੂੰ ਲਹੂ ਰੰਗਾ ਬਣਾਵਾਂ। ਇਹ ਤਾਂ ਸੀ ਮੇਰੀ ਲਾਚਾਰੀ ਕਿ ਮੈਂ ਉਨ੍ਹਾਂ ਦੇ ਹੱਥਾਂ ਵਿਚ ਸਾਂ, ਜਿਹੜੇ ਆਪਣੇ ਹੋ ਕੇ ਆਪਣਿਆਂ ਨੂੰ ਹੀ ਮੁਕਾਉਣ ਤੁਰੇ ਸਨ। ਮੇਰਾ ਧਰਮ ਤਾਂ ਜਬਰ-ਜ਼ੁਲਮ ਢਾਹੁਣ ਵਾਲਿਆਂ ਦਾ ਖਾਤਮਾ ਕਰਨਾ ਹੁੰਦਾ। ਅਕਸਰ ਮੈਂ ਸ਼ਾਂਤ ਹੀ ਰਹਿੰਦੀ ਹਾਂ, ਪਰ ਕਦੇ-ਕਦਾਈਂ ਹੀ ਮੈਂ ਆਪਣੀ ਹੋਂਦ ਨਾਲ ਜਿਊਣ ਨੂੰ ਮੌਤ ਦਾ ਦਰਜਾ ਦਿੰਦੀ ਹਾਂ, ਪਰ ਮੈਨੂੰ ਅੱਖਰਿਆ ਸੀ ਆਪਣਿਆਂ ਹੱਥੋਂ ਆਪਣਿਆਂ ਦੀਆਂ ਕਬਰਾਂ ਦੀ ਖੁਦਾਈ। ਪਤਾ ਨਹੀਂ ਬੰਦੇ ਦੀ ਕਿਹੜੀ ਮਾਨਸਿਕਤਾ ਆਪਣਿਆਂ ਦਾ ਸਿਵਾ ਸੇਕਣ ਲਈ ਉਤਾਵਲੀ ਹੁੰਦੀ?

ਤੇ ਤੱਤੀ ਤਵੀ ਨੇ ਆਪਣਾ ਦਰਦ ਫਰੋਲਦਿਆਂ ਕਿਹਾ ਕਿ ਮੈਨੂੰ ਤਾਂ ਅਜੇ ਤੀਕ ਯਾਦ ਨੇ ਪਾਤਸ਼ਾਹੀ ਚੌਂਕੜੇ ਦੇ ਨਕਸ਼, ਅਨੂਠੀ ਛੋਹ ਨਾਲ ਮੇਰੇ ਅੰਦਰਲੀ ਮਖ਼ਰੂਰੀ। ਕੋਮਲਤਾ ਦਾ ਅਹਿਸਾਸ, ਸ਼ਾਂਤੀ ਦੇ ਪੁੰਜ ਦੀ ਰਹਿਮ-ਦਿਲੀ, ਫਰਾਖ-ਦਿਲੀ ਅਤੇ ਦਰਿਆ-ਦਿਲੀ ਕਿ ਉਨ੍ਹਾਂ ਨੇ ਸੇਕ ਵਿਚ ਤਪਦਿਆਂ ਵੀ ਠੰਢ ਵਰਤਾਉਣ ਦੀ ਆਰਜਾ ਕੀਤੀ। ਵਰ੍ਹਦੀਆਂ ਅੱਗਾਂ ਅਤੇ ਕਹਿਰ ਦੀ ਰੁੱਤੇ ਕੋਈ ਵਿਰਲਾ ਹੀ ਹੁੰਦਾ, ਜੋ ਸੀਤ ਹਵਾਵਾਂ ਦੀ ਅਰਦਾਸ ਕਰਦਿਆਂ, ਆਪਣੀ ਜਾਨ ਦੀ ਅਹੂਤੀ ਨੂੰ ਵੀ ਪਰਵਰਦਿਗਾਰ ਦਾ ਭਾਣਾ ਮੰਨਦਾ। ਚਿਹਰੇ ਦੇ ਨੂਰ ਅਤੇ ਹੋਠਾਂ ਵਿੱਚੋਂ ਝਰਦੇ ਅੰਮ੍ਰਿਤਮਈ ਬੋਲਾਂ ਵਿਚ ਮੈਂ ਖੁਦ ਨੂੰ ਗਵਾਚਿਆ ਮਹਿਸੂਸ ਕੀਤਾ ਸੀ। ਮੈਂ ਪੀੜਾ ਪੀੜਾ ਹੋਈ ਸੱਚੇ ਪਾਤਸ਼ਾਹ 'ਤੇ ਢਾਹੇ ਜਾ ਰਹੇ ਜਬਰ ਨੂੰ ਰੋਕਣ ਵਿਚ ਅਸਫਲ ਸਾਂ। ਮੈਂ ਗੁਰੂ ਜੀ ਦੇ ਅਤਿ ਨੇੜੇ ਹੋ ਕੇ ਵੀ ਨਿਕਰਮੀ ਜੂਨ ਹੰਢਾਉਣ ਜੋਗੀ ਹੀ ਰਹਿ ਗਈ।

ਤੱਤੀ ਤਵੀ ਦੀ ਹਿਰਦੇਵੇਧਕ ਵੇਦਨਾ ਨੂੰ ਸੁਣ ਕੇ ਗੋਲੀ ਬੋਲੀ ਕਿ ਤੇਰਾ ਦਰਦ ਮੇਰੇ ਦਰਦ ਸਾਹਵੇਂ ਤਾਂ ਤੁੱਛ ਵੀ ਨਹੀਂ। ਮੈਂ ਤਾਂ ਮੌਤ ਦਾ ਪੈਗਾਮ ਉਸ ਫਿਜ਼ਾ ਵਿਚ ਫੈਲਾਉਣ ਦੀ ਨਾਕਾਮ ਕੋਸ਼ਿਸ਼ ਹੀ ਕਰਦੀ ਰਹੀ, ਜਿਸ ਤੋਂ ਹਰੇਕ ਨੂੰ ਜੀਵਨ ਦਾਨ ਮਿਲਦਾ ਹੈ। ਰੂਹਾਂ ਨੂੰ ਸਰਸਾਰ ਕਰਨ ਵਾਲੇ ਚੌਗਿਰਦੇ ਨੂੰ ਭੈਅਭੀਤ ਕਰਨ ਅਤੇ ਇਸ ਦੀ ਆਬੋ ਹਵਾ ਵਿਚ ਮੌਤ ਮੰਡਰਾਉਣ ਲਈ ਮੈਂ ਹੀ ਜ਼ਿੰਮੇਵਾਰ ਸਾਂ। ਕਾਸ਼! ਮੈਂ ਇਸ ਦੀ ਹਵਾ ਵਿਚ ਪਲ ਭਰ ਸਾਹ ਲੈ ਕੇ ਆਪਣੀ ਮਾਰੂ ਸੋਚ ਅਤੇ ਕਬਰਾਂ ਪੁੱਟਣ ਵਾਲੀ ਤਾਸੀਰ ਨੂੰ ਬਦਲ ਲੈਂਦੀ। ਮੈਂ ਕੇਹੀ ਅਭਾਗਣ ਕਿ ਵੈਰੀਆਂ ਦੀਆਂ ਲਾਸ਼ਾਂ ਵਿਛਾਉਣ ਵਾਲੀ ਆਪਣਿਆਂ ਦੀਆਂ ਲਾਸ਼ਾਂ ਦੀ ਗਿਣਤੀ ਵਿਚ ਹੀ ਉਲਝ ਕੇ ਰਹਿ ਗਈ। ਬਹੁਤ ਅਫਸੋਸ ਹੁੰਦਾ ਹੈ ਮੈਨੂੰ ਆਪਣੀ ਮਨਹੂਸ ਹੋਂਦ ਅਤੇ ਅਮਾਨਵੀ ਹਾਸਲਤਾ 'ਤੇ, ਜਿਸ ਦੀ ਚਸਕ ਸਦੀਆਂ ਤੋਂ ਬਾਅਦ ਵੀ ਕਦੇ ਨਹੀਂ ਘਟਣੀ।

ਗੋਲੀ ਦੇ ਦਰਦ ਵਿਚ ਦਰਦਵੰਤੀ ਬਣੀ ਤੱਤੀ ਤਵੀ ਨੇ ਆਪਣੇ ਦਿਲ ਦੀ ਵੇਦਨਾ ਨੂੰ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਆਪਣੀ ਤਾਸੀਰ ਖੁਦ ਨਹੀਂ ਲਿਖ ਸਕਦੀਆਂ। ਸਾਡੀ ਤਕਦੀਰ ਤਾਂ ਸਾਡੇ ਮਾਲਕਾਂ ਨੇ ਲਿਖਣੀ ਹੁੰਦੀ। ਮੇਰੇ 'ਤੇ ਰੋਟੀਆਂ ਪਕਾ ਕੇ ਪੇਟ ਦੀ ਅੱਗ ਵੀ ਤਾਂ ਬੁਝਾਈ ਜਾ ਸਕਦੀ ਸੀ। ਮੇਰੇ ਉੱਪਰ ਬੱਚੇ ਆਟੇ ਦੀਆਂ ਚਿੜੀਆਂ ਬਣਾ ਕੇ ਪਰਿੰਦਿਆਂ ਨੂੰ ਚੋਗ ਵੀ ਪਾ ਸਕਦੇ ਸਨ, ਪਰ ਨਹੀਂ। ਇਹ ਹਾਕਮ ਦਾ ਹੁਕਮ ਸੀ ਕਿ ਮੈਂ ਆਪਣੇ ਤਪਦੇ ਲਾਲ ਸੂਹੇ ਪਿੰਡੇ ਉੱਪਰ ਰਹਿਮਤਾਂ ਦੇ ਮਾਲਕ ਨੂੰ ਬਿਠਾਉਣਾ ਸੀ। ਕੇਹਾ ਮੰਜ਼ਰ ਸੀ ਜਦ ਕੋਮਲ ਜੋਤ ਨੇ ਮਲਕੜੇ ਜਿਹੇ ਮੇਰੇ 'ਤੇ ਚੌਂਕੜਾ ਮਾਰਿਆ ਅਤੇ ਵਾਹਿਗੁਰੂ ਦਾ ਮੰਤਰ ਉਚਾਰਦਿਆਂ, ਜ਼ਾਲਮਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਕੇ ਜੋਤ, ਜੋਤ ਵਿਚ ਰਲ ਗਈ। ਤਾਰੀਖ ਨੂੰ ਇਹ ਸਬਕ ਦੇ ਗਈ ਕਿ ਇੰਝ ਵੀ ਬੁੱਲ੍ਹਾਂ ਤੋਂ ਸੀਅ ਨਾ ਉਚਾਰਦਿਆਂ, ਜਬਰ ਤੇ ਤਸ਼ੱਦਦ ਨੂੰ ਸਹਿ ਕੇ ਵਾਹਿਗੁਰੂ ਦੀਆਂ ਰਹਿਮਤਾਂ ਦਾ ਕਰਜ਼ ਉਤਾਰਿਆ ਜਾ ਸਕਦਾ।

ਤੇ ਕੁਝ ਚੇਤੇ ਕਰਕੇ ਗੋਲੀ ਬੋਲੀ ਕਿ ਮੈਂ ਤਾਂ ਸਮਝਦੀ ਸਾਂ ਕਿ ਮੇਰੀ ਅਵਾਜ਼ ਹੀ ਮਨਾਂ ਵਿਚ ਅਜਿਹਾ ਡਰ ਪੈਦਾ ਕਰਦੀ ਹੈ ਕਿ ਹਰ ਕੋਈ ਆਪਣੀ ਜਾਨ ਲੁਕਾਉਣ ਲਈ ਦੌੜਦਾ, ਪਰ ਇਹ ਮੇਰਾ ਭਰਮ ਹੀ ਨਿਕਲਿਆ। ਉਹ ਕੇਹਾ ਮੰਜ਼ਰ ਸੀ ਕਿ ਮੈਂ ਹਿੱਕਾਂ ਨੂੰ ਛਣਨੀ ਕਰਦੀ ਰਹੀ ਅਤੇ ਰੂਹ-ਰੱਤੇ ਹਿੱਕ ਨੂੰ ਲੀਰਾਂ ਕਰਵਾਉਂਦਿਆਂ, ਹੱਸ-ਹੱਸ ਕੇ ਸ਼ਹਾਦਤ ਦਾ ਜਾਮ ਪੀਂਦੇ ਰਹੇ। ਉਨ੍ਹਾਂ ਦੇ ਚਿਹਰਿਆਂ ਦਾ ਸਕੂਨ ਅਤੇ ਮੌਤ ਵਿਹਾਜਣ ਦੇ ਜਨੂਨ ਦੀ ਅਦਾ ਹੁਣ ਤੀਕ ਵੀ ਹੈਰਾਨ ਅਤੇ ਪਰੇਸ਼ਾਨ ਕਰਦੀ ਹੈ ਕਿ ਕੋਈ ਕੌਮ ਇੰਝ ਵੀ ਆਪਣੇ ਅਕੀਦਤ ਯੋਗ ਅਸਥਾਨ ਦੀ ਪਾਕੀਜ਼ਗੀ ਦੀ ਬਰਕਰਾਰੀ ਲਈ ਆਪਣੇ ਪਿੰਡਿਆਂ ਦੀ ਢਾਲ ਉਸਾਰ ਸਕਦੀ ਹੈ। ਮੇਰੇ ਅਵਚੇਤਨ ਵਿਚ ਬੈਠਾ ਇਹ ਦ੍ਰਿਸ਼ ਹੁਣ ਵੀ ਜਦ ਚੇਤੇ ਆਉਂਦਾ ਤਾਂ ਮਨ ਵਿਚ ਕੰਬਣੀ ਪੈਦਾ ਹੁੰਦੀ, ਰੂਹ ਕੰਬ ਜਾਂਦੀ। ਨਿਰਭੈਤਾ ਦਾ ਸਬਕ ਉਸ ਪਾਕ ਫਿਜ਼ਾ ਵਿਚ ਲੀਨ ਹੁੰਦਾ ਰਿਹਾ।

ਤੇ ਤੱਤੀ ਤਵੀ ਨੂੰ ਯਾਦ ਆਇਆ ਕਿ ਜਦ ਗੁਰੂ ਦੇ ਹੱਠ ਨੂੰ ਪਰਖਣ ਲਈ ਜ਼ਾਲਮ ਹੇਠਾਂ ਬਲਦੀ ਅੱਗ ਨੂੰ ਤੇਜ਼ ਕਰਦਾ ਰਿਹਾ ਅਤੇ ਉੱਪਰ ਤੱਤੀ ਰੇਤਾ ਛਾਲਿਆਂ ਨਾ ਭਰੇ, ਜਿਸਮ ਨੂੰ ਪੀੜਾਂ ਨਾਲ ਵਿੰਨ੍ਹਦੀ ਰਹੀ ਤਾਂ ਗੁਰੂ ਜੀ ਦੇ ਹੋਠਾਂ ਵਿੱਚੋਂ ਅੰਮ੍ਰਿਤ ਬਾਣੀ ਝਰਦੀ ਰਹੀ। ਉਹ ਗੁਰੂ ਦੇ ਭਾਣੇ ਵਿਚ ਲੀਨ, ਰੱਬ ਦੀ ਇਬਾਦਤ ਕਰਦੇ ਰਹੇ। ਕਿਸੇ ਦਰਦ ਅਤੇ ਚੀਸ ਤੋਂ ਬੇਖਬਰ, ਉਨ੍ਹਾਂ ਦੇ ਚਿਹਰੇ ਦਾ ਨੂਰ ਜ਼ੁਲਮ ਢਾਹੁਣ ਵਾਲਿਆਂ ਨੂੰ ਅੱਗ ਲਾਉਂਦਾ ਰਿਹਾ। ਉਹ ਰੱਬ ਦੇ ਭਾਣੇ ਵਿਚ ਮਸਤ ਸਾਹਾਂ ਦੀ ਇਨਾਇਤ ਪੜ੍ਹਦੇ ਰਹੇ ਅਤੇ ਸਨੇਹੀਆਂ ਨੂੰ ਠੰਢ ਵਰਤਾਉਣ ਦਾ ਸੰਦੇਸ਼ਾਂ ਦਿੰਦੇ ਰਹੇ, ਕਿਉਂਕਿ ਉਹ ਜਾਣਦੇ ਸਨ ਕਿ ਅੱਤ ਅਤੇ ਰੱਬ ਦਾ ਵੈਰ ਹੁੰਦਾ ਅਤੇ ਇਕ ਦਿਨ ਇਸ ਅੱਤ ਨੇ ਆਪਣੀ ਮੌਤੇ ਜ਼ਰੂਰ ਮਰਨਾ ਹੈ। ਜ਼ੁਲਮ ਦੀ ਹਨੇਰੀ ਸਾਹਵੇਂ ਬਾਣੀ ਦੀਆਂ ਰਮਜਾਂ ਦਾ ਪ੍ਰਸਾਦ ਵਰਤਾਉਣ ਵਾਲੇ ਕਦ ਬਿਫਰੀ ਮੌਤ ਤੋਂ ਡਰਦੇ ਨੇ ਅਤੇ ਅਜਿਹਾ ਭਾਣਾ ਮੈਂ ਆਪਣੀਆਂ ਅੱਖਾਂ ਸਾਹਵੇਂ ਵਾਪਰਦਾ ਦੇਖਿਆ ਹੈ।

ਤੇ ਗੋਲੀ ਨੂੰ ਯਾਦ ਆਇਆ ਕਿ ਜਦ ਮੇਰੇ ਸਾਹਵੇਂ ਹਿੱਕ ਡਾਹਿਆਂ ਦੇ ਸੀਨਿਆਂ ਨੂੰ ਮੈਂ ਚੀਰਦੀ ਸਾਂ ਤਾਂ ਉਨ੍ਹਾਂ ਦੇ ਹਿਰਦਿਆਂ ਵਿੱਚੋਂ ਨਿਕਲਦੇ ਵਾਹਿਗੁਰੂ ਦੇ ਜਾਪ ਨੂੰ ਸੁਣ ਕੇ ਮੈਂ ਸੁੰਨ ਹੋ ਜਾਂਦੀ ਸਾਂ। ਇਹ ਕੇਹਾ ਗਜ਼ਬ ਕਿ ਕੋਈ ਮੌਤ ਵਿੱਚੋਂ ਵਾਹਿਗੁਰੂ ਦਾ ਸ਼ੁਕਰਾਨਾ ਭਾਲ ਸਕਦਾ? ਆਪਣੇ ਆਖਰੀ ਸਾਹ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੋਣ ਲਈ, ਜਿਸਮਾਨੀ ਰੂਪ ਵਿੱਚੋਂ ਅਜ਼ਾਦ ਹੋ ਰੂਹਾਨੀ ਉਡਾਣ ਭਰ ਸਕਦਾ। ਇਹ ਅਚੰਭਾ ਕਦੇ ਨਾ ਹੀ ਸੁਣਿਆ ਅਤੇ ਨਾ ਹੀ ਕਦੇ ਡਿੱਠਾ ਸੀ, ਪਰ ਇਸ ਵਾਰ ਮੈਂ ਇਸ ਨੂੰ ਸਾਖਸ਼ਾਤ ਦੇਖਿਆ ਅਤੇ ਸੁਣਿਆ ਹੈ। ਧੰਨ ਨੇ ਇਹ ਲੋਕ ਅਤੇ ਧੰਨ ਹੈ ਇਨ੍ਹਾਂ ਦੀ ਆਪਣੇ ਅਕੀਦੇ ਪ੍ਰਤੀ ਸਮਰਪਿਤਾ ਅਤੇ ਅਕੀਦਤ ਪ੍ਰਤੀ ਅਦਬ ਅਤੇ ਅਦਾਇਗੀ। ਮੌਤ ਨੂੰ ਤਾਂ ਟਿੱਚ ਜਾਨਣ ਵਾਲਿਆਂ ਨਾਲ ਮੇਰਾ ਇਹ ਪਹਿਲਾ ਅਤੇ ਸ਼ਾਇਦ ਆਖਰੀ ਵਾਹ ਹੀ ਹੋਵੇ।

ਤੇ ਇਕ ਹਉਕਾ ਭਰ ਕੇ ਤੱਤੀ ਤਵੀ ਬੋਲੀ ਕਿ ਮੈਂ ਤਾਂ ਆਪਣੇ ਸੱਚੇ ਪਾਤਸ਼ਾਹ ਦੇ ਨਕਸ਼ ਆਪਣੇ ਉੱਪਰ ਉੱਕਰ ਲਏ ਸਨ। ਇਹਨਾਂ ਨਕਸ਼ਾਂ 'ਚੋਂ ਉੱਠਦੇ ਸੇਕ ਵਿੱਚੋਂ ਤਾਂ ਆਉਣ ਵਾਲੀਆਂ ਨਸਲਾਂ ਉਸ ਕਰੂਰਤਾ ਨੂੰ ਸੁਣਦੀਆਂ ਅਤੇ ਸਮਝਦੀਆਂ ਹਨ। ਮੈਂ ਆਪਣੇ ਅੰਤਰੀਵ ਰਾਹੀਂ ਨੂਰਾਨੀ ਪੈਗਾਮ ਹਰ ਤਹਿਜ਼ੀਬ ਦੇ ਵਰਕੇ 'ਤੇ ਉੱਕਰ ਰਹੀ ਹਾਂ, ਪਰ ਮੈਂ ਅਭਾਗਣ ਹੋ ਕੇ ਵੀ ਭਾਗਾਂ ਵਾਲੀ ਹਾਂ ਕਿ ਮੇਰੇ ਨਾਂਅ ਵਿੱਚੋਂ ਵੀ ਬੀਤੇ ਦੇ ਨਕਸ਼ ਦਿਖਾਈ ਦਿੰਦੇ ਹਨ।

ਅਤੇ ਗਮਗੀਨ ਗੋਲੀ ਕਹਿਣ ਲੱਗੀ ਕਿ ਇਹ ਨਿਸ਼ਾਨ ਹੀ ਹੁੰਦੇ, ਜੋ ਵਕਤ ਨਾਲ ਨਹੀਂ ਮਿਟਦੇ। ਭਾਵੇਂ ਜ਼ਖਮ ਮਿਟ ਵੀ ਜਾਣ। ਰੂਹਾਂ 'ਤੇ ਲੱਗੇ ਫੱਟ ਕਦੇ ਨਹੀਂ ਮਿਟਦੇ। ਹਰ ਦਮ ਚਸਕਦੇ, ਪੀੜਤ ਕਰਦੇ, ਬੀਤੇ ਨੂੰ ਅੱਖਾਂ ਸਾਹਵੇਂ ਲਿਆ ਖਲਿਆਰਦੇ। ਫਿਰ ਭੂਤ ਦੀ ਕਸੀਦਗੀ ਵਿੱਚੋਂ ਬਹੁਤ ਕੁਝ ਪ੍ਰਾਪਤ ਕਰ, ਮੌਜੂਦਾ ਦੌਰ ਦੇ ਵਰਤਾਰਿਆਂ ਨੂੰ ਪਰਿਭਾਸ਼ਤ ਕਰਨ ਲੱਗਦੇ। ਅਕੀਦਤ ਯੋਗ ਅਸਥਾਨ 'ਤੇ ਲੱਗੇ ਹੋਏ ਮੇਰੇ ਨਿਸ਼ਾਨ ਅਤੇ ਗੁਰਜੋਤ ਵਿਚ ਉੱਕਰੀ ਮੇਰੀ ਚੰਦਰੀ ਹੋਂਦ ਨੂੰ ਦੇਖ ਕੇ ਮੈਂ ਬਹੁਤ ਝੂਰਨ ਲੱਗਦੀ ਹਾਂ। ਤੂੰ ਸੋਚ ਕਿ ਜਦ ਕੋਈ ਗੁਰਜੋਤ ਵਿਚਲੇ ਮੇਰੇ ਨਿਸ਼ਾਨਾਂ ਨੂੰ ਦੇਖਦਾ ਹੋਵੇਗਾ ਜਾਂ ਦੀਵਾਰਾਂ 'ਤੇ ਮੇਰੇ ਨਿਸ਼ਾਨਾਂ ਵੰਨੀਂ ਕੈੜੀ ਨਜ਼ਰ ਨਾਲ ਦੇਖਦਾ ਹੋਵੇਗਾ ਤਾਂ ਸ਼ਰਧਾਲੂ ਦੇ ਮਨ 'ਤੇ ਕੀ ਬੀਤਦੀ ਹੋਵੇਗੀ? ਇਨ੍ਹਾਂ ਨਿਸ਼ਾਨਾਂ ਨੂੰ ਦੇਖ ਕੇ 'ਕੇਰਾਂ ਜ਼ਰੂਰ ਮਰਦਾ ਹੋਵੇਗਾ ਜਦ ਵੀ ਇਸ ਅਸਥਾਨ ਦੇ ਦਰਸ਼-ਦੀਦਾਰੇ ਲਈ ਆਉਂਦਾ ਹੋਵੇਗਾ ਅਤੇ ਮੈਨੂੰ ਕੋਸਦਾ ਹੋਵੇਗਾ, ਭਾਵੇਂ ਕਿ ਮੇਰਾ ਤਾਂ ਕੋਈ ਕਸੂਰ ਨਹੀਂ ਸੀ। ਮੈਂ ਤਾਂ ਕਿਸੇ ਦੀ ਰਖੇਲ ਸਾਂ ਅਤੇ ਇਹ ਤਾਂ ਮਾਲਕ ਦੀ ਮਰਜ਼ੀ ਹੁੰਦੀ ਕਿ ਉਸ ਨੇ ਮੇਰੀ ਵਰਤੋਂ ਕਿਸੇ ਵੈਰੀ ਦੇ ਸ਼ਿਕਾਰ ਲਈ ਕਰਨੀ ਜਾਂ ਆਪਣੇ ਪੈਰਾਂ ਵਿਚ ਆਪਣਿਆਂ ਦੀਆਂ ਲਾਸ਼ਾਂ ਵਿਛਾਉਣੀਆਂ, ਪਰ ਨਾ ਮਿਟਣ ਵਾਲੇ ਮੇਰੇ ਨਿਸ਼ਾਨਾਂ ਨੇ ਸਦੀਆਂ ਤੀਕ ਮੈਨੂੰ ਤੁਹਮਤਾਂ ਲਾਉਂਦੇ ਰਹਿਣਾ ਅਤੇ ਮੈਂ ਬੇਆਬਰੂ ਹੁੰਦੀ ਰਹਿਣਾ, ਪਰ ਮੈਂ ਅਬੋਲ ਕਰ ਵੀ ਕੀ ਸਕਦੀ ਹਾਂ?

ਉਦਾਸੀਨਤਾ ਦੀ ਮੂਰਤ ਬਣੀ ਤੱਤੀ ਤਵੀ ਕਹਿਣ ਲੱਗੀ ਕਿ ਮੈਂ ਆਪਣੇ ਪਾਪਾਂ ਦਾ ਰਿਣ ਉਤਾਰਨ ਅਤੇ ਮਨ ਦਾ ਬੋਝ ਹਲਕਾ ਕਰਨ ਲਈ ਹੁਣ ਲੰਗਰ ਦਾ ਹਿੱਸਾ ਬਣ ਚੁੱਕੀ ਹਾਂ।


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ

### ਕਿਤਾਬਾਂ

ਜਿਉਣ ਦਾ ਢੰਗ ਸਿਖਾਉਣ ਕਿਤਾਬਾਂ,
ਮਾੜੀ ਸੰਗਤ ਤੋਂ ਬਚਾਉਣ ਕਿਤਾਬਾਂ।
ਜ਼ਿੰਦਗੀ ਦੇ ਵਿੱਚ ਕੁਝ ਬਣਨ ਲਈ,
ਰਾਹ ਮਿਹਨਤ ਦਾ ਵਿਖਾਉਣ ਕਿਤਾਬਾਂ।
ਅਗਿਆਨਤਾ ਨੂੰ ਦਸ਼ੂਰ ਕਰਨ ਲਈ,
ਗਿਆਨ ਦੇ ਦੀਪ ਜਗਾਉਣ ਕਿਤਾਬਾਂ।
ਪੜ੍ਹੋ ਸਾਨੂੰ ਤੇ ਵਧ ਜਾਓ ਅੱਗੇ,
ਸਦਾ ਹੀ ਰੌਲਾ ਪਾਉਣ ਕਿਤਾਬਾਂ।
ਨਾਮ ਕਮਾਇਆ ਜਿਹਨਾਂ ਜੱਗ 'ਤੇ,
ਸ਼ਖਸੀਅਤਾਂ ਨੂੰ ਮਿਲਾਉਣ ਕਿਤਾਬਾਂ।
ਨਫਰਤ ਛੱਡ ਕਰ ਪਿਆਰ, ਮੁਹੱਬਤ,
'ਗੋਗੀ' ਨੂੰ ਸਮਝਾਉਣ ਕਿਤਾਬਾਂ।

**- ਗੋਗੀ, ਜ਼ੀਰਾ।**



ਜਸ਼ਨਦੀਪ ਕੌਰ, ਤੀਜੀ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ




ਸਾਦਿਕ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ

**ਬਾਲ ਕਹਾਣੀ**

### ਹਿੰਮਤੀ ਰਾਜੂ

ਰਾਜੂ ਕਲਾਸ ਵਿੱਚ ਸਭ ਤੋਂ ਹੁਸ਼ਿਆਰ ਵਿਦਿਆਰਥੀ ਸੀ। ਉਸ ਦੇ ਮਾਤਾ-ਪਿਤਾ ਬੈਂਕ ਵਿੱਚ ਨੌਕਰੀ ਕਰਦੇ ਸਨ। ਰਾਜੂ ਪੜ੍ਹਾਈ ਦੇ ਨਾਲ ਖੇਡਾਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦਾ ਸੀ। ਸਵੇਰੇ ਜਲਦੀ ਉਠਣਾ, ਸੈਰ ਕਰਨ ਜਾਣਾ ਅਤੇ ਨਹਾ ਕੇ ਪਾਠ ਕਰਨਾ ਉਸਦਾ ਨਿੱਤ ਨੇਮ ਸੀ। ਉਸ ਦੇ ਮਾਤਾ ਪਿਤਾ ਰਾਜੂ ਦੀਆਂ ਇਹ ਸਾਰੀਆਂ ਚੰਗੀਆਂ ਆਦਤਾਂ ਦੇਖ ਬਹੁਤ ਮਾਣ ਮਹਿਸੂਸ ਕਰਦੇ ਸਨ। ਸਾਲਾਨਾ ਪੇਪਰ ਨਜ਼ਦੀਕ ਆ ਰਹੇ ਸਨ। ਰਾਜੂ ਨੇ ਆਪਣੇ ਸੁਭਾਅ ਮੁਤਾਬਕ ਪੇਪਰਾਂ ਦੀ ਤਿਆਰੀ ਲਈ ਪੂਰਾ ਜ਼ੋਰ ਲਗਾ ਰਿਹਾ ਸੀ। ਪਰ ਅਚਾਨਕ ਇੱਕ ਦਿਨ ਉਸ ਦੀ ਤਬੀਅਤ ਖ਼ਰਾਬ ਹੋਣ ਲੱਗੀ। ਸਿਰ ਦਰਦ ਅਤੇ ਸਰੀਰ ਟੁੱਟ ਰਿਹਾ ਸੀ। ਸਕੂਲ ਤੋਂ ਆਉਣ ਸਾਰ ਹੀ ਉਹ ਮੰਜੇ 'ਤੇ ਪੈ ਗਿਆ। ਉਸਦੀ ਮੰਮੀ ਨੇ ਜਦ ਦੇਖਿਆ ਤਾਂ ਰਾਜੂ ਨੂੰ ਬਹੁਤ ਤੇਜ ਬੁਖਾਰ ਸੀ। ਸ਼ਾਮ ਨੂੰ ਜਦੋਂ ਰਾਜੂ ਦੇ ਪਿਤਾ ਜੀ ਉਸ ਨੂੰ ਡਾਕਟਰ ਕੋਲ ਲੈ ਕੇ ਗਏ ਤਾਂ, ਡਾਕਟਰ ਨੇ ਰਾਜੂ ਨੂੰ ਚੈਕ ਕਰਨ ਤੋਂ ਬਾਅਦ ਆਖਿਆ "ਇਸ ਨੂੰ ਵਾਇਰਲ ਬੁਖਾਰ ਹੈ, ਹਫਤੇ, ਦਸ ਦਿਨਾਂ ਵਿੱਚ ਠੀਕ ਹੋਵੇਗਾ।" ਪਰ ਰਾਜੂ ਨੂੰ ਆਪਣੀ ਪੜ੍ਹਾਈ ਦੀ ਬਹੁਤ ਚਿੰਤਾ ਸੀ। ਸਾਲਾਨਾ ਪੇਪਰ ਵੀ ਨੇੜੇ ਆ ਰਹੇ ਸਨ। ਉਸ ਨੂੰ ਇਸ ਗੱਲ ਦਾ ਡਰ ਸੀ ਕਿ ਕਦੇ ਪੇਪਰਾਂ ਵਿੱਚੋਂ ਉਸਦੇ ਨੰਬਰ ਨਾ ਘੱਟ ਜਾਣ। ਇਸ ਲਈ ਉਸ ਨੇ ਬਿਮਾਰ ਹੋਣ ਦੀ ਹਾਲਤ ਵਿੱਚ ਵੀ ਆਪਣੀ ਪੜ੍ਹਾਈ ਨੂੰ ਜਾਰੀ ਰੱਖਿਆ। ਆਪਣੇ ਕਲਾਸ ਦੇ ਸਾਥੀਆਂ ਤੋਂ ਸਕੂਲ ਵਿੱਚ ਅਧਿਆਪਕਾਂ ਦੁਆਰਾ ਕਰਵਾਏ ਗਏ ਕੰਮ ਬਾਰੇ ਪੁੱਛਦਾ ਰਹਿੰਦਾ ਅਤੇ ਹੋਮਵਰਕ ਨੂੰ ਨਾਲ ਦੀ ਨਾਲ ਪੂਰਾ ਕਰ ਲੈਂਦਾ। ਰਾਜੂ ਦੇ ਮਾਤਾ-ਪਿਤਾ ਨੇ ਉਸ ਨੂੰ ਪੜ੍ਹਾਈ ਦੀ ਚਿੰਤਾ ਕਰਨ ਤੋਂ ਗੁਰੇਜ਼ ਕਰਨ ਲਈ ਕਿਹਾ। ਉਹਨਾਂ ਨੇ ਰਾਜੂ ਨੂੰ ਆਪਣੀ ਸਿਹਤ ਵੱਲ ਧਿਆਨ ਲਈ ਕਿਹਾ ਕਿ ਨੰਬਰ ਤਾਂ ਫਿਰ ਵੀ ਪੜ੍ਹਾਈ ਕਰਕੇ ਤੂੰ ਪ੍ਰਾਪਤ ਕਰ ਸਕਦਾ ਪਰ ਸਿਹਤ ਨਹੀਂ। ਪਰ ਰਾਜੂ ਨੂੰ ਪੜ੍ਹਾਈ ਨਾਲ ਕੁਝ ਜ਼ਿਆਦਾ ਹੀ ਲਗਾਵ ਸੀ। ਕੁਝ ਦਿਨਾਂ ਬਾਅਦ ਰਾਜੂ ਦੀ ਸਿਹਤ ਵਿੱਚ ਹੌਲੀ-ਹੌਲੀ ਸੁਧਾਰ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਉਹ ਬਿਲਕੁਲ ਤੰਦਰੁਸਤ ਹੋ ਗਿਆ। ਸਕੂਲ ਵਿੱਚ ਪੇਪਰ ਵੀ ਸ਼ੁਰੂ ਹੋ ਗਏ ਅਤੇ ਰਾਜੂ ਨੇ ਆਪਣੀ ਸਰੀਰਕ ਕਮਜ਼ੋਰੀ ਨੂੰ ਆੜੇ ਨਾ ਆਉਣ ਦਿੱਤਾ ਅਤੇ ਬਹੁਤ ਮਿਹਨਤ ਨਾਲ ਪੇਪਰ ਦਿੱਤੇ। ਜਿਸ ਦਿਨ ਰਿਜਲਟ ਆਇਆ ਤਾਂ ਰਾਜੂ ਆਪਣੀ ਸਾਰੀ ਕਲਾਸ ਵਿੱਚੋਂ ਪਹਿਲੇ ਨੰਬਰ 'ਤੇ ਸੀ। ਰਾਜੂ ਦੇ ਸਕੂਲ ਦੇ ਮੁੱਖ ਅਧਿਆਪਕ ਅਤੇ ਅਧਿਆਪਕਾਂ ਨੇ ਉਸ ਨੂੰ ਵਿਧਾਈ ਦਿੱਤੀ। ਰਾਜੂ ਮਾਤਾ-ਪਿਤਾ ਵੀ ਬਹੁਤ ਖੁਸ਼ ਸਨ। ਸਕੂਲ ਦੇ ਮੁੱਖ ਅਧਿਆਪਕ ਨੇ ਰਾਜੂ ਦੀ ਤਾਰੀਫ਼ ਕਰਦਿਆਂ ਉਸ ਦੇ ਮਾਤਾ ਪਿਤਾ ਨੂੰ ਆਖਿਆ ਕਿ "ਰਾਜੂ ਨੇ ਆਪਣੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਪੜ੍ਹਾਈ ਨੂੰ ਜਾਰੀ ਰੱਖਿਆ ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ।" ਮੈਨੂੰ ਇਸ ਗੱਲ ਤੇ ਮਾਣ ਹੈ ਕਿ ਰਾਜੂ ਸਾਡੇ ਸਕੂਲ ਦਾ ਵਿਦਿਆਰਥੀ ਹੈ।"

**- ਰਾਕੇਸ਼ ਕੁਮਾਰ**

ਮੋ: 94630-24455